## PUNJAB VIDHAN SABHA

***Tuesday, the 22nd July, 2014***

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.*

---

## POSTPONED STARRED QUESTIONS AND ANSWERS

### ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਨਵੀਨੀਕਰਨ ਮਿਸ਼ਨ ਅਧੀਨ ਚੱਲ ਰਹੀ ਸਿਟੀ ਬੱਸ ਸਰਵਿਸ

***1428. ਸ਼੍ਰੀ ਭਾਰਤ ਭੂਸ਼ਣ ਆਸ਼ੂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਨਵੀਨੀਕਰਨ ਮਿਸ਼ਨ (JNNURM) ਦੇ ਅਧੀਨ ਲੁਧਿਆਣਾ ਵਿੱਚ ਚੱਲ ਰਹੀ ਸਿਟੀ ਬੱਸ ਸਰਵਿਸ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਵਿੱਚ ਮਿਉਂਸਿਪਲ ਕਾਰਪੋਰੇਸ਼ਨ ਦੀ ਕੀ ਭੂਮਿਕਾ ਹੈ?

(ਅ) ਵਿਸ਼ੇਸ਼ ਮੰਤਵ ਗੱਡੀਆਂ ਲਈ ਗਠਨ ਕੀਤੇ ਬੋਰਡ ਆਫ ਡਾਇਰੈਕਟਰਜ਼ ਦੇ ਨਾਮ ਕੀ ਹਨ ਅਤੇ ਇਨ੍ਹਾਂ ਬੱਸਾਂ ਨੂੰ ਚਲਾਉਣ ਅਤੇ ਸਾਂਭ-ਸੰਭਾਲ ਦੇ ਟੈਂਡਰ ਦੇਣ ਲਈ ਸਮੱਰਥ ਅਧਿਕਾਰੀ ਕੌਣ ਹੈ?

(ੲ) ਲੁਧਿਆਣਾ ਸ਼ਹਿਰ ਵਿਚ ਇਸ ਸਮੇਂ ਮਨਜ਼ੂਰਸ਼ੁਦਾ ਅਤੇ ਗੈਰ-ਮਨਜ਼ੂਰਸ਼ੁਦਾ ਰੂਟਾਂ ਉੱਤੇ ਚੱਲਣ ਵਾਲੀਆਂ ਬੱਸਾਂ ਦੀ ਗਿਣਤੀ ਕਿੰਨੀ-ਕਿੰਨੀ ਹੈ?

**ਸ਼੍ਰੀ ਅਨਿਲ ਜੋਸ਼ੀ :** (ੳ) ਲੁਧਿਆਣਾ ਵਿਚ ਚੱਲ ਰਹੀ ਸਿਟੀ ਬੱਸ ਸਰਵਿਸ ਦੇ ਫਲੀਟ ਵਿਚ ਕੁੱਲ 105 ਬੱਸਾਂ ਹਨ ਜਿਨ੍ਹਾਂ ਵਿੱਚ 95 ਬੱਸਾਂ ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਨਵੀਨੀਕਰਨ ਮਿਸ਼ਨ (JNNURM) ਅਧੀਨ ਖਰੀਦੀਆਂ ਗਈਆਂ ਹਨ ਅਤੇ 10 ਬੱਸਾਂ ਨਗਰ ਨਿਗਮ, ਲੁਧਿਆਣਾ ਨੇ ਆਪਣੇ ਫੰਡਾਂ ਰਾਹੀਂ ਖਰੀਦੀਆਂ ਹਨ। ਇਨ੍ਹਾਂ ਵਿਚੋਂ 59 ਬੱਸਾਂ ਰੂਟਾਂ ਤੇ ਚੱਲ ਰਹੀਆਂ ਹਨ।

[ ਸਥਾਨਕ ਸਰਕਾਰ ਮੰਤਰੀ ]

(ਅ) ਇਸ ਸਮੇਂ ਸਿਟੀ ਬੱਸ ਸਰਵਿਸ ਦੇ ਬੋਰਡ ਆਫ ਡਾਇਰੈਕਟਰਜ਼ ਦੇ ਮੈਂਬਰ ਹੇਠ ਲਿਖੇ ਅਨੁਸਾਰ ਹਨ:-

1. ਡਿਪਟੀ ਕਮਿਸ਼ਨਰ, ਲੁਧਿਆਣਾ
2. ਕਮਿਸ਼ਨਰ ਨਗਰ ਨਿਗਮ, ਲੁਧਿਆਣਾ
3. ਵਧੀਕ ਕਮਿਸ਼ਨਰ ਨਗਰ ਨਿਗਮ, ਲੁਧਿਆਣਾ
4. ਵਧੀਕ ਮੁੱਖ ਪ੍ਰਸ਼ਾਸਕ ਗਲਾਡਾ, ਲੁਧਿਆਣਾ
5. ਐਮ.ਡੀ., ਪੀ.ਆਰ.ਟੀ.ਸੀ., ਪਟਿਆਲਾ
6. ਜ਼ਿਲ੍ਹਾ ਟਰਾਂਸਪੋਰਟ ਅਫਸਰ, ਲੁਧਿਆਣਾ
7. ਵਧੀਕ ਪੁਲਿਸ ਕਮਿਸ਼ਨਰ (ਟਰੈਫਿਕ), ਲੁਧਿਆਣਾ

ਇਨ੍ਹਾਂ ਬੱਸਾਂ ਨੂੰ ਚਲਾਉਣ ਅਤੇ ਸਾਂਭ-ਸੰਭਾਲ ਦੇ ਟੈਂਡਰ ਦੇਣ ਲਈ ਸਮਰੱਥ ਅਧਿਕਾਰੀ ਬੋਰਡ ਆਫ ਡਾਇਰੈਕਟਰ ਹਨ।

(ੲ) ਲੁਧਿਆਣਾ ਸ਼ਹਿਰ ਵਿੱਚ ਇਸ ਸਮੇਂ ਲੁਧਿਆਣਾ ਸਿਟੀ ਬੱਸ ਸਰਵਿਸ ਲਿਮਟਿਡ ਵੱਲੋਂ ਟ੍ਰਾਂਸਪੋਰਟ ਵਿਭਾਗ ਦੇ 7 ਨੋਟੀਫਾਈਡ ਰੂਟਾਂ ਉਪਰ 59 ਬੱਸਾਂ ਚਲਾਈਆਂ ਜਾ ਰਹੀਆਂ ਹਨ ਜਿਨ੍ਹਾਂ ਵਿਚੋਂ 10 ਬੱਸਾਂ ਦੇ ਪਰਮਿਟ ਮਿਲ ਚੁੱਕੇ ਹਨ ਜਦ ਕਿ ਬਾਕੀ 49 ਬੱਸਾਂ ਦੇ ਪਰਮਿਟ ਸਬੰਧੀ ਲੋੜੀਂਦੀ ਪ੍ਰੋਸੈਸਿੰਗ ਫੀਸ ਟ੍ਰਾਂਸਪੋਰਟ ਵਿਭਾਗ ਵਿੱਚ ਜਮ੍ਹਾਂ ਕਰਵਾਈ ਜਾ ਚੁੱਕੀ ਹੈ।

**ਸ਼੍ਰੀ ਭਾਰਤ ਭੂਸ਼ਣ ਆਸ਼ੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਐਸ.ਪੀ.ਵੀ. ਬਣਿਆ ਸੀ ਤਾਂ ਉਸ ਵੇਲੇ ਕਾਰਪੋਰੇਸ਼ਨ ਵੱਲੋਂ ਬੱਸਾਂ ਆਪ ਚਲਾਈਆਂ ਜਾਂਦੀਆਂ ਸਨ ਤਾਂ ਉਨ੍ਹਾਂ ਨੂੰ 26/- ਰੁਪਏ ਪ੍ਰਤੀ ਕਿਲੋਮੀਟਰ ਖਰਚਾ ਦਿੱਤਾ ਜਾਂਦਾ ਸੀ, ਜਿਸ ਵਿੱਚ ਡਰਾਈਵਰ-ਕੰਡਕਟਰ ਦੀ ਤਨਖਾਹ, ਡੀਜ਼ਲ ਅਤੇ ਮੈਂਟੀਨੈਂਸ ਆਦਿ ਵੀ ਸ਼ਾਮਲ ਸੀ। ਫੇਰ ਇਨ੍ਹਾਂ ਨੇ ਪਰਪਲ ਕੰਪਨੀ ਨੂੰ ਠੇਕਾ ਦੇ ਦਿੱਤਾ ਜੋ ਕਿ 38/- ਰੁਪਏ ਪ੍ਰਤੀ ਕਿਲੋਮੀਟਰ ਸੀ, ਇਸ ਵਿਚੋਂ ਡਰਾਈਵਰ-ਕੰਡਕਟਰਾਂ ਦੀਆਂ ਤਨਖਾਹਾਂ ਵੀ ਕੱਢ ਦਿੱਤੀਆਂ, ਇਹ ਕਾਰਪੋਰੇਸ਼ਨ ਦਿੰਦੀ ਹੈ। ਮੈਂਟੀਨੈਂਸ ਦਾ ਖਰਚਾ ਵੀ ਕਾਰਪੋਰੇਸ਼ਨ ਦਿੰਦੀ ਹੈ। ਬੱਸ ਸ਼ੈਲਟਰ ਅਤੇ ਵਰਕਸ਼ਾਪ ਵੀ ਕਾਰਪੋਰੇਸ਼ਨ ਪ੍ਰੋਵਾਈਡ ਕਰਵਾਉਂਦੀ ਹੈ ਜੋ ਕਿ ਤਕਰੀਬਨ ਕੁੱਲ ਮਿਲਾ ਕੇ 50/- ਰੁਪਏ ਪੈ ਜਾਂਦਾ ਹੈ। ਅੰਮ੍ਰਿਤਸਰ ਨੇ ਜਿਹੜਾ ਸਿਟੀ ਬੱਸ ਸਰਵਿਸ ਦਾ ਟੈਂਡਰ

ਦਿੱਤਾ ਹੈ ਉਸ ਵਿੱਚ ਉਲਟਾ ਕੰਪਨੀ 1250/- ਰੁਪਏ ਪ੍ਰਤੀ ਬੱਸ ਕਾਰਪੋਰੇਸ਼ਨ ਨੂੰ ਦਿੰਦੀ ਹੈ। ਇਸ ਵਿਚ ਇੰਨਾ ਜ਼ਿਆਦਾ ਫਰਕ ਹੈ? ਕੀ ਮੰਤਰੀ ਜੀ ਇਸ ਬਾਰੇ ਘੋਖ ਕਰਕੇ ਦੇਖਣਗੇ ਅਤੇ ਦੱਸਣਗੇ ਕਿ ਇਹ ਐਗਰੀਮੈਂਟ ਕੈਂਸਲ ਕਰਕੇ ਕਿਸੇ ਨਵੀਂ ਕੰਪਨੀ ਨੂੰ ਦਿੱਤਾ ਜਾਵੇਗਾ ਤਾਂ ਕਿ ਕਾਰਪੋਰੇਸ਼ਨ ਦਾ ਪੈਸਾ ਬਚੇ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਜਿਵੇਂ ਮੈਂ ਪਹਿਲਾਂ ਦੱਸਿਆ ਹੈ ਬੋਰਡ ਆਫ਼ ਡਾਇਰੈਕਟਰਜ਼ ਨੇ ਟੈਂਡਰ ਕਰਨਾ ਸੀ, ਉਨ੍ਹਾਂ ਨੇ ਹੀ ਇਸ ਨੂੰ look after ਕਰਨਾ ਸੀ ਅਤੇ ਉਨ੍ਹਾਂ ਨੇ ਹੀ ਸਾਰੀ ਪ੍ਰੋਪੋਜ਼ਲ ਬਣਾਈ ਹੈ। ਲੁਧਿਆਣੇ ਵਾਲਾ ਐਗਰੀਮੈਂਟ 29.10.2013 ਨੂੰ ਹੋਇਆ ਸੀ ਅਤੇ 1.12.2013 ਨੂੰ ਇਹ ਬੱਸਾਂ ਚਲਾਈਆਂ ਗਈਆਂ ਹਨ। ਜਦੋਂ ਸਾਰੀ ਗੱਲਬਾਤ ਹੋਈ ਕਿ ਲੁਧਿਆਣਾ ਵਾਕਿਆ ਹੀ ਘਾਟੇ ਵਿੱਚ ਹੈ, 2,60,000 ਰੁਪਿਆ ਡੇਲੀ ਦਾ ਘਾਟਾ ਹੈ ਪਰ ਲੋਕਾਂ ਦੀ ਫੈਸਿਲਟੀ ਵਾਸਤੇ, ਲੋਕਾਂ ਨੂੰ ਸਹੂਲਤ ਦੇਣ ਵਾਸਤੇ ਸਰਕਾਰ ਬੱਸਾਂ ਵਿੱਚ ਖਰਚ ਕਰਦੀ ਹੈ, ਇਹ ਵੀ ਉਸੇ ਕਰਕੇ ਹੀ ਸੀ ਕਿਉਂਕਿ ਕੋਈ ਵੀ ਕੰਟਰੈਕਟਰ ਆਉਣ ਨੂੰ ਤਿਆਰ ਨਹੀਂ ਸੀ। ਬਾਕੀ ਜਿਹੜਾ ਇਨ੍ਹਾਂ ਨੇ ਅੰਮ੍ਰਿਤਸਰ ਵਾਲਾ ਕਿਹਾ ਹੈ, ਸਾਰਾ ਲੱਭਣ ਤੋਂ ਬਾਅਦ ਜਦੋਂ ਦੂਰ ਝਾਤੀ ਮਾਰੀ ਤਾਂ ਅੰਮ੍ਰਿਤਸਰ ਵਾਲੇ ਕੰਟਰੈਕਟਰ ਨਾਲ ਐਗਰੀਮੈਂਟ ਉਸ ਤੋਂ ਬਾਅਦ ਮਿਤੀ 28.1.2014 ਨੂੰ ਹੋਇਆ ਹੈ। ਹਾਲਾਂ ਕਿ ਪਤਾ ਲੱਗਿਆ ਹੈ ਕਿ ਕੰਟਰੈਕਟਰ ਘਾਟੇ ਵਿੱਚ ਜਾ ਰਿਹਾ ਹੈ ਪਰ ਜਿਹੜੀ ਇਨ੍ਹਾਂ ਨੇ ਗੱਲ ਕਹੀ ਹੈ ਕਿ ਕੀ ਇਹ ਐਗਜ਼ਾਮਿਨ ਕਰ ਲੈਣਗੇ, ਅਸੀਂ ਐਗਜ਼ਾਮਿਨ ਕਰ ਲਵਾਂਗੇ। ਮੈਂ ਕੱਲ੍ਹ ਹੀ ਸੈਕਟਰੀ ਨੂੰ ਇਸ ਦੀ ਇਨਕੁਆਇਰੀ ਕਰਨ ਵਾਸਤੇ ਕਹਿ ਦਿੱਤਾ ਸੀ। ਅਗਰ ਕੋਈ ਹੋਰ ਕੰਪਨੀ ਇਸ ਤੋਂ ਘੱਟ ਪ੍ਰੋਵੀਜ਼ਨ ਵਿੱਚ ਜਾਂ ਅੰਮ੍ਰਿਤਸਰ ਦੇ ਬੇਸ ਤੇ ਮੰਨਦੀ ਹੈ ਅਤੇ ਕਾਰਪੋਰੇਸ਼ਨ ਨੂੰ ਉਸ ਵਿੱਚ ਫਾਇਦਾ ਹੁੰਦਾ ਹੈ ਤਾਂ ਅਸੀਂ ਅਜਿਹਾ ਜ਼ਰੂਰ ਕਰਾਂਗੇ। ਇਸ ਦੀ ਇਨਕੁਆਇਰੀ ਵੀ ਲਗਾ ਦਿੱਤੀ ਹੈ। ਅਗਰ ਐਗਰੀਮੈਂਟ ਕੈਂਸਲ ਕਰਨਾ ਪਿਆ, ਕੋਈ ਹੋਰ ਕੰਟਰੈਕਟਰ ਆ ਗਿਆ ਤਾਂ ਇਹ ਕੈਂਸਲ ਵੀ ਕਰਾਂਗੇ।

---

## ਪੰਜਾਬ ਵਿੱਚ ਨਸ਼ਿਆਂ ਦਾ ਰੁਝਾਨ

***1482. ਰਾਣਾ ਗੁਰਮੀਤ ਸਿੰਘ ਸੋਢੀ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

[ ਰਾਣਾ ਗੁਰਮੀਤ ਸਿੰਘ ਸੋਢੀ ]

(ੳ) ਕੀ ਸਰਕਾਰ 1 ਜਨਵਰੀ, 2014 ਤੋਂ ਨਸ਼ਿਆਂ ਦੇ ਤਸਕਰਾਂ ਦੇ ਵਿਰੁੱਧ ਦਰਜ ਕੇਸਾਂ ਸਬੰਧੀ ਵਾਈਟ ਪੇਪਰ ਪੇਸ਼ ਕਰੇਗੀ;

(ਅ) ਨਸ਼ਿਆਂ ਦੀ ਤਸਕਰੀ ਨਾਲ ਸਬੰਧਿਤ ਗੈਰ-ਕਾਨੂੰਨੀ ਸਰਗਰਮੀਆਂ ਵਿੱਚ ਸ਼ਾਮਿਲ ਪਾਏ ਗਏ ਪੁਲਿਸ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ ਅਤੇ ਹੁਣ ਤੱਕ ਉਨ੍ਹਾਂ ਵਿਰੁੱਧ ਸ਼ੁਰੂ ਕੀਤੀ ਗਈ ਵਿਭਾਗੀ ਕਾਰਵਾਈ ਦੇ ਵੇਰਵੇ ਕੀ ਹਨ?

**ਸਰਦਾਰ ਸੁਖਬੀਰ ਸਿੰਘ ਬਾਦਲ :** ਸ਼੍ਰੀਮਾਨ ਜੀ, (ੳ) ਪੰਜਾਬ ਰਾਜ ਵਿੱਚ ਨਸ਼ਿਆਂ ਵਿਰੁੱਧ ਚਾਲੂ ਕੀਤੀ ਮੁਹਿੰਮ ਸਬੰਧੀ ਨੋਟ ਅਨੁਲੱਗ-*1 ਉੱਤੇ ਹੈ।

(ਅ) ਮਿਤੀ 01.01.2014 ਤੋਂ ਕੁੱਲ 28 ਪੁਲਿਸ ਕਰਮਚਾਰੀ ਨਸ਼ਿਆਂ ਨਾਲ ਸਬੰਧਤ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਿਲ ਪਾਏ ਗਏ ਸਨ। ਇਨ੍ਹਾਂ ਪੁਲਿਸ ਕਰਮਚਾਰੀਆਂ ਵਿਰੁੱਧ ਕੀਤੀ ਗਈ ਮਹਿਕਮਾਨਾ ਕਾਰਵਾਈ ਦਾ ਵੇਰਵਾ ਅਨੁਲੱਗ-*II ਉੱਤੇ ਹੈ।

**ਮਾਨਯੋਗ ਸਪੀਕਰ :** ਇਸ ਦਾ ਜਵਾਬ ਬੜਾ ਲੰਬਾ ਚੌੜਾ ਹੈ, ਸਪਲੀਮੈਂਟਰੀ ਦੀ ਲੋੜ ਤਾਂ ਨਹੀਂ ਪੈਣੀ ਚਾਹੀਦੀ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਮੈਂ ਜਵਾਬ ਬਾਰੇ ਜ਼ਿਆਦਾ ਡਿਟੇਲ ਵਿੱਚ ਨਹੀਂ ਜਾਵਾਂਗਾ ਪਰ ਮੇਰੇ ਮਨ ਵਿਚ ਇਕ-ਦੋ ਗੱਲਾਂ ਹਨ, ਉਨ੍ਹਾਂ ਨੂੰ ਪੁੱਛ ਲਵਾਂ ਜੀ, ਅਗਰ ਤੁਸੀਂ ਅਲਾਉ ਕਰੋ?

**ਮਾਨਯੋਗ ਸਪੀਕਰ :** ਜ਼ਰੂਰ ਜੀ, ਜ਼ਰੂਰ ਪੁੱਛੋ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਸ ਮਸਲੇ ਤੇ ਮੈਨੂੰ ਆਪਣੀ ਗੱਲ ਕਹਿਣ ਦਾ ਮੌਕਾ ਦਿੱਤਾ ਹੈ। ਇਹ ਸਵਾਲ ਐਕਸਟੈਂਡ ਹੋਇਆ ਸੀ। ਡਿਪਟੀ ਸੀ.ਐਮ. ਸਾਹਿਬ ਨੇ ਬੜੇ ਵਿਸਥਾਰ ਪੂਰਵਕ ਇਸ ਦਾ ਜਵਾਬ ਵੀ ਭੇਜਿਆ ਹੈ। ਮੈਂ ਜਿੰਨੀ ਜਲਦੀ ਵਿੱਚ ਇਸ ਨੂੰ ਪੜ੍ਹ ਸਕਦਾ ਸੀ, ਇਸ ਨੂੰ ਪੜ੍ਹਿਆ ਹੈ ਕਿਉਂਕਿ ਇਹ ਜਵਾਬ ਅੱਜ ਸਵੇਰੇ ਹੀ ਮੈਨੂੰ ਮਿਲਿਆ ਹੈ। ਸਪੀਕਰ ਸਾਹਿਬ, ਇਹ ਮਸਲਾ ਬਹੁਤ ਗੰਭੀਰ ਹੈ। ਮੈਂ ਸੋਚ ਰਿਹਾ ਹਾਂ ਕਿ ਇਹ ਕੋਈ ਇੰਡਵਿਜ਼ੂਅਲ ਗੱਲ ਨਹੀਂ ਹੈ ਲੇਕਿਨ ਇਹ ਸਾਰੀ ਸਟੇਟ ਦਾ ਇਹ ਮਸਲਾ ਹੈ। ਮੇਰੇ ਦੋ-ਤਿੰਨ ਸਵਾਲ ਹਨ,

*Placed in Revisor's Branch.

ਜਿਨ੍ਹਾਂ ਬਾਰੇ ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਜਵਾਬ ਪੁੱਛਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਦੋ-ਤਿੰਨ ਨਹੀਂ। ਤੁਸੀਂ ਇੱਕੋ ਸਪਲੀਮੈਂਟਰੀ ਕਰ ਸਕਦੇ ਹੋ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਇੱਕ ਤਾਂ ਇਹ ਹੈ ਕਿ ਜੋ ਵੀ ਡਰੱਗਜ਼ ਪਕੜੀਆਂ ਜਾ ਰਹੀਆਂ ਹਨ, ਜੋ ਪੁਲਿਸ ਦੀ ਹਿਰਾਸਤ ਜਾਂ ਕੰਟਰੋਲ ਵਿੱਚ ਹਨ, ਉਨ੍ਹਾਂ ਡਰੱਗਜ਼ ਦੀ ਦੁਰਵਰਤੋਂ ਹੋ ਰਹੀ ਹੈ। ਇਹ ਕਿਸ ਤਰ੍ਹਾਂ ਹੋ ਰਹੀ ਹੈ ਕਿ ਜਿਹੜੀਆਂ ਪੰਜਾਬ ਦੀਆਂ ਜੇਲ੍ਹਾਂ ਹਨ, ਉਨ੍ਹਾਂ ਵਿਚ ਡਰਗੱਜ਼ ਬਹੁਤ ਹੀ ਜ਼ਿਆਦਾ ਕੁਆਂਟਿਟੀ ਵਿੱਚ ਸਪਲਾਈ ਕੀਤੀਆਂ ਜਾ ਰਹੀਆਂ ਹਨ। ਮੈਂ ਸੋਚਦਾ ਹਾਂ ਕਿ ਜਿੰਨੀ ਦੇਰ ਤੱਕ ਉਨ੍ਹਾਂ ਨੂੰ ਕੰਟਰੋਲ ਨਹੀਂ ਕਰਨਗੇ, ਇਸਦਾ ਹੱਲ ਨਹੀਂ ਹੋਣਾ। ਜਿਹੜੇ ਜੇਲ੍ਹਾਂ ਵਿੱਚ ਆਲਰੈਡੀ ਕੈਦੀ ਹਨ ਜਾਂ ਅੰਡਰ ਟਰਾਇਲਜ਼ ਹਨ, ਉਥੇ ਜਿਹੜੀ ਡਰੱਗ ਅਡਿਕਸ਼ਨ ਹੋ ਰਹੀ ਹੈ, ਉਥੇ ਬਾਹਰ ਨਾਲੋਂ ਵੀ ਜ਼ਿਆਦਾ ਸਮੱਗਲਿੰਗ ਡਰੱਗਜ਼ ਦੀ ਹੋ ਰਹੀ ਹੈ? ਮੈਂ ਡਿਪਟੀ ਸੀ.ਐਮ. ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਉਸ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਹੈ?

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਡਰੱਗਜ਼ ਦਾ ਮਾਮਲਾ ਬੜਾ ਗੰਭੀਰ ਹੈ । ਮੇਰਾ ਮਨ ਸੀ ਕਿ ਮੈਂ ਥੋੜ੍ਹਾ ਜਿਹਾ ਇਸ ਦੀ ਡਿਟੇਲ ਵਿੱਚ ਜਾਵਾਂ। ਅਸੀਂ ਇਸ ਬਾਰੇ ਜਿਹੜਾ ਨੋਟ ਬਣਾਇਆ ਹੈ, ਮੈਂ ਬੇਨਤੀ ਕਰਾਂਗਾ ਕਿ ਸਾਰੇ ਮੈਂਬਰ ਸਾਹਿਬਾਨ ਇਸ ਨੂੰ ਜ਼ਰੂਰ ਪੜ੍ਹਨ। ਇਹ ਐਕਚੂਅਲ ਰਿਐਲਿਟੀ ਹੈ। ਬੇਸੀਕਲੀ ਇਨ੍ਹਾਂ ਦੇ ਜਵਾਬ ਤੋਂ ਇਲਾਵਾ ਮੈਂ ਦੋ-ਤਿੰਨ ਗੱਲਾਂ ਹੋਰ ਦੱਸਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੇਨ ਚਾਰ ਜਾਂ ਪੰਜ ਕਿਸਮ ਦੀ ਡਰੱਗਜ਼ ਹੈ।

**ਮਾਨਯੋਗ ਸਪੀਕਰ :** ਫਿਰ ਕੀ ਇਨ੍ਹਾਂ ਦੀ ਸੈਕਿੰਡ ਸਪਲੀਮੈਂਟਰੀ ਵੀ ਲੈ ਲਈਏ?

**ਉਪ ਮੁੱਖ ਮੰਤਰੀ :** ਹਾਂ ਜੀ, ਲੈ ਲਉ। ਇਕੱਠੀਆਂ ਹੀ ਲੈ ਲਉ।

**ਮਾਨਯੋਗ ਸਪੀਕਰ :** ਤੁਸੀਂ ਆਪਣੀ ਦੂਸਰੀ ਸਪਲੀਮੈਂਟਰੀ ਵੀ ਪੁੱਛ ਲਉ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਧੰਨਵਾਦ ਜੀ। ਦੂਸਰੀ ਮੇਰੀ ਸਪਲੀਮੈਂਟਰੀ ਹੈ ਕਿ ਜਿਹੜੇ ਅਡਿਕਟਸ ਹਨ, ਉਨ੍ਹਾਂ ਤੇ ਬਹੁਤ

[ ਰਾਣਾ ਗੁਰਮੀਤ ਸਿੰਘ ਸੋਢੀ ]

ਐਫ.ਆਈ.ਆਰਜ਼ ਦਰਜ ਹੋਈਆਂ ਹਨ। ਜੇ ਅੱਜ ਡਿਸਟ੍ਰਿਕਟ-ਵਾਈਜ਼ ਖਾਤਾ ਕਢਵਾ ਲਵੋ, ਖਾਸ ਤੌਰ ਤੇ ਬਾਰਡਰ ਏਰੀਏ ਦੀਆਂ, ਇਨ੍ਹਾਂ ਦਾ ਵੀ ਬਾਰਡਰ ਏਰੀਆ ਪੈਂਦਾ ਹੈ, ਉਥੇ ਜਿਸ ਦੇ ਕੋਲ ਇੱਕ ਗ੍ਰਾਮ, ਦੋ ਗ੍ਰਾਮ ਜਾਂ ਚਾਰ-ਪੰਜ ਗ੍ਰਾਮ ਹੈਰੋਇਨ, ਸਮੈਕ ਜਾਂ ਹੋਰ ਨਸ਼ਾ ਪਕੜਿਆ ਗਿਆ, ਉਨ੍ਹਾਂ ਤੇ ਵੀ ਐਫ.ਆਈ.ਆਰਜ਼ ਦਰਜ ਹੋ ਗਈਆਂ ਹਨ। ਉਹ ਜਿਹੜੇ ਬੱਚੇ ਹਨ, ਯੰਗਸਟਰਜ਼ ਹਨ, ਨੌਜਵਾਨ ਹਨ ਉਹ ਜਾਂ ਤਾਂ ਜੇਲ੍ਹਾਂ ਵਿੱਚ ਪਾ ਦਿੱਤੇ ਗਏ ਹਨ ਜਾਂ ਉਹ ਜ਼ਮਾਨਤਾਂ ਵਾਸਤੇ ਭੱਜ ਰਹੇ ਹਨ। ਮੇਰੀ ਡਿਪਟੀ ਸੀ.ਐਮ. ਸਾਹਿਬ ਨੂੰ ਇਹ ਗੁਜਾਰਿਸ਼ ਹੈ ਕਿ ਉਨ੍ਹਾਂ ਤੇ ਜਿਹੜੇ ਕੇਸ ਹਨ, ਉਹ ਵਾਪਸ ਕਰਨ ਕਿਉਂਕਿ consumption of these kinds of drugs is not a crime. It is a health problem. ਸੋ, ਜਿਹੜੇ ਡਰੱਗ ਸਪਲਾਈ ਕਰਦੇ ਹਨ, ਸਾਨੂੰ ਉਨ੍ਹਾਂ ਨੂੰ ਕੰਟਰੋਲ ਕਰਨਾ ਚਾਹੀਦਾ ਹੈ। ਕੀ ਉਪ ਮੁੱਖ ਮੰਤਰੀ ਜੀ ਜਿਨ੍ਹਾਂ ਉਤੇ ਐਫ.ਆਈ.ਆਰਜ਼ ਦਰਜ ਹੋਈਆਂ ਹਨ, ਉਨ੍ਹਾਂ ਦੀ ਰੀਹੈਬਲੀਟੇਸ਼ਨ ਦਾ ਪ੍ਰੋਗਰਾਮ ਕਰਨਗੇ, ਅਤੇ ਕੀ ਉਨ੍ਹਾਂ ਨੂੰ ਕੋਈ ਜਾਬਸ ਪ੍ਰੋਵਾਈਡ ਕਰਨਗੇ ? ਕਿਉਂਕਿ non availability of jobs ਕਰਕੇ ਹੀ ਜੋ ਮੁਸ਼ਕਿਲਾਂ ਹਨ, ਉਹ ਯੂਥ ਨੂੰ easily ਨਸ਼ਿਆਂ ਵੱਲ ਖਿੱਚ ਰਹੀਆਂ ਹਨ। ਇਸ ਕਾਰਨ ਹੀ ਉਹ ਡਰੱਗਜ਼ ਅਡਿਕਸ਼ਨ ਵੱਲ ਪਏ ਹੋਏ ਹਨ।

**ਮਾਨਯੋਗ ਸਪੀਕਰ :** ਹਾਂ ਜੀ, ਡਿਪਟੀ ਸੀ.ਐਮ. ਸਾਹਿਬ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਮੈਂ ਇਸ ਦੇ ਨਾਲ ਹੀ ਇੱਕ ਹੋਰ ਸਪਲੀਮੈਂਟਰੀ ਵੀ ਕਰਨੀ ਹੈ। ਫਿਰ ਇਹ ਇਕੱਠਾ ਹੀ ਜਵਾਬ ਦੇ ਦੇਣਗੇ ਜੀ।

**ਮਾਨਯੋਗ ਸਪੀਕਰ :** ਸਪਲੀਮੈਂਟਰੀਜ਼ ਦੋ ਹੀ ਅਲਾਉ ਹੁੰਦੀਆਂ ਹਨ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਰਿਕੁਐਸਟ ਹੈ ਜੀ। ਸੈਕਿੰਡਲੀ ਸਰ, ਇਸ ਦੇ ਵਿੱਚ ਇਨ੍ਹਾਂ ਨੇ ਮੈਨਸ਼ਨ ਕੀਤਾ ਹੈ ਕਿ ਹੈਰੋਇਨ ਜੋ ਹੈ, ਉਹ ਅਫਗਾਨਿਸਤਾਨ ਤੋਂ ਵਾਇਆ ਪਾਕਿਸਤਾਨ ਸਾਡੇ ਕੋਲ ਸਮੱਗਲ ਹੋ ਰਹੀ ਹੈ। ਇਹ ਜਿਹੜੀ ਸਮੱਗਲਿੰਗ ਹੈ, ਇਸ ਦੀ ਰੋਕਥਾਮ ਵਾਸਤੇ ਕੀ ਉਪਰਾਲੇ ਕੀਤੇ ਜਾ ਰਹੇ ਹਨ? ਇਸ ਤੋਂ ਇਲਾਵਾ ਜਿਹੜੀ ਸਿੰਥੈਟਿਕ ਡਰੱਗਜ਼ ਹਨ, ਜਿਸ ਤਰ੍ਹਾਂ ਕਿ ਐਫੇਡਰਿਨ ਤੇ ਸੂਡੋਐਫੇਡਰਿਨ ਹੈ, ਇਨ੍ਹਾਂ ਦੋਵਾਂ ਨੂੰ ਮਿਕਸ ਕਰਕੇ ਸਿੰਥੈਟਿਕ ਡਰੱਗਜ਼ ਬਣਦੀਆਂ ਹਨ।

**ਮਾਨਯੋਗ ਸਪੀਕਰ :** ਇਸ ਦਾ ਜਵਾਬ ਤਾਂ ਇਨ੍ਹਾਂ ਨੇ ਦੇ ਦਿੱਤਾ ਹੈ।

**ਰਾਣਾ ਗੁਰਮੀਤ ਸਿੰਘ ਸੋਢੀ :** ਨਹੀਂ ਸਰ। ਮੇਰੀ ਬੇਨਤੀ ਹੈ ਕਿ ਮੇਰੀ ਗੱਲ ਸੁਣ ਲਵੋ ਜੀ। ਇਨ੍ਹਾਂ ਨੂੰ ਕੰਟਰੋਲ ਕਰਨ ਵਾਸਤੇ ਜਾਂ ਉਨ੍ਹਾਂ ਤੇ ਦਬਾਉ ਪਾਉਣ ਵਾਸਤੇ ਇਹ ਕੀ ਕੀ ਸਟੈਪਸ ਲੈ ਰਹੇ ਹਨ? ਕੀ ਇਹ ਇਸ ਮੁੱਦੇ ਉਤੇ ਸੈਂਟਰਲ ਗੌਰਮਿੰਟ ਕੋਲੋਂ ਕੋਈ ਅਸਿਸਟੈਂਸ ਲੈ ਰਹੇ ਹਨ? ਜਿਹੜਾ ਕੇਂਦਰ ਸਰਕਾਰ ਨੇ ਸਾਨੂੰ 50 ਕਰੋੜ ਰੁਪਿਆ ਦਿੱਤਾ ਹੈ, ਉਸ ਵਾਸਤੇ ਕੀ ਇਹ ਕੋਈ ਹਾਊਸ ਦੀ ਕਮੇਟੀ ਬਣਾ ਰਹੇ ਹਨ, ਉਸ ਪੈਸੇ ਦੀ ਕਿਸ ਤਰ੍ਹਾਂ ਵਰਤੋਂ ਕੀਤੀ ਜਾਵੇਗੀ?

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਜੀ ਵਲੋਂ ਪੁੱਛੇ ਗਏ ਪ੍ਰਸ਼ਨਾਂ ਦਾ ਜਵਾਬ ਦੇਣ ਲੱਗਿਆ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਕੋਈ ਵੀ ਡਰੱਗ ਪ੍ਰੋਡਿਊਸ ਨਹੀਂ ਹੁੰਦੀ। ਇਹ ਤਾਂ ਵਿਕਟਮ ਹੈ Punjab is a victim of inefficiencies of other states and Government of India. ਪੰਜਾਬ ਡਰੱਗਜ਼ ਦਾ ਟਰਾਂਜ਼ਿਟ ਰੂਟ ਹੈ। ਇਸ ਕਰਕੇ ਡਰੱਗਜ਼ ਦੀ ਟਰਾਂਜ਼ਿਟ ਦਾ ਕੁਝ ਫੀਸਦੀ ਹਿੱਸਾ ਪੰਜਾਬ ਵਿਚ ਰਹਿ ਜਾਂਦਾ ਹੈ। ਜਿਵੇਂ ਹੈਰੋਇਨ ਦੀ ਪੰਜਾਬ ਵਿਚ ਕੰਜ਼ਪਸ਼ਨ ਬਹੁਤ ਘੱਟ ਹੈ। ਇਹ ਸਾਰੀ ਅਫਗਾਨਿਸਤਾਨ, ਪਾਕਿਸਤਾਨ, ਜੇ.ਐਂਡ ਕੇ. ਬਾਰਡਰ ਤੋਂ ਆ ਰਹੀ ਹੈ। ਇਹ ਸਾਰੀ ਡਰੱਗ ਦਿੱਲੀ ਅਤੇ ਬੰਬਈ ਜਾਂਦੀ ਹੈ ਅਤੇ ਫਿਰ ਉਸ ਤੋਂ ਬਾਅਦ ਇੰਟਰਨੈਸ਼ਨਲ ਮਾਰਕਿਟ ਵਿਚ ਚਲੀ ਜਾਂਦੀ ਹੈ। ਜਿਹੜੇ ਤੁਸੀਂ ਅਖਬਾਰਾਂ ਵਿਚ ਦੇਖਦੇ ਹੋ ਕਿ ਡਰੱਗਜ਼ ਦੇ ਵੱਡੇ ਵੱਡੇ ਸੀਲਡ ਪੈਕੇਟ ਹਨ, ਉਹ ਸਾਰੇ ਟਰਾਂਜ਼ਿਟ ਵਾਸਤੇ ਹਨ। ਇਸੇ ਤਰ੍ਹਾਂ ਅਫੀਮ (opium) ਪੰਜਾਬ ਵਿਚ ਪ੍ਰੋਡਿਊਸ ਨਹੀਂ ਹੁੰਦੀ ਬਲਕਿ ਇਹ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਹੋਰ ਸੂਬਿਆਂ ਵਿਚ ਪ੍ਰੋਡਿਊਸ ਹੁੰਦੀ ਹੈ। ਪੋਪੀ ਹਸਕ (poppy husk) ਵੀ ਪੰਜਾਬ ਵਿਚ ਪ੍ਰੋਡਿਊਸ ਨਹੀਂ ਹੁੰਦੀ। ਇਸ ਦੇ ਰਾਜਸਥਾਨ, ਮੱਧ ਪ੍ਰਦੇਸ਼ ਵਿਚ ਓਪਨ ਠੇਕੇ ਖੁੱਲ੍ਹੇ ਹੋਏ ਹਨ। ਉਥੇ ਵੀ ਜਿਹੜੀ ਡਰੱਗ ਪ੍ਰੋਡਿਊਸ ਹੁੰਦੀ ਹੈ ਉਹ ਵੀ ਭਾਰਤ ਸਰਕਾਰ ਦੇ ਨਾਰਕੋਟਿਕਸ ਡਿਪਾਰਟਮੈਂਟ ਦੇ ਕੰਟਰੋਲ ਹੇਠ ਹੁੰਦੀ ਹੈ ਪਰ ਜਿਹੜੀ ਡਰੱਗ ਫਿਲਟਰ-ਆਊਟ ਹੋ ਜਾਂਦੀ ਹੈ, ਉਹ ਉਨ੍ਹਾਂ ਦੀ ਨਾਕਾਮੀ ਕਰਕੇ ਹੁੰਦੀ ਹੈ। ਜਿਵੇਂ ਚਰਸ ਹੈ, ਇਹ ਸਾਰੀ ਹਿਮਾਚਲ ਪ੍ਰਦੇਸ਼ ਵਿਚ ਪ੍ਰੋਡਿਊਸ ਹੁੰਦੀ ਹੈ ਅਤੇ ਇਹ ਪੰਜਾਬ ਵਿਚੋਂ

[ ਉਪ ਮੁੱਖ ਮੰਤਰੀ ]

ਟਰਾਂਜ਼ਿਟ ਹੁੰਦੀ ਹੈ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਵਿਕਟਮ ਬਣੇ ਹੋਏ ਹਾਂ। ਮੈਂ ਤੁਹਾਨੂੰ ਦੱਸਦਾ ਹਾਂ ਕਿ ਪੰਜਾਬ ਪੁਲਿਸ ਦੇਸ਼ ਦੀ ਸੇਵਾ ਕਰਨ ਤੇ ਲੱਗੀ ਹੋਈ ਹੈ। ਮੈਂ ਤੁਹਾਨੂੰ ਇਸ ਦਾ ਵੇਰਵਾ ਦਿੰਦਾ ਹਾਂ। ਦੇਸ਼ ਭਰ ਵਿਚ ਡਰੱਗਜ਼ ਦੇ ਖਿਲਾਫ ਡੱਟਣ ਲਈ ਚਾਰ ਆਰਗੇਨਾਈਜ਼ੇਸ਼ਨਜ਼ ਹਨ ਜਿਨ੍ਹਾਂ ਵਿਚੋਂ ਨਾਰਕੋਟਿਕਸ ਕੰਟਰੋਲ ਬੋਰਡ ਆਫ ਬਿਊਰੋ ਹੈ। ਇਨ੍ਹਾਂ ਆਰਗੇਨਾਈਜ਼ੇਸ਼ਨਜ਼ ਦਾ ਕੰਮ ਤਾਂ ਪੂਰੇ ਦੇਸ਼ ਵਿਚ ਨਸ਼ਿਆਂ ਨੂੰ ਮੋਨੀਟਰ ਕਰਨਾ ਹੈ। ਉਨ੍ਹਾਂ ਦਾ ਚੰਡੀਗੜ੍ਹ ਵਿਚ ਵੀ ਦਫ਼ਤਰ ਹੈ ਅਤੇ ਹਰ ਸਟੇਟ ਵਿਚ ਵੀ ਦਫਤਰ ਹੈ। ਉਹ ਇਸ ਗੱਲ ਦਾ ਧਿਆਨ ਰੱਖਦੇ ਹਨ ਕਿ ਕਿਥੇ ਡਰੱਗ ਪ੍ਰੋਡਿਊਸ ਹੋ ਰਹੀ ਹੈ ਪਰ ਅਫ਼ਸੋਸ ਦੀ ਗੱਲ ਹੈ ਕਿ ਉਨ੍ਹਾਂ ਦੇ ਕੰਟਰੋਲ ਦੇ ਬਾਵਜੂਦ ਵੀ ਡਰੱਗ ਫਿਲਟਰ-ਆਊਟ ਹੋ ਰਹੀ ਹੈ। ਉਸ ਤੋਂ ਬਾਅਦ ਡੀ.ਆਰ.ਆਈ ਅਤੇ ਬੀ.ਐਸ.ਐਫ ਹੈ, ਉਹ ਬਾਰਡਰ ਤੇ ਕੰਟਰੋਲ ਕਰਦੇ ਹਨ। ਇਸ ਤੋਂ ਬਾਅਦ ਕਸਟਮਜ਼ ਵਾਲਿਆਂ ਦਾ ਕੰਮ ਹੈ, ਉਹ ਏਅਰਪੋਰਟ ਅਤੇ ਰੇਲਵੇ ਸਟੇਸ਼ਨਾਂ ਤੇ ਚੈੱਕ ਕਰਦੇ ਹਨ। ਜਿਹੜੀ ਸਟੇਟ ਵਿਚ ਡਰੱਗ ਪ੍ਰੋਡਿਊਸ ਹੁੰਦੀ ਹੈ, ਉਸ ਬਾਰੇ ਸਟੇਟ ਦਾ ਕੰਮ ਹੈ, ਪਰ ਕੋਈ ਵੀ ਆਪਣਾ ਕੰਮ ਸਹੀ ਤਰੀਕੇ ਨਾਲ ਨਹੀਂ ਕਰ ਰਿਹਾ ਹੈ। ਮੈਂ ਇਸ ਬਾਰੇ ਤੁਹਾਨੂੰ ਰਿਕਾਰਡ ਦੱਸ ਰਿਹਾ ਹਾਂ। ਇਹ ਭਾਰਤ ਸਰਕਾਰ ਦੀ ਹੋਮ ਮਨਿਸਟਰੀ ਦੀ ਰਿਪੋਰਟ ਹੈ, ਪੂਰੇ ਹਿੰਦੁਸਤਾਨ ਵਿਚ 41 ਫੀਸਦੀ opium ਦੀ ਰਿਕਵਰੀ ਇਕੱਲੇ ਪੰਜਾਬ ਵਿਚੋਂ ਹੋਈ ਹੈ ਜਦੋਂ ਕਿ ਇਹ ਨਸ਼ਾ ਮੱਧ ਪ੍ਰਦੇਸ਼ ਅਤੇ ਹੋਰ ਸੂਬਿਆਂ ਵਿਚੋਂ ਚੱਲਦਾ ਹੈ ਅਤੇ ਹੌਲੀ ਹੌਲੀ ਆਪਣੇ ਪੰਜਾਬ ਵਿਚ ਆਉਂਦਾ ਹੈ ਪਰ ਉਥੇ ਇਸ ਨੂੰ ਕੋਈ ਨਹੀਂ ਫੜਦਾ। ਨਾਰਕੋਟਿਕਸ ਕੰਟਰੋਲ ਬਿਊਰੋ ਦੀ ਪੂਰੇ ਦੇਸ਼ ਵਿਚ opium ਦੀ 13 ਫੀਸਦੀ ਰਿਕਵਰੀ ਹੈ ਅਤੇ ਆਪਣੀ ਪੰਜਾਬ ਪੁਲਿਸ ਦੀ 41 ਫੀਸਦੀ ਰਿਕਵਰੀ ਹੈ। ਇਸੇ ਤਰ੍ਹਾਂ ਹੈਰੋਇਨ ਲੈ ਲਓ, ਨਾਰਕੋਟਿਕਸ ਕੰਟਰੋਲ ਬਿਊਰੋ, ਜਿਸ ਦਾ ਕੰਮ ਹੀ ਨਸ਼ੇ ਫੜਨਾ ਹੈ, ਉਨ੍ਹਾਂ ਦੀ ਰਿਕਵਰੀ 303 ਕਿੱਲੋ ਹੈ ਅਤੇ ਪੰਜਾਬ ਪੁਲਿਸ ਦੀ 417 ਕਿੱਲੋ ਹੈ। ਮੈਂ ਹੋਰ ਦੱਸਦਾ ਹਾਂ ਜਿਸ ਤਰ੍ਹਾਂ ਗੱਲ ਸਾਡੇ ਮਾਨਯੋਗ ਮੈਂਬਰ ਨੇ ਸਿੰਥੈਟਿਕ ਡਰੱਗ ਦੀ ਕੀਤੀ ਹੈ। ਸਿੰਥੈਟਿਕ ਡਰੱਗ ਪੰਜਾਬ ਵਿਚ ਯੂਜ਼ ਨਹੀਂ ਹੁੰਦੀ ਅਤੇ ਨਾ ਹੀ ਇਹ ਇਥੇ ਪ੍ਰੋਡਿਊਸ ਹੁੰਦੀ ਹੈ। ਇਹ ਸਾਰੀ ਡਰੱਗ ਬੱਦੀ, ਊਨਾ, ਦਿੱਲੀ, ਬੰਬਈ ਵਿਚ ਪ੍ਰੋਡਿਊਸ ਹੁੰਦੀ ਹੈ। ਇਹ ਪੂਰੇ ਦੇਸ਼ ਵਿਚ ਨਾ ਤਾਂ ਨਾਰਕੋਟਿਕਸ ਕੰਟਰੋਲ ਬਿਊਰੋ ਨੇ ਫੜੀ ਹੈ ਅਤੇ ਨਾ ਕਿਸੇ ਹੋਰ ਏਜੰਸੀ ਨੇ ਫੜੀ

ਹੈ ਪਰ ਪੰਜਾਬ ਪੁਲਿਸ ਨੇ ਬੰਬਈ ਜਾ ਕੇ, ਬੱਦੀ ਜਾ ਕੇ ਅਤੇ ਹਰਿਆਣੇ ਵਿਚ ਜਾ ਕੇ ਸਿੰਥੈਟਿਕ ਡਰੱਗਜ਼ ਫੜੇ ਹਨ । ਪੰਜਾਬ ਪੁਲਿਸ ਨੇ ਮਦਰਾਸ ਵਿਚ ਜਾ ਕੇ ਸਭ ਤੋਂ ਵੱਡਾ ਡਰੱਗ ਕਿੰਗ ਪਿੰਨ ਜੋ ਮਲੇਸ਼ੀਆ ਵਿਚ ਡਰੱਗਜ਼ ਦੀ ਸਪਲਾਈ ਕਰਦਾ ਹੈ, ਉਸ ਨੂੰ ਪੰਜਾਬ ਪੁਲਿਸ ਫੜ ਕੇ ਲਿਆਈ ਹੈ। ਬੇਸਿਕ ਗੱਲ ਹੈ ਕਿ ਆਪਾਂ ਨੂੰ ਕੀ ਹੋ ਗਿਆ ਹੈ? ਪੰਜਾਬ ਕਿਉਂ ਬਦਨਾਮ ਹੋਇਆ ਹੈ? ਕਿਉਂਕਿ ਅਖਬਾਰਾਂ ਵਿਚ ਇਨ੍ਹਾਂ ਨਸ਼ਿਆਂ ਦੀ ਹਰ ਰੋਜ਼ ਰਿਕਵਰੀ ਆਉਂਦੀ ਸੀ। ਮੈਂ ਕਹਿੰਦਾ ਹਾਂ ਕਿ ਜੇ ਅਸੀਂ ਐਕਟਿਵਲੀ ਕੰਮ ਕਰ ਰਹੇ ਹਾਂ ਤਾਂ ਫਿਰ ਰਿਕਵਰੀ ਹੋਣੀ ਹੀ ਹੈ। ਸਾਰਿਆਂ ਨੇ ਸੋਚਿਆ ਕਿ ਪੰਜਾਬ ਵਿੱਚ ਇੰਨੀ ਡਰੱਗਜ਼ ਆ ਗਈ ਪਰ ਮੈਂ ਕਹਿੰਦਾ ਹਾਂ ਕਿ ਪੰਜਾਬ ਤਾਂ ਇਸ ਦਾ ਟਰਾਂਜ਼ਿਟ ਰੂਟ ਹੈ । ਜੇ ਅਸੀਂ 20 ਕਿਲੋ ਫੜੀ ਹੈ ਤਾਂ ਇਸ ਬਾਰੇ ਅਸੀਂ ਪਤਾ ਕੀਤਾ ਹੈ ਕਿ ਇਸ ਵਿੱਚੋਂ ਕੁਝ ਗਰਾਮ ਪੰਜਾਬ ਵਿੱਚ ਦੇਣੀ ਹੈ ਤੇ ਬਾਕੀ ਸਾਰੀ ਬੰਬਈ ਜਾਂ ਬਾਹਰਲੇ ਮੁਲਕ ਜਾਣੀ ਹੈ ਕਿਉਂਕਿ ਇਸ ਦੀ ਅਸਲੀ ਵੈਲਿਊ ਬਾਹਰਲੇ ਮੁਲਕ ਵਿੱਚ ਪੈਂਦੀ ਹੈ। ਜੇ ਪਾਕਿਸਤਾਨ ਤੋਂ 100/- ਰੁਪਏ ਦੀ ਚੀਜ਼ ਚੱਲੇਗੀ ਤਾਂ ਉਸ ਦੀ ਪੰਜਾਬ ਵਿੱਚ ਮਸਾਂ 200/- ਰੁਪਏ ਵੈਲਿਊ ਹੈ, ਉਸ ਦੀ ਬੰਬਈ ਜਾ ਕੇ ਵੈਲਿਊ 1000/- ਰੁਪਏ ਹੋ ਜਾਵੇਗੀ ਪਰ ਬਾਹਰ ਜਾ ਕੇ ਇਸ ਦੀ ਇੱਕ ਲੱਖ ਰੁਪਏ ਦੀ ਵੈਲਿਊ ਹੋ ਜਾਵੇਗੀ। ਫਿਰ ਉਹ ਇਸ ਨੂੰ ਪੰਜਾਬ ਵਿੱਚ ਕਿਉਂ ਵੇਚਣਾ ਚਾਹੁੰਣਗੇ ਪਰ ਕਿਉਂਕਿ ਪੰਜਾਬ ਪੁਲਿਸ ਐਕਟਿਵ ਹੈ, ਇਸ ਲਈ ਪੰਜਾਬ ਪੁਲਿਸ ਨੇ, ਕਸਟਮਜ਼ ਵਾਲਿਆਂ ਨੇ, ਬੀ.ਐਸ.ਐਫ. ਅਤੇ ਦੂਜੀਆਂ ਏਜੰਸੀਆਂ ਦੇ ਬੰਦੇ ਫੜੇ ਹਨ। ਅਸੀਂ ਏਅਰਪੋਰਟ ਤੋਂ ਵੀ ਬੰਦੇ ਫੜੇ ਹਨ ਜਿਹੜੇ ਕਿ ਪੰਜਾਬ ਨਾਲ ਤਾਅਲੁੱਕ ਨਹੀਂ ਰੱਖਦੇ। ਪੰਜਾਬ ਨੂੰ ਖਾਸ ਕਰਕੇ ਪੁਲੀਟੀਕਲ ਪਾਰਟੀ ਨੇ ਇਸ ਤਰ੍ਹਾਂ ਹਊਆ ਬਣਾ ਦਿੱਤਾ, ਬਦਨਾਮ ਕਰ ਦਿੱਤਾ ਅਤੇ ਕਹਿਣ ਲੱਗੇ ਕਿ ਪੰਜਾਬ ਵਿੱਚ ਸਾਰਾ ਡਰੱਗਜ਼ ਹੈ। ਸਪੀਕਰ ਸਾਹਿਬ, ਜੇ ਇੰਡੀਆ ਵਿੱਚ ਡਰੱਗਜ਼ ਦਾ ਹੈੱਡਕੁਆਰਟਰ ਮੰਨਿਆ ਜਾਵੇ ਤਾਂ ਸਭ ਤੋਂ ਜ਼ਿਆਦਾ ਗੋਆ ਵਿੱਚ ਡਰੱਗਜ਼ ਹੈ। ਮਾਨਯੋਗ ਮੈਂਬਰ ਸਾਹਿਬ ਵੀ ਜਾਣਦੇ ਹੋਣਗੇ ਕਿ ਸਾਰੇ ਕਹਿੰਦੇ ਹਨ ਕਿ ਸਭ ਤੋਂ ਜ਼ਿਆਦਾ ਡਰੱਗਜ਼ ਗੋਆ ਵਿੱਚ ਵਿਕਦੀ ਹੈ। ਮੇਰੇ ਕੋਲ ਗੌਰਮਿੰਟ ਆਫ ਇੰਡੀਆ ਦਾ ਸਾਲ 2012 ਦਾ ਡਾਟਾ ਹੈ, ਉਥੇ ਇੱਕ ਸਾਲ ਵਿੱਚ ਡਰੱਗਜ਼ ਦੇ 55 ਕੇਸ ਰਜਿਸਟਰ ਹੋਏ ਹਨ ਪਰ ਪੰਜਾਬ ਵਿੱਚ 10 ਹਜ਼ਾਰ ਕੇਸ ਰਜਿਸਟਰ ਹੋਏ ਹਨ। ਮਹਾਰਾਸ਼ਟਰ ਵਿੱਚ, ਜਿਹੜਾ ਨੰਬਰ 2 ਤੇ ਡਰੱਗਜ਼ ਦਾ ਹੈੱਡਕੁਆਰਟਰ ਹੈ, ਉਥੇ ਕੇਵਲ 1900 ਕੇਸ ਰਜਿਸਟਰ ਹੋਏ ਹਨ ਪਰ ਪੰਜਾਬ ਵਿੱਚ 10 ਹਜ਼ਾਰ

[ ਉਪ ਮੁੱਖ ਮੰਤਰੀ ]

ਹੋਏ ਹਨ। ਉਥੇ ਕੋਈ ਇੰਟਰਸਟ ਹੀ ਨਹੀਂ ਲੈਂਦਾ। ਕੱਲ੍ਹ ਜਿਹੜਾ ਮਾਨਯੋਗ ਮੈਂਬਰ ਦਾ ਨਾਂ ਆਇਆ ਹੈ, ਉਹ ਬੰਦਾ ਅਸੀਂ ਕਿੱਥੋਂ ਫੜਿਆ ਹੈ, ਉਹ ਗੁਰਲਾਲ ਸਿੰਘ ਨੂੰ ਅਸੀਂ ਸਿਰਸੇ ਤੋਂ ਫੜ੍ਹ ਕੇ ਲੈ ਕੇ ਆਏ ਹਾਂ। ਉਹ ਉਥੇ ਰਹਿੰਦਾ ਸੀ। ਉਹ ਡਰੱਗਜ਼ ਦਾ ਕਿੰਗ ਪਿੰਨ ਸੀ। ਹਰਿਆਣਾ ਪੁਲਿਸ ਨੇ ਕਿਉਂ ਕੁਝ ਨਹੀਂ ਕੀਤਾ? ਸੋ, ਗੱਲ ਜਿਹੜੀ ਹੈ,ਸਾਨੂੰ ਜ਼ਿਆਦਾ ਬਦਨਾਮ ਕੀਤਾ ਗਿਆ ਹੈ, ਸਗੋਂ ਸਾਨੂੰ ਐਪਰੀਸ਼ੀਏਟ ਕਰਨਾ ਚਾਹੀਦਾ ਸੀ। ਇਹ ਡਰੱਗਜ਼ ਦੇ ਖਿਲਾਫ ਡਰਾਈਵ ਅੱਜ ਦੀ ਨਹੀਂ ਹੈ, ਇਹ ਡਰੱਗ ਅੱਜ ਦਾ ਨਹੀਂ ਆ ਰਿਹਾ। ਇਹ ਸਦੀਆਂ ਤੋਂ ਡਰੱਗਜ਼ ਚੱਲ ਰਹੀ ਹੈ, ਜਿਵੇਂ ਕਿ ਭੁੱਕੀ, ਅਫੀਮ ਸਦੀਆਂ ਤੋਂ ਚੱਲ ਰਹੀ ਹੈ। ਪਹਿਲਾਂ ਕਿਸੇ ਨੂੰ ਇੰਟਰਸਟ ਹੀ ਨਹੀਂ ਸੀ। ਸਰਕਾਰ ਦਾ ਕੋਈ ਇੰਟਰਸਟ ਨਹੀਂ ਸੀ, ਤੁਰੇ ਜਾਂਦੇ ਖਾਈ ਜਾਂਦੇ ਸੀ।ਅਸੀਂ ਇਸ ਦੇ ਖਿਲਾਫ ਪਿਛਲੇ 2-3 ਸਾਲ ਤੋਂ ਲੱਗੇ ਹਾਂ ਅਤੇ 12 ਜਾਂ 16 ਹਜ਼ਾਰ ਬੰਦੇ ਫੜੇ ਹਨ। ਇਹ ਬੰਦੇ ਅੱਜ ਦੇ ਨਹੀਂ ਫੜੇ। ਪਿਛਲੇ ਸਾਲ ਅਸੀਂ 10 ਹਜ਼ਾਰ ਬੰਦੇ ਫੜੇ ਹਨ, ਉਸ ਤੋਂ ਪਿਛਲੇ ਸਾਲ 10 ਹਜ਼ਾਰ ਹੋਰ ਬੰਦੇ ਫੜੇ ਸਨ।ਫਿਰ ਮਾਨਯੋਗ ਮੈਂਬਰ ਸਾਹਿਬ ਨੇ ਛੋਟੀ-ਛੋਟੀ ਕੁਆਂਟਿਟੀ ਦੀ ਗੱਲ ਕੀਤੀ ਸੀ। ਹੈਰੋਇਨ ਤੁਹਾਨੂੰ ਛੋਟੀ ਕੁਆਂਟਿਟੀ ਵਿੱਚ ਹੀ ਕਮਰਸ਼ੀਅਲ ਮਿਲ ਜਾਵੇਗੀ। ਜਿਵੇਂ ਕਿ ਭੁੱਕੀ ਬੋਰੀ ਜਾਂ ਅੱਧੀ ਬੋਰੀ ਵਿੱਚ ਮਿਲਦੀ ਹੈ। ਹੈਰੋਇਨ ਦੀ ਕੁਆਂਟਿਟੀ ਬਹੁਤ ਘੱਟ ਹੁੰਦੀ ਹੈ। ਜਿਹੜੀ ਪੰਜਾਬ ਵਿੱਚ trickle-down ਹੁੰਦੀ ਹੈ, ਉਹ ਛੋਟੀ ਕੁਆਂਟਿਟੀ ਵਿੱਚ ਹੁੰਦੀ ਹੈ। ਪੰਜਾਬ ਪੁਲਿਸ ਜਿੱਥੋਂ ਰਿਕਵਰ ਕਰਦੀ ਹੈ, ਇਹ ਦੋ-ਤਿੰਨ ਹੱਥਾਂ ਤੋਂ ਜਾ ਕੇ ਥੱਲੇ ਆਉਂਦੀ ਹੈ। ਇਹ ਨਹੀਂ ਇੱਕ ਹੀ ਮੇਨ ਡੀਲਰ ਹੁੰਦਾ ਹੈ। ਮੇਨ ਡੀਲਰ ਤੋਂ ਨੰਬਰ 2 ਡੀਲਰ, ਉਸ ਤੋਂ ਨੰਬਰ 3 ਡੀਲਰ ਕੋਲ ਆਉਂਦੀ ਹੈ। ਸਪੀਕਰ ਸਾਹਿਬ, ਜਿਹੜੇ ਰਿਟੇਲਰ ਹਨ, ਉਹ ਆਪ ਵੀ ਖਾਂਦੇ ਹਨ, ਇਸ ਤਰ੍ਹਾਂ ਲਗਦਾ ਹੈ ਕਿ ਉਹ ਇਕੱਲੇ ਡਰੱਗ ਐਡਿਕਟ ਹਨ ਪਰ ਉਹ 20 ਬੰਦਿਆਂ ਨੂੰ ਖੁਆਉਂਦੇ ਵੀ ਹਨ ਕਿਉਂਕਿ ਆਪਣੀ ਕੀਮਤ ਉਹ ਦੂਜਿਆ ਤੋਂ ਕੱਢਣਾ ਚਾਹੁੰਦੇ ਹਨ ਤਾਂ ਕਿ ਉਨ੍ਹਾਂ ਦੀ ਆਪਣੀ ਡਰੱਗ ਫਰੀ ਹੋ ਜਾਵੇ ਜਾਂ ਉਹ ਕੁਝ ਪੈਸਾ ਕਮਾ ਲੈਣ। ਉਹ ਨਾਲ ਦੇ ਪਿੰਡ ਜਾਂ ਸ਼ਹਿਰ ਦੇ 20-30 ਬੰਦਿਆਂ ਨੂੰ ਖਵਾ ਦਿੰਦੇ ਹਨ।ਅੱਜ ਲੱਖਾਂ ਲੋਕੀਂ ਡੀ-ਐਡਿਕਸ਼ਨ ਸੈਂਟਰ ਵਿੱਚ ਗਏ ਹਨ ਕਿਉਂਕਿ ਅਸੀਂ ਰਿਟੇਲਰਾਂ ਤੇ ਅਟੈਕ ਕੀਤਾ ਹੈ। ਇਹ ਜਿਹੜੀ ਫਿੱਗਰ ਹੈ, ਇਸ ਦੀ ਕਾਪੀ ਸ਼ਾਇਦ ਸਾਰੇ ਮੈਂਬਰਜ਼ ਕੋਲ ਆ ਜਾਵੇ। If you look at it, you will appreciate the role of the Punjab Government and the

Punjab Police in the last three years. ਇਨ੍ਹਾਂ ਸਾਲਾਂ ਵਿੱਚ ਜਿਵੇਂ ਅਸੀਂ ਲੜਾਈ ਲੜੀ ਹੈ। We are fighting a national war. ਜਿਹੜੀ ਡਰੱਗਜ਼ ਇੰਡੀਆ ਵਿੱਚ ਆ ਰਹੀ ਹੈ, ਅਸੀਂ ਉਸ ਦੇ scapegoat ਬਣੇ ਹੋਏ ਹਾਂ। ਜਿੰਨੀ ਡਰੱਗਜ਼ ਆ ਰਹੀ ਹੈ, ਅਸੀਂ ਉਸ ਤੋਂ ਬਹੁਤ ਘੱਟ ਵਰਤ ਰਹੇ ਹਾਂ। ਸਾਡੇ ਤੋਂ ਗਲਤੀ ਹੋ ਗਈ ਕਿ ਅਸੀਂ ਰਿਕਵਰ ਕਰੀ ਜਾਂਦੇ ਹਾਂ ਅਤੇ ਅਖਬਾਰਾਂ ਵਿੱਚ ਆਈ ਜਾਂਦਾ ਹੈ ਕਿ ਇੰਨੇ ਕਿਲੋ ਜਾਂ ਇੰਨੇ ਕੁਇੰਟਲ ਫੜੀ ਗਈ। ਲੋਕੀਂ ਕਹਿੰਦੇ ਹਨ ਕਿ ਪਤਾ ਨਹੀਂ ਕੀ ਹੋ ਗਿਆ। ਬਾਕੀ ਜਿਹੜਾ ਮੈਂਬਰ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਇੰਨੇ ਨੌਜਵਾਨ ਡਰੱਗਜ਼ ਵਰਤਣ ਵਾਲੇ ਹਨ, ਇਸ ਲਈ ਮੈਂ ਡੀ.ਜੀ.ਪੀ. ਸਾਹਿਬ ਨਾਲ ਗੱਲ ਕੀਤੀ ਸੀ ਅਤੇ ਉਨ੍ਹਾਂ ਨੂੰ ਮੈਂ ਇੰਸਟਰੱਕਸ਼ਨ ਦਿੱਤੀ ਹੈ ਕਿ ਇਸ ਸਬੰਧੀ ਆਈ.ਜੀਜ਼ ਦੀ ਕਮੇਟੀ ਬਣਾ ਦਿਉ ਤਾਂ ਕਿ ਉਹ ਜਾ ਕੇ ਪੰਚਾਇਤਾਂ ਨਾਲ ਗੱਲ ਕਰਨ। ਫਿਰ ਪੰਚਾਇਤਾਂ ਨੂੰ ਜਾਂ ਕਈ elected representatives ਨੂੰ ਜਾ ਕੇ ਕਹਿਣ ਕਿ ਇਹ ਬੰਦਾ ਸਿਰਫ ਵਰਤਣ ਵਾਲਾ ਹੈ, we are going to go into it. ਅਸੀਂ ਸਾਰੀਆਂ ਜਗ੍ਹਾ ਤੇ 3 ਆਈ.ਜੀ.ਪੀ., ਜ਼ੋਨਲ ਦੀ ਡਿਊਟੀ ਲਗਾਈ ਹੈ ਕਿ ਉਹ ਇਸ ਨੂੰ ਦੁਬਾਰਾ ਦੇਖ ਲੈਣ ਅਤੇ ਜਾਂਚ ਕਰ ਲੈਣ। ਮੇਰੀਆਂ ਬੜੀਆਂ ਕਲੀਅਰ ਇੰਸਟ੍ਰਕਸ਼ਨਾਂ ਹਨ ਕਿ ਕਿਸੇ ਨੂੰ ਝੂਠੇ ਕੇਸ ਵਿਚ ਨਾ ਫੜਿਆ ਜਾਵੇ। ਡਰੱਗ ਇਕ ਇਹੋ ਜਿਹੀ ਚੀਜ਼ ਹੈ ਕਿ ਇਸ ਵਿਚ ਸਜ਼ਾ ਬਹੁਤ ਜ਼ਿਆਦਾ ਹੁੰਦੀ ਹੈ। ਦੂਜੀ ਗੱਲ, ਇਸ ਵਾਸਤੇ ਮੈਂ ਬੜੀਆਂ ਕਲੀਅਰ ਇੰਸਟਰਕਸ਼ਨਜ਼ ਦਿੱਤੀਆਂ ਹਨ ਕਿ ਜਿਹੜਾ ਇਨੋਸੈਂਟ ਤੇ ਇਕੱਲਾ ਖਾਣ ਵਾਲਾ ਹੈ ਅਤੇ ਉਹ ਕਮਰਸ਼ੀਅਲ ਨਹੀਂ ਹੈ, ਉਸ ਪ੍ਰਤੀ ਲੀਨੀਐਂਟ ਵਿਊ ਲਿਆ ਜਾਵੇ। ਜੇਕਰ ਉਹ ਰੀਹੈਬਲੀਟੇਟ ਹੁੰਦਾ ਹੈ ਤਾਂ ਉਸ ਨੂੰ ਰੀਹੈਬਲੀਟੇਟ ਕੀਤਾ ਜਾਵੇ। ਸੋਢੀ ਸਾਹਿਬ, ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਤੁਹਾਡੇ ਕੋਲ ਕੋਈ ਵੀ ਐਗਜ਼ਾਂਪਲ ਹੈ ਤਾਂ ਮੈਨੂੰ ਦੇ ਦਿਉ we will examine it very clearly and I assure this. ਆਪੋਜ਼ੀਸ਼ਨ ਪਾਰਟੀ ਦੇ ਵੀਰ ਬੈਠੇ ਹਨ, ਜੇਕਰ ਤੁਹਾਡੀ ਕੰਸਟੀਚਿਊਐਂਸੀ ਵਿਚ ਕੋਈ ਇੰਸੀਡੈਂਟ ਆਵੇ ਕਿ ਕੋਈ ਇੰਨੋਸੈਂਟ ਪਰਸਨ ਹੈ, you are most free to give list to me or go to the DGP. I assure you ਜੇਕਰ ਉਹ ਇਕੱਲਾ ਖਾਂਦਾ ਹੈ ਜਾਂ ਪੁਸ਼ਰ ਨਹੀਂ ਹੈ we will take very lenient view because as per law we have a provision. ਜੇਕਰ ਕੋਈ ਇਕੱਲਾ ਖਾਂਦਾ ਹੈ we can have a very lenient view on that and we assure on that.

[ ਉਪ ਮੁੱਖ ਮੰਤਰੀ ]

ਬਾਕੀ ਮਾਨਯੋਗ ਮੈਂਬਰ ਸਾਹਿਬ ਨੇ ਜੇਲ੍ਹਾਂ ਦੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਮੈਂ ਡੀ.ਜੀ.ਪੀ. ਸਾਹਿਬ ਨਾਲ ਇਹੀ ਗੱਲ ਕੀਤੀ ਹੈ ਕਿ ਤੁਸੀਂ ਸਰਪਰਾਈਜ਼ ਰੇਡ ਕਰੋ। ਮੈਂ ਨਹੀਂ ਕਹਿੰਦਾ ਕਿ ਇਨ੍ਹਾਂ ਨੇ ਜੋ ਕਿਹਾ ਹੈ ਗਲਤ ਹੈ। ਮੈਨੂੰ ਵੀ ਇਨਫਰਮੇਸ਼ਨ ਹੈ ਕਿ ਹਰ ਜੇਲ੍ਹ ਵਿਚ ਜੇਕਰ ਮੋਬਾਈਲ ਬੈਨ ਹੈ ਤਾਂ ਮੋਬਾਈਲ ਵੀ ਜੇਲ੍ਹ ਵਿਚ ਪਹੁੰਚ ਜਾਂਦਾ ਹੈ। ਜੇਲ੍ਹਾਂ ਵਿਚ ਸ਼ਰਾਬ ਬੈਨ ਹੈ, ਕਿਧਰੇ ਕਿਧਰੇ ਅਸੀਂ ਰੇਡ ਮਾਰੀ ਹੈ ਤਾਂ ਸ਼ਰਾਬ ਵੀ ਮਿਲੀ ਪਾਈ ਗਈ ਹੈ ਅਤੇ ਮੋਬਾਈਲ ਵੀ ਲੱਭ ਗਏ। ਮੈਂ ਕਿਹਾ ਹੈ ਕਿ ਤੁਸੀਂ ਚੈਕਿੰਗ ਕਰਕੇ ਪਤਾ ਕਰੋ ਕਿ ਇਸ ਵਿਚ ਕਿਹੜੇ ਅਫ਼ਸਰ ਇਨਵਾਲਵ ਹਨ। ਅਸੀਂ ਪਿੱਛੇ ਜਿਹੇ 28 ਪੁਲਿਸ ਅਫ਼ਸਰਾਂ ਤੇ ਐਕਸ਼ਨ ਲਿਆ ਹੈ, ਜਿਨ੍ਹਾਂ ਵਿਚੋਂ ਅੱਧੇ ਅਫ਼ਸਰਾਂ ਨੂੰ ਡਿਸਮਿਸ ਕੀਤਾ ਹੈ। ਇਹ ਵੀ ਮੈਂ ਐਸ਼ਿਓਰ ਕਰਦਾ ਹਾਂ ਕਿ ਜਿਹੜੇ ਵੀ ਅਫ਼ਸਰ ਇਨਵਾਲਵ ਪਾਏ ਗਏ, ਉਨ੍ਹਾਂ ਨੂੰ ਸਸਪੈਂਡ ਨਹੀਂ ਕਰਾਂਗੇ ਬਲਕਿ ਉਨ੍ਹਾਂ ਨੂੰ ਡਿਸਮਿਸ ਕਰਾਂਗੇ because they are participating in a major crime. ਉਸ ਖਿਲਾਫ ਸਖਤ ਐਕਸ਼ਨ ਹੋਵੇਗਾ। ਮੈਂ ਸਾਰੇ ਹਾਊਸ ਨੂੰ ਐਸ਼ਿਓਰ ਕਰਦਾ ਹਾਂ ਕਿ ਡਰੱਗ ਦੇ ਖਿਲਾਫ਼ ਵਾਰ ਲੈਵਲ ਤੇ ਕੰਮ ਕਰਨਾ ਪੰਜਾਬ ਸਰਕਾਰ ਦੀ ਨੰਬਰ ਇਕ ਪ੍ਰੀਆਰਿਟੀ ਹੈ। ਮੈਂ ਪਰਸਨਲੀ ਵੀ ਐਸ਼ਿਓਰ ਕਰਦਾ ਹਾਂ । ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਡਰੱਗ ਦੀ ਇੰਨੀ ਵੱਡੀ ਬਿਮਾਰੀ ਨਹੀਂ ਹੈ ਜਿੰਨੀ ਵਿਖਾਈ ਗਈ ਹੈ ਪਰ ਫਿਰ ਵੀ ਸਾਡੀ ਜ਼ਿੰਮੇਵਾਰੀ ਹੈ ਕਿ ਜਿੰਨੀ ਵੀ ਬਿਮਾਰੀ ਵਿਖਾਈ ਗਈ ਹੈ, we have to eradicate it and I assure the House.

**ਮਾਨਯੋਗ ਸਪੀਕਰ :** ਹਾਂ ਜੀ, ਕੋਟਲੀ ਸਾਹਿਬ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਜੀ।

**ਮਾਨਯੋਗ ਸਪੀਕਰ :** ਇਸੇ ਕਰਕੇ ਮੈਂ ਪਹਿਲਾਂ ਤੁਹਾਨੂੰ ਤਿੰਨ ਸਪਲੀਮੈਂਟਰੀ ਅਲਾਓ ਕੀਤੀਆਂ ਹਨ। ਚਲੋ, ਦੱਸੋ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਜਿਸ ਤਰ੍ਹਾਂ ਡਰੱਗਜ਼ ਦਾ ਮੁੱਦਾ ਉਠਿਆ ਹੈ ਤਾਂ ਉਸ ਬਾਰੇ ਡਿਪਟੀ ਸੀ.ਐਮ ਸਾਹਿਬ ਨੇ ਬੜਾ ਵਿਸਥਾਰ ਵਿੱਚ ਇਸ ਦਾ ਜਵਾਬ ਦਿੱਤਾ ਹੈ। ਮੈਂ ਇਨ੍ਹਾਂ ਦਾ ਧੰਨਵਾਦ ਵੀ ਕਰਦਾ ਹਾਂ ਔਰ I feel that he is really concerned about the grave and

important issue of drugs. ਮੈਂ ਇੱਕੋ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਐਡਿਕਟਸ ਹਨ ਤੁਹਾਨੂੰ ਵੀ ਪਤਾ ਹੈ ਕਿ addiction is never considered a crime, it is a helath problem. ਮੈਂ ਪਹਿਲਾਂ ਵੀ ਗੱਲ ਕੀਤੀ ਹੈ ਕਿ ਇਸ ਨਾਲ ਯੂਥ ਅਸਾਨੀ ਨਾਲ ਪ੍ਰਭਾਵਿਤ ਹੋ ਜਾਂਦਾ ਹੈ। ਮੈਂ ਇੱਕੋ ਗੱਲ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਯੂਥ ਹਨ, ਜਿਹੜੇ ਐਡਿਕਟ ਹਨ ਜਿਨ੍ਹਾਂ ਤੇ ਐਫ.ਆਈ.ਆਰਜ਼ ਹੋਈਆਂ ਹਨ, ਉਹ ਐਫ.ਆਈ.ਆਰਜ਼ ਕੈਂਸਲ ਕੀਤੀਆਂ ਜਾਣ । ਮਿਹਰਬਾਨੀ ਕਰਕੇ ਉਨ੍ਹਾਂ ਦੀ ਛਾਣਬੀਣ ਕਰਕੇ, ਜਿਹੜੇ ਮੁੰਡੇ ਸਮਗਲਿੰਗ ਵਿੱਚ ਇਨਵਾਲਵ ਨਹੀਂ ਹਨ, ਸਿਰਫ ਐਡਿਕਟਸ ਹਨ ਉਨ੍ਹਾਂ ਦੇ ਖਿਲਾਫ ਐਫ.ਆਈ.ਆਰਜ਼ ਕੈਂਸਲ ਕਰਕੇ ਉਨ੍ਹਾਂ ਨੂੰ ਰੀਹੈਬਲੀਟੇਟ ਕੀਤਾ ਜਾਵੇ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਰਿਕੁਐਸਟ ਕਰਾਂਗਾ ਕਿ there is no harm in it if a House Committee is formed to monitor all this. ਕਿਉਂਕਿ ਹੇਠਲੇ ਲੈਵਲ ਤੇ ਕਈ ਵਾਰ ਪੁਲੀਟੀਕਲ ਵੈਂਡੇਟਾ ਵੀ ਹੋ ਜਾਂਦਾ ਹੈ। ਜੇਕਰ ਕੋਈ ਚੀਜ਼ ਪਕੜੀ ਜਾਵੇ ਤਾਂ ਹਰ ਕੇਸ ਡਿਪਟੀ ਸੀ.ਐਮ ਸਾਹਿਬ ਜਾਂ ਡੀ.ਜੀ.ਪੀ. ਸਾਹਿਬ ਦੇ ਨੋਟਿਸ ਵਿੱਚ ਨਹੀਂ ਲਿਆਇਆ ਜਾ ਸਕਦਾ । ਜੇਕਰ ਇਸ ਸਬੰਧੀ ਹਾਊਸ ਦੀ ਕਮੇਟੀ ਹੋਵੇਗੀ, ਇਹ ਮੋਨੀਟਰ ਕਰੇਗੀ ਤਾਂ ਇਹ ਅੱਛਾ ਹੋਵੇਗਾ ਕਿਉਂਕਿ ਇਹ ਅੱਜ ਪੰਜਾਬ ਦਾ ਭਖਦਾ ਮੁੱਦਾ ਹੈ । ਜੇਕਰ ਅਸੀਂ ਪੰਜਾਬ ਅਤੇ ਪੰਜਾਬੀਅਤ ਨੂੰ ਬਚਾਉਣਾ ਹੈ ਤਾਂ ਮੇਰੀ ਤੁਹਾਡੇ ਅੱਗੇ ਗੁਜ਼ਾਰਿਸ਼ ਹੈ ਕਿ ਜੇ ਡਿਪਟੀ ਸੀ.ਐਮ.ਸਾਹਿਬ ਇਸ ਤੇ ਐਗਰੀ ਕਰ ਜਾਣ ਤਾਂ ਪੰਜਾਬ ਨੂੰ ਅਤੇ ਜੋ ਐਡਿਕਟਸ ਹਨ, ਨਸ਼ੇ ਕਰ ਰਹੇ ਹਨ, ਉਨ੍ਹਾਂ ਨੂੰ ਸਹਾਰਾ ਮਿਲੇਗਾ।

**ਸਰਦਾਰ ਗੁਰਕੀਰਤ ਸਿੰਘ :** ਸਪੀਕਰ ਸਾਹਿਬ, ਡਿਪਟੀ ਸੀ.ਐਮ. ਸਾਹਿਬ ਸਰਕਾਰ ਦਾ ਪੱਖ ਰੱਖ ਰਹੇ ਸੀ ਅਤੇ ਉਨ੍ਹਾਂ ਨੇ ਹਾਊਸ ਨੂੰ ਦੱਸਿਆ ਹੈ ਕਿ ਕਿਸ ਤਰੀਕੇ ਨਾਲ ਸਰਕਾਰ ਡਰੱਗਜ਼ ਦੇ ਮੁੱਦੇ ਉੱਤੇ ਗੰਭੀਰ ਹੈ । ਸਪੀਕਰ ਸਾਹਿਬ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਪੁਲਿਸ ਡਰੱਗਜ਼ ਖਿਲਾਫ਼ ਵਧੀਆ ਕੰਮ ਕਰ ਰਹੀ ਹੈ । ਕੱਲ੍ਹ ਵੀ ਸਾਡੇ ਮਾਨਯੋਗ ਮੈਂਬਰ, ਸਰਦਾਰ ਲਾਲ ਸਿੰਘ ਜੀ ਅਤੇ ਉਸ ਤੋਂ ਪਹਿਲਾਂ ਸਰਦਾਰ ਨਵਤੇਜ ਸਿੰਘ ਚੀਮਾ ਜੀ ਨੇ ਵੀ ਇਹ ਗੱਲ ਕਹੀ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਸਾਡੀ ਪੁਲਿਸ ਮਿਲੀਟੈਂਸੀ ਨਾਲ ਫਾਈਟ ਕਰ ਸਕਦੀ ਹੈ ਤਾਂ ਅੱਜ ਡਰੱਗਜ਼ ਨੂੰ ਕੰਟਰੋਲ ਕਰਨ ਵਿੱਚ ਵੀ ਪੁਲਿਸ

[ ਸਰਦਾਰ ਗੁਰਕੀਰਤ ਸਿੰਘ ]

ਵਧੀਆ ਰੋਲ ਨਿਭਾਅ ਰਹੀ ਹੈ ਪਰ ਕੀ ਡਿਪਟੀ ਸੀ.ਐਮ. ਸਾਹਿਬ ਦੱਸਣਗੇ ਕਿ ਪੰਜਾਬ ਵਿੱਚ ਜਿਹੜਾ ਮੈਡੀਕਲ ਨਸ਼ਾ ਵਿਕ ਰਿਹਾ ਹੈ ਅਤੇ ਖਾਸ ਕਰਕੇ ਜਿਹੜਾ ਸਾਡਾ ਹੈਲਥ ਡਿਪਾਰਟਮੈਂਟ ਹੈ, ਕੀ ਉਸ ਨੂੰ ਵੀ ਇਸ ਤਰਜ਼ ਤੇ ਵਧੀਆ ਤਰੀਕੇ ਨਾਲ ਕੰਟਰੋਲ ਕਰਨ ਲਈ ਕਾਰਵਾਈ ਕਰਕੇ, ਇਸ ਨੂੰ ਵੀ ਡਰੱਗਜ਼ ਦੇ ਮੁੱਦੇ ਨਾਲ ਜੋੜ ਕੇ ਇਸ ਤੇ ਕੰਟਰੋਲ ਕਰਨ ਲਈ ਆਪਣਾ ਫਰਜ਼ ਨਿਭਾਏਗਾ ? ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਡਿਪਟੀ ਸੀ. ਐਮ. ਸਾਹਿਬ ਦੱਸਣਗੇ ਕਿ ਪੰਜਾਬ ਵਿੱਚ ਜਿਹੜਾ ਮੈਡੀਕਲ ਨਸ਼ਾ ਵਿਕ ਰਿਹਾ ਹੈ, ਉਸ ਦੀ ਰੋਕਥਾਮ ਲਈ ਸਰਕਾਰ ਦਾ ਕੀ ਪੱਖ ਹੈ ?

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਬੜਾ ਵਧੀਆ ਪ੍ਰਸ਼ਨ ਪੁੱਛਿਆ ਹੈ। ਮੈਂ ਡਰੱਗਜ਼ ਵਿੱਚ ਭਾਵੇਂ ਮੈਡੀਕਲ ਨਸ਼ੇ ਦਾ ਨਾਂ ਲਿਆ ਪਰ that is again one of the areas ਜਿਸ ਤੇ ਅਸੀਂ ਕੰਸੈਂਟਰੇਟ ਕਰ ਰਹੇ ਹਾਂ । ਸਾਲ 2002 ਵਿੱਚ ਕੋਈ 7000 ਕੈਪਸੂਲ ਫੜੇ ਗਏ ਸੀ ਅਤੇ ਸਾਲ 2013 ਵਿੱਚ ਤਿੰਨ ਕਰੋੜ ਕੈਪਸੂਲ ਫੜੇ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ at the time of raid ਕਿਉਂਕਿ ਇਸ ਵਿੱਚ ਸਾਨੂੰ ਡਰੱਗ ਇੰਸਪੈਕਟਰ ਨਾਲ ਚਾਹੀਦਾ ਹੈ ਪਰ ਉਨ੍ਹਾਂ ਦੀ ਥੋੜ੍ਹੀ ਜਿਹੀ ਸ਼ਾਰਟੇਜ ਸੀ । We are trying to get more Drug Inspectors also and I am requesting the Department of Health ਕਿ ਉਹ ਡਰੱਗਜ਼ ਇੰਸਪੈਕਟਰ ਡੈਪੂਟੇਸ਼ਨ ਤੇ ਪੁਲਿਸ ਡਿਪਾਰਟਮੈਂਟ ਨੂੰ ਦੇ ਦੇਣ so that ਉਹ ਸਾਰਾ ਕੰਮ ਕਰਨ । This is another area ਜਿਸ ਤੇ ਸਾਨੂੰ ਬੜਾ careful ਹੋਣਾ ਪੈਣਾ ਹੈ । ਇਹ ਵੀ ਕਾਫੀ ਪਰੈਵੇਲੈਂਟ ਸੀ, ਖਾਸ ਕਰਕੇ ਜਿਹੜੀਆਂ ਦਵਾਈਆਂ ਲੋਕ ਲੈਂਦੇ ਹਨ । So, we are taking lot of steps in this direction. I assure you this is part of our campaign.

(ਇਸ ਸਮੇਂ ਕਈ ਮਾਨਯੋਗ ਮੈਂਬਰ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਡਿਪਟੀ ਸੀ.ਐਮ.ਸਾਹਿਬ ਨੇ ਇਸ ਉਤੇ ਕਾਫੀ ਅਲੈਬੋਰੇਟ ਜਵਾਬ ਦੇ ਦਿੱਤਾ ਹੈ । ਇਸ ਕਰਕੇ ਹੋਰ ਸਪਲੀਮੈਂਟਰੀ ਦੀ ਲੋੜ ਨਹੀਂ ਹੈ । ਹੁਣ ਅੱਜ ਦੀ ਲਿਸਟ ਦੇ ਰੈਗੂਲਰ ਪ੍ਰਸ਼ਨ ਲਏ ਜਾਣਗੇ।

———

## STARRED QUESTIONS AND ANSWERS

### ਗੜ੍ਹਸ਼ੰਕਰ ਤੋਂ ਆਦਮਪੁਰ ਤੱਕ ਸੜਕ ਦੀ ਮੁਰੰਮਤ ਕਰਨਾ

***1405. ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਲੋਕ ਨਿਰਮਾਣ (ਭ. ਤੇ ਮ.) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਗੜ੍ਹਸ਼ੰਕਰ ਤੋਂ ਆਦਮਪੁਰ ਤੱਕ ਬਿਸਤ ਦੁਆਬ ਨਹਿਰ ਦੇ ਨਾਲ ਨਾਲ ਖਸਤਾ ਹਾਲਤ ਸੜਕ ਦੀ ਮੁਰੰਮਤ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਸ਼੍ਰੀਮਾਨ ਜੀ, ਨਹੀਂ ਜੀ। ਹਾਲ ਦੀ ਘੜੀ ਗੜ੍ਹਸ਼ੰਕਰ ਤੋਂ ਆਦਮਪੁਰ ਬਿਸਤ ਦੁਆਬ ਦੇ ਨਾਲ ਨਾਲ ਜਾਂਦੀ ਸੜਕ ਨੂੰ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ....

**ਮਾਨਯੋਗ ਸਪੀਕਰ :** ਆਪਾਂ ਦੱਸਣਾ ਨਹੀਂ, ਆਪਾਂ ਕੁਝ ਪੁੱਛਣਾ ਹੈ ।

**ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਸਪੀਕਰ ਸਾਹਿਬ, ਆਦਮਪੁਰ-ਭੋਗਪੁਰ ਨੈਸ਼ਨਲ ਹਾਈਵੇਜ਼ ਨੂੰ ਇਹ ਸੜਕ ਜੁੜਦੀ ਹੈ । ਇਸ ਦੀ 2009-10 ਵਿੱਚ ਪ੍ਰਧਾਨ ਮੰਤਰੀ ਯੋਜਨਾ ਸਕੀਮ ਤਹਿਤ 10 ਫੁੱਟ ਤੋਂ 18 ਫੁੱਟ ਤੱਕ ਚੌੜਾਈ ਕੀਤੀ ਗਈ ਸੀ । ਜਿਹੜੇ ਠੇਕੇਦਾਰਾਂ ਨੇ ਇਸ ਦਾ ਟੈਂਡਰ ਲਿਆ, ਉਨ੍ਹਾਂ ਦੀ ਇਸ ਸੜਕ ਨੂੰ ਪੰਜ ਸਾਲ ਰਿਪੇਅਰ ਕਰਨ ਦੀ ਜ਼ਿੰਮੇਵਾਰੀ ਹੈ । ਬਲਾਚੌਰ ਤੋਂ ਮੁਕੇਰੀਆਂ ਤੱਕ ਜੋ ਟੋਲ ਲੱਗੇ ਹੋਏ ਹਨ, ਉਨ੍ਹਾਂ ਕਰਕੇ ਹੈਵੀ ਵਹੀਕਲਜ਼ ਇਸ ਰੋਡ ਤੋਂ ਲੰਘਦੇ ਹਨ । ਇਸ ਦੀ ਗੜ੍ਹਸ਼ੰਕਰ ਤੋਂ ਆਦਮਪੁਰ ਤੱਕ ਕੋਈ 48 ਕਿਲੋਮੀਟਰ ਲੰਬਾਈ ਹੈ । ਇਸ ਸੜਕ ਦੀ ਹਾਲਤ ਬਹੁਤ ਖਸਤਾ ਹੈ । ਇਸ ਕਰਕੇ ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਹ ਸੜਕ ਬੜੀ ਅਹਿਮ ਹੈ । ਇਸ ਦੀ ਜਲਦੀ ਤੋਂ ਜਲਦੀ ਰਿਪੇਅਰ ਕਰਕੇ ਲੋਕਾਂ ਦੀ ਸਹੂਲਤ ਵਾਸਤੇ ਇਹ ਸੜਕ ਬਣਾਈ ਜਾਵੇ ।

**ਮਾਨਯੋਗ ਸਪੀਕਰ :** ਕੀ ਤੁਹਾਡੀ ਕੋਈ ਸਪਲੀਮੈਂਟਰੀ ਵੀ ਹੈ ਜਾਂ ਸਿਰਫ ਇਹ ਬੇਨਤੀ ਹੀ ਹੈ । ਹਾਂ ਜੀ, ਟੀਨੂੰ ਜੀ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ. ਸੀ.ਬੀ. ਸੀ. ਦੀ ਭਲਾਈ (ਸ਼੍ਰੀ ਪਵਨ ਕੁਮਾਰ ਟੀਨੂੰ) :** ਸਪੀਕਰ ਸਾਹਿਬ, ਆਦਮਪੁਰ ਤੋਂ ਗੜ੍ਹਸ਼ੰਕਰ ਤੱਕ ਜਿਹੜੀ ਸੜਕ ਹੈ । ਆਦਮਪੁਰ ਮੇਰਾ ਹਲਕਾ ਹੈ।

**ਮਾਨਯੋਗ ਸਪੀਕਰ :** ਇਸ ਕਰਕੇ ਹੀ ਤੁਹਾਨੂੰ ਸਪਲੀਮੈਂਟਰੀ ਦਿੱਤੀ ਹੈ ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ :** ਸਪੀਕਰ ਸਾਹਿਬ, ਧੰਨਵਾਦ ਤੁਹਾਡਾ। ਸਪੀਕਰ ਸਾਹਿਬ, ਇਹ ਭੋਗਪੁਰ - ਆਦਮਪੁਰ - ਕੋਟ ਫਤੂਹੀ - ਮੇਹਟੀਆਣਾ-ਗੜ੍ਹਸ਼ੰਕਰ-ਸ੍ਰੀ ਅਨੰਦਪੁਰ ਸਾਹਿਬ-ਚੰਡੀਗੜ੍ਹ ਨੂੰ ਅਲੱਗ ਰਸਤਾ ਹੈ । ਇਸ ਸੜਕ ਦਾ ਇਹ ਟੋਟਾ ਜਿਹੜਾ ਕਿ ਮਾਨਯੋਗ ਵਿਧਾਇਕ ਸਾਹਿਬ ਨੇ ਦੱਸਿਆ ਹੈ, ਇਸ ਦੀ ਹਾਲਤ ਬਹੁਤ ਖਰਾਬ ਹੈ । ਸਪੀਕਰ ਸਾਹਿਬ, ਮੈਂ ਆਪ ਜੀ ਦੇ ਜ਼ਰੀਏ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ ਸੜਕ ਬਣੀ ਹੈ, ਇਹ ਟਾਈਮ ਤੋਂ ਪਹਿਲਾਂ ਕਿਉਂ ਟੁੱਟ ਗਈ ਹੈ ? ਇਸ ਦੀ ਮਾੜੀ ਹਾਲਤ ਕਿਉਂ ਹੋ ਗਈ ? ਕੀ ਇਹ ਇਸ ਦੀ ਇਨਕੁਆਰੀ ਕਰਵਾਉਣਗੇ ? ਸਰਕਾਰ ਇੰਨਾ ਪੈਸਾ ਲਗਾਉਂਦੀ ਹੈ ਤੇ ਠੇਕੇਦਾਰ ਕੀ ਕਰਦੇ ਹਨ ? ਕੀ ਇਸ ਨੂੰ ਮੋਨੀਟਰ ਕਰਨ ਲਈ ਆਪਾਂ ਕੋਈ ਕੰਮ ਕਰਾਂਗੇ ? ਕੀ ਜਿਹੜੀਆਂ ਸੜਕਾਂ ਸਰਕਾਰ ਬਣਾਉਂਦੀ ਹੈ, ਕੀ ਦੋ ਸਾਲ ਬਾਅਦ ਜਾਂ ਤਿੰਨ ਸਾਲ ਬਾਅਦ ਇਹ ਸੜਕਾਂ ਇਸੇ ਤਰ੍ਹਾਂ ਟੁੱਟ ਜਾਇਆ ਕਰਨਗੀਆਂ ? ਲੋਕ ਵਿਚਾਰੇ ਕੁਰਲਾਉਂਦੇ ਹਨ ਅਤੇ ਇਨ੍ਹਾਂ ਇਲੈਕਸ਼ਨਾਂ ਵਿੱਚ ਵੀ ਇਨ੍ਹਾਂ ਸੜਕਾਂ ਨੇ ਸਾਡਾ ਬਹੁਤ ਸਾਰਾ ਨੁਕਸਾਨ ਕੀਤਾ ਹੈ । ਲੋਕ ਸੋਚਦੇ ਹਨ ਕਿ ਸਾਡਾ ਪੈਸਾ ਕਿੱਥੇ ਲੱਗ ਰਿਹਾ ਹੈ । ਮੈਂ ਤੁਹਾਡੇ ਜ਼ਰੀਏ ਮਾਨਯੋਗ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਰੇ ਅਧਿਕਾਰੀਆਂ ਨੂੰ ਏ.ਸੀ. ਕਮਰਿਆਂ ਵਿਚੋਂ ਉਠਾ ਕੇ ਫੀਲਡ ਵਿੱਚ ਭੇਜੋ ਤਾਂ ਕਿ ਪਤਾ ਲੱਗ ਸਕੇ ਕਿ ਠੇਕੇਦਾਰ ਦੁਆਰਾ ਕੀ ਮਾਲ ਪਾਇਆ ਜਾ ਰਿਹਾ ਹੈ?

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੀ ਸੜਕ ਬਣੀ ਸੀ, ਇਹ ਪ੍ਰਧਾਨ ਮੰਤਰੀ ਯੋਜਨਾ ਅਧੀਨ ਬਣੀ ਸੀ। ਇਸ ਦਾ ਜਿਹੜਾ ਡਿਜ਼ਾਈਨ ਕੀਤਾ ਸੀ, ਇਹ ਸੜਕ ਪੇਂਡੂ ਸੜਕ ਵਜੋਂ ਕੀਤੀ ਸੀ। ਇਸ ਤੇ ਹੈਵੀ ਵਹੀਕਲ, ਵੱਡੇ ਵੱਡੇ ਟਰਾਲੇ ਚੱਲਣ ਲੱਗ ਪਏ। ਇਹ ਕਿਉਂ ਚੱਲਣ ਲੱਗ ਪਏ ਕਿਉਂਕਿ ਹੁਸ਼ਿਆਰਪੁਰ, ਬਲਾਚੌਰ ਅਤੇ ਦਸੂਹਾ ਸੜਕ ਤੇ ਟੋਲ ਟੈਕਸ ਲਿਆ ਜਾਂਦਾ ਸੀ, ਜਿਸ ਕਾਰਨ ਟਰੈਫਿਕ ਉਧਰੋਂ ਡਾਈਵਰਟ ਹੋ ਕੇ ਇਧਰੋਂ ਚੱਲਣ ਲੱਗ ਗਿਆ। ਇਹ ਡਿਜ਼ਾਈਨ ਪੇਂਡੂ ਸੜਕ ਕੀਤੀ ਸੀ ਪਰ ਇਸ ਤੇ ਟਰੈਫਿਕ ਬਹੁਤ ਹੈਵੀ ਹੋ ਗਿਆ ਹੈ, ਇਸ ਕਰਕੇ ਇਹ ਸੜਕ ਬੈਠ ਗਈ ਹੈ।

**ਮਾਨਯੋਗ ਸਪੀਕਰ :** ਕੀ ਇਸ ਦਾ ਕੋਈ ਹੱਲ ਨਹੀਂ ਲੱਭਣਾ ?

**ਮੰਤਰੀ :** ਸਪੀਕਰ ਸਾਹਿਬ, ਅਗਲੇ ਸਾਲ ਮਾਰਚ, 2015 ਤੱਕ ਇਸ ਦਾ ਐਗਰੀਮੈਂਟ ਖਤਮ ਹੋ ਜਾਣਾ ਹੈ, ਉਸ ਤੋਂ ਬਾਅਦ ਇਸ ਨੂੰ ਬਣਾ ਦੇਵਾਂਗੇ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ :** ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਸਾਰਾ ਟਰੈਫਿਕ ਉਧਰੋਂ ਕਨਵਰਟ ਹੋ ਗਿਆ ਹੈ ....

**ਮਾਨਯੋਗ ਸਪੀਕਰ :** ਟੋਲ ਟੈਕਸ ਬਚਾਉਣ ਲਈ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ :** ਸਪੀਕਰ ਸਾਹਿਬ, ਜੀ.ਟੀ. ਰੋਡ ਦਾ ਸਾਰਾ ਟਰੈਫਿਕ ਉਧਰੋਂ ਕਨਵਰਟ ਹੋ ਗਿਆ ਅਤੇ ਹੁਸ਼ਿਆਰਪੁਰ ਅਤੇ ਬਲਾਚੌਰ ਦਾ ਵੀ ਕਨਵਰਟ ਹੋ ਗਿਆ। ਅੱਗੇ ਹੀ 2-3 ਸਾਲ ਤੋਂ ਉਧਰ ਦੇ ਲੋਕ ਪਿਸ ਰਹੇ ਹਨ। ਕੀ ਸਾਲ 2015 ਤੱਕ ਉਥੇ ਉਸੇ ਤਰ੍ਹਾਂ ਦੇ ਹੀ ਹਾਲਾਤ ਰਹਿਣਗੇ ? ਮੈਂ ਤਾਂ ਤੁਹਾਡੇ ਜ਼ਰੀਏ ਉਪ ਮੁੱਖ ਮੰਤਰੀ ਜੀ ਨੂੰ ਅਤੇ ਮੰਤਰੀ ਜੀ ਨੂੰ ਵੀ ਬੇਨਤੀ ਕਰਾਂਗਾ ਕਿ ਕੋਈ ਸਪੈਸ਼ਲ ਪਲੈਨ ਬਣਾ ਕੇ ਇਸ ਸੜਕ ਦਾ ਜ਼ਰੂਰ ਕੁਝ ਨਾ ਕੁਝ ਸੋਚਿਆ ਜਾਵੇ। ਇਸ ਤੋਂ ਲੋਕ ਬੜੇ ਪ੍ਰੇਸ਼ਾਨ ਹਨ। ਧੰਨਵਾਦ ਜੀ।

----

## ਸਿਵਲ ਹਸਪਤਾਲ, ਫਿਰੋਜ਼ਪੁਰ ਵਿਚ ਸਟਾਫ਼ ਮੁਹੱਈਆ ਕਰਵਾਉਣਾ

***1574. ਸਰਦਾਰ ਪਰਮਿੰਦਰ ਸਿੰਘ ਪਿੰਕੀ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਫਿਰੋਜ਼ਪੁਰ ਸ਼ਹਿਰ ਵਿੱਚ ਸਿਵਲ ਹਸਪਤਾਲ ਦੇ ਅੱਖਾਂ ਦੇ ਨਵੇਂ ਬਣੇ ਵਿੰਗ ਵਿੱਚ ਸਟਾਫ਼ ਕਦੋਂ ਤੱਕ ਮੁਹੱਈਆ ਕਰਵਾ ਦਿੱਤਾ ਜਾਵੇਗਾ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਫਿਰੋਜ਼ਪੁਰ ਸ਼ਹਿਰ ਵਿੱਚ ਸਿਵਲ ਹਸਪਤਾਲ ਦੇ ਅੱਖਾਂ ਦੇ ਨਵੇਂ ਬਣੇ ਵਿੰਗ ਵਿੱਚ ਅਨੁਲੱਗ (ੳ) ਅਨੁਸਾਰ ਲੋੜੀਂਦਾ ਸਟਾਫ਼ ਮੁਹੱਈਆ ਕਰਵਾ ਦਿੱਤਾ ਗਿਆ ਹੈ।

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

## ਅਨੁਲੱਗ ੳ

ਅੱਖਾਂ ਦੇ ਨਵੇਂ ਬਣੇ ਵਿੰਗ ਵਿੱਚ ਸਟਾਫ਼ ਦੀ ਪੁਜੀਸ਼ਨ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਅਸਾਮੀ ਦਾ ਨਾਮ | ਤਾਇਨਾਤ ਸਟਾਫ਼ |
|---|---|---|
| 1) | ਜਨਰਲ ਅਪਥਾਲਮੋਲੋਜਿਸਟ | 2* |
| 2) | ਅਪਥਾਲਮਿਕ ਅਫ਼ਸਰ | 2** |
| 3) | ਅਪਥਾਲਮਿਕ ਨਰਸ | 5 |
| 4) | ਨਰਸਿੰਗ ਸਿਸਟਰ | 1 |
| 5) | ਫਾਰਮਾਸਿਸਟ | 1 |
| 6) | ਕਲਰਕ** | 1*** |
| 7) | ਵਾਰਡ ਅਟੈਂਡੈਂਟ ਦਰਜਾ-4 | 3 |

*ਡਾ. ਦਵਿੰਦਰ ਪਾਲ ਸਿੰਘ, ਆਈ ਸਰਜਨ, ਪੀ.ਐਚ.ਸੀ., ਮੁੱਦਕੀ ਤੋਂ ਨਵੇਂ ਬਣੇ ਆਈ ਵਿੰਗ, ਸਿਵਲ ਹਸਪਤਾਲ, ਫਿਰੋਜ਼ਪੁਰ ਵਿਖੇ ਡੈਪੂਟੇਸ਼ਨ ਤੇ ਲਗਾਏ ਗਏ ਹਨ। ਡਾ. ਸੀਬਾ, ਆਈ ਸਰਜਨ ਦੀ ਪੋਸਟਿੰਗ ਰੈਗੂਲਰ ਤੌਰ ਤੇ ਕਰ ਦਿੱਤੀ ਗਈ ਹੈ।

** ਆਪਥਾਲਮਿਕ ਅਫ਼ਸਰ- ਜ਼ਿਲ੍ਹਾ ਹਸਪਤਾਲ ਵਿੱਚ ਤਾਇਨਾਤ ਇੱਕ ਅਪਥਾਲਮਿਕ ਅਫਸਰ ਹੁਣ ਆਈ ਵਿੰਗ ਵਿੱਚ ਕੰਮ ਕਰ ਰਿਹਾ ਹੈ। ਇੱਕ ਹੋਰ ਆਪਥਾਲਮਿਕ ਅਫ਼ਸਰ ਨੂੰ ਸੀ.ਐਚ.ਸੀ., ਮਮਦੋਟ ਤੋਂ ਆਈ ਵਿੰਗ, ਸਿਵਲ ਹਸਪਤਾਲ, ਫਿਰੋਜ਼ਪੁਰ ਵਿਖੇ ਡੈਪੂਟੇਸ਼ਨ ਤੇ ਲਗਾਇਆ ਗਿਆ ਹੈ।

*** ਲੋਕ ਹਿਤ ਨੂੰ ਮੁੱਖ ਰੱਖਦੇ ਹੋਏ ਸਿਵਲ ਹਸਪਤਾਲ ਵਿਖੇ ਪੋਸਟਿਡ ਕਲਰਕ ਨੂੰ ਵਾਧੂ ਚਾਰਜ ਦਿੱਤਾ ਗਿਆ ਹੈ।

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਫਿਰੋਜ਼ਪੁਰ ਗਏ ਸੀ। ਉਨ੍ਹਾਂ ਨੇ ਐਸ਼ੋਰੈਂਸ ਦਿੱਤੀ ਸੀ ਕਿ ਉਥੇ ਸੁਪਰ ਸਪੈਸ਼ਲਿਸਟ ਡਾਕਟਰ ਪੋਸਟ ਕਰਾਂਗੇ।ਸਪੀਕਰ ਸਾਹਿਬ, ਮੇਰੀ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਗੁਜ਼ਾਰਿਸ਼ ਹੈ ਕਿ ਇਹ ਜਿਹੜਾ ਹਸਪਤਾਲ ਹੈ, ਇਹ

one of the best ਹਸਪਤਾਲ ਬਣਾਇਆ ਹੈ, ਇਹ State of the art eye Hospital ਹੈ, ਇਸ ਵਿੱਚ ਸੁਪਰ ਸਪੈਸ਼ਲਿਸਟ ਡਾਕਟਰ ਪੋਸਟ ਕੀਤੇ ਜਾਣ।

**Mr. Speaker :** Thank you. ਨੈਕਸਟ ਜੀ।

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਇਸ ਦਾ ਜਵਾਬ ਤਾਂ ਦਿਵਾ ਦਿਓ ਜੀ।

**ਮਾਨਯੋਗ ਸਪੀਕਰ :** ਤੁਸੀਂ ਸੁਜੈਸ਼ਨ ਦੇ ਦਿੱਤੀ ਅਤੇ ਉਨ੍ਹਾਂ ਨੇ ਸੁਣ ਲਈ ਹੈ।

----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1579*

**Mr. Speaker :** For Question No. 1579 extension has been granted. Next Sardar Navtej Singh ji Cheema. .....(ਵਿਘਨ)... ਇਸ ਪ੍ਰਸ਼ਨ ਦੀ ਐਕਸਟੈਨਸ਼ਨ ਹੋ ਗਈ ਹੈ, ਹੁਣ ਤੁਸੀਂ ਕੀ ਕਹਿਣਾ ਹੈ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਆਪਣੇ ਸਾਰਿਆਂ ਦੇ ਭਲੇ ਦੀ ਗੱਲ ਹੈ। ਜਿਹੜਾ ਤੁਸੀਂ ਬਿਲ ਭੇਜਿਆ ਹੈ, ਇਸ ਵਿੱਚ ਰੈਕਟੀਫਿਕੇਸ਼ਨ ਕਰਵਾ ਦਿਓ। ਵੈਸੇ ਵੀ ਸਰਕਾਰ ਡਰੱਗ ਅਡਿਕਸ਼ਨ ਕਰਵਾਉਣ ਲਈ ਲੱਗੀ ਹੋਈ ਹੈ ਅਤੇ ਦੂਜੇ ਪਾਸੇ ਨਸ਼ੇ ਵੇਚਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਹੋ ਰਹੀ ਹੈ। ਇਸ ਬਿਲ ਦੇ ਨਾਮ ਵਿੱਚ ਥੋੜ੍ਹੀ ਜਿਹੀ ਰੈਕਟੀਫਿਕੇਸ਼ਨ ਕਰਵਾ ਦਿਓ।

**ਮਾਨਯੋਗ ਸਪੀਕਰ :** ਜਦੋਂ ਬਿਲ ਆਏਗਾ, ਉਦੋਂ ਕਰਵਾ ਦੇਣਾ। ਜਦੋਂ ਬਿਲ ਆਏਗਾ, ਉਦੋਂ ਅਮੈਂਡਮੈਂਟ ਕਰਵਾ ਦੇਵਾਂਗੇ।

**ਸਰਦਾਰ ਰਣਦੀਪ ਸਿੰਘ :** ਇਸ ਦੇ ਵਿੱਚ ਵਰਡ ਅਡਿਕਸ਼ਨ ਹਟਵਾ ਦਿਓ ਅਤੇ ਇਸ ਦੀ ਜਗ੍ਹਾ ਡੀ-ਅਡਿਕਸ਼ਨ ਕਰਵਾ ਦਿਓ।

**ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਕਰਵਾ ਦਿੰਦੇ ਹਾਂ। ਜੋ ਤੁਸੀਂ ਕਹੋਗੇ, ਕਰਵਾ ਦੇਵਾਂਗੇ, ਦੋ ਮਿੰਟ ਲਈ ਮੇਰਾ ਜਵਾਬ ਤਾਂ ਸੁਣ ਲਵੋ।

---

**For Starred Question No. 1579 and reply thereto, please see Appendix to this Debate

**ਸਰਦਾਰ ਰਣਦੀਪ ਸਿੰਘ ਨਾਭਾ :** ਇਹ ਤੁਹਾਡੇ ਆਫਿਸ ਵੱਲੋਂ ਟੈਕਨੀਕਲ ਮਿਸਟੇਕ ਹੋਈ ਹੈ, ਇਹ ਠੀਕ ਕਰਵਾ ਲਵੋ।

**ਮਾਨਯੋਗ ਸਪੀਕਰ :** ਬਿਲ ਵੇਲੇ ਦੱਸ ਦੇਣਾ, ਚਲੋ, ਆਪਾਂ ਕੁਰੈਕਟ ਕਰ ਲਵਾਂਗੇ। ਹਾਂ ਜੀ, ਚੀਮਾ ਸਾਹਿਬ ।

---

## ਕੁਲੈਕਟਰ ਰੇਟ ਸਬੰਧੀ ਮੀਟਿੰਗ ਕਰਨਾ

***1591. ਸਰਦਾਰ ਨਵਤੇਜ ਸਿੰਘ ਚੀਮਾ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੁਲਤਾਨਪੁਰ ਲੋਧੀ ਤਹਿਸੀਲ ਵਿਚ ਕੁਲੈਕਟਰ ਰੇਟ ਸਬੰਧੀ ਮਿਤੀ 24 ਜੂਨ, 2014 ਨੂੰ ਕੋਈ ਮੀਟਿੰਗ ਹੋਈ ਸੀ; ਜੇਕਰ ਹੋਈ ਸੀ ਤਾਂ ਇਸ ਮੀਟਿੰਗ ਵਿੱਚ ਹਲਕੇ ਦੇ ਐਮ.ਐਲ.ਏ. ਨੂੰ ਨਾ ਬੁਲਾਏ ਜਾਣ ਦੇ ਕੀ ਕਾਰਨ ਹਨ?

**ਸਰਦਾਰ ਬਿਕਰਮ ਸਿੰਘ ਮਜੀਠੀਆ :** ਹਾਂ ਜੀ। ਡਿਪਟੀ ਕਮਿਸ਼ਨਰ, ਕਪੂਰਥਲਾ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਐਮ.ਐਲ.ਏ., ਸੁਲਤਾਨਪੁਰ ਲੋਧੀ ਨੂੰ ਇਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਮਿਤੀ 23.6.2014 ਨੂੰ ਸੱਦਾ ਪੱਤਰ ਭੇਜਿਆ ਗਿਆ ਸੀ। ਐਮ.ਐਲ.ਏ., ਸੁਲਤਾਨਪੁਰ ਲੋਧੀ ਆਪਣੀ ਰਿਹਾਇਸ਼ ਤੇ ਮੌਜੂਦ ਨਹੀਂ ਸਨ ਤਾਂ ਇਹ ਸੱਦਾ ਪੱਤਰ ਸੁਰੱਖਿਆ ਗਾਰਡ ਨੂੰ ਦੇ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਤਹਿਸੀਲ ਦਫ਼ਤਰ ਵੱਲੋਂ ਐਮ.ਐਲ.ਏ., ਸੁਲਤਾਨਪੁਰ ਲੋਧੀ ਨੂੰ ਉਨ੍ਹਾਂ ਦੇ ਮੋਬਾਈਲ ਨੰਬਰ 98722-13256 ਤੇ ਮਿਤੀ 23.6.2014 ਨੂੰ ਸ਼ਾਮ 4.00 ਵਜੇ ਤੋਂ 5.00 ਵਜੇ ਦੇ ਸਮੇਂ ਦੌਰਾਨ ਇਸ ਮੀਟਿੰਗ ਬਾਰੇ ਜਾਣੂੰ ਕਰਵਾ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੇ ਦੱਸਿਆ ਸੀ ਕਿ ਉਨ੍ਹਾਂ ਨੇ ਸ਼ਹਿਰ ਤੋਂ ਬਾਹਰ ਜਾਣਾ ਹੈ।

**ਸਰਦਾਰ ਨਵਤੇਜ ਸਿੰਘ ਚੀਮਾ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਘੰਟੇ ਪਹਿਲਾਂ ਮੀਟਿੰਗ ਬਾਰੇ ਇਨਫਾਰਮ ਕੀਤਾ ਗਿਆ? ਛੇ ਵਜੇ ਸ਼ਾਮ ਨੂੰ ਫੋਨ ਆਇਆ ਕਿ ਸਵੇਰੇ ਮਿਤੀ 24 ਤਰੀਕ ਨੂੰ ਮੀਟਿੰਗ ਹੈ। ਡਿਪਟੀ ਕਮਿਸ਼ਨਰ ਨੂੰ ਫੋਨ ਕਰਨ ਉਤੇ ਉਨ੍ਹਾਂ ਨੇ ਮੈਨੂੰ ਫੋਨ ਕੀਤਾ, ਫਿਰ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਜੇ ਤੁਸੀਂ ਬਾਹਰ ਹੋ ਤਾਂ ਕੌਂਸਲਰ ਜਾਂ ਬਲਾਕ ਪ੍ਰੈਜ਼ੀਡੈਂਟ ਨੂੰ ਕਹਿ ਦਿਉ ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਕਹਿ ਦਿਆਂਗੇ ਪਰ ਕਿਸੇ ਨੇ ਕੋਈ ਮੈਸੇਜ ਨਹੀਂ ਦਿੱਤਾ ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜ਼ਰੂਰ ਐਨਸ਼ਿਓਰ ਕਰਿਆ ਕਰਨ ਕਿ ਜੇ ਐਮ.ਐਲ.ਏ.ਬਾਹਰ ਹੈ ਤਾਂ ਕਮ-ਸੇ-ਕਮ ਉਨ੍ਹਾਂ ਦੇ ਕੌਂਸਲਰ ਜਾਂ ਬਲਾਕ ਪ੍ਰੈਜ਼ੀਡੈਂਟ ਨੂੰ ਮੀਟਿੰਗ ਤੋਂ 72 ਘੰਟੇ ਪਹਿਲਾਂ ਇਨਫਾਰਮ ਕੀਤਾ ਜਾਵੇ। ਕੀ ਮੰਤਰੀ ਇਸ ਗੱਲ ਨੂੰ ਐਨਸ਼ਿਓਰ ਕਰਵਾਉਣਗੇ?

**ਮਾਨਯੋਗ ਸਪੀਕਰ :** ਨੋਟਿਸ ਪਹਿਲਾਂ ਭੇਜ ਦੇਣ ਬਾਰੇ ਹੈ।

**ਮੰਤਰੀ:** ਸਪੀਕਰ ਸਾਹਿਬ, ਮੈਂ ਤਾਂ ਐਮ.ਐਲ.ਏ.ਸਾਹਿਬ ਦੀ ਗੱਲ ਨਾਲ ਸਹਿਮਤ ਹਾਂ ਕਿ ਨੋਟਿਸ ਸ਼ਾਰਟ ਦਿੱਤਾ ਗਿਆ ਹੈ, ਵੈਸੇ ਦਿੱਤਾ ਤਾਂ ਡੇਢ ਦਿਨ ਦਾ ਸੀ, ਮਗਰ ਇਨ੍ਹਾਂ ਦੀਆਂ ਕੁਝ ਮਜਬੂਰੀਆਂ ਹੋਣੀਆਂ ਹਨ, ਇਨ੍ਹਾਂ ਨੇ ਕਿਤੇ ਬਾਹਰ ਜਾਣਾ ਹੋਣਾ ਹੈ। ਮਗਰ ਮੈਂ ਇਨ੍ਹਾਂ ਦੀ ਇਸ ਗੱਲ ਨਾਲ ਸਹਿਮਤ ਹਾਂ ਕਿ ਨੋਟਿਸ ਜਿਹੜਾ ਹੈ ਉਹ ਘੱਟ ਤੋਂ ਘੱਟ 72 ਘੰਟੇ ਦਾ ਜ਼ਰੂਰ ਹੋਣਾ ਚਾਹੀਦਾ ਹੈ। ਇਹ ਮੇਰੀ ਬੇਨਤੀ ਹੈ ਕਿ ਜੇ ਕੋਈ ਤੁਹਾਨੂੰ ਰੇਟ ਵਗੈਰਾ ਵਿਚ ਕੋਈ ਲਗਦਾ ਹੈ ਕਿ ਠੀਕ ਕਰਵਾਉਣ ਵਾਲੇ ਹਨ ਤਾਂ ਵੀ ਦੱਸ ਦਿਉ, ਉਹ ਵੀ ਕਰਵਾ ਦਿਆਂਗੇ। ਜੇ ਤੁਸੀਂ ਮੀਟਿੰਗ ਦੁਬਾਰਾ ਕਰਵਾਉਣੀ ਹੈ, ਉਹ ਵੀ ਕਰਵਾ ਦਿਆਂਗੇ। ਜਿਵੇਂ ਤੁਹਾਡੀ ਤਸੱਲੀ ਹੁੰਦੀ ਹੈ, ਸੰਤੁਸ਼ਟੀ ਹੁੰਦੀ ਹੈ, ਉਹ ਸਾਰੀ ਕਰਵਾ ਦਿਆਂਗੇ। (ਥੰਪਿੰਗ)

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਇਹ ਸਵਾਲ ਸਹੀ ਕੀਤਾ ਗਿਆ ਹੈ ਤੇ ਇਸ ਦਾ ਜਵਾਬ ਵੀ ਸ਼ਾਇਦ ਸਹੀ ਹੀ ਆਇਆ ਹੈ। ਅਸੀਂ ਸੈਟਿਸਫਾਈ ਹੋਏ ਹਾਂ, ਮਨਿਸਟਰ ਸਾਹਿਬ ਨੇ ਇਸ ਬਾਰੇ ਐਨਸ਼ਿਓਰ ਕੀਤਾ ਹੈ। ਮੇਰੀ ਸਪਲੀਮੈਂਟਰੀ ਇਸ ਸਵਾਲ ਦੇ ਏਜੰਡੇ ਨਾਲ ਹੀ ਤੁਅੱਲਕ ਰੱਖਦੀ ਹੈ। ਇਕ ਐਮ.ਐਲ.ਏ. ਚੁਣ ਕੇ ਆਉਂਦਾ ਹੈ ਤਾਂ ਉਸ ਨੂੰ ਕਾਂਸਟੀਚਿਊਸ਼ਨਲ ਤੌਰ ਹਲਕੇ ਦਾ ਹੈੱਡ ਮੰਨਿਆ ਜਾਂਦਾ ਹੈ, ਉਸ ਨੂੰ ਮੈਂਬਰ ਗਿਣਿਆ ਜਾਂਦਾ ਹੈ, ਚਾਹੇ ਉਹ ਇਧਰੋਂ ਹੋਵੇ ਜਾਂ ਉਧਰੋਂ ਹੋਵੇ। ਬਹੁਤ ਸਾਰੀਆਂ ਅਜਿਹੀਆਂ ਕਮੇਟੀਆਂ ਹਨ ਜਿਨ੍ਹਾਂ ਦੇ ਵਿਚ ਤੁਹਾਨੂੰ ਜ਼ਮੀਨਾਂ ਦੇ ਰੇਟ ਬਾਰੇ ਜਾਂ ਕਈ ਹੋਰ ਕਮੇਟੀਆਂ ਹਨ, ਸਰਕਾਰ ਦੀਆਂ ਕਮੇਟੀਆਂ ਦਾ ਐਮ.ਐਲ.ਏ. ਪੱਕਾ ਮੈਂਬਰ ਹੁੰਦਾ ਹੈ। ਲੇਕਿਨ ਮੇਰੇ ਧਿਆਨ ਵਿਚ ਮੇਰੇ ਹਲਕੇ ਵਿਚ ਮਿਉਂਸਿਪਲ ਕਮੇਟੀਆਂ ਦੀ ਵਾਰਡਬੰਦੀਆਂ ਕਰਨ ਬਾਰੇ ਇਕ ਕੇਸ ਆਇਆ ਹੈ। ਉਸ ਵਿਚ ਕਿਸੇ ਪਾਰਟੀ ਦਾ ਮੈਂਬਰ ਪਾਉਣਾ ਹੈ ਤਾਂ ਰੇਸ਼ੋ ਦੇ ਮੁਤਾਬਿਕ ਪਾਉ, ਉਸ

[ ਸ਼੍ਰੀਮਤੀ ਰਜਿੰਦਰ ਕੌਰ ਭੱਠਲ ]

ਬਾਰੇ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਲੇਕਿਨ ਉਸ ਵਿਚ ਐਮ.ਐਲ.ਏ. ਤੋਂ ਹਾਰਿਆ ਹੋਇਆ ਮੈਂਬਰ ਇੰਚਾਰਜ ਬਣਾਇਆ ਜਾਵੇ ਤੇ ਐਮ.ਐਲ.ਏ. ਉਸ ਦਾ ਮੈਂਬਰ ਨਾ ਹੋਵੇ ਤਾਂ ਇਹ ਠੀਕ ਨਹੀਂ ਹੈ। ਜਿਸ ਤਰ੍ਹਾਂ ਡਿਪਟੀ ਸੀ. ਐਮ. ਸਾਹਿਬ ਨੇ ਅੱਜ ਸਵੇਰੇ ਡਰੱਗਜ਼ ਦੇ ਮਾਮਲੇ ਵਿਚ ਬੜੀ ਕਲੈਰਿਟੀ ਨਾਲ ਜਵਾਬ ਦਿੱਤਾ ਹੈ ਉਸ ਨੂੰ ਅਸੀਂ ਸਾਰੇ ਐਪਰੀਸ਼ੀਏਟ ਕਰਦੇ ਹਾਂ, ਆਪਾਂ ਸਾਰੇ ਹੀ ਪੰਜਾਬ ਲਈ ਜ਼ਿੰਮੇਵਾਰ ਹਾਂ। ਮੈਂ ਕਹਿਣਾ ਚਾਹੁੰਦੀ ਹਾਂ ਕਿ ਕਿਸੇ ਥਾਂ ਤੇ ਚੁਣੇ ਹੋਏ ਮੈਂਬਰਾਂ ਨੂੰ ਇਗਨੋਰ ਨਾ ਕੀਤਾ ਜਾ ਸਕੇ । ਉਥੇ ਹਲਕਾ ਇੰਚਾਰਜ ਐਕਸਟਰਾ ਪਾਉਣਾ ਹੈ ਤਾਂ ਪਾਉ, ਦੂਜੀਆਂ ਰੇਸ਼ੋ ਬਣਾ ਲਵੋ ਲੇਕਿਨ ਇਹ ਐਨਸ਼ਿਓਅਰ ਕਰੋ ਕਿ ਜਿਹੜੇ ਚੁਣੇ ਹੋਏ ਐਮ.ਐਲ.ਏ. ਹਨ ਉਹ ਸਰਕਾਰੀ ਕਮੇਟੀਆਂ ਦੇ ਪਰਮਾਨੈਂਟ ਪੱਕੇ ਮੈਂਬਰ ਹੋਣੇ ਚਾਹੀਦੇ ਹਨ ਉਸ ਹਲਕੇ ਦੇ ਜਿਸ ਹਲਕੇ ਦੇ ਬਾਰੇ ਗੱਲ ਹੋ ਰਹੀ ਹੈ। ਮੈਂ ਡਿਪਟੀ ਸੀ. ਐਮ. ਸਾਹਿਬ ਤੋਂ ਇਸ ਬਾਰੇ ਐਸ਼ੋਰੈਂਸ ਜ਼ਰੂਰ ਚਾਹੁੰਦੀ ਹਾਂ।

**ਮੰਤਰੀ :** ਸਪੀਕਰ ਸਾਹਿਬ, ਜੇਕਰ ਮੇਰੇ ਮਹਿਕਮੇ ਨਾਲ ਕੋਈ ਗੱਲ ਸਬੰਧਤ ਹੈ ਤਾਂ ਬੀਬੀ ਜੀ ਮੀਟਿੰਗ ਰੱਖ ਲੈਣ, ਟਾਈਮ ਦੇ ਦੇਣ, ਸਮਾਂ ਦੇ ਦੇਣ, ਇਨ੍ਹਾਂ ਦਾ ਸਤਿਕਾਰ ਹੈ, ਉਸੇ ਦਿਨ ਹੀ ਮੀਟਿੰਗ ਕਰਵਾ ਦਿਆਂਗੇ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਤੁਹਾਡੀ ਤਾਂ ਕੋਈ ਸ਼ਿਕਾਇਤ ਨਹੀਂ ਹੈ, ਮੈਂ ਪਹਿਲਾਂ ਹੀ ਕਿਹਾ ਹੈ। ਮੈਂ ਜਨਰਲ ਸਾਰਿਆਂ ਵਾਸਤੇ ਗੱਲ ਕਰਦੀ ਹਾਂ। ਸਪੈਸ਼ਲੀ ਮੈਂ ਮੰਤਰੀ, ਜੋਸ਼ੀ ਸਾਹਿਬ ਤੋਂ ਚਾਹੁੰਦੀ ਹਾਂ ਕਿ ਉਥੇ ਜਿਹੜੀ ਕਮੇਟੀ ਦੀ ਵਾਰਡਬੰਦੀ ਹੋ ਰਹੀ ਹੈ, ਉਥੇ ਮੈਂ ਐਮ. ਐਲ.ਏ. ਹਾਂ ਪਰ ਮੇਰਾ ਨਾਂ ਨਹੀਂ ਪਾਇਆ, ਮੇਰੇ ਤੋਂ ਹਾਰੇ ਹੋਏ ਇੰਚਾਰਜ ਨੂੰ ਉਸ ਵਿਚ ਪਾ ਦਿੱਤਾ ਹੈ। ਜੋਸ਼ੀ ਜੀ, ਇਹ ਤੁਹਾਡੇ ਮਹਿਕਮੇ ਨਾਲ ਤੁਅੱਲਕ ਰੱਖਦਾ ਹੈ ਪਰ ਮੈਂ ਚਾਹੁੰਦੀ ਹਾਂ ਕਿ ਡਿਪਟੀ ਸੀ.ਐਮ. ਸਾਹਿਬ ਜਨਰਲੀ ਕਰ ਦੇਣ ਕਿ ਜਿਥੇ ਕੋਈ ਐਮ.ਐਲ.ਏ. ਹੈ, ਉਸ ਨੂੰ ਵੇਟ ਦਿਉ ਕਿਉਂਕਿ ਉਹ ਹਲਕੇ ਦਾ ਕਾਂਸਟੀਚਿਊਸ਼ਨਲੀ ਹੈੱਡ ਹੈ। ਉਸ ਨੂੰ ਇਗਨੋਰ ਨਹੀਂ ਕੀਤਾ ਜਾਣਾ ਚਾਹੀਦਾ । ਅਸੀਂ ਇਹ ਐਸ਼ੋਰੈਂਸ ਡਿਪਟੀ ਸੀ. ਐਮ. ਸਾਹਿਬ ਕੋਲੋਂ ਚਾਹੁੰਦੇ ਹਾਂ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਬੀਬੀ ਜੀ, ਤੁਸੀਂ ਮੈਨੂੰ ਹੁਣੇ ਇਨਫਾਰਮ ਕੀਤਾ ਹੈ, ਮੈਂ ਐਗਜ਼ਾਮਿਨ ਕਰ ਲੈਂਦਾ ਹਾਂ I will get back to you.

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਕਮਾਲ ਹੋ ਗਈ। ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਦੀ ਸਹੁੰ ਚੁੱਕਣ ਚੱਲੇ ਹਨ ਤੇ ਨਿੱਕੀ ਜਿਹੀ ਗੱਲ ਵਾਸਤੇ ਕਹਿੰਦੇ ਹਨ ਕਿ ਅਸੀਂ ਐਗਜ਼ਾਮਿਨ ਕਰ ਲੈਂਦੇ ਹਾਂ।ਇਹ ਸਾਰਿਆਂ ਵਾਸਤੇ ਹੈ।

**ਉਪ ਮੁੱਖ ਮੰਤਰੀ :** ਬੀਬੀ ਜੀ, ਪਹਿਲੀ ਗੱਲ ਹੈ ਕਿ ਤੁਹਾਡਾ ਤਾਂ ਸਟੇਟਸ ਹੀ ਬਹੁਤ ਵੱਡਾ ਹੈ। ਮੇਰਾ ਖਿਆਲ ਹੈ ਕਿ ਤੁਸੀਂ ਐਕਸ ਸੀ. ਐਮ. ਹੋ, ਤੁਸੀਂ ਮੀਟਿੰਗ ਵਿਚ ਜਾ ਕੇ ਵਾਰਡਬੰਦੀ ਕਰਦੇ ਹੋਏ ਚੰਗੇ ਨਹੀਂ ਲੱਗਦੇ । ਮੈਨੂੰ ਖੁਦ ਇਸ ਬਾਰੇ ਪਤਾ ਨਹੀਂ ਕਿਉਂਕਿ ਮੇਰੇ ਪਾਸ ਇਹ ਡਿਪਾਰਟਮੈਂਟ ਨਹੀਂ ਹੈ ਪਰ I will talk to the Minister concerned and ਜੇ ਕੋਈ ਪ੍ਰਾਬਲਮ ਹੈ ਤਾਂ I will solve it out.

**ਸਥਾਨਕ ਸਰਕਾਰ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ਸਪੀਕਰ ਸਾਹਿਬ, ਮੈਂ ਦੱਸ ਦਿੰਦਾ ਹਾਂ । ਬੀਬੀ ਜੀ ਬਤੌਰ ਐਮ. ਐਲ.ਏ. ਆਲਰੇਡੀ ਉਸ ਦੇ ਮੈਂਬਰ ਹਨ ਫਿਰ ਤੁਸੀਂ ਤਾਂ ਜਾਉ (ਵਿਘਨ) ਨਹੀਂ, ਐਮ. ਐਲ. ਏ. ਸਾਹਿਬ ਤਾਂ ਮੈਂਬਰ ਹਨ । ਮੈਂ ਸਾਰਿਆਂ ਨੂੰ ਕਹਿ ਦਿਆਂਗਾ। (ਵਿਘਨ) ਤੁਸੀਂ ਲੀਗਲੀ ਮੈਂਬਰ ਹੋ। (ਵਿਘਨ)

**ਰਾਣਾ ਗੁਰਜੀਤ ਸਿੰਘ:** ਸਪੀਕਰ ਸਾਹਿਬ, ਜਿਹੜਾ ਡਿਪਟੀ ਸੀ. ਐਮ. ਸਾਹਿਬ ਨੇ ਕਿਹਾ ਹੈ......। (ਵਿਘਨ)

**ਮਾਨਯੋਗ ਸਪੀਕਰ:** ਜੋ ਕਹਿਣਾ ਸੀ, ਉਹ ਬੀਬੀ ਜੀ ਨੇ ਕਹਿ ਦਿੱਤਾ ਹੈ, ਨੋ ਸਪਲੀਮੈਂਟਰੀ। ਨਹੀਂ ਜੀ। ਹਾਂ ਜੀ, ਤਰਲੋਚਨ ਸਿੰਘ ਜੀ।

----

## ਐਮ.ਬੀ.ਬੀ.ਐਸ. ਕੋਰਸ / ਬੀ.ਡੀ.ਐਸ. ਕੋਰਸ ਲਈ ਕੁਆਲੀਫਾਇੰਗ ਅੰਕ

***1509. ਸ਼੍ਰੀ ਤਰਲੋਚਨ ਸਿੰਘ :** ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਵਿਚ ਐਮ.ਬੀ.ਬੀ.ਐਸ./ ਬੀ.ਡੀ.ਐਸ. ਦੀਆਂ ਸਾਲ 2014–15 ਵਾਸਤੇ ਕੁੱਲ ਕਿੰਨੀਆਂ ਸੀਟਾਂ ਹਨ ਅਤੇ ਇਨ੍ਹਾਂ ਵਿੱਚੋਂ ਅਨੁਸੂਚਿਤ

[ ਸ਼੍ਰੀ ਤਰਲੋਚਨ ਸਿੰਘ ]

ਜਾਤੀ ਦੇ ਉਮੀਦਵਾਰਾਂ ਲਈ ਕਿੰਨੀਆਂ ਸੀਟਾਂ ਰਾਖਵੀਆਂ ਹਨ;

(ਅ) ਐਮ.ਬੀ.ਬੀ.ਐਸ. ਵਿਚ ਦਾਖਲੇ ਲਈ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਲਈ ਪਿਛਲੇ ਸਾਲ ਕਿੰਨੇ ਮਿਨੀਮਮ ਕੁਆਲੀਫਾਇੰਗ ਨੰਬਰ ਸਨ ਅਤੇ ਇਸ ਸਾਲ ਕਿੰਨੇ ਮਿਨੀਮਮ ਕੁਆਲੀਫਾਇੰਗ ਨੰਬਰ ਹਨ;

(ੲ) ਸੈਸ਼ਨ 2014-15 ਵਾਸਤੇ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਦੀਆਂ ਪਹਿਲੀ ਕੌਂਸਲਿੰਗ ਤੋਂ ਬਾਅਦ ਕਿੰਨੀਆਂ ਸੀਟਾਂ ਖਾਲੀ ਰਹਿ ਗਈਆਂ ਹਨ;

(ਸ) ਕੀ ਸਰਕਾਰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਵੱਲੋਂ ਜਾਰੀ ਕੀਤੇ ਗਏ ਪ੍ਰਾਸਪੈਕਟ ਦੇ ਨਾਲ ਨੱਥੀ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ ਦੇ ਪੱਤਰ 07.03.2014 ਦੇ ਪੈਰਾ 12 ਅਨੁਸਾਰ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਨੂੰ ਉਕਤ ਕੋਰਸਾਂ ਵਿੱਚ ਮਿਨੀਮਮ ਨਿਰਧਾਰਤ ਨੰਬਰਾਂ ਵਿਚ ਰੀਲੈਕਸੇਸ਼ਨ ਦੇਣ ਦਾ ਵਿਚਾਰ ਰੱਖਦੀ ਹੈ?

**ਸ਼੍ਰੀ ਅਨਿਲ ਜੋਸ਼ੀ :** (ੳ) ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਵਿਚ ਸਾਲ 2014-15 ਦੌਰਾਨ ਸਟੇਟ ਕੋਟਾ ਅਧੀਨ ਐਮ.ਬੀ.ਬੀ.ਐਸ. ਕੋਰਸ ਅਤੇ ਬੀ.ਡੀ.ਐਸ. ਕੋਰਸ ਦੀਆਂ ਕੁੱਲ ਸੀਟਾਂ ਅਤੇ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਲਈ ਰਾਖਵੀਆਂ ਸੀਟਾਂ ਦੇ ਵੇਰਵੇ "ਅਨੁਲੱਗ-ੳ" ਵਿਚ ਦਰਸਾਏ ਗਏ ਹਨ।

(ਅ) ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਲਈ ਐਮ.ਬੀ.ਬੀ.ਐਸ. ਕੋਰਸ ਦੇ ਦਾਖਲੇ ਲਈ ਪਿਛਲੇ ਸਾਲ 2013 ਦੌਰਾਨ ਘੱਟੋ ਘੱਟ 40ਵੇਂ ਪਰਸੈਨਟਾਈਲ ਨੰਬਰਾਂ ਦੇ ਆਧਾਰ ਤੇ ਵਿਦਿਆਰਥੀਆਂ ਨੂੰ ਵਿਚਾਰਿਆ ਗਿਆ ਸੀ ਅਤੇ ਸਾਲ 2014 ਦੌਰਾਨ 40% ਘਟੋ ਘੱਟ ਕੁਆਲੀਫਾਇੰਗ ਨੰਬਰ ਨਿਰਧਾਰਿਤ ਕੀਤੇ ਗਏ ਹਨ।

(ੲ) ਸੈਸ਼ਨ 2014-15 ਦੌਰਾਨ ਪਹਿਲੀ ਕੌਂਸਲਿੰਗ ਤੋਂ ਬਾਅਦ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਲਈ ਨਿਰਧਾਰਤ 25% ਸੀਟਾਂ ਵਿਚੋਂ

ਐਮ.ਬੀ.ਬੀ.ਐਸ. ਕੋਰਸ ਦੀਆਂ ਅਤੇ ਬੀ.ਡੀ.ਐਸ. ਕੋਰਸ ਦੀਆਂ ਖਾਲੀ ਰਹਿ ਗਈਆਂ ਸੀਟਾਂ ਦੇ ਵੇਰਵੇ "ਅਨੁਲੱਗ-ੳ" ਵਿਚ ਦਰਸਾਏ ਗਏ ਹਨ।

(ਸ) ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਵੱਲੋਂ ਜਾਰੀ ਕੀਤੇ ਗਏ ਪ੍ਰਾਸਪੈਕਟਸ ਦੇ ਨਾਲ ਨੱਥੀ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ ਦੇ ਪੱਤਰ 07.03.2014 ਦੇ ਪੈਰਾ-12 ਦੇ ਸਨਮੁੱਖ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਨੂੰ ਐਮ.ਬੀ.ਬੀ.ਐਸ. ਕੋਰਸ ਲਈ ਨਿਰਧਾਰਤ ਨੰਬਰ 40% ਤੋਂ ਘਟਾ ਕੇ 35% ਕਰਨ ਲਈ ਸਰਕਾਰ ਵਲੋਂ ਮੀਮੋ ਨੰ: 5/10/2014-5ਸਸ3/4266 ਮਿਤੀ 16.07.2014 ਰਾਹੀਂ ਮੈਡੀਕਲ ਕੌਂਸਲ ਆਫ ਇੰਡੀਆ, ਨਵੀਂ ਦਿੱਲੀ ਨੂੰ ਪ੍ਰਵਾਨਗੀ ਦੇਣ ਲਈ ਬੇਨਤੀ ਕੀਤੀ ਗਈ ਹੈ।

ਪਹਿਲੀ ਕੌਂਸਲਿੰਗ ਤੋਂ ਬਾਅਦ ਬੀ.ਡੀ.ਐਸ. ਕੋਰਸ ਵਿਚ ਜ਼ਿਆਦਾ ਸੀਟਾਂ ਖਾਲੀ ਰਹਿ ਜਾਣ ਕਰਕੇ ਰਾਜ ਸਰਕਾਰ ਵੱਲੋਂ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਰਾਹੀਂ ਬੀ.ਡੀ.ਐਸ. ਕੋਰਸ ਦੀਆਂ ਸਾਰੀਆਂ ਕੈਟਾਗਰੀਆਂ ਲਈ ਸਪੈਸ਼ਲ ਐਂਟਰੈਂਸ ਟੈਸਟ ਲੈਣ ਦਾ ਫੈਸਲਾ ਲਿਆ ਗਿਆ ਹੈ ਅਤੇ ਇਸ ਸਬੰਧੀ ਮਿਤੀ 16.07.2014 ਨੂੰ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਗਈ ਹੈ।

## ਅਨੁਲੱਗ ੳ

| ਲੜੀ ਨੰ: | ਕੋਰਸ | ਸਟੇਟ ਕੋਟਾ ਸੀਟਾਂ ਦੀ ਕੁੱਲ ਗਿਣਤੀ | ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਲਈ ਰਾਖਵੀਆਂ ਸੀਟਾਂ ਦੀ ਗਿਣਤੀ | ਪਹਿਲੀ ਕੌਂਸਲਿੰਗ ਤੋਂ ਬਾਅਦ ਅਨੁਸੂਚਿਤ ਜਾਤੀਆਂ ਦੇ ਵਰਗ ਦੀਆਂ ਖਾਲੀ ਸੀਟਾਂ ਦੀ ਗਿਣਤੀ |
|---|---|---|---|---|
| 1 | ਐਮ.ਬੀ.ਬੀ.ਐਸ. | 668 | 166 | 34 |
| 2 | ਬੀ.ਡੀ.ਐਸ. | 858 | 215 | 203 |

**ਸ਼੍ਰੀ ਤਰਲੋਚਨ ਸਿੰਘ :** ਸਪਲੀਮੈਂਟਰੀ, ਸਪੀਕਰ ਸਾਹਿਬ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੀਆਂ ਐਮ.ਬੀ.ਬੀ.ਐਸ. ਦੀਆਂ 34 ਸੀਟਾਂ ਖਾਲੀ ਰਹਿ ਗਈਆਂ ਹਨ ਉਨ੍ਹਾਂ ਬਾਰੇ ਮੰਤਰੀ ਸਾਹਿਬ ਨੇ ਆਪਣੇ ਜਵਾਬ ਵਿੱਚ ਦੱਸਿਆ ਹੈ ਕਿ ਇਨ੍ਹਾਂ ਨੇ ਐਮ.ਬੀ.ਬੀ.ਐਸ. ਕੋਰਸ ਲਈ ਨਿਰਧਾਰਤ ਨੰਬਰ 40% ਤੋਂ ਘੱਟ ਕਰਕੇ 35% ਕਰਨ ਵਾਸਤੇ ਐਮ.ਸੀ.ਆਈ. ਨੂੰ ਲੈਟਰ ਲਿਖਿਆ ਹੈ । ਕੀ ਮੰਤਰੀ ਜੀ ਇਹ ਦੱਸਣਗੇ ਕਿ ਪੰਜਾਬ ਦੇ ਤਿੰਨਾਂ ਮੈਡੀਕਲ ਕਾਲਜਾਂ ਵਿੱਚ 50-50 ਸੀਟਾਂ ਅਤੇ ਪਿਮਜ਼ ਨੂੰ 150 ਸੀਟਾਂ ਹੋਰ ਮਿਲੀਆਂ ਹਨ, ਇਸ ਤਰ੍ਹਾਂ ਐਮ.ਬੀ.ਬੀ.ਐਸ. ਦੀਆਂ ਟੋਟਲ 300 ਸੀਟਾਂ ਹੋਰ ਮਿਲੀਆਂ ਹਨ, ਕੀ ਉਨ੍ਹਾਂ ਵਿੱਚ ਵੀ 25% ਦੇ ਹਿਸਾਬ ਨਾਲ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਲਈ ਸੀਟਾਂ ਰਿਜ਼ਰਵ ਰੱਖੀਆਂ ਜਾਣਗੀਆਂ? ਜੇਕਰ ਰੱਖੀਆਂ ਜਾਣਗੀਆਂ ਤਾਂ ਕੀ ਮੰਤਰੀ ਸਾਹਿਬ ਉਨ੍ਹਾਂ ਵਾਸਤੇ ਨਿਰਧਾਰਤ ਨੰਬਰ 40% ਤੋਂ 35% ਕਰਨ ਵਾਸਤੇ ਦੁਬਾਰਾ ਚਿੱਠੀ ਐਮ.ਸੀ.ਆਈ. ਨੂੰ ਲਿਖਣਗੇ? ਮੈਂ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਐਸ.ਸੀ. ਵਿਦਿਆਰਥੀ ਨਹੀਂ ਆ ਰਹੇ ਜਿਸ ਕਾਰਨ ਸੀਟਾਂ ਖਾਲੀ ਰਹਿ ਜਾਣਗੀਆਂ ਅਤੇ ਸਰਕਾਰ ਉਨ੍ਹਾਂ ਸੀਟਾਂ ਨੂੰ ਫਟਾਫਟ ਡੀ-ਰਿਜ਼ਰਵ ਕਰਕੇ ਜਨਰਲ ਕੈਟਾਗਰੀ ਤੋਂ ਭਰ ਲੈਂਦੀ ਹੈ। ਮੰਤਰੀ ਸਾਹਿਬ ਇਸ ਵਾਸਤੇ ਕਲੀਅਰ ਪਾਲਿਸੀ ਬਣਾ ਕੇ ਸਪੱਸ਼ਟ ਜਵਾਬ ਦੇਣ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਪਿਮਜ਼ ਦੀਆਂ ਜਿਹੜੀਆਂ 150 ਸੀਟਾਂ ਪ੍ਰਵਾਨ ਹੋਈਆਂ ਹਨ, ਹੁਣ ਪਤਾ ਕੀਤਾ ਹੈ ਇਹ ਇਨ੍ਹਾਂ ਦੇ ਸਵਾਲ ਵਿੱਚ ਨਹੀਂ ਸੀ। ਬਾਕੀ ਚਿੰਤਪੂਰਨੀ ਮੈਡੀਕਲ ਕਾਲਜ ਦਾ ਮਸਲਾ ਮੈਡੀਕਲ ਕੌਂਸਲ ਆਫ ਇੰਡੀਆ ਦੇ ਵਿਚਾਰ ਅਧੀਨ ਹੈ। ਮੈਂ ਆਪ ਖੁਦ ਸੈਂਟਰ ਦੇ ਕੈਬਿਨਟ ਮਨਿਸਟਰ ਡਾ. ਹਰਸ਼ਵਰਧਨ ਜੀ ਨੂੰ ਲੈਟਰ ਲਿਖੀ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਇਹ ਨੰਬਰ 40% ਤੋਂ ਘਟਾ ਕੇ 35% ਦਾ ਕ੍ਰਾਈਟੇਰੀਆ ਅਪਣਾਇਆ ਹੈ ਤਾਂ ਕਿ ਅਨੁਸੂਚਿਤ ਜਾਤੀ ਦੀਆਂ ਸੀਟਾਂ ਵੇਸਟ ਨਾ ਜਾਣ। ਜਿਹੜੀਆਂ ਸੀਟਾਂ ਰਹਿੰਦੀਆਂ ਹਨ ਉਨ੍ਹਾਂ ਵਾਸਤੇ ਕੋਈ ਕੈਂਡੀਡੇਟ ਇਲੀਜੀਬਲ ਨਹੀਂ ਹੈ।

**ਮਾਨਯੋਗ ਸਪੀਕਰ :** ਕੀ ਤੁਸੀਂ ਉਨ੍ਹਾਂ ਦੀ ਪ੍ਰਵਾਨਗੀ ਦੀ ਵੇਟ ਕਰੋਗੇ?

**ਮੰਤਰੀ :** ਸਪੀਕਰ ਸਾਹਿਬ, ਜਿੰਨਾ ਟਾਈਮ ਹੈ ਉਤਨੀ ਤਾਂ ਵੇਟ ਕਰਾਂਗੇ । ਜਦੋਂ ਪ੍ਰਵਾਨਗੀ ਆ ਜਾਂਦੀ ਹੈ ਫੇਰ ਪਰਸਿਊ ਕਰ ਲਵਾਂਗੇ। ਇਹ

ਸਾਡੀ ਇੱਛਾ ਹੈ, ਵਰਨਾ ਅੱਜ ਤੱਕ ਅਜਿਹਾ ਕਦੇ ਨਹੀਂ ਹੋਇਆ। ਨਿਰਧਾਰਤ ਨੰਬਰ 40% ਤੋਂ ਘੱਟ ਕਰਨ ਵਾਸਤੇ ਅਸੀਂ ਆਪ ਐਫਰਟਸ ਕੀਤੇ ਹਨ ਤਾਂ ਕਿ ਸੀਟਾਂ ਖਾਲੀ ਨਾ ਰਹਿਣ। ਜੋ ਦੁਬਾਰਾ ਚਿੱਠੀ ਲਿਖਣ ਬਾਰੇ ਕਿਹਾ ਹੈ, ਜੇਕਰ 35% ਉਹ ਕਰ ਦਿੰਦੇ ਹਨ ਤਾਂ ਇਹ ਬਾਕੀ ਸੀਟਾਂ ਤੇ ਵੀ ਲਾਗੂ ਹੋਵੇਗਾ ਜਿਹੜੀਆਂ ਨਵੀਆਂ ਸੀਟਾਂ ਆਉਣੀਆਂ ਹਨ। 25% ਰਾਖਵੀਆਂ ਸੀਟਾਂ ਰੱਖਣ ਵਾਲਾ ਕ੍ਰਾਈਟੇਰੀਆ ਤਾਂ ਲਾਗੂ ਹੀ ਹੈ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ 34 ਸੀਟਾਂ ਬਾਰੇ ਤਾਂ ਮੰਤਰੀ ਜੀ ਕਹਿੰਦੇ ਹਨ ਕਿ ਐਸ.ਸੀਜ਼. ਦੀਆਂ ਸੀਟਾਂ ਖਾਲੀ ਪਈਆਂ ਹਨ ਪਰ ਜਿਹੜੀਆਂ ਨਵੀਆਂ ਸੀਟਾਂ ਹੋਰ ਸੈਂਕਸ਼ਨ ਹੋਣੀਆਂ ਹਨ ਉਹ 63 ਹਨ, ਇਹ ਕੁੱਲ ਮਿਲਾ ਕੇ 97 ਸੀਟਾਂ ਹੋ ਜਾਣੀਆਂ ਹਨ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਡੈਂਟਲ ਕਾਲਜ ਦੀ ਕੋਈ ਵੀ ਸੀਟ ਭਰੀ ਨਹੀਂ ਗਈ। 1100 ਸੀਟਾਂ ਡੈਂਟਲ ਕਾਲਜਾਂ ਵਿੱਚ ਖਾਲੀ ਪਈਆਂ ਹਨ, ਨਾ ਕਿਸੇ ਐਸ.ਸੀ.ਬੱਚੇ ਨੂੰ ਅਤੇ ਨਾ ਹੀ ਕਿਸੇ ਦੂਸਰੀ ਕੈਟਾਗਰੀ ਦੇ ਬੱਚੇ ਨੂੰ ਐਡਮਿਸ਼ਨ ਮਿਲ ਰਹੀ ਹੈ। ਜੇ ਅਸੀਂ ਜਨਰਲ ਕੈਟਾਗਰੀ ਦੀਆਂ ਐਮ.ਬੀ.ਬੀ.ਐਸ. ਦੀਆਂ ਸੀਟਾਂ ਪਹਿਲਾਂ ਭਰ ਲਈਆਂ, ਫਿਰ ਰਿਲੈਕਸੇਸ਼ਨ ਲੈਣ ਦਾ ਲਾਭ ਕੀ ਹੈ? ਆਪਾਂ ਪਵਿੱਤਰ ਹਾਊਸ ਵਿੱਚ ਬੈਠੇ ਹਨ ਜੇ ਤਾਂ ਐਸ.ਸੀਜ਼ ਦੀਆਂ ਸੀਟਾਂ ਅਸੀਂ ਖਾਲੀ ਛੱਡੀਏ ਫਿਰ ਤਾਂ ਰਿਲੈਕਸੇਸ਼ਨ ਉਡੀਕਣ ਦਾ ਲਾਭ ਹੈ।ਇਸ ਦੇ ਨਾਲ ਹੀ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਲਈ ਐਮ.ਬੀ.ਬੀ.ਐਸ. ਕੋਰਸ ਲਈ ਨਿਰਧਾਰਤ ਨੰਬਰ 40% ਤੋਂ ਘਟਾ ਕੇ 35% ਕਰ ਦਿੱਤੇ ਜਾਣ ਦੀ ਵੀ ਉਮੀਦ ਹੈ। ਜਿਵੇਂ ਕਿ ਆਈ.ਏ.ਐਸ. ਤੇ ਪੀ.ਸੀ.ਐਸ. ਦੀ ਐਡਮਿਸ਼ਨ ਹੁੰਦੀ ਹੈ, ਉਸ ਦੇ ਵਿੱਚ ਮੈਰਿਟ ਦੇ ਮੁਤਾਬਿਕ ਸਾਰੇ ਬੱਚੇ ਚੁੱਕ ਲਏ ਜਾਂਦੇ ਹਨ। ਉਸ ਦੇ ਮੁਤਾਬਿਕ ਹੀ, ਭਾਵ ਉਸੇ ਤਰਜ਼ ਉਤੇ ਇੱਥੇ ਵੀ ਜਿਹੜੀਆਂ ਸੀਟਾਂ ਪੂਰੀਆਂ ਹੁੰਦੀਆਂ ਹਨ, ਉਹ ਪੂਰੀਆਂ ਕਰ ਲਉ। ਜੇ ਅਸੀਂ 97 ਸੀਟਾਂ ਖਾਲੀ ਛੱਡਾਂਗੇ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਲੋਕਾਂ ਨੂੰ ਕੀ ਮੂੰਹ ਦਿਖਾ ਸਕਾਂਗੇ?

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਮਾਨਯੋਗ ਮੈਂਬਰ ਜੀ ਨੇ ਕਿਹਾ ਹੈ, ਕਿਉਂਕਿ ਹਾਲੇ ਟਾਈਮ ਪਿਆ ਹੈ ਜੀ। ਦੂਜੀ ਕੌਂਸਲਿੰਗ ਹਾਲੇ ਹੋਣੀ ਹੈ। ਅਸੀਂ ਅਨੁਸੂਚਿਤ ਜਾਤੀ ਲਈ ਨਿਰਧਾਰਤ ਨੰਬਰ 35% ਹੋ ਜਾਣ ਦੀ ਵੇਟ ਕਰ ਰਹੇ ਹਾਂ। ਇਹ ਸਾਡੇ ਨਾਲ ਚਲੇ ਜਾਣ ਅਤੇ ਆਪਾਂ ਡਾਕਟਰ ਸਾਹਿਬ ਨਾਲ ਆਪ ਜਾ

[ ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ]

ਕੇ ਫਿਰ ਗੱਲ ਕਰ ਲੈਂਦੇ ਹਾਂ। ਜੇ ਰਿਲੈਕਸੇਸ਼ਨ ਮਿਲ ਜਾਂਦੀ ਹੈ ਤਾਂ ਫਿਰ ਉਸ ਦੇ ਵਿੱਚ ਭਰ ਜਾਣਗੀਆਂ। ਬਾਕੀ ਜਿਹੜੀ ਇਨ੍ਹਾਂ ਨੇ ਬੀ.ਡੀ.ਐਸ. ਦੀ ਗੱਲ ਕੀਤੀ ਹੈ, ਸਾਡੇ ਵੱਲੋਂ ਬੀ.ਡੀ.ਐਸ. ਬਾਰੇ ਖੁਦ ਐਫਰਟਸ ਕਰਕੇ ਬਾਬਾ ਫਰੀਦ ਯੂਨੀਵਰਸਿਟੀ ਵਲੋਂ ਜਿਹੜਾ ਟੈਸਟ ਹੈ, ਉਹ ਦੁਬਾਰਾ ਲਿਆ ਜਾ ਰਿਹਾ ਹੈ। ਉਸ ਦੇ ਵਿੱਚ ਸਾਰੀਆਂ ਸੀਟਾਂ ਭਰੀਆਂ ਜਾ ਸਕਣਗੀਆਂ, ਆਪਣਾ ਸਟੇਟ ਟੈਸਟ ਵੀ ਅਜੇ ਹੋਵੇਗਾ, ਕਿਉਂਕਿ ਜਿਹੜਾ ਟੈਸਟ ਅੱਗੇ ਹੈ, ਪੀ.ਐਮ.ਟੀ. ਰਾਹੀਂ ਜਿਹੜੀ ਮੈਰਿਟ ਆਈ ਹੈ, ਉਸ ਰਾਹੀਂ ਹੀ ਸਾਰੀਆਂ ਸੀਟਾਂ ਭਰੀਆਂ ਜਾ ਰਹੀਆਂ ਹਨ, ਬੀ.ਡੀ.ਐਸ. ਦੀਆਂ ਸੀਟਾਂ ਵੀ ਇਸ ਵਿੱਚ ਸ਼ਾਮਲ ਹਨ ਅਤੇ ਇਹ ਵੀ ਉਸੇ ਟੈਸਟ ਦੇ ਰਿਜ਼ਲਟ ਹਨ। ਹੁਣ ਬੀ.ਡੀ.ਐਸ. ਦਾ ਜਿਹੜਾ ਅਸੀਂ ਸਟੇਟ ਦਾ ਟੈਸਟ ਲੈ ਰਹੇ ਹਾਂ, ਉਸ ਵਿੱਚ ਵੀ ਸੀਟਾਂ ਖਾਲੀ ਨਹੀਂ ਰਹਿਣਗੀਆਂ, ਅਸੀਂ ਇਸ ਦੀ ਵੇਟ ਕਰ ਹੀ ਰਹੇ ਹਾਂ, ਜੇ ਇਨ੍ਹਾਂ ਨੇ ਨਾਲ ਚੱਲਣਾ ਹੈ ਤਾਂ ਇਹ ਚੱਲ ਪੈਣ ਜੀ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਜੀ। ਵੈਸੇ ਤਾਂ ਮੰਤਰੀ ਸਾਹਿਬ ਨੇ ਬੜਾ ਵਿਸਥਾਰ ਨਾਲ ਜਵਾਬ ਦਿੱਤਾ ਹੈ। ਕੀ ਮੰਤਰੀ ਸਾਹਿਬ ਇਸ ਗੱਲ ਵਾਸਤੇ ਤਿਆਰ ਹਨ ਕਿ ਜਿੰਨੀ ਦੇਰ ਤੱਕ ਐਮ.ਸੀ.ਆਈ. ਤੋਂ ਪਰਮਿਸ਼ਨ ਨਹੀਂ ਆਉਂਦੀ, ਉਹ ਸੀਟਾਂ ਭਰਨ ਦੀ ਪ੍ਰੋਵੀਜ਼ਨ ਕਰ ਲਈ ਜਾਵੇ, ਬੱਚਿਆਂ ਨੂੰ ਐਡਮਿਸ਼ਨ ਦੇ ਦਿੱਤੀ ਜਾਵੇ ਤਾਂ ਕਿ ਜਦੋਂ ਐਮ.ਸੀ.ਆਈ. ਤੋਂ ਪਰਮਿਸ਼ਨ ਆ ਜਾਵੇਗੀ, ਉਨ੍ਹਾਂ ਨੂੰ ਰੈਗੂਲਰ ਕਰ ਦੇਣਾ। ਸ਼੍ਰੀ ਸੋਮ ਪ੍ਰਕਾਸ਼ ਜੀ ਨੇ ਬੜਾ ਰੈਲੇਵੈਂਟ ਕਿਹਾ ਹੈ, ਜੇ ਆਈ.ਏ.ਐਸ. ਦੇ ਐਗਜ਼ਾਮ ਵਿੱਚ ਭਾਵ ਯੂ.ਪੀ.ਐਸ.ਸੀ. ਵਿੱਚ ਇਹ ਤਰੀਕਾ ਲਾਗੂ ਹੁੰਦਾ ਹੈ ਤਾਂ ਇੱਥੇ ਵੀ ਉਹੀ ਤਰੀਕਾ ਅਡਾਪਟ ਕਰ ਲੈਣ। ਜਿਥੇ ਮੈਰਿਟ ਵਾਲੀਆਂ ਸੀਟਾਂ ਖਾਲੀ ਹਨ, ਕੀ ਗੌਰਮਿੰਟ ਉਹੀ ਕਰਾਈਟੇਰੀਆ ਅਡਾਪਟ ਕਰਨ ਨੂੰ ਤਿਆਰ ਹੈ?

**ਮੰਤਰੀ :** ਸਪੀਕਰ ਸਾਹਿਬ, ਸਾਡਾ ਡਿਪਾਰਟਮੈਂਟ ਐਮ.ਸੀ.ਆਈ. ਦੀਆਂ ਗਾਈਡਲਾਈਨਜ਼ ਤੇ ਬਾਊਂਡ ਹੈ। ਅਸੀਂ ਆਪਣੇ ਆਪ ਕੁਝ ਨਹੀਂ ਕਰ ਸਕਦੇ। ਜੇ ਉਨ੍ਹਾਂ ਨੂੰ ਕੁਝ ਹੋਰ ਲਿਖਣਾ ਹੈ ਤਾਂ ਤੁਸੀਂ ਸੁਝਾਉ ਦੇ ਦਿਉ, ਅਸੀਂ ਸੈਂਟਰ ਕੋਲੋਂ ਹੋਰ ਬਾਕੀ ਵੀ ਤੇ ਤੁਹਾਡਾ ਜਿਹੜਾ ਸੁਝਾਅ ਹੈ, ਉਹ ਲਿਖ ਕੇ ਪਰਸਿਊ ਕਰ ਲੈਂਦੇ ਹਾਂ, ਖੁਦ ਪਰਸਿਊ ਕਰ ਲੈਂਦੇ ਹਾਂ। ਮੈਂ ਤਾਂ ਤੁਹਾਨੂੰ ਦੱਸਿਆ

ਹੈ ਕਿ ਜਿਹੜੀ ਇਹ ਲੈਟਰ ਹੈ, ਇਹ ਮੈਂ ਖੁਦ ਲਿਖੀ ਹੈ। ਇਹ ਮੇਰੇ ਆਪਣੇ ਲੈਟਰ ਪੈਡ ਤੇ ਲਿਖੀ ਗਈ ਹੈ। ਅਸੀਂ ਇਸ ਬਾਰੇ ਸਿਨਸੀਅਰ ਹਾਂ ਅਤੇ ਨਿਰਧਾਰਤ ਨੰਬਰ 35% ਕਰਨ ਲਈ ਵੀ ਪਹਿਲੀ ਵਾਰੀ ਲਿਖਿਆ ਗਿਆ ਹੈ। ਅੱਜ ਤੱਕ ਕਦੇ ਇਹ ਵੀ ਨਹੀਂ ਲਿਖਿਆ ਗਿਆ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਮੰਤਰੀ ਜੀ ਇਸ ਗੱਲ ਨੂੰ ਸੰਜੀਦਗੀ ਨਾਲ ਲੈ ਰਹੇ ਹਨ ਔਰ ਬੱਚਿਆਂ ਦਾ ਫਾਇਦਾ ਕਰਨਾ ਚਾਹੁੰਦੇ ਹਨ। ਮੈਂ ਇਨ੍ਹਾਂ ਦੀ ਇਹ ਭਾਵਨਾ ਸਮਝ ਸਕਦਾ ਹਾਂ। ਲੇਕਿਨ ਜੇ ਨਿਰਧਾਰਤ ਨੰਬਰ 40% ਤੋਂ ਘਟਾ ਕੇ 35% ਵੀ ਕਰ ਦਿੰਦੇ ਹਨ ਤਾਂ ਕੀ ਮੰਤਰੀ ਜੀ ਨੇ ਹਿਸਾਬ ਲਾਇਆ ਹੈ ਕਿ ਇਸ ਨਾਲ ਕਿੰਨੇ ਬੱਚਿਆਂ ਨੂੰ ਫਾਇਦਾ ਹੋਵੇਗਾ? ਮੇਰਾ ਖਿਆਲ ਹੈ ਕਿ ਇਸ ਵਿਚ ਜ਼ਿਆਦਾ ਤੋਂ ਜ਼ਿਆਦਾ ਦੋ ਚਾਰ ਬੱਚੇ ਹੋਰ ਐਡ ਹੋ ਜਾਣਗੇ। ਇਹ 100 ਬੱਚਿਆਂ ਦੇ ਭਵਿੱਖ ਦਾ ਸਵਾਲ ਹੈ। ਸੋ, ਮੇਰੀ ਬੇਨਤੀ ਹੈ ਕਿ ਇਸ ਨੂੰ ਮੈਰਿਟ ਤੇ ਲਿਖ ਕੇ ਸੈਂਟਰ ਨੂੰ ਭੇਜਣ। ਜਦੋਂ ਤੱਕ ਇਸ ਦਾ ਜਵਾਬ ਨਹੀਂ ਆ ਜਾਂਦਾ, ਉਦੋਂ ਤੱਕ ਇਹ ਭਰਤੀ ਰੋਕਣ। ਮੈਂ ਬੇਨਤੀ ਕਰਦਾ ਹਾਂ ਤੇ ਪੁੱਛਣਾ ਚਾਹੁੰਦਾ ਹਾਂ ਕਿ ਕੀ 35% ਵਾਲੇ ਮਸਲੇ ਵਿੱਚ, ਕਿਉਂਕਿ ਪਤਾ ਹੀ ਹੈ ਕਿ ਫਿਰ ਵੀ ਸੀਟਾਂ ਨਹੀਂ ਭਰਨੀਆਂ, ਫਿਰ ਮੈਰਿਟ ਤੇ ਹੀ ਕਿਉਂ ਨਹੀਂ ਕਰ ਦਿੰਦੇ।ਇਸ ਦਾ ਪੇਪਰ ਵੀ ਔਖਾ ਹੋਇਆ ਸੀ ਜਿਸ ਕਰਕੇ ਨਾ ਜਨਰਲ ਕੈਟਾਗਰੀ ਦੇ ਬੱਚੇ ਪਾਸ ਹੋਏ ਹਨ ਅਤੇ ਨਾ ਹੀ ਦੂਸਰੇ ਬੱਚੇ ਪਾਸ ਹੋਏ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਨੂੰ ਮੈਰਿਟ ਤੇ ਕਰਨ ਲਈ ਤਿਆਰ ਹਨ?

**ਮੰਤਰੀ:** ਸਪੀਕਰ ਸਾਹਿਬ, ਇਹ ਤਾਂ ਇਨ੍ਹਾਂ ਦੇ ਆਪਣੇ ਮਨ ਦੇ ਖਿਆਲ ਹਨ। ਬਾਕੀ ਅਸੀਂ ਸਨਸੀਅਰ ਹੋ ਕੇ ਐਫਰਟਸ ਕਰ ਰਹੇ ਹਾਂ। ਮੇਰਾ ਖਿਆਲ ਹੈ ਕਿ ਨਿਰਧਾਰਤ ਨੰਬਰ 35% ਕਰ ਦੇਣ ਨਾਲ ਜਿਹੜੀਆਂ ਇਹ 34 ਖਾਲੀ ਸੀਟਾਂ ਹਨ, ਇਹ ਆਉਂਦੀਆਂ ਹਨ, ਬਾਕੀ ਜੇ ਤੁਸੀਂ ਪੂਰਾ ਹਿਸਾਬ ਕਿਤਾਬ ਲੈਣਾ ਹੈ ਫਿਰ ਆਪਾਂ ਡਿਪਾਰਟਮੈਂਟ ਕੋਲੋਂ ਤੁਹਾਨੂੰ ਲੈ ਦਿਆਂਗੇ ਕਿ ਇਸ ਨਾਲ ਕਿੰਨੀਆਂ ਸੀਟਾਂ ਭਰਦੀਆਂ ਹਨ।

——

## ਪਿੰਡ ਖੇੜਾ ਵਿਖੇ ਸੀਵਰੇਜ ਦਾ ਕੰਮ ਪੂਰਾ ਕਰਨਾ

***1577. ਸਰਦਾਰ ਕੁਲਜੀਤ ਸਿੰਘ ਨਾਗਰਾ :** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਬਲਾਕ ਖੇੜਾ ਦੇ ਪਿੰਡ ਖੇੜਾ ਵਿਖੇ ਸੀਵਰੇਜ ਸਿਸਟਮ ਦਾ ਅਧੂਰਾ ਪਿਆ ਕੰਮ ਕਦੋਂ ਤੱਕ ਮੁਕੰਮਲ ਹੋ ਜਾਵੇਗਾ?

**ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) :** ਪਿੰਡ ਖੇੜਾ, ਬਲਾਕ ਖੇੜਾ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਸੀਵਰੇਜ ਸਿਸਟਮ ਦਾ ਕੰਮ ਉਥੇ ਦੀ ਪੰਚਾਇਤ ਵੱਲੋਂ ਲੋੜੀਂਦੀ ਜ਼ਮੀਨ ਨਾ ਮੁਹੱਈਆ ਕਰਵਾਉਣ ਕਰਕੇ ਅਧੂਰਾ ਪਿਆ ਹੈ। ਲੋੜੀਂਦੀ ਪੰਚਾਇਤੀ ਜ਼ਮੀਨ ਅਤੇ ਵਾਧੂ ਫੰਡਜ਼ ਪ੍ਰਾਪਤ ਹੋਣ ਉਪਰੰਤ ਇਹ ਕੰਮ 9 ਮਹੀਨਿਆਂ ਦੇ ਅੰਦਰ ਪੂਰਾ ਕਰ ਲਿਆ ਜਾਵੇਗਾ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ।

**ਮਾਨਯੋਗ ਸਪੀਕਰ :** ਹੁਣ ਪੁੱਛ ਲਓ, ਜੋ ਪੁੱਛਣਾ ਹੈ। ਜੋ ਜ਼ੋਰ ਲਾਉਣਾ ਹੈ, ਇਸ ਕੁਐਸਚਨ ਵਿੱਚ ਪੂਰਾ ਲਗਾ ਦੇਣਾ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਕੀ ਇਸ ਵਿੱਚ ਹੀ ਸਾਰਾ ਕਰ ਲਵਾਂ ਜੀ?

**ਮਾਨਯੋਗ ਸਪੀਕਰ :** ਨਹੀਂ, ਜੋ ਪੁੱਛਣਾ ਹੈ, ਇਸ ਵਿੱਚ ਚੰਗੀ ਤਰ੍ਹਾਂ ਪੁੱਛ ਲਉ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਇਹ ਤਾਂ ਮੈਂ ਪੁੱਛ ਹੀ ਲਵਾਂਗਾ ਜੀ। ਜੇ ਤੁਸੀਂ ਹੋਰ ਅਲਾਉ ਕਰਦੇ ਹੋ ਤਾਂ ਹੋਰ ਵੀ ਕੁਐਸਚਨ ਪੁੱਛ ਲਵਾਂ ਜੀ? ਮੈਂ ਆਪਣਾ ਵਲਵਲਾ ਕੱਢ ਲੈਂਦਾ ਹਾਂ ।

**ਮਾਨਯੋਗ ਸਪੀਕਰ :** ਨਹੀਂ ਜੀ, ਹੋਰ ਨਹੀਂ ਅਲਾਉ। ਇਸ ਬਾਰੇ ਹੀ ਪੁੱਛ ਲਵੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਤੁਸੀਂ ਮੈਨੂੰ ਬੋਲਣ ਹੀ ਨਹੀਂ ਦਿੰਦੇ। (ਵਿਘਨ) ਤੁਸੀਂ ਮੇਰੇ ਬਜ਼ੁਰਗਾਂ ਵਾਂਗ ਹੋ, ਮੇਰੀ ਤੁਹਾਡੇ ਅੱਗੇ ਦਰਖਾਸਤ ਹੈ ਕਿ ਜਦੋਂ ਮੈਂ ਉਠਦਾ ਹਾਂ ਤਾਂ ਮੈਨੂੰ ਵੀ ਟਾਈਮ ਦੇ ਦਿਆ ਕਰੋ।

**ਮਾਨਯੋਗ ਸਪੀਕਰ :** ਜਦੋਂ ਤੁਹਾਡੀ ਸਪਲੀਮੈਂਟਰੀ ਹੋਵੇਗੀ I will allow you. I am always with you ਜਦੋਂ ਸਹੀ ਬੋਲੋਗੇ ਤਾਂ ਮੈਂ ਹਮੇਸ਼ਾ ਟਾਈਮ ਦਿਆਂਗਾ। (ਵਿਘਨ )

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ...

**ਮਾਨਯੋਗ ਸਪੀਕਰ :** ਨਾਗਰਾ ਜੀ, ਪਲੀਜ਼ ਤੁਸੀਂ ਸਪਲੀਮੈਂਟਰੀ ਕਰੋ। Don't address the individual, please address the Chair. ਨਾਗਰਾ ਜੀ, ਪਲੀਜ਼ ਚੇਅਰ ਨੂੰ ਐਡਰੈਸ ਕਰੋ। (ਵਿਘਨ)(ਸ਼ੋਰ) ਨਾਗਰਾ ਜੀ, ਤੁਸੀਂ ਸਪਲੀਮੈਂਟਰੀ ਪੁੱਛੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ ਨੂੰ ਬੋਲ ਲੈਣ ਦਿਓ।(ਮਾਲ ਮੰਤਰੀ, ਸਰਦਾਰ ਬਿਕਰਮ ਸਿੰਘ ਮਜੀਠੀਆ ਵੱਲ ਇਸ਼ਾਰਾ)

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ ) :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ** **(ਵਿਘਨ)

**Mr. Speaker :** Not to be recorded. Please silence. ਨਾਗਰਾ ਜੀ, ਤੁਸੀਂ ਸਪਲੀਮੈਂਟਰੀ ਕਰੋ। ਸਾਰਿਆਂ ਨੇ ਬੜੀ ਸ਼ਾਂਤੀ ਨਾਲ ਨਾਗਰਾ ਜੀ ਦੀ ਸਪਲੀਮੈਂਟਰੀ ਸੁਣਨੀ ਹੈ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਤੁਸੀਂ ਸਾਡੇ ਬਜ਼ੁਰਗਾਂ ਦੀ ਥਾਂ ਤੇ ਹੋ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ (ਮਾਲ ਮੰਤਰੀ, ਸਰਦਾਰ ਬਿਕਰਮ ਸਿੰਘ ਮਜੀਠੀਆ ਵੱਲ ਇਸ਼ਾਰਾ) ਮੇਰੇ ਛੋਟੇ ਭਰਾ ਹਨ। ਮੇਰੇ ਨਾਲ ਇਨ੍ਹਾਂ ਦੇ ਬਹੁਤ ਵਧੀਆ ਤਾਅਲੁਕਾਤ ਹਨ। ਮੈਂ ਇਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਰ ਇੱਕ ਦਾ ਮਜ਼ਾਕ ਨਾ ਬਣਾਇਆ ਕਰਨ। ਤੁਸੀਂ ਚੀਮਾ ਜੀ ਦੇ ਸਵਾਲ ਦਾ ਜਿਸ ਤਰ੍ਹਾਂ ਜਵਾਬ ਦਿੱਤਾ ਹੈ, ਉਹ ਸਾਰੇ ਸਦਨ ਨੇ ਸੁਣਿਆ ਹੈ। ਇਹ ਪਵਿੱਤਰ ਸਦਨ ਹੈ, ਤੁਸੀਂ ਹਰ ਇਕ ਦਾ ਮਜ਼ਾਕ ਨਾ ਉਡਾਉ।

**ਮਾਨਯੋਗ ਸਪੀਕਰ :** ਨਾਗਰਾ ਜੀ, ਤੁਸੀਂ ਸਪਲੀਮੈਂਟਰੀ ਕਰੋ। ਮੈਂ

**Not recorded as ordered by the Chair.

[ ਮਾਨਯੋਗ ਸਪੀਕਰ ]

ਤੁਹਾਡੀ ਤਾਰੀਫ ਕੀਤੀ ਹੈ ਤੇ ਤੁਸੀਂ ਤਾਂ ਸਾਰਾ ਕੰਮ ਹੀ ਗੜਬੜ ਕਰ ਰਹੇ ਹੋ। Please put the supplementary.

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ :** ਸਪੀਕਰ ਸਾਹਿਬ, ਬੀਬੀ ਭੱਠਲ ਜੀ ਨੇ ਕਿਹਾ ਕਿ ਮੇਰਾ ਜਵਾਬ ਤਸੱਲੀਬਖਸ਼ ਹੈ, ਚੀਮਾ ਜੀ ਕਹਿੰਦੇ ਕਿ ਜਵਾਬ ਤਸੱਲੀਬਖਸ਼ ਹੈ ਪਰ ਇਹ ਭਾਊ ਦੀ ਹੁਣ ਤਸੱਲੀ ਨਹੀਂ ਹੋ ਰਹੀ ਤਾਂ ਦੱਸੋ ਮੈਂ ਕੀ ਕਰਾਂ। (ਹਾਸਾ)

**ਮਾਨਯੋਗ ਸਪੀਕਰ :** ਨਾਗਰਾ ਜੀ, ਪਲੀਜ਼ ਤੁਸੀਂ ਸਪਲੀਮੈਂਟਰੀ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਪਿੰਡ ਖੇੜਾ ਵਿਖੇ ਸੀਵਰੇਜ ਦਾ ਪ੍ਰਾਜੈਕਟ ਹੈ ਇਹ 1906-07 ਦੇ ਕਰੀਬ ਸ਼ੁਰੂ ਹੋਇਆ ਸੀ।

**ਮਾਨਯੋਗ ਸਪੀਕਰ :** 1906-07 ਵਿਚ ਸ਼ੁਰੂ ਹੋਇਆ ਸੀ?

**ਸਰਦਾਰ ਕੁਲਜੀਤ ਸਿੰਘ ਨਾਗਰਾ :** ਨਹੀਂ ਜੀ, 2006-07 ਵਿਚ ਇਹ ਕੰਮ ਸ਼ੁਰੂ ਹੋਇਆ (ਹਾਸਾ) ਔਰ ਇਸ ਪ੍ਰਾਜੈਕਟ ਤੇ 50-60 ਲੱਖ ਰੁਪਏ ਦੇ ਕਰੀਬ ਖਰਚ ਹੋਇਆ। ਉਸ ਤੋਂ ਬਾਅਦ ਜ਼ਮੀਨ ਨਾ ਮੁਹੱਈਆ ਹੋਣ ਵਾਲੀ ਜਿਹੜੀ ਗੱਲ ਮੰਤਰੀ ਜੀ ਨੇ ਕਹੀ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜ਼ਮੀਨ ਤਾਂ ਉਸ ਵੇਲੇ ਹੀ ਮੁਹੱਈਆ ਹੋ ਗਈ ਸੀ। ਇਹ 50-60 ਲੱਖ ਰੁਪਿਆ ਉਸ ਪਿੰਡ ਦੇ ਸੀਵਰੇਜ ਸਿਸਟਮ ਤੇ ਖਰਚ ਹੋਇਆ । ਜੇਕਰ ਕੋਈ ਕਿਸੇ ਤਰ੍ਹਾਂ ਦੀ ਅੜਚਣ ਸੀ ਤਾਂ ਸਰਕਾਰ ਨੂੰ ਪੂਰੀ ਕਰਨੀ ਚਾਹੀਦੀ ਸੀ ਪਰ ਸਰਕਾਰ ਵੱਲੋਂ ਉਸ ਤੇ ਸੰਜੀਦਗੀ ਨਾਲ ਕੰਮ ਨਾ ਕਰਨ ਕਰਕੇ ਇਹ ਪ੍ਰਾਜੈਕਟ ਖਤਮ ਹੋ ਗਿਆ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਅਧਿਕਾਰੀਆਂ ਦੀ ਅਣਗਹਿਲੀ ਕਰਕੇ ਸਰਕਾਰ ਦਾ ਇੰਨਾ ਪੈਸਾ ਬਰਬਾਦ ਹੋਇਆ, ਕੀ ਮੰਤਰੀ ਜੀ ਇਸ ਦੀ ਇਨਕੁਆਇਰੀ ਕਰਵਾ ਕੇ ਉਨ੍ਹਾਂ ਖਿਲਾਫ ਕੋਈ ਐਕਸ਼ਨ ਲੈਣਗੇ?

**ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ :** ਸਪੀਕਰ ਸਾਹਿਬ, ਪੰਜ ਪਿੰਡ, ਸ਼ੌਂਪੀ ਬਲਾਕ ਅਮਲੋਹ, ਮਲੇਲਪੁਰ ਬਲਾਕ ਸਰਹਿੰਦ, ਖੇੜਾ ਬਲਾਕ ਖੇੜਾ, ਰੈਲੋਂ ਬਲਾਕ ਬੱਸੀ ਪਠਾਣਾ, ਫਰੋਲ ਬਲਾਕ ਖਮਾਣੋਂ ਦੇ ਸੀਵਰੇਜ ਸਿਸਟਮ ਪਾਉਣ ਦਾ ਕੰਮ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਪੱਤਰ ਮਿਤੀ

06.01.2004 ਰਾਹੀਂ 3 ਕਰੋੜ 21 ਲੱਖ 90 ਹਜ਼ਾਰ ਰੁਪਿਆ ਇੰਟੈਗਰੇਟਿਡ ਰੂਰਲ ਪ੍ਰੋਗਰਾਮ ਤਹਿਤ ਪ੍ਰਵਾਨ ਹੋਇਆ ਸੀ। ਪਿੰਡ ਖੇੜਾ ਵਿਚ ਸੀਵਰੇਜ ਪਾਉਣ ਲਈ 45.63 ਲੱਖ ਰੁਪਿਆ ਮਨਜ਼ੂਰ ਹੋਇਆ ਸੀ ਅਤੇ ਉਸ ਵਿਚੋਂ 23.61 ਲੱਖ ਰੁਪਏ ਠੇਕੇਦਾਰ ਨੂੰ ਅਲਾਟ ਕੀਤੇ ਜਾ ਚੁੱਕੇ ਹਨ ਅਤੇ 23.59 ਲੱਖ ਰੁਪਏ ਦਾ ਕੰਮ ਮੌਕੇ ਤੇ ਹੋ ਚੁੱਕਾ ਹੈ। ਡਿਸਪੋਜਲ ਦੀ ਜਗ੍ਹਾ ਥੋੜ੍ਹੇ ਜਿਹੇ ਝਗੜੇ ਵਿਚ ਪੈ ਗਈ ਹੈ। ਇਸ ਬਾਰੇ ਪੰਚਾਇਤ ਨੇ ਲਿਖ ਕੇ ਦਿੱਤਾ ਹੈ ਕਿ ਸਾਡਾ ਕੰਮ ਉਸ ਸਮੇਂ ਸ਼ੁਰੂ ਕਰਵਾਇਆ ਜਾਵੇ ਜਦੋਂ ਇਹ ਝਗੜਾ ਨਿਬੜ ਜਾਵੇਗਾ। ਇਸ ਕਰਕੇ ਇਸ ਦਾ ਐਸਟੀਮੇਟ ਵੀ ਬਾਅਦ ਵਿਚ ਹੀ ਬਣੇਗਾ ਅਤੇ ਐਸਟੀਮੇਟ ਦੇ ਹਿਸਾਬ ਨਾਲ ਹੀ ਪੈਸੇ ਆਉਣਗੇ। ਸੋ, ਸਪੀਕਰ ਸਾਹਿਬ, ਜਿਸ ਦਿਨ ਜ਼ਮੀਨ ਮਿਲ ਜਾਵੇਗੀ ਤਾਂ ਇਕ ਕਰੋੜ ਰੁਪਿਆ ਇਸ ਤੇ ਲੱਗਣਾ ਹੈ ਅਤੇ ਅਸੀਂ 9 ਮਹੀਨੇ ਦੇ ਵਿਚ ਵਿਚ ਇਹ ਕੰਮ ਪੂਰਾ ਕਰ ਦਿਆਂਗੇ।

**ਮਾਨਯੋਗ ਸਪੀਕਰ :** ਨਾਗਰਾ ਜੀ, ਸਿੱਧਾ ਮਸਲਾ ਇਹ ਹੈ ਕਿ ਕੀ ਆਪਾਂ ਜ਼ਮੀਨ ਦੇਣ ਲਈ ਤਿਆਰ ਹਾਂ?

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਬੜਾ ਡਿਟੇਲ ਵਿੱਚ ਜਵਾਬ ਦਿੱਤਾ ਹੈ, ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਪਿੰਡ ਵਾਲੇ ਜ਼ਮੀਨ ਦੇਣ ਨੂੰ ਤਿਆਰ ਹਨ ਅਤੇ ਉਥੇ ਕੰਮ ਵੀ ਸ਼ੁਰੂ ਹੋ ਗਿਆ ਸੀ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇਕਰ ਕਿਸੇ ਪਿੰਡ ਵਿੱਚ ਕੋਈ ਸਮੱਸਿਆ ਆਉਂਦੀ ਹੈ ਤਾਂ ਸਰਕਾਰ ਕਿਉਂ ਚੁੱਪ ਕਰਕੇ ਬੈਠ ਜਾਂਦੀ ਹੈ। ਮੈਂ ਤਾਂ 2005-06 ਕਿਹਾ ਸੀ ਪਰ ਮੰਤਰੀ ਸਾਹਿਬ ਕਹਿੰਦੇ ਹਨ ਕਿ ਇਹ 2004 ਦਾ ਹੈ। ਸਪੀਕਰ ਸਾਹਿਬ, ਜਿਹੜਾ ਪੈਸਾ ਲੱਗ ਗਿਆ, ਜਿਹੜੇ ਟੈਂਕ ਬਣਾਏ ਸਨ, ਉਹ ਖਤਮ ਹੋ ਗਏ, ਪਾਈਪਾਂ ਵੀ ਖਤਮ ਹੋ ਗਈਆਂ। ਹੁਣ 8-9 ਸਾਲਾਂ ਤੋਂ ਬਾਅਦ ਜਦੋਂ ਤੁਸੀਂ ਕੰਮ ਸ਼ੁਰੂ ਕਰਨ ਜਾਉਗੇ ਤਾਂ ਉਥੇ ਕੁਝ ਵੀ ਬਚਿਆ ਨਹੀਂ ਮਿਲਣਾ, ਸਾਰਾ ਕੰਮ ਦੁਬਾਰਾ ਤੋਂ ਸ਼ੁਰੂ ਕਰਨਾ ਪਵੇਗਾ। ਮੈਂ ਮੰਤਰੀ ਜੀ ਨੂੰ ਇੱਕ ਹੀ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਅਧਿਕਾਰੀਆਂ ਦੀ ਅਣਗਹਿਲੀ ਸੀ ਕੀ ਉਨ੍ਹਾਂ ਦੇ ਖਿਲਾਫ ਕਿਸੇ ਤਰ੍ਹਾਂ ਦੀ ਇਨਕੁਆਰੀ ਕਰਵਾ ਕੇ ਐਕਸ਼ਨ ਲੈਣਗੇ?

**ਮਾਨਯੋਗ ਸਪੀਕਰ :** ਕੀ ਆਪਾਂ ਜ਼ਮੀਨ ਦੇਣ ਲਈ ਤਿਆਰ ਹਾਂ?

**ਸਰਦਾਰ ਕੁਲਜੀਤ ਸਿੰਘ ਨਾਗਰਾ :** ਬਿਲਕੁਲ, ਸਪੀਕਰ ਸਾਹਿਬ।

**ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਜ਼ਮੀਨ ਦਾ ਫੈਸਲਾ ਕਰਵਾ ਦੇਣ। ਅਸੀਂ ਇੱਕ ਸਾਲ ਵਿੱਚ ਇਹ ਕੰਮ ਕਰ ਦੇਵਾਂਗੇ। ਇਸ ਲਈ 2-3 ਮਹੀਨੇ ਸਾਨੂੰ ਪੈਸੇ ਲੈਣ ਲਈ ਲੱਗ ਜਾਣਗੇ ਅਤੇ ਇਹ ਕੰਮ 9 ਮਹੀਨੇ ਦਾ ਹੈ। ਇਸ ਤਰ੍ਹਾਂ ਅਸੀਂ 9 ਮਹੀਨੇ ਵਿੱਚ ਇਹ ਕੰਮ ਕੰਪਲੀਟ ਕਰ ਦੇਵਾਂਗੇ। ਹੁਣ ਵੀ ਪੰਚਾਇਤ ਨੇ ਰੈਜ਼ੋਲਿਊਸ਼ਨ ਪਾ ਕੇ ਦਿੱਤਾ ਹੈ ਕਿ ਸਾਡੀ ਜ਼ਮੀਨ ਦਾ ਡਿਸਪਿਊਟ ਹੈ, ਜਿੰਨਾ ਚਿਰ ਤੱਕ ਡਿਸਪਿਊਟ ਖਤਮ ਨਹੀਂ ਹੁੰਦਾ ਉਨਾ ਚਿਰ ਤੱਕ ਇਹ ਕੰਮ ਸ਼ੁਰੂ ਨਾ ਕਰਵਾਇਆ ਜਾਵੇ। ਮੈਂ ਰੈਜ਼ੋਲਿਊਸ਼ਨ ਨਾਲ ਲੈ ਕੇ ਆਇਆ ਹਾਂ।

**ਸਰਦਾਰ ਜਗਮੋਹਨ ਸਿੰਘ ਕੰਗ :** ਸਪਲੀਮੈਂਟਰੀ ਸਰ।

**ਮਾਨਯੋਗ ਸਪੀਕਰ :** ਆਪਣਾ ਉਥੇ ਕੋਈ ਕੰਮ ਹੈ। ਕੋਈ ਮਸਲਾ ਹੈ। (ਹਾਸਾ) ਅਗਲਾ ਸਵਾਲ।

----

## ਹਲਕਾ ਘਨੌਰ ਵਿੱਚ ਘੱਗਰ ਤੇ ਬੰਨ੍ਹ ਬਣਾਉਣਾ

***1505. ਸ਼੍ਰੀਮਤੀ ਹਰਪ੍ਰੀਤ ਕੌਰ ਮੁਖਮੈਲਪੁਰਾ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਘਨੌਰ ਦੇ ਕੁਝ ਖੇਤਰਾਂ ਵਿਚ ਘੱਗਰ ਵਿਚ ਬੰਨ੍ਹ ਬਣਾ ਕੇ ਬਨੂੜ ਨਹਿਰ ਰਾਹੀਂ ਆਬਪਾਸੀ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਹਾਂ ਜੀ, ਬਨੂੜ ਨਹਿਰ ਸਿਸਟਮ ਨੂੰ ਛਿਮਾਹੀ ਤੋ ਬਾਰਾਂਮਾਸੀ ਕਰਨ ਲਈ ਛੱਤਬੀੜ ਚਿੜੀਆ ਘਰ ਦੇ ਨੇੜੇ ਘੱਗਰ ਦਰਿਆ ਵਿੱਚ ਬੰਧ ਲਗਾ ਕੇ, ਘਨੌਰ ਵਿਧਾਨ ਸਭਾ ਹਲਕੇ ਨੂੰ ਬਨੂੜ ਨਹਿਰ ਰਾਹੀਂ ਆਬਪਾਸੀ ਕਰਨ ਦੀ ਤਜਵੀਜ਼ ਹੈ । ਇਸ ਪ੍ਰੋਜੈਕਟ ਦੇ ਕੰਮ ਨੂੰ ਇਸ ਸਾਲ ਸੁਰੂ ਕਰਕੇ 31.8.2015 ਤੱਕ ਮੁਕੰਮਲ ਕਰਨ ਦਾ ਟੀਚਾ ਹੈ।

**ਸ਼੍ਰੀਮਤੀ ਹਰਪ੍ਰੀਤ ਕੌਰ ਮੁਖਮੈਲਪੁਰਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦਾ ਧੰਨਵਾਦ ਕਰਦੀ ਹਾਂ ਕਿ ਜਿਨ੍ਹਾਂ ਨੇ ਬਨੂੜ ਨਹਿਰ ਰਾਹੀਂ ਹਲਕਾ ਘਨੌਰ ਦੇ ਕੁਝ ਪਿੰਡਾਂ ਨੂੰ ਆਬਪਾਸੀ ਕਰਨ ਦੀ ਤਜਵੀਜ਼ ਰਾਹੀਂ ਮਿਤੀ 31.8.2015 ਤੱਕ ਕਰਨ ਲਈ ਕਿਹਾ ਹੈ। ਪਰ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਕਿਹੜਾ ਮਹਿਕਮਾ ਹੈ ਜਿਹੜਾ

ਇਸ ਕੰਮ ਨੂੰ ਕਰੇਗਾ?

**ਮਾਨਯੋਗ ਸਪੀਕਰ :** ਹਾਂ ਜੀ, ਮੰਤਰੀ ਜੀ ਕਿਹੜਾ ਮਹਿਕਮਾ ਹੈ?

**ਮੰਤਰੀ :** ਸਪੀਕਰ ਸਾਹਿਬ, ਮਹਿਕਮਾ ਤਾਂ ਇਰੀਗੇਸ਼ਨ ਹੀ ਹੈ। ਇਸ ਬਾਰੇ ਸਾਰਾ ਕੁਝ ਅਸੀਂ ਤਿਆਰ ਕਰ ਚੁੱਕੇ ਹਾਂ। ਇਸ ਪ੍ਰਾਜੈਕਟ ਦਾ ਬਿੱਡ ਡਾਕੂਮੈਂਟ ਪੰਜਾਬ ਸਰਕਾਰ ਵੱਲੋਂ 23.5.2014 ਨੂੰ ਕਲੀਅਰ ਕੀਤਾ ਗਿਆ। ਸਟੇਟ ਵੱਲੋਂ ਰਾਸ਼ੀ ਮਿਲਣ ਤੇ ਟੈਂਡਰ ਵੀ ਲਗਾਏ ਜਾਣਗੇ। ਇਹ ਕੰਮ ਜੇਕਰ ਤਜਵੀਜ਼ ਅਨੁਸਾਰ ਬਰਸਾਤਾਂ ਤੋਂ ਬਾਅਦ ਸ਼ੁਰੂ ਕਰ ਲਿਆ ਗਿਆ ਤਾਂ ਇਹ ਕੰਮ ਮਿਤੀ 31.8.2015 ਤੱਕ ਮੁਕੰਮਲ ਕੀਤੇ ਜਾਣ ਦਾ ਟੀਚਾ ਹੈ। ਇਹ ਕੰਮ ਮੁਕੰਮਲ ਹੋਣ ਨਾਲ ਜ਼ਿਲ੍ਹਾ ਪਟਿਆਲਾ ਅੰਦਰ ਬਨੂੜ ਬਲਾਕ ਦੇ 72 ਪਿੰਡਾਂ ਦੇ 45021 ਏਕੜ ਰਕਬੇ ਨੂੰ ਸਿੰਚਾਈ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਜਿਸ ਵਿੱਚ ਘਨੌਰ ਵਿਧਾਨ ਸਭਾ ਹਲਕੇ ਅੰਦਰ ਆਉਂਦੇ 66 ਪਿੰਡਾਂ ਦਾ ਤਕਰੀਬਨ 26000 ਏਕੜ ਰਕਬਾ ਸ਼ਾਮਲ ਕੀਤਾ ਗਿਆ ਹੈ।

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਂਵਾ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ):** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ...

**ਮਾਨਯੋਗ ਸਪੀਕਰ :** ਪਹਿਲਾਂ ਬੀਬੀ ਜੀ ਬੋਲਣਗੇ, ਉਸ ਤੋਂ ਬਾਅਦ ਤੁਹਾਨੂੰ ਟਾਈਮ ਦੇ ਦੇਵਾਂਗਾ।

**ਸ਼੍ਰੀਮਤੀ ਹਰਪ੍ਰੀਤ ਕੌਰ ਮੁਖਮੈਲਪੁਰਾ :** ਮੈਂ ਤਾਂ ਬੱਸ ਧੰਨਵਾਦ ਕਰਨਾ ਹੈ। ਮੰਤਰੀ ਸਾਹਿਬ ਦਾ ਧੰਨਵਾਦ ਜੀ।

**ਮਾਨਯੋਗ ਸਪੀਕਰ :** ਹਾਂ ਜੀ, ਵਲਟੋਹਾ ਸਾਹਿਬ, ਘਨੌਰ ਦਾ ਆਪਣਾ ਕੋਈ ਮਸਲਾ ਹੈ?

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ , ਸੁਰੱਖਿਆ ਸੇਵਾਂਵਾ ਭਲਾਈ :** ਇਸੇ ਨਹਿਰ ਨੂੰ ਬਾਰਾਂਮਾਸੀ ਕਰਨ ਵਾਸਤੇ ਬਨੂੜ ਨਹਿਰ ਲਈ ਘੱਗਰ ਉਤੇ ਬੰਨ੍ਹ ਬਣਨਾ ਸੀ। ਇਸ ਵਿਚ ਪਤਾ ਨਹੀਂ ਕਿੰਨੇ ਕਰੋੜ ਰੁਪਏ ਦਾ ਘਪਲਾ ਕੀਤਾ। ਇਸ ਬਾਰੇ ਪੰਜਾਬ ਵਿਧਾਨ ਸਭਾ ਦੀ ਐਸਟੀਮੇਟ ਕਮੇਟੀ ਨੇ ਰਿਪੋਰਟ ਪੇਸ਼ ਕੀਤੀ।ਇਸ ਬਾਰੇ ਬੰਦੇ ਮੰਨ ਕੇ ਵੀ ਗਏ, ਸੈਕਟਰੀ ਲੈਵਲ ਦੇ ਅਫਸਰ ਮੰਨ ਕੇ ਗਏ ਕਿ ਇਸ ਵਿੱਚ ਘਪਲਾ

ਹੋਇਆ ਹੈ। ਇਸ ਦੀ ਵਿਧਾਨ ਸਭਾ ਵਿੱਚ ਰਿਪੋਰਟ ਲੇਅ ਹੋਈ ਸੀ ਪਰ ਕਿਸੇ ਤੇ ਕੋਈ ਕਾਰਵਾਈ ਨਹੀਂ ਹੋਈ। ਫਿਰ ਵਿਧਾਨ ਸਭਾ ਦੀਆਂ ਕਮੇਟੀਆਂ ਕੀ ਕੰਮ ਕਰਦੀਆਂ ਹਨ? (ਵਿਘਨ) (ਸ਼ੋਰ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸੇ ਨਹਿਰ ਦੀ ਬਾਰਾਂਮਾਸੀ ਵਾਸਤੇ....(ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਧੰਨਵਾਦ ਜੀ। ਹਾਂ ਜੀ ਸ਼ਰਮਾ ਜੀ। (ਵਿਘਨ) (ਸ਼ੋਰ)

**ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ (ਸ਼੍ਰੀ ਐਨ.ਕੇ.ਸ਼ਰਮਾ) :** ਸਪੀਕਰ ਸਾਹਿਬ, ਇਹ ਬੰਨ੍ਹ ਮੇਰੇ ਹਲਕੇ ਵਿੱਚ ਬਣਨਾ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਬੰਨ੍ਹ ਦੇ ਬਣਨ ਨਾਲ ਸਿਰਫ 2 ਕਿਊਸਿਕ ਪਾਣੀ ਬਚ ਸਕਦਾ ਹੈ ਕਿਉਂਕਿ ਬਰਸਾਤਾਂ ਦੇ ਦਿਨਾਂ ਵਿੱਚ ਕੱਚਾ ਬੰਨ੍ਹ ਲਗਾ ਕੇ ਬਨੂੜ ਵਾਲੇ ਪਾਸੇ ਪਾਣੀ ਛੱਡਿਆ ਜਾਂਦਾ ਹੈ। ਇਸ ਬੰਨ੍ਹ ਦੇ ਬਣਨ ਨਾਲ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਚਿੜੀਆ ਘਰ ਵਿੱਚ ਸਿੱਧਾ ਪਾਣੀ ਵੜ ਜਾਵੇਗਾ ਅਤੇ ਜਾਨਵਰਾਂ ਦੀ ਜਾਨ ਦਾ ਖਤਰਾ ਹੋਵੇਗਾ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਅਤੇ ਪੁੱਛਣਾ ਚਾਹੁੰਦਾ ਹਾਂ ਕਿ ਉਹ ਬਾਕਾਇਦਾ ਮੌਕੇ ਤੇ ਜਾ ਕੇ ਦੇਖ ਕੇ ਆਉਣ। ਜਿਸ ਤਰ੍ਹਾਂ ਵਲਟੋਹਾ ਸਾਹਿਬ ਨੇ ਕਿਹਾ ਕਿ ਉਥੇ ਕਈ ਕਰੋੜ ਰੁਪਏ ਦਾ ਘਪਲਾ ਹੋਇਆ ਹੈ । ਮੇਰਾ ਖਿਆਲ ਹੈ ਕਿ ਉਥੇ ਇੱਕ ਕਰੋੜ ਰੁਪਿਆ ਵੀ ਨਹੀਂ ਲੱਗਾ ਹੋਣਾ। ਮੈਂ ਬੇਨਤੀ ਕਰਦਾ ਹਾਂ ਕਿ ਮੰਤਰੀ ਜੀ ਮੌਕਾ ਦੇਖ ਕੇ ਸਾਰੇ ਕੰਮ ਨੂੰ ਰਿਵਿਊ ਕਰਨ?

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਸਮਝੇ ਜਾਣ।

----

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਸਾਇੰਸ ਦੀ ਪੜ੍ਹਾਈ ਲਈ ਪ੍ਰਬੰਧ ਕਰਨਾ

***1391. ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਜਿਹੜੇ ਸੀਨੀਅਰ ਸੈਕੰਡਰੀ ਸਕੂਲਾਂ

ਵਿੱਚ +1 ਅਤੇ +2 ਦੀਆਂ ਸਾਇੰਸ ਦੀਆਂ ਕਲਾਸਾਂ ਨਾ ਹੋਣ ਕਾਰਨ ਵਿਦਿਆਰਥੀਆਂ ਨੂੰ ਬਹੁਤ ਦੂਰ ਜਾਣਾ ਪੈਂਦਾ ਹੈ ਜਾਂ ਮਹਿੰਗੇ ਪ੍ਰਾਈਵੇਟ ਸਕੂਲਾਂ ਵਿੱਚ ਦਾਖਲਾ ਲੈਣਾ ਪੈਂਦਾ ਹੈ, ਲਈ ਕਿਸੇ ਨਿਰਧਾਰਿਤ ਦੂਰੀ ਤੱਕ ਸਾਇੰਸ ਦੀ ਪੜ੍ਹਾਈ ਦਾ ਪ੍ਰਬੰਧ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ?

**ਡਾਕਟਰ ਦਲਜੀਤ ਸਿੰਘ ਚੀਮਾ :** ਪੰਜਾਬ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਾਇੰਸ ਦੀ ਪੜ੍ਹਾਈ ਲਈ 600 ਸਕੂਲਾਂ ਵਿੱਚ ਸਾਇੰਸ ਗਰੁੱਪ ਦਿੱਤੇ ਗਏ ਹਨ। ਸਾਇੰਸ ਗਰੁੱਪ ਦੇਣ ਲਈ ਕੋਈ ਦੂਰੀ ਨਹੀਂ ਰੱਖੀ ਗਈ ਹੈ, ਸਗੋਂ ਇੱਛੁਕ ਵਿਦਿਆਰਥੀਆਂ ਦੀ ਗਿਣਤੀ ਨੂੰ ਮਾਪਦੰਡ ਬਣਾਇਆ ਗਿਆ ਹੈ। ਮੌਜੂਦਾ ਪਾਲਿਸੀ ਅਨੁਸਾਰ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਆਰਵੀਂ ਜਾਂ ਬਾਰਵੀਂ ਕਿਸੇ ਵੀ ਇੱਕ ਜਮਾਤ ਵਿੱਚ ਵਿਦਿਆਰਥੀਆਂ ਦੀ ਗਿਣਤੀ (ਮੈਡੀਕਲ ਅਤੇ ਨਾਨ-ਮੈਡੀਕਲ) 15 ਜਾਂ 15 ਤੋਂ ਵੱਧ ਜਾਂ 11ਵੀਂ ਅਤੇ 12ਵੀਂ ਜਮਾਤਾਂ ਵਿੱਚ ਕੁੱਲ ਵਿਦਿਆਰਥੀ 25 ਜਾਂ 25 ਤੋਂ ਵੱਧ ਹੋਣ ਤਾਂ ਉਥੇ ਸਾਇੰਸ ਗਰੁੱਪ ਦਿੱਤਾ ਜਾਂਦਾ ਹੈ। ਸਰਕਾਰ ਇਸ ਪਾਲਿਸੀ ਉਪਰ ਮੁੜ ਵਿਚਾਰ ਕਰ ਰਹੀ ਹੈ।

----

## ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨਾ

***1557. ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਰਕਾਰ ਦੀ ਸਾਲ 2014 ਦੌਰਾਨ ਕੁੱਲ ਕਿੰਨੇ ਟਿਊਬਵੈੱਲ ਕੁਨੈਕਸ਼ਨ, ਕਿਹੜੀ-ਕਿਹੜੀ ਸਕੀਮ ਅਧੀਨ ਜਾਰੀ ਕਰਨ ਦੀ ਤਜਵੀਜ਼ ਹੈ ਅਤੇ ਕਿਹੜੇ-ਕਿਹੜੇ ਜ਼ਿਲ੍ਹੇ ਵਿਚ ਕਿੰਨੇ-ਕਿੰਨੇ ਕੁਨੈਕਸ਼ਨ ਜਾਰੀ ਕੀਤੇ ਜਾਣਗੇ;

(ਅ) ਜ਼ਿਲ੍ਹਾ ਪਟਿਆਲਾ ਅਤੇ ਮੋਹਾਲੀ ਵਿਖੇ ਕਿਹੜੇ ਸਾਲ ਦੇ ਕੁਨੈਕਸ਼ਨ ਦਿੱਤੇ ਜਾ ਰਹੇ ਹਨ ਅਤੇ ਇਸ ਸਾਲ ਦੌਰਾਨ ਸਬ-ਡਵੀਜਨ ਵਾਰ ਕੁੱਲ ਕਿੰਨੇ ਟਿਊਬਵੈੱਲ ਕੁਨੈਕਸ਼ਨ ਦਿੱਤੇ ਜਾਣ ਦੀ ਸਰਕਾਰ ਦੀ ਤਜਵੀਜ਼ ਹੈ?

**ਸਰਦਾਰ ਸੁਖਬੀਰ ਸਿੰਘ ਬਾਦਲ :** ਸ਼੍ਰੀਮਾਨ ਜੀ,

(ੳ) ਸਾਲ 2014 ਦੌਰਾਨ ਹੇਠ ਲਿਖੀਆਂ ਸਕੀਮਾਂ ਅਨੁਸਾਰ ਟਿਊਬਵੈੱਲ ਕੁਨੈਕਸ਼ਨ ਜਾਰੀ ਕੀਤੇ ਜਾਣਗੇ:-

(1) ਪੰਜਾਬ ਸਰਕਾਰ ਦੀ ਖੇਤੀਬਾੜੀ ਪਾਲਿਸੀ-ਸਾਲ 2013-14.

(2) ਐਕਸਲਰੇਟਿਡ ਰਲੀਜ਼ ਆਫ ਟਿਊਬਵੈੱਲ ਕੁਨੈਕਸ਼ਨ ਸਕੀਮ (ਏ.ਆਰ.ਟੀ.ਸੀ.).

(3) ਐਕਸਟੈਂਡਿਡ ਏ.ਪੀ. ਪਾਲਿਸੀ।

ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਉਪਰੋਕਤ ਸਕੀਮਾਂ ਅਧੀਨ ਸਾਲ 2014 ਦੌਰਾਨ ਲਗਭਗ 1.12 ਲੱਖ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਦੀ ਤਜਵੀਜ਼ ਹੈ। ਸਾਰੇ ਜ਼ਿਲ੍ਹਿਆਂ ਦਾ ਵੇਰਵਾ ਨੱਥੀ ਹੈ (ਅਨੁਲੱਗ-ੳ)

(ਅ) ਜ਼ਿਲ੍ਹਾ ਪਟਿਆਲਾ ਅਤੇ ਮੋਹਾਲੀ ਵਿਖੇ ਸਾਲ 2014 ਦੌਰਾਨ ਕ੍ਰਮਵਾਰ 6199 ਅਤੇ 2557 ਕੁਨੈਕਸ਼ਨ ਜਾਰੀ ਕਰਨ ਦੀ ਤਜਵੀਜ਼ ਹੈ। ਕੱਟ ਆਫ ਡੇਟਾਂ ਬਾਰੇ ਵੇਰਵਾ ਨੱਥੀ ਹੈ (ਅਨੁਲੱਗ-ਅ)। ਇਸ ਤਰ੍ਹਾਂ ਉਪ ਮੰਡਲ ਵਾਇਜ਼ ਇਸ ਸਾਲ ਜਾਰੀ ਕੀਤੇ ਜਾਣ ਵਾਲੇ ਕੁਨੈਕਸ਼ਨਾਂ ਦੀ ਤਜਵੀਜ਼ ਸੂਚੀ ਨੱਥੀ ਹੈ (ਅਨੁਲੱਗ-ੲ)।

ਇਥੇ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਮਾਨਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵਲੋਂ ਹੁਕਮ ਮਿਤੀ: 05.03.2014 ਰਾਹੀਂ ਪੰਜਾਬ ਰਾਜ ਵਿੱਚ ਨਵੇਂ ਨਲਕੂਪ ਕੁਨੈਕਸ਼ਨ ਜਾਰੀ ਕਰਨ ਸਬੰਧੀ ਰੋਕ ਲਗਾ ਦਿੱਤੀ ਗਈ ਹੈ। ਅੱਗੇ ਤੋਂ ਨਲਕੂਪ ਕੁਨੈਕਸ਼ਨ ਮਾਨਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵੱਲੋਂ ਲਗਾਈ ਗਈ 'ਸਟੇਟਸ-ਕੋ' ਹਟਾਉਣ ਉਪਰੰਤ ਹੀ ਜਾਰੀ ਕੀਤੇ ਜਾ ਸਕਣਗੇ। ਇਸ ਕੇਸ ਦੀ ਪੈਰਵੀ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵਿਖੇ ਪੰਜਾਬ ਸਰਕਾਰ ਦੇ ਵੱਖ-ਵੱਖ ਅਦਾਰਿਆਂ ਵਲੋਂ ਕੀਤੀ ਜਾ ਰਹੀ ਹੈ।

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1585****

**ਮਾਨਯੋਗ ਸਪੀਕਰ:** ਇਸ ਸਵਾਲ ਦੀ ਐਕਸਟੈਂਸ਼ਨ ਮੰਗੀ ਗਈ ਹੈ।

———

## ਕੋਟਕਪੂਰਾ / ਜੈਤੋਂ ਵਿਖੇ ਬੱਸ ਅੱਡੇ ਦੀ ਉਸਾਰੀ

***1551. ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਕੋਟਕਪੂਰਾ ਅਤੇ ਜੈਤੋਂ ਵਿਖੇ ਨਵਾਂ ਬੱਸ ਅੱਡਾ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ?

**ਸਰਦਾਰ ਅਜੀਤ ਸਿੰਘ ਕੋਹਾੜ :** ਸ਼੍ਰੀਮਾਨ ਜੀ, ਸਰਕਾਰ (ਪੀ.ਆਰ.ਟੀ.ਸੀ.) ਦਾ ਕੋਟਕਪੂਰਾ ਅਤੇ ਜੈਤੋਂ ਵਿਖੇ ਨਵਾਂ ਬੱਸ ਅੱਡਾ ਬਣਾਉਣ ਦਾ ਕੋਈ ਵਿਚਾਰ ਨਹੀਂ ਹੈ।

———

## ਚਨਾਰਥਲ ਕਲਾਂ ਵਿਖੇ ਸੀ.ਐਚ.ਸੀ. ਦੀ ਸਥਾਪਨਾ

***1578. ਸਰਦਾਰ ਕੁਲਜੀਤ ਸਿੰਘ ਨਾਗਰਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਪਿੰਡ ਚਨਾਰਥਲ ਕਲਾਂ ਵਿਖੇ ਕਮਿਊਨਿਟੀ ਹੈਲਥ ਸੈਂਟਰ ਤਿਆਰ ਹੋ ਚੁੱਕਾ ਹੈ ਅਤੇ ਉੱਥੇ ਕਿੰਨੇ ਡਾਕਟਰ, ਪੈਰਾ ਮੈਡੀਕਲ ਸਟਾਫ, ਲੋੜੀਂਦੇ ਉਪਕਰਨ ਮੁਹੱਈਆ ਕਰਵਾਏ ਜਾ ਰਹੇ ਹਨ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ:** ਸ਼੍ਰੀਮਾਨ ਜੀ,

1. ਪਿੰਡ ਚਨਾਰਥਲ ਕਲਾਂ ਵਿਖੇ ਕਮਿਊਨਿਟੀ ਹੈਲਥ ਸੈਂਟਰ ਤਿਆਰ ਹੋ ਚੁੱਕਾ ਹੈ।
2. ਇਸ ਸੰਸਥਾ ਵਿਖੇ ਡਾਕਟਰ ਤੇ ਪੈਰਾ ਮੈਡੀਕਲ ਸਟਾਫ ਦਾ ਵੇਰਵਾ ਅਨੁਲਗ 'ੳ' ਤੇ ਹੈ।
3. ਇਸ ਸੰਸਥਾ ਵਿਖੇ ਲੋੜੀਂਦੇ ਉਪਕਰਨ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ, ਮੋਹਾਲੀ ਵੱਲੋਂ ਜਲਦੀ ਮੁਹੱਈਆ ਕਰਵਾ ਦਿੱਤੇ ਜਾਣਗੇ।

**For Starred Question No.1585 and reply thereto, please see appendix to this Debates.

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

## ਅਨੁਲੱਗ 'ੳ'

ਸੀ.ਐਚ.ਸੀ. ਚਨਾਰਥਲ ਕਲਾਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਤੋਂ 22 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ।ਸੀ.ਐਚ.ਸੀ. ਚਨਾਰਥਲ ਕਲਾਂ ਵਿਖੇ ਮਨਜ਼ੂਰਸ਼ੁਦਾ ਸਟਾਫ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਕੈਟਾਗਰੀ | ਮਨਜੂਰਸ਼ੁਦਾ | ਭਰੀਆਂ | ਖਾਲੀ |
|---|---|---|---|---|
| 1. | ਸੀਨੀਅਰ ਮੈਡੀਕਲ ਅਫਸਰ | 1 | 1 | 0 |
| 2. | ਮੈਡੀਕਲ ਅਫਸਰ (ਜਨਰਲ) (ਮੈਡੀਸਨ, ਸਰਜਰੀ, ਗਾਇਨੀ, ਬੱਚਿਆਂ ਦਾ ਮਾਹਰ) | 4 | 4 | 0 |
| 3. | ਸਟਾਫ ਨਰਸਾਂ | 10 | 7 | 3 |
| 4. | ਰੇਡੀਓਗ੍ਰਾਫਰ | 1 | 1 | 0 |
| 5. | ਐਲ.ਟੀ. | 1 | 0 | 1 |
| 6. | ਸਟੈਨੋ ਟਾਈਪਿਸਟ | 1 | 1 | 0 |
| 7. | ਡਰਾਈਵਰ | 1 | 0 | 1 |
| 8. | ਓ.ਟੀ.ਏ. | 1 | 0 | 1 |
| 9. | ਦਰਜਾ ਚਾਰ | 5 | 0 | 5 |
| 10 | ਕੁੱਲ ਜੋੜ | 25 | 14 | 11 |

----

## ਸੜਕ ਦੀ ਮੁਰੰਮਤ ਕਰਨਾ

***1418. ਸਰਦਾਰ ਜੋਗਿੰਦਰ ਸਿੰਘ ਜਿੰਦੂ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ੀਰਾ ਰੋਡ ਤੋਂ ਗੁਰਦੁਆਰਾ ਜਾਮਨੀ ਸਾਹਿਬ, ਵਜੀਦਪੁਰ (ਜ਼ਿਲ੍ਹਾ ਫਿਰੋਜ਼ਪੁਰ) ਤੱਕ ਸੜਕ ਦੀ ਮੁਰੰਮਤ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸਰਦਾਰ ਤੋਤਾ ਸਿੰਘ :** ਸ਼੍ਰੀਮਾਨ ਜੀ, ਜੀ ਹਾਂ, ਇਸ ਸੜਕ ਨੂੰ ਚੌੜਾ ਅਤੇ ਅੱਪਗ੍ਰੇਡ ਕਰਨ ਲਈ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਫੇਜ-2 ਤਹਿਤ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ (DPR) ਤਿਆਰ ਕਰਕੇ ਕੇਂਦਰ ਸਰਕਾਰ ਨੂੰ ਪ੍ਰਵਾਨਗੀ ਲਈ ਭੇਜੀ ਜਾ ਚੁੱਕੀ ਹੈ। ਇਸ ਦੇ ਪ੍ਰਵਾਨ ਹੋਣ ਤੇ ਕੰਮ ਤੁਰੰਤ ਸ਼ੁਰੂ ਕਰਵਾ ਦਿੱਤਾ ਜਾਵੇਗਾ।

——

## ਪਿੰਡ ਬੁਢਲਾਡਾ ਨੂੰ ਸ਼ਹਿਰੀ ਸਹੂਲਤਾਂ ਨਾ ਮਿਲਣਾ

***1500. ਸਰਦਾਰ ਚਤਿੰਨ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਮਾਨਸਾ ਦੇ ਪਿੰਡ ਬੁਢਲਾਡਾ ਅਤੇ ਬੋਹਾ ਨੂੰ ਸ਼ਹਿਰ ਦੀ ਮਿਉਂਸਿਪਲ ਕਮੇਟੀ ਵਿੱਚ ਸ਼ਾਮਿਲ ਕਰ ਲਏ ਜਾਣ ਕਾਰਨ ਬੁਢਲਾਡਾ ਅਤੇ ਬੋਹਾ ਪਿੰਡਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਬੰਦ ਹੋ ਗਈਆਂ ਹਨ ਅਤੇ ਮਿਉਂਸਿਪਲ ਕਮੇਟੀ ਤੋਂ ਮਿਲਣ ਵਾਲੀਆਂ ਸ਼ਹਿਰੀ ਸਹੂਲਤਾਂ ਹਾਲੇ ਤੱਕ ਮਿਲਣੀਆਂ ਸ਼ੁਰੂ ਨਹੀਂ ਹੋਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਉਕਤ ਪਿੰਡਾਂ ਦੇ ਵਸਨੀਕਾਂ ਨੂੰ ਸ਼ਹਿਰ ਵਾਲੀਆਂ ਸਹੂਲਤਾਂ ਦੇਣ ਵਿੱਚ ਕੀਤੀ ਜਾ ਰਹੀ ਦੇਰੀ ਦੇ ਕੀ ਕਾਰਨ ਹਨ?

**ਸ਼੍ਰੀ ਅਨਿਲ ਜੋਸ਼ੀ :** ਸ਼੍ਰੀਮਾਨ ਜੀ, ਇਹ ਠੀਕ ਹੈ ਕਿ ਜ਼ਿਲ੍ਹਾ ਮਾਨਸਾ ਦਾ ਪਿੰਡ ਬੁਢਲਾਡਾ ਨਗਰ ਕੌਂਸਲ, ਬੁਢਲਾਡਾ ਦੀ ਹਦੂਦ ਵਿੱਚ ਸ਼ਾਮਲ ਹੋ ਗਿਆ ਹੈ। ਸ਼ਾਮਲ ਹੋਣ ਤੋਂ ਬਾਅਦ ਪਿੰਡ ਬੁਢਲਾਡਾ ਨੂੰ ਮਿਲਣ ਵਾਲੀਆਂ ਪੇਂਡੂ ਸਹੂਲਤਾਂ ਬੰਦ ਹੋ ਗਈਆਂ ਹਨ। ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਬੁਢਲਾਡਾ ਵੱਲੋਂ ਪਿੰਡ ਬੁਢਲਾਡਾ ਵਿਖੇ ਵਾਟਰ ਸਪਲਾਈ ਅਤੇ ਸੀਵਰੇਜ ਪਾਉਣ ਲਈ ਯੂ.ਆਈ.ਡੀ.ਐਸ.ਐਸ.ਐਮ.ਟੀ. ਸਕੀਮ ਅਧੀਨ 24.90 ਕਰੋੜ ਰੁਪਏ ਦੀ ਡੀ.ਪੀ.ਆਰ. ਸਰਕਾਰ ਦੇ ਵਿਚਾਰ ਅਧੀਨ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਿੰਡ ਬੁਢਲਾਡਾ ਦਾ ਜੋ ਏਰੀਆ ਨਗਰ ਕੌਂਸਲ, ਬੁਢਲਾਡਾ ਵਿੱਚ ਸ਼ਾਮਲ ਹੋਇਆ ਹੈ, ਉਸ ਨੂੰ ਨਗਰ ਕੌਂਸਲ, ਬੁਢਲਾਡਾ ਵੱਲੋਂ ਸ਼ਹਿਰੀ ਸਹੂਲਤਾਂ ਜਿਵੇਂ ਕਿ ਸਟਰੀਟ ਲਾਈਟ ਅਤੇ ਸਫਾਈ ਆਦਿ ਦਿੱਤੀਆਂ ਜਾਂ ਰਹੀਆਂ ਹਨ ।

ਇਹ ਠੀਕ ਹੈ ਕਿ ਪਿੰਡ ਬੋਹਾ, ਜ਼ਿਲ੍ਹਾ ਮਾਨਸਾ ਨਗਰ ਪੰਚਾਇਤ ਬਣਨ ਨਾਲ ਪਿੰਡ ਬੋਹਾ ਨੂੰ ਪੇਂਡੂ ਸਹੂਲਤਾਂ ਮਿਲਣੀਆਂ ਬੰਦ ਹੋ ਗਈਆਂ ਹਨ।

ਨਗਰ ਪੰਚਾਇਤ ਵੱਲੋਂ ਸਫਾਈ ਦੀ ਸਹੂਲਤ ਦਿੱਤੀ ਜਾ ਰਹੀ ਹੈ। ਨਗਰ

[ ਸਥਾਨਕ ਸਰਕਾਰ ਮੰਤਰੀ ]

ਪੰਚਾਇਤ, ਬੋਹਾ ਵਿਖੇ ਵਾਟਰ ਸਪਲਾਈ ਅਤੇ ਸੀਵਰੇਜ ਪਾਉਣ ਲਈ ਅਤੇ ਗਲੀਆਂ/ਸੜਕਾਂ ਦੀ ਅਪਗਰੇਡੇਸ਼ਨ ਲਈ ਅਤੇ ਹੋਰ ਕੰਮਾਂ ਲਈ 8.35 ਕਰੋੜ ਰੁਪਏ ਦਾ ਲੋਨ ਹੁਡਕੋ ਤੋਂ ਪ੍ਰਵਾਨ ਹੋ ਚੁੱਕਾ ਹੈ ਅਤੇ ਇਸ ਸਬੰਧੀ ਛੇਤੀ ਹੀ ਕਾਰਵਾਈ ਕੀਤੀ ਜਾਵੇਗੀ ।

———

## ਸਰਕਾਰੀ ਕਿਰਤੀ ਡਿਗਰੀ ਕਾਲਜ ਵਿੱਚ ਅਧਿਆਪਕਾਂ ਦੀ ਭਰਤੀ ਕਰਨਾ

*1636. **ਸ਼੍ਰੀਮਤੀ ਵਨਿੰਦਰ ਕੌਰ ਲੂੰਬਾ :** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਪਾਤੜਾਂ, (ਜ਼ਿਲ੍ਹਾ ਪਟਿਆਲਾ) ਦੇ ਸਰਕਾਰੀ ਕਿਰਤੀ ਡਿਗਰੀ ਕਾਲਜ, ਪਾਤੜਾਂ ਵਿੱਚ ਵੱਖ-ਵੱਖ ਕੈਟੇਗਰੀਆਂ ਦੇ ਅਧਿਆਪਕਾਂ ਦੀ ਘਾਟ ਨੂੰ ਪੂਰਾ ਕਰਨ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ?

**ਸਰਦਾਰ ਸੁਰਜੀਤ ਸਿੰਘ ਰੱਖੜਾ :** ਸਰਕਾਰੀ ਕਿਰਤੀ ਡਿਗਰੀ ਕਾਲਜ, ਨਿਆਲ ਪਾਤੜਾਂ ਵਿੱਚ ਵੱਖ-ਵੱਖ ਕੈਟੇਗਰੀਆਂ ਦੇ ਲੈਕਚਰਾਰਾਂ ਦੀਆਂ ਕੁੱਲ 13 ਮਨਜ਼ੂਰਸ਼ੁਦਾ ਅਸਾਮੀਆਂ ਹਨ। ਇਨ੍ਹਾਂ ਅਸਾਮੀਆਂ ਤੇ ਰੈਗੂਲਰ 01, ਪਾਰਟ-ਟਾਈਮ 02 ਅਤੇ ਬਾਕੀ 10 ਖਾਲੀ ਅਸਾਮੀਆਂ ਤੇ ਗੈਸਟ ਫੈਕਲਟੀ ਲੈਕਚਰਾਰ ਕੰਮ ਕਰ ਰਹੇ ਹਨ। ਇਸ ਲਈ ਸਰਕਾਰੀ ਕਿਰਤੀ ਡਿਗਰੀ ਕਾਲਜ, ਨਿਆਲ ਪਾਤੜਾਂ, ਤਹਿਸੀਲ ਪਾਤੜਾਂ, ਜ਼ਿਲ੍ਹਾ ਪਟਿਆਲਾ ਵਿਖੇ ਲੈਕਚਰਾਰਾਂ ਦੀ ਕੋਈ ਘਾਟ ਨਹੀਂ ਹੈ।

———

## ਬਿਆਸ ਦਰਿਆ ਵਿੱਚ ਸਪੱਰ ਲਗਾਉਣਾ

*1587. **ਸਰਦਾਰ ਨਵਤੇਜ ਸਿੰਘ ਚੀਮਾ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਾਰਸ਼ਾਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਧਾਨ ਸਭਾ ਹਲਕਾ ਸੁਲਤਾਨਪੁਰ ਲੋਧੀ ਵਿੱਚੋਂ ਲੰਘਦੇ ਦਰਿਆ ਬਿਆਸ ਤੇ ਕਿੰਨੇ ਸਪੱਰ ਲਗਾਏ ਗਏ ਹਨ ਅਤੇ ਹੋਰ ਕਿੰਨੇ ਲਗਾਉਣ ਦੀ ਤਜਵੀਜ਼ ਹੈ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਬਰਸਾਤ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਸੁਲਤਾਨਪੁਰ ਲੋਧੀ ਹਲਕੇ ਵਿੱਚੋਂ ਲੰਘਦੇ ਦਰਿਆ ਬਿਆਸ ਤੇ

ਇੱਕ ਨੰਬਰ ਸਪੱਰ ਲਗਾਇਆ ਗਿਆ ਹੈ ਅਤੇ 3 ਨੰਬਰ ਪਹਿਲਾਂ ਬਣੇ ਸਪੱਰਾਂ ਨੂੰ ਰਿਸਟੋਰ ਕੀਤਾ ਗਿਆ ਹੈ। ਇਸ ਤੋਂ ਇਲਾਵਾ 7 ਨੰਬਰ ਸਟੱਡਜ ਨੂੰ ਰਿਪੇਅਰ ਵੀ ਕੀਤਾ ਗਿਆ ਹੈ।

——

## ਸੜਕ ਦੀ ਚੌੜਾਈ ਵਧਾਉਣਾ

*1575. **ਸਰਦਾਰ ਪਰਮਿੰਦਰ ਸਿੰਘ ਪਿੰਕੀ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਫਿਰੋਜ਼ਪੁਰ ਸ਼ਹਿਰ ਅੰਦਰ ਸ਼ਹੀਦ ਭਗਤ ਸਿੰਘ ਜੀ ਦੀ ਸਮਾਧ ਤੋਂ ਲੈ ਕੇ ਰਾਜੋਕੇ ਗੱਟੀ ਤੱਕ ਟੁੱਟੀ ਹੋਈ ਸੜਕ ਨੂੰ ਕਦੋਂ ਤੱਕ ਚੌੜਾ ਕਰ ਕੇ ਬਣਾ ਦਿੱਤਾ ਜਾਵੇਗਾ ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਸ਼੍ਰੀਮਾਨ ਜੀ, ਨਹੀਂ ਜੀ। ਹਾਲ ਦੀ ਘੜੀ ਮਾਰਕਿਟ ਕਮੇਟੀ, ਫਿਰੋਜ਼ਪੁਰ ਸ਼ਹਿਰ ਦੇ ਅਧਿਕਾਰ ਖੇਤਰ ਵਿਚ ਆਉਂਦੀ ਸ਼ਹੀਦ ਭਗਤ ਸਿੰਘ ਜੀ ਦੀ ਸਮਾਧ ਤੋਂ ਲੈ ਕੇ ਰਾਜੋਕੇ ਗੱਟੀ ਤੱਕ ਸੜਕ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

——

## ਜੱਸੋਵਾਲ ਡਰੇਨ ਉੱਤੇ ਪੁਲ ਦੀ ਉਸਾਰੀ

*1517. **ਸ਼੍ਰੀ ਐਸ. ਆਰ. ਕਲੇਰ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਗਰਾਉਂ ਨੇੜੇ ਗੁਰਦੁਆਰਾ ਬਾਬਾ ਲਾਲ ਸਿੰਘ ਅਤੇ ਗੁਰਦੁਆਰਾ ਬਾਬਾ ਨੰਦ ਸਿੰਘ ਜੀ ਵਿਖੇ ਆਉਣ ਵਾਲੀ ਸੰਗਤ ਦੀ ਸਹੂਲਤ ਲਈ ਜੱਸੋਵਾਲ ਡ੍ਰੇਨ ਉਪਰ ਪੁਲ ਦੀ ਉਸਾਰੀ ਕਰਨ ਲਈ ਸਰਕਾਰ ਵਿਚਾਰ ਕਰੇਗੀ; ਜੇਕਰ ਕਰੇਗੀ ਤਾਂ ਕਦੋਂ ਤੱਕ ?

**ਸਰਦਾਰ ਤੋਤਾ ਸਿੰਘ :** ਜੀ ਨਹੀਂ, ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

——

## ਬਨੂੜ ਵਿਖੇ ਪੀਣ ਵਾਲੇ ਪਾਣੀ ਦੀ ਸਪਲਾਈ

*1559. **ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕਸਬਾ ਬਨੂੜ ਵਿਖੇ ਲੋਕਾਂ ਨੂੰ ਲੋੜੀਂਦਾ

[ ਸਰਦਾਰ ਹਰਦਿਆਲ ਸਿੰਘ ਕੰਬੋਜ ]

ਸਾਫ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ; ਜੇਕਰ ਨਹੀਂ ਤਾਂ ਇਸ ਸਬੰਧੀ ਪ੍ਰਾਪਤ ਸ਼ਿਕਾਇਤਾਂ ਉਤੇ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਗਈ ਹੈ ਅਤੇ ਲੋਕਾਂ ਨੂੰ ਸਾਫ਼ ਪਾਣੀ ਮੁਹੱਈਆ ਕਰਵਾਉਣ ਹਿੱਤ ਕੀ ਕੀ ਕਦਮ ਚੁੱਕੇ ਗਏ ਹਨ ?

**ਸ਼੍ਰੀ ਅਨਿਲ ਜੋਸ਼ੀ :** ਜੀ ਹਾਂ। ਵਾਰਡ ਨੰ:6 ਅਤੇ 7 ਦੇ ਵਸਨੀਕਾਂ ਵਲੋਂ ਉਨ੍ਹਾਂ ਨੂੰ ਸਾਫ਼ ਪਾਣੀ ਨਾ ਮਿਲਣ ਸਬੰਧੀ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਪਹਿਲਾਂ ਵਾਰਡ ਨੰ:3 ਵਿੱਚ ਲੱਗੇ ਟਿਊਬਵੈੱਲ ਤੋਂ ਵਾਟਰ ਸਪਲਾਈ ਦੀ ਪਾਈਪ ਲਾਈਨ ਪਾ ਕੇ ਵਾਰਡ ਨੰ: 6 ਅਤੇ 7 ਦੇ ਵਸਨੀਕਾਂ ਲਈ ਪੀਣ ਵਾਲੇ ਪਾਣੀ ਦਾ ਪ੍ਰਬੰਧ ਕੀਤਾ ਗਿਆ ਸੀ। ਹੁਣ ਵਾਰਡ ਨੰ:7 ਵਿੱਚ ਦੋ ਟਿਊਬਵੈੱਲ ਕੰਮ ਕਰ ਰਹੇ ਹਨ ਜਿਨ੍ਹਾਂ ਰਾਹੀਂ ਇਨ੍ਹਾਂ ਵਾਰਡਾਂ ਵਿੱਚ ਰਹਿੰਦੇ ਵਸਨੀਕਾਂ ਨੂੰ ਅਤੇ ਬਾਕੀ ਟਿਊਬਵੈੱਲਾਂ ਰਾਹੀਂ ਸ਼ਹਿਰ ਵਾਸੀਆਂ ਨੂੰ ਨਗਰ ਕੌਂਸਲ ਵੱਲੋਂ ਸਾਫ਼ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ।

----

## ਲਿੰਕ ਸੜਕਾਂ ਦੀ ਉਸਾਰੀ

***1554. ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨੇੜਲੇ ਭਵਿੱਖ ਵਿੱਚ ਜ਼ਿਲ੍ਹਾ ਫਰੀਦਕੋਟ ਵਿੱਚ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਅਧੀਨ ਬਣਾਈਆਂ ਜਾਣ ਵਾਲੀਆਂ ਲਿੰਕ ਸੜਕਾਂ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਲਿੰਕ ਸੜਕਾਂ ਤੇ ਕੰਮ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਤੋਤਾ ਸਿੰਘ :** ਸ਼੍ਰੀਮਾਨ ਜੀ, ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਜ਼ਿਲ੍ਹਾ ਫਰੀਦਕੋਟ ਵਿੱਚ ਲਿੰਕ ਸੜਕਾਂ ਦੀ ਨਵੀਂ ਉਸਾਰੀ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ। ਭਾਰਤ ਸਰਕਾਰ ਦੀ ਪਾਲਿਸੀ ਅਨੁਸਾਰ ਇਸ ਵੇਲੇ 37.95 ਕਿਲੋਮੀਟਰ ਦੀਆਂ ਚਾਰ (4) ਸੜਕਾਂ ਨੂੰ 18.06 ਕਰੋੜ ਰੁਪਏ ਦੀ ਲਾਗਤ ਨਾਲ ਚੌੜਾ ਅਤੇ ਮਜ਼ਬੂਤ ਕਰਨ ਦਾ ਕੰਮ ਪ੍ਰਗਤੀ ਅਧੀਨ ਹੈ। ਇਸ ਤੋਂ ਇਲਾਵਾ ਜ਼ਿਲ੍ਹੇ ਦੀਆਂ 9 ਲਿੰਕ ਸੜਕਾਂ ਜਿਨ੍ਹਾਂ ਦੀ ਕੁੱਲ ਲੰਬਾਈ 78.98 ਕਿਲੋਮੀਟਰ ਹੈ, ਨੂੰ ਚੌੜਾ ਅਤੇ ਮਜ਼ਬੂਤ ਕਰਨ ਲਈ 48.51 ਕਰੋੜ ਰੁਪਏ ਦਾ ਇੱਕ ਪ੍ਰੋਜੈਕਟ ਕੇਂਦਰ ਸਰਕਾਰ ਨੂੰ ਪ੍ਰਵਾਨਗੀ ਲਈ ਭੇਜਿਆ ਗਿਆ ਹੈ। ਇਨ੍ਹਾਂ ਸੜਕਾਂ ਦਾ ਵੇਰਵਾ ਨਾਲ ਨੱਥੀ ਅਨੁਲੱਗ-ੳ ਵਿੱਚ ਦਿੱਤਾ ਗਿਆ ਹੈ।

ਪ੍ਰਵਾਨਗੀ ਮਿਲਣ ਤੇ ਇਨ੍ਹਾਂ 9 ਸੜਕਾਂ ਦਾ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ ।

## ਅਨੁਲੱਗ ੳ

1. ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਚੌੜੀਆਂ ਅਤੇ ਮਜ਼ਬੂਤ ਕੀਤੀਆਂ ਜਾ ਰਹੀਆਂ ਸੜਕਾਂ ਦਾ ਵੇਰਵਾ:-

| **ਲੜੀ ਨੰ:** | **ਸੜਕ ਦਾ ਨਾਂ** | **ਲੰਬਾਈ (ਕਿ:ਮੀ:)** | **ਲਾਗਤ (ਲੱਖਾਂ ਵਿੱਚ)** |
|---|---|---|---|
| 1 | ਕੰਮੇਆਣਾ ਤੋਂ ਡੱਗੇਰੁਮਾਣਾਂ up to ਫਿੱਡੇ ਕਲਾਂ | 9.72 | 506.08 |
| 2 | ਕਲੇਰ ਤੋਂ ਕੋਟ ਸੁਖੀਆ ਤੋਂ ਬੱਗੇਆਣਾ up to ਪੰਜਗਰਾਈਂ | 7.72 | 360.77 |
| 3 | ਗੋਲੇਵਾਲਾ ਤੋਂ ਚੁੱਘੇਵਾਲਾ ਤੋਂ ਡਿਫੈਂਸ ਰੋਡ up to ਸ੍ਰੀ ਮੁਕਤਸਰ ਸਾਹਿਬ-ਫਿਰੋਜ਼ਪੁਰ ਰੋਡ | 11.96 | 570.83 |
| 4 | ਬੱਗੇਆਣਾ ਤੋਂ ਪੰਜਗਰਾਈਂ | 8.55 | 368.60 |
| | **ਕੁੱਲ ਜੋੜ** | **37.95** | **1806.28** |

2. ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਜ਼ਿਲ੍ਹਾ ਫਰੀਦਕੋਟ ਦੀਆਂ ਮਜ਼ਬੂਤ ਅਤੇ ਚੌੜੀਆਂ ਕੀਤੀਆਂ ਜਾਣ ਵਾਲੀਆਂ ਸੜਕਾਂ ਦਾ ਵੇਰਵਾ:-

| ਲੜੀ ਨੰ: | ਬਲਾਕ | ਸੜਕ ਦਾ ਨਾਂ | ਲੰਬਾਈ (ਕਿ:ਮੀ:) | ਅੰਦਾਜਨ ਲਾਗਤ (ਲੱਖਾਂ ਵਿੱਚ) |
|---|---|---|---|---|
| 1 | ਫਰੀਦਕੋਟ | ਫਰੀਦਕੋਟ ਤੋਂ ਢੀਮਾਂਵਾਲੀ up to ਬਲਾਕ ਬਾਊਂਡਰੀ | 6.70 | 426.34 |
| 2 | ਫਰੀਦਕੋਟ | ਚਹਿਲ ਤੋਂ ਕੋਟ ਸੁਖੀਆ ਤੋਂ ਭਲੂਰ | 14.70 | 805.95 |
| 3 | ਫਰੀਦਕੋਟ | ਐਸ.ਐਚ-15 ਗੋਲੇਵਾਲਾ ਤੋਂ ਭਾਂਗਰ | 7.10 | 505.72 |

[ ਖੇਤੀਬਾੜੀ ਮੰਤਰੀ ]

| | | | |
|---|---|---|---|
| 4 | ਫਰੀਦਕੋਟ ਐਮ.ਡੀ.ਆਰ-46 ਮਹਿਮੂਆਣਾਂ ਤੋਂ ਐਸ. ਐਚ.-15 | 13.00 | 795.04 |
| 5 | ਫਰੀਦਕੋਟ ਐਸ.ਐਚ-16 ਵਾਂਦਰ ਜੱਟਾਣਾ ਤੋਂ ਫਿੱਡੇਕਲਾਂ up to ਬਲਾਕ ਬਾਊਂਡਰੀ | 7.10 | 448.65 |
| 6 | ਕੋਟਕਪੂਰਾ ਜੈਤੋਂ ਤੋਂ ਕੋਟਲੀ ਅਬਲੂ up to ਬਲਾਕ ਬਾਊਂਡਰੀ | 9.12 | 564.29 |
| 7 | ਕੋਟਕਪੂਰਾ ਐਸ.ਐਚ-16 ਵਾੜਾਦਰਾਕਾ ਤੋਂ ਵਾਂਦਰ ਜੱਟਾਣਾ ਤੋਂ ਢੀਮਾਂਵਾਲੀ up to ਮਚਾਕੀ ਮੱਲ ਸਿੰਘ | 7.23 | 412.50 |
| 8 | ਕੋਟਕਪੂਰਾ ਐਨ.ਐਚ-15 ਬਰਗਾੜੀ ਤੋਂ ਬੰਬੀਹਾ ਭਾਈ ਅਪਟੂ ਪੀ.ਐਮ.ਜੀ.ਐਸ.ਵਾਈ. ਰੋਡ ਚੰਨੂਵਾਲਾ ਤੋਂ ਵਾਂਦਰ | 6.40 | 364.89 |
| 9 | ਕੋਟਕਪੂਰਾ ਜੈਤੋਂ ਰੋਡ ਤੋਂ ਹਰੀਨੌਂ | 7.63 | 528.09 |
| | ਕੁੱਲ ਜੋੜ | 78.98 | 4851.47 |

----

## MATTERS RAISED DURING ZERO HOUR AND STATEMENTS BY THE DEPUTY CHIEF MINISTER/ MINISTERS THEREON

**ਮਾਨਯੋਗ ਸਪੀਕਰ :** ਹੁਣ ਕਾਲ ਅਟੈਂਨਸ਼ਨ ਲਈ ਜਾਵੇਗੀ।

**(ਅਵਾਜ਼ਾਂ:** ਨਹੀਂ ਜੀ, ਪਹਿਲਾਂ ਜ਼ੀਰੋ ਆਵਰ ਹੋਣਾ ਚਾਹੀਦਾ ਹੈ। )

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਜ਼ੀਰੋ ਆਵਰ ਤੋਂ ਪਹਿਲਾਂ ਮੈਂ ਇਕ ਪ੍ਰਿਵਿਲੇਜ ਮੋਸ਼ਨ ਮੂਵ ਕੀਤਾ ਹੈ ....

**ਮਾਨਯੋਗ ਸਪੀਕਰ :** ਮੈਂ ਉਸ ਨੂੰ ਐਗਜ਼ਾਮਿਨ ਕਰਵਾ ਰਿਹਾ ਹਾਂ। ਮੈਂ ਸੈਕਟਰੀ ਨੂੰ ਲਿਖ ਦਿੱਤਾ ਹੈ ਅਤੇ ਉਹ ਐਗਜ਼ਾਮਿਨ ਹੋ ਰਹੀ ਹੈ। (ਸ਼ੋਰ..) (ਵਿਘਨ) ਮੇਰੀ ਬੇਨਤੀ ਇਹ ਹੈ ਕਿ ਮੈਂ ਐਗਜ਼ਾਮਿਨ ਕਰਵਾਏ ਬਗੈਰ ਇਥੇ ਇਮੀਜੀਏਟ ਕਿਵੇਂ ਅਨਾਊਂਸ ਕਰ ਸਕਦਾ ਹਾਂ। ਮੈਂ ਸੈਕਟਰੀ ਨੂੰ ਐਗਜ਼ਾਮਿਨ ਕਰਨ ਲਈ ਲਿਖ ਦਿੱਤਾ ਹੈ। ਹੁਣੇ ਹੀ ਇਹ ਦਿੱਤਾ ਹੈ। ਹਾਂ ਜੀ, ਰੰਧਾਵਾ ਜੀ।

**ਸਰਦਾਰ ਸੁਖਜਿੰਦਰ ਸਿੰਘ :** ਸਪੀਕਰ ਸਾਹਿਬ, ਧੰਨਵਾਦ। ਕੱਲ੍ਹ ਇਥੇ ਰਾਜਾ ਵੜਿੰਗ, ਐਮ.ਐਲ.ਏ. ਦੀ ਗੱਲ ਹੋਈ ਸੀ .....

**ਮਾਨਯੋਗ ਸਪੀਕਰ :** ਉਹ ਤਾਂ ਕੱਲ੍ਹ ਗੱਲ ਹੋ ਗਈ ਸੀ ਅਤੇ ਇਸ ਤੇ ਡਿਬੇਟ ਵੀ ਹੋ ਗਈ ਸੀ।

**ਸਰਦਾਰ ਸੁਖਜਿੰਦਰ ਸਿੰਘ :** ਸਰ, ਮੈਂ ਇਕ ਮਿੰਟ ਕਹਿਣਾ ਚਾਹੁੰਦਾ ਹਾਂ......

**ਮਾਨਯੋਗ ਸਪੀਕਰ :** ਨਹੀਂ ਜੀ, ਉਹ ਕੱਲ੍ਹ ਗੱਲ ਹੋ ਗਈ ਸੀ।

**ਸਰਦਾਰ ਸੁਖਜਿੰਦਰ ਸਿੰਘ :** ਸਰ, ਇਕ ਮਿੰਟ ਗੱਲ ਤਾਂ ਸੁਣ ਲਵੋ ਜੀ। ਕੱਲ੍ਹ ਇਥੇ ਡਿਪਟੀ ਸੀ.ਐਮ. ਸਾਹਿਬ ਨੇ ਸਟੇਟਮੈਂਟ ਦਿੱਤੀ ਅਤੇ ਸਾਡੇ ਲੀਡਰ ਉਸ ਵੇਲੇ ਬੈਠ ਗਏ। ਸਾਡੇ ਲੀਡਰ ਨੇ ਕਿਹਾ ਸੀ ਕਿ ਉਸ ਐਸ.ਐਸ.ਪੀ. ਨੂੰ ਡਿਸਮਿਸ ਕੀਤਾ ਗਿਆ ਸੀ। ਡਿਪਟੀ ਸੀ.ਐਮ. ਸਾਹਿਬ ਨੇ ਕਿਹਾ ਕਿ ਉਸ ਐਸ.ਐਸ.ਪੀ. ਨੂੰ ਡਿਸਮਿਸ ਨਹੀਂ ਕੀਤਾ ਗਿਆ। ਮੈਂ ਤੁਹਾਡੇ ਰਾਹੀਂ ਇਸ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ....

**ਮਾਨਯੋਗ ਸਪੀਕਰ :** ਇਹ ਤੁਸੀਂ ਪਰਸਨਲੀ ਮਿਲ ਕੇ ਉਨ੍ਹਾਂ ਨੂੰ ਦੱਸ ਦੇਣਾ।

**ਸਰਦਾਰ ਸੁਖਜਿੰਦਰ ਸਿੰਘ :** ਨਹੀਂ ਸਰ, ਸਾਡੀ ਇਥੇ ਤੌਹੀਨ ਹੋ ਰਹੀ ਹੈ। ਸਾਡੇ ਆਪੋਜ਼ੀਸ਼ਨ ਲੀਡਰ ਉਸੇ ਵੇਲੇ ਹੀ ਬੈਠ ਗਏ ਸਨ। ਪੁਲਿਸ ਸਟੇਸ਼ਨ, ਫਰੀਦਕੋਟ ਵਿਖੇ ਐਫ.ਆਈ.ਆਰ. ਨੰ: 84 ਮਿਤੀ 18.6.2002 ਅੰਡਰ ਸੈਕਸ਼ਨ 192, 201, 408, 465, 468, 471 ਅਤੇ 120-ਬੀ ਆਫ ਕੁਰੱਪਸ਼ਨ ਐਕਟ ਤਹਿਤ ਉਸ ਉਪਰ ਪਰਚਾ ਦਰਜ ਹੋਇਆ ਸੀ ਅਤੇ ਇਸ ਕੇਸ ਵਿਚ ਉਸ ਨੂੰ ਦੋ ਸਾਲ ਦੀ ਸਜ਼ਾ ਹੋਈ। ਇਸ ਤੋਂ ਬਾਅਦ ਮਿਤੀ 14.12.2011 ਨੂੰ ਉਸ ਨੂੰ ਸਸਪੈਂਡ ਕੀਤਾ ਗਿਆ, ਉਸੇ ਦਿਨ ਹੀ ਧਾਰਾ 311

[ ਸਰਦਾਰ ਸੁਖਜਿੰਦਰ ਸਿੰਘ ]

ਦੇ ਅਧੀਨ ਉਸ ਨੂੰ ਡਿਸਮਿਸ ਕੀਤਾ ਗਿਆ ਸੀ। ਉਸ ਤੋਂ ਬਾਅਦ ਉਹ ਹਾਈ ਕੋਰਟ ਗਿਆ। ਡਿਪਟੀ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਉਹ ਡਿਸਮਿਸ ਨਹੀਂ ਹੋਇਆ। ਸਾਲ 2011 ਵਿਚ ਤੁਸੀਂ ਪੀ.ਪੀ.ਐਸ.ਸੀ. ਨੂੰ ਉਸ ਦੀ ਡਿਸਮਿਸਲ ਬਾਰੇ ਲਿਖਿਆ .... (ਸ਼ੋਰ..) (ਵਿਘਨ..)

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸਪੀਕਰ ਸਾਹਿਬ, ਕੱਲ੍ਹ ਇਹ ਇਸ਼ੂ ਮਾਨਯੋਗ ਮੈਂਬਰ ਦੁਆਰਾ ਉਠਾਇਆ ਗਿਆ ਸੀ। ਇਹ ਕਹਿੰਦੇ ਹਨ ਕਿ ਉਹ ਐਸ.ਐਸ.ਪੀ. ਕਿਵੇਂ ਲੱਗ ਸਕਦਾ ਹੈ ਜੇਕਰ ਉਹ ਡਿਸਮਿਸ ਹੋਇਆ ਸੀ ਅਤੇ ਉਸ ਨੂੰ ਚਾਰ ਸਾਲ ਦੀ ਸਜ਼ਾ ਵੀ ਹੋਈ ਸੀ। ਮੈਂ ਕਿਹਾ ਸੀ ਕਿ ਅਗਰ ਕਿਸੇ ਨੂੰ ਸਜ਼ਾ ਹੁੰਦੀ ਹੈ ਤਾਂ ਉਹ ਐਸ.ਐਸ.ਪੀ. ਨਹੀਂ ਲੱਗ ਸਕਦਾ । ਇਹੀ ਮੈਂ ਕਿਹਾ ਸੀ that since he was exonerated by the Hon'ble High Court, ਇਸੇ ਕਰਕੇ ਹੀ ਉਹ ਪੁਲਿਸ ਵਿਚ ਹੈ। ਨਹੀਂ ਤਾਂ ਉਹ ਪੁਲਿਸ ਵਿਚ ਨਹੀਂ ਰਹਿ ਸਕਦਾ ਸੀ...

**ਮਾਨਯੋਗ ਸਪੀਕਰ :** ਜਦ ਤੱਕ ਕੋਈ ਗਿਲਟੀ ਪਰੂਵ ਨਾ ਹੋ ਜਾਵੇ, ਉਸ ਕੋਲ ਸਾਰੀਆਂ ਰੈਮਿਡੀਜ਼ ਹੁੰਦੀਆਂ ਹਨ। ਉਨੀ ਦੇਰ ਤੱਕ ਆਪਾਂ ਕਿਸੇ ਨੂੰ ਮੁਜਰਮ ਕਿਵੇਂ ਠਹਿਰਾ ਸਕਦੇ ਹਾਂ?

**ਉਪ ਮੁੱਖ ਮੰਤਰੀ :** ਉਸ ਨੇ ਕੋਰਟ ਵਿਚ ਅਪੀਲ ਕੀਤੀ ਅਤੇ ਉਹ ਬਹਾਲ ਹੋ ਗਿਆ। The Court had exonerated him.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਉਪ ਮੁੱਖ ਮੰਤਰੀ ਜੀ ਨੇ ਕਿਹਾ ਸੀ ਕਿ ਸਜ਼ਾ ਵਾਲਾ ਬੰਦਾ ਐਸ.ਐਸ.ਪੀ. ਹੋ ਨਹੀਂ ਸਕਦਾ। Then I said, if I am wrong ਅਤੇ ਮੈਂ ਫਿਰ ਬੈਠ ਗਿਆ ਸੀ। ਸਾਡੇ ਮੈਂਬਰ ਸਾਹਿਬ ਕਹਿ ਰਹੇ ਹਨ ਕਿ ਉਸ ਨੂੰ ਸਜ਼ਾ ਹੋਈ ਸੀ but he was exonerated by the Court.

**ਮਾਨਯੋਗ ਸਪੀਕਰ :** ਉਹ ਅਪੀਲ ਵਿਚ ਜਾ ਸਕਦਾ ਹੈ। ਇਹ ਉਸ ਦਾ ਰਾਈਟ ਹੈ।

**ਸ਼੍ਰੀ ਸੁਨੀਲ ਜਾਖੜ :** ਸਰ, ਜਿਹੜਾ ਪ੍ਰਿਵਿਲੇਜ ਮੋਸ਼ਨ ਹੈ। ਇਸ ਵਿਚ ਲੀਗਲ ਪੁਆਇੰਟ ਹੈ। ਤੁਸੀਂ ਇਸ ਨੂੰ ਸੀਰਅਸਲੀ ਐਗਜ਼ਾਮਿਨ ਕਰੋ। ਅੱਜ ਸੈਸ਼ਨ ਦੀ ਲਾਸਟ ਡੇਟ ਹੈ।

**ਮਾਨਯੋਗ ਸਪੀਕਰ :** ਮੈਂ ਇਮੀਜੀਏਟਲੀ ਨਹੀਂ ਕਰ ਸਕਦਾ ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਹ ਆਨ ਗੋਇੰਗ ਇਨਵੈਸਟੀਗੇਸ਼ਨ ਵਿੱਚ ਪਬਲੀਕਲੀ ਇਨਫਰਮੇਸ਼ਨ ਹੈ....

**ਮਾਨਯੋਗ ਸਪੀਕਰ :** ਇੱਕ ਮਿੰਟ, ਜਾਖੜ ਸਾਹਿਬ, ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ:-

**"A Member wishing to raise a Question of Privilege shall give notice in writing to the Secretary before the commencement of the sitting on the day the question is proposed to be raised. If a question raised is based on a document, the notice shall be accompanied by a document."**

ਤੁਹਾਨੂੰ ਇੱਕ ਦਿਨ ਪਹਿਲਾਂ ਨੋਟਿਸ ਦੇਣਾ ਚਾਹੀਦਾ ਸੀ । ਨੋਟਿਸ ਤੁਹਾਡਾ 10.40 ਵਜੇ ਰਿਸੀਵ ਹੋਇਆ ਹੈ । ਇਹ ਦੇਖ ਲਓ ਕਿ ਕਦੋਂ ਮੈਂ ਉਸ ਨੂੰ ਐਗਜ਼ਾਮਿਨ ਕਰ ਸਕਦਾ ਹਾਂ ਤੇ ਕਦੋਂ ਤੁਹਾਨੂੰ ਉਸ ਤੇ ਕਲੈਰੀਫਿਕੇਸ਼ਨ ਦਿਵਾ ਸਕਦਾ ਹਾਂ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਇਰੀਗੇਸ਼ਨ ਮੰਤਰੀ ਤੇ ਡਿਪਟੀ ਮੁੱਖ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ .....

**ਮਾਨਯੋਗ ਸਪੀਕਰ :** ਦੱਸਣਾ ਨਹੀਂ, ਧਿਆਨ ਦਿਵਾਉਣਾ ਹੈ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਨਹੀਂ ਜੀ ਨਹੀਂ । ਮੈਂ ਤੁਹਾਨੂੰ ਐਡਜਰਨਮੈਂਟ ਮੋਸ਼ਨ ਵਾਸਤੇ ਵੀ ਲਿਖਿਆ ਸੀ ਕਿਉਂਕਿ ਸਾਡਾ ਪੰਜਾਬ ਦਾ 200 ਕਿਊਸਿਕ ਪਾਣੀ ਹਰਿਆਣੇ ਨੂੰ ਜਾ ਰਿਹਾ ਹੈ।

**ਮਾਨਯੋਗ ਸਪੀਕਰ :** ਉਹ ਡਿਸ-ਅਲਾਓ ਹੋ ਗਈ ਹੈ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਦੋ ਕਿਊਸਿਕ ਪਾਣੀ ਦਾ ਫਾਇਦਾ ਲੈਣ ਲਈ 200 ਕਿਊਸਿਕ ਪਾਣੀ ਹਰਿਆਣੇ ਨੂੰ ਜਾ ਰਿਹਾ ਹੈ । ਉਤੋਂ ਬਾਰਸ਼ ਨਹੀਂ ਪੈ ਰਹੀ ।

**ਮਾਨਯੋਗ ਸਪੀਕਰ :** ਉਹ ਤੁਹਾਡੀ ਮੋਸ਼ਨ ਡਿਸ-ਅਲਾਓ ਹੋ ਗਈ ਹੈ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਭਾਖੜਾ ਦਾ ਪਾਣੀ ਮਿਲਣਾ ਸੀ ਤੇ ਸਾਡੇ 60 ਪਿੰਡ ਤਿਹਾਏ ਮਰ ਰਹੇ ਹਨ । ਇੱਕ ਰਾਜ ਸਭਾ ਦਾ ਮੈਂਬਰ ਦੋ ਕਿਊਸਿਕ ਪਾਣੀ ਵਾਸਤੇ 200 ਕਿਊਸਿਕ ਪਾਣੀ ਹਰਿਆਣੇ ਨੂੰ ਦੇ ਰਿਹਾ ਹੈ । ਉਹ ਮੰਨ ਰਿਹਾ ਹੈ ਕਿ ਮੇਰੇ ਤੋਂ ਗਲਤੀ ਤਾਂ ਹੋਈ ਹੈ ਪਰ ਬਹੁਤੀ ਵੱਡੀ ਨਹੀਂ (ਵਿਘਨ) (ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਰਾਜ ਦੇ ਡਿਪਟੀ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਨੌਜਵਾਨਾਂ ਤੇ ਖਾਸ ਕਰਕੇ ਵਿਦਿਆਰਥੀਆਂ ਦੀ ਇੱਕ ਬਹੁਤ ਵੱਡੀ, ਪੁਰਾਣੀ ਤੇ ਲੰਬੀ ਮੰਗ ਹੈ ਜਿਸ ਨੂੰ ਸਾਡੇ ਸਤਿਕਾਰਯੋਗ ਡਿਪਟੀ ਮੁੱਖ ਮੰਤਰੀ ਸਾਹਿਬ ਨੇ ਸਾਲ 2007 ਦੀਆਂ ਚੋਣਾਂ ਤੋਂ ਪਹਿਲਾਂ ...

**ਮਾਨਯੋਗ ਸਪੀਕਰ :** ਨਾਗਰਾ ਜੀ, ਕੋਈ ਕਰੰਟ ਮਸਲਾ ਹੈ ਤਾਂ ਦੱਸੋ ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਮੈਂ ਉਹ ਹੀ ਦੱਸ ਰਿਹਾ ਹਾਂ ਕਿ ਵਿਦਿਆਰਥੀ ਚੋਣਾਂ ਜਿਹੜੀਆਂ ਹਨ, ਸਾਰਾ ਡੈਮੋਕਰੇਸੀ ਸੈੱਟ ਅੱਪ ਸਥਾਪਿਤ ਹੋ ਰਿਹਾ ਹੈ, ਸਾਰੀਆਂ ਚੋਣਾਂ ਹੋ ਰਹੀਆਂ ਹਨ ਪਰ ਪੰਜਾਬ ਵਿੱਚ ਵਿਦਿਆਰਥੀਆਂ ਦੀਆਂ ਚੋਣਾਂ ਨਹੀਂ ਹੋ ਰਹੀਆਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਲਿੰਗਦੋਹ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕੀਤੀਆਂ ਜਾਣ। ਸੁਪਰੀਮ ਕੋਰਟ ਆਫ ਇੰਡੀਆ ਨੇ ਡਾਇਰੈਕਸ਼ਨ ਦਿੱਤੀ ਹੈ । ਮੇਰੇ ਕੋਲ ਚਿੱਠੀ ਸੀ ।

**ਮਾਨਯੋਗ ਸਪੀਕਰ :** ਧੰਨਵਾਦ ਜੀ ।ਤੁਸੀਂ ਬੈਠੋ ਜੀ ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਰ, ਇੱਕ ਮਿੰਟ ਪੂਰਾ ਤਾਂ ਕਰਨ ਦਿਓ। ਮੈਂ ਕੋਈ ਗਲਤ ਗੱਲ ਤਾਂ ਨਹੀਂ ਕਰ ਰਿਹਾ ।

**Mr. Speaker :** Nagra ji, This is not a current matter.

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਰ, ਸੁਪਰੀਮ ਕੋਰਟ ਦੀਆਂ ਰਿਕੁਮੈਂਡੇਸ਼ਨਜ਼ ਹਨ ।ਇਸ ਬਾਰੇ ਐਚ. ਆਰ. ਡੀ. ਮਨਿਸਟਰੀ ਨੇ ਲਿਖਿਆ ਹੈ ਅਤੇ ਇਹ ਮੇਰੇ ਕੋਲ ਚਿੱਠੀ ਹੈ ।

**ਮਾਨਯੋਗ ਸਪੀਕਰ :** ਤੁਸੀਂ ਇਹ ਚਿੱਠੀ ਡਿਪਟੀ ਸੀ. ਐਮ. ਸਾਹਿਬ ਨੂੰ ਦੇ ਦੇਣਾ ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਇਹ ਜਵਾਬ ਦੇਣ ਕਿ ਪੰਜਾਬ ਵਿੱਚ ਵਿਦਿਆਰਥੀ ਚੋਣਾਂ ਕਿਉਂ ਨਹੀਂ ਕਰਵਾਈਆਂ ਜਾ ਰਹੀਆਂ ?

**Mr. Speaker :** I can't compel any Minister to reply. ਮੈਂ ਕਿਸੇ ਨੂੰ ਕੰਪੈਲ ਨਹੀਂ ਕਰ ਸਕਦਾ । (ਵਿਘਨ) (ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਅਸੀਂ ਵਿਦਿਆਰਥੀਆਂ ਕੋਲੋਂ ਉਨ੍ਹਾਂ ਦਾ ਰਾਈਟ ਖੋਹ ਰਹੇ ਹਾਂ (ਵਿਘਨ) (ਸ਼ੋਰ) ** ** ** ** **

**Mr. Speaker :** Nothing should be recorded.

**ਸਰਦਾਰ ਜਗਮੋਹਨ ਸਿੰਘ ਕੰਗ** : ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਦੋ ਬਹੁਤ ਹੀ ਅਹਿਮ ਮੁੱਦੇ ਲਿਆਉਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਮਾਜਰੀ ਸਬ ਤਹਿਸੀਲ ਵਿੱਚ ਇੱਕ ਮਹੀਨਾ ਹੋ ਗਿਆ ਹੈ, ਕੋਈ ਨਾਇਬ ਤਹਿਸੀਲਦਾਰ ਨਹੀਂ ਆ ਰਿਹਾ । ਅੱਜ ਅਜੀਤ ਅਖਬਾਰ ਨੇ ਕੀ ਲਿਖਿਆ ਹੈ : ਸਬ ਤਹਿਸੀਲ ਮਾਜਰੀ ਵਿੱਚ ਲਾਏ ਕੁੱਤਿਆਂ ਨੇ ਡੇਰੇ । (ਹਾਸਾ) ਹਾਹਾਕਾਰ ਮਚੀ ਪਈ ਹੈ । ਕੋਈ ਐਫੀਡੇਵਿਟ ਤੱਕ ਅਟੈਸਟ ਨਹੀਂ ਹੋ ਰਿਹਾ, ਕੁਝ ਵੀ ਨਹੀਂ ਹੋ ਰਿਹਾ ।

**ਮਾਨਯੋਗ ਸਪੀਕਰ :** ਤੁਹਾਡਾ ਪੁਆਇੰਟ ਆ ਗਿਆ ਹੈ ।

**ਸਰਦਾਰ ਜਗਮੋਹਨ ਸਿੰਘ ਕੰਗ :** ਮੇਰੀ ਦੂਜੀ ਬੇਨਤੀ ਹੈ । ਕੱਲ੍ਹ ਡਿਪਟੀ ਸੀ. ਐਮ. ਸਾਹਿਬ ਨੇ ਅਤੇ ਐਫ. ਐਮ. ਸਾਹਿਬ ਨੇ ਬਜਟ ਤੇ ਪੋਚੇ ਪਾਏ .. ** ** ** **

**Mr. Speaker :** Now you are going beyond your limit. (interruptions) Nothing should be recorded.

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ,ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਸਪੀਕਰ ਸਾਹਿਬ, ਇਨ੍ਹਾਂ ਨੇ ਨਾਇਬ ਤਹਿਸੀਲਦਾਰ, ਮਾਜਰੀ ਦੀ ਗੱਲ ਕੀਤੀ ਹੈ । ਇੱਕ ਤਾਂ ਇਹ ਹਰ ਗੱਲ ਤੇ ਹਾਹਾਕਾਰ ਮਚਾ ਦਿੰਦੇ ਹਨ। ਮੈਂ ਇੱਕ ਬੇਨਤੀ ਕਰਦਾ ਹਾਂ ਕਿ ਦੋ ਨਾਇਬ ਤਹਿਸੀਲਦਾਰ ਪਿਛਲੇ ਸਮੇਂ ਵਿੱਚ ਸਸਪੈਂਡ ਹੋਏ ਸਨ ਕਿਉਂਕਿ ਉਨ੍ਹਾਂ ਦੇ ਖਿਲਾਫ ਕੋਈ ਗੱਲ ਆਈ ਸੀ ।ਇਹ ਸ਼ਾਇਦ ਤੁਹਾਡਾ ਏਰੀਆ

**Not recorded as ordered by the Chair.

[ ਮਾਲ ਤੇ ਮੁੜ ਵਸੇਬਾ ਮੰਤਰੀ ]

(ਸਰਦਾਰ ਜਗਮੋਹਨ ਸਿੰਘ ਕੰਗ ਵੱਲ ਇਸ਼ਾਰਾ) ਪੈਂਦਾ ਹੈ। ਇਹੋ ਜਿਹੀ ਦਰਿਆ-ਦਿਲੀ ਬਾਦਲ ਸਾਹਿਬ ਦੀ ਸਰਕਾਰ ਦੀ ਦੇਖਣ ਨੂੰ ਨਹੀਂ ਮਿਲਣੀ। ਜਿਹੜੇ ਬੰਦੇ ਨੂੰ ਤੁਸੀਂ ਕਹੋਗੇ, ਉਸ ਨੂੰ ਨਾਇਬ ਤਹਿਸੀਲਦਾਰ ਲਗਾ ਦੇਵਾਂਗੇ। ਤੁਸੀਂ ਮੈਨੂੰ ਨਾਮ ਲਿਖ ਕੇ ਦੇ ਦਿਓ। ਦਾਸ ਵੀ ਤੁਹਾਡਾ ਸੇਵਾਦਾਰ ਹੈ। ਦਾਸ ਵੀ ਇਸੇ ਮਹਿਕਮੇ ਵਿੱਚ ਮਾਲ ਮੰਤਰੀ ਰਹੇ ਹਨ ਅਤੇ ਦਾਸ ਤੁਹਾਡੀ ਇੱਜ਼ਤ ਵੀ ਬਹੁਤ ਕਰਦਾ ਹੈ। ਤੁਸੀਂ ਜਿਸ ਨੂੰ ਕਹੋਗੇ, ਉਸ ਨੂੰ ਮੈਂ ਲਗਾ ਦੇਵਾਂਗਾ। ਮੇਰਾ ਤੁਹਾਡੇ ਨਾਲ ਇਹ ਵਾਅਦਾ ਹੈ ਮਗਰ ਇਹ ਕੁੱਤੇ ਜ਼ਰੂਰ ਉਥੋਂ ਭਜਾ ਦਿਓ। (ਵਿਘਨ)

**ਮਾਨਯੋਗ ਸਪੀਕਰ :** ਹਾਂ ਜੀ, ਕੋਟਲੀ ਸਾਹਿਬ (ਵਿਘਨ) ਕੰਗ ਸਾਹਿਬ, Please sit down. ਤੁਹਾਡਾ ਪੁਆਇੰਟ ਆ ਗਿਆ ਹੈ। ਤੁਸੀਂ ਬੈਠੋ, ਹਾਂ ਜੀ ਕੋਟਲੀ ਜੀ।

**ਸਰਦਾਰ ਗੁਰਕੀਰਤ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਅੱਗੇ ਮੰਗ ਰੱਖਣ ਜਾ ਰਿਹਾ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਜਿਹੜੇ ਸਾਡੇ ਸਤਿਕਾਰਯੋਗ ਸੱਤਾ ਪੱਖ ਦੇ ਮੈਂਬਰ ਹਨ, ਇਹ ਉਨ੍ਹਾਂ ਦੀ ਵੀ ਬੜੀ ਵੱਡੀ ਲੋੜ ਹੈ ਔਰ ਇਧਰ ਸਾਡੇ ਆਪੋਜੀਸ਼ਨ ਵਿੱਚ ਬੈਠੇ ਸਾਰੇ ਜਿੰਨੇ ਵੀ ਮੈਂਬਰ ਹਨ, ਇਹ ਉਨ੍ਹਾਂ ਦੀ ਵੀ ਲੋੜ ਹੈ। ਲੋੜ ਇਹ ਹੈ ਕਿ ਜਿਵੇਂ ਆਫਿਸ ਆਫ ਸਪੀਕਰ ਤੁਹਾਨੂੰ ਮਿਲਿਆ ਹੈ। ਤੁਸੀਂ ਅੱਜ ਏਡੀ ਵੱਡੀ ਗੱਦੀ ਤੇ ਬਿਰਾਜਮਾਨ ਹੋਏ ਹੋ। ਤੁਸੀਂ ਵੀ ਪਹਿਲਾਂ ਐਮ.ਐਲ.ਏ. ਬਣੇ ਸੀ। ਜੇ ਆਫਿਸ ਆਫ ਚੀਫ ਮਨਿਸਟਰ ਮਿਲਦਾ ਹੈ ਤਾਂ ਉਸ ਨੂੰ ਵੀ ਪਹਿਲਾਂ ਐਮ.ਐਲ.ਏ. ਬਣਨਾ ਪੈਂਦਾ ਹੈ। ਸੋ, ਇਸ ਕਰਕੇ ਜਿੰਨੀ ਵੱਡੀ ਜ਼ਿੰਮੇਵਾਰੀ ਤੁਹਾਡੀ ਹੈ ਜਾਂ ਮੰਤਰੀਆਂ ਦੀ ਹੈ, ਮੁੱਖ ਮੰਤਰੀ ਜੀ ਦੀ ਹੈ, ਉਪ ਮੁੱਖ ਮੰਤਰੀ ਜੀ ਦੀ ਹੈ, ਉਨੀ ਵੱਡੀ ਜ਼ਿੰਮੇਵਾਰੀ ਐਮ.ਐਲ.ਏ. ਸਾਹਿਬਾਨ ਦੀ ਵੀ ਹੁੰਦੀ ਹੈ। ਸੋ, ਸਪੀਕਰ ਸਾਹਿਬ, ਅਸੀਂ ਐਮ.ਐਲ.ਏਜ਼ ਤੁਹਾਡੇ ਰਾਹੀਂ ਸਰਕਾਰ ਅੱਗੇ ਮੰਗ ਰੱਖਦੇ ਹਾਂ ਕਿ ਇਥੇ ਕੋਈ ਨਾ ਕੋਈ ਐਮ.ਐਲ.ਏਜ਼ ਸਾਹਿਬਾਨ ਵਾਸਤੇ ਵੀ ਆਫਿਸ ਹੋਣਾ ਚਾਹੀਦਾ ਹੈ । ਅਸੀਂ ਵੀ ਇਸ ਗੱਲ ਦੀ ਲੋੜ ਮਹਿਸੂਸ ਕਰਦੇ ਹਾਂ। ਸੋ, ਮੇਰੀ ਤੁਹਾਡੇ ਰਾਹੀਂ ਸਰਕਾਰ ਤੋਂ ਵੀ ਮੰਗ ਹੈ, ਡਿਪਟੀ ਸੀ.ਐਮ. ਸਾਹਿਬ ਬੈਠੇ ਹਨ, ਉਨ੍ਹਾਂ ਤੋਂ ਵੀ ਮੰਗ ਕਰਦਾ ਹਾਂ ਕਿ ਕੋਈ ਨਾ ਕੋਈ ਐਸਾ ਹੱਲ ਲੱਭ ਕੇ ਜਾਂ ਤਾਂ ਵਿਧਾਨ ਸਭਾ ਦੇ ਇਰਦ ਗਿਰਦ ਹੀ ਕਿਤੇ

ਜਾਂ ਜਿਥੇ ਵੀ ਕੋਈ ਚੰਡੀਗੜ੍ਹ ਐਡਮਨਿਸਟ੍ਰੇਸ਼ਨ ਵੱਲੋਂ ਜ਼ਮੀਨ ਮਿਲਦੀ ਹੈ, ਉਥੇ ਸਾਡੇ ਐਮ.ਐਲ.ਏ. ਸਾਹਿਬਾਨ ਦੇ ਦਫਤਰ ਦਾ ਵਧੀਆ ਪ੍ਰਬੰਧ ਹੋ ਸਕੇ ਕਿਉਂਕਿ ਅਸੀਂ ਵੀ ਲੋਕਾਂ ਦੇ ਨੁਮਾਇੰਦੇ ਹਾਂ ਅਤੇ ਸਾਨੂੰ ਵੀ ਇਥੇ ਆ ਕੇ ਦਿੱਕਤਾਂ ਮਹਿਸੂਸ ਹੁੰਦੀਆਂ ਹਨ। ਕਈ ਐਮ.ਐਲ.ਏ. ਸਾਹਿਬਾਨ ਬੜੀ ਦੂਰੋਂ ਆਉਂਦੇ ਹਨ। ਸੋ, ਮੈਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਸਾਡੀ ਇਸ ਮੰਗ ਨੂੰ ਪੂਰਾ ਕੀਤਾ ਜਾਵੇ।

**ਮਾਨਯੋਗ ਸਪੀਕਰ :** ਡਿਪਟੀ ਸੀ.ਐਮ. ਸਾਹਿਬ, ਇਸ ਬਾਰੇ ਤੁਸੀਂ ਕੁਝ ਕਹਿਣਾ ਹੈ?

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਮੈਂਬਰ ਸਾਹਿਬਾਨ ਲਈ ਆਫਿਸ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਦੀ ਇਹ ਗੱਲ ਸਹੀ ਹੈ ਕਿਉਂਕਿ they represent the public of Punjab. ਲੋਕੀਂ ਜਦੋਂ ਮਿਲਣ ਆਉਂਦੇ ਹਨ ਤਾਂ ਉਨ੍ਹਾਂ ਨੂੰ ਜਗ੍ਹਾ ਮਿਲੀ ਹੋਵੇ, ਜਿਥੇ ਉਹ ਆਪਣੇ ਨੁਮਾਇੰਦਿਆਂ ਨੂੰ ਮਿਲ ਸਕਣ। ਇਸ ਦੇ ਨਾਲ ਹੀ ਜੇਕਰ ਗੌਰਮਿੰਟ ਨਾਲ ਕੋਈ ਕੰਮ ਹੋਵੇ, ਉਥੋਂ ਉਹ ਵੀ ਕਰ ਸਕਣ। ਜੇ ਹਾਊਸ ਇਸ ਨੂੰ ਯੂਨਾਨੀਮਸਲੀ ਪਾਸ ਕਰਦਾ ਹੈ ਤਾਂ ਆਪਾਂ ਇਸ ਮਤੇ ਨੂੰ ਜੁਆਇੰਟਲੀ ਗਵਰਨਰ ਸਾਹਿਬ ਨੂੰ ਭੇਜ ਦੇਈਏ, I think we are for it.

**ਮਾਨਯੋਗ ਸਪੀਕਰ :** ਮੈਂ ਸਮਝਦਾ ਹਾਂ ਕਿ ਇਹ ਸਾਰਿਆਂ ਦੀ ਰਿਕੁਆਇਰਮੈਂਟ ਹੈ।

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਨੀ ਹੈ। ਭਾਵੇਂ ਇਸ ਮੁੱਦੇ ਤੇ ਬੜੀ ਗੱਲ ਹੋ ਗਈ ਹੈ ਮਗਰ ਇਥੇ ਇੱਕ ਪ੍ਰਿਵਲੇਜ ਦੀ ਗੱਲ ਚੱਲੀ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ .....

**ਮਾਨਯੋਗ ਸਪੀਕਰ :** ਮੈਂ ਉਸ ਨੂੰ ਡਿਸਅਲਾਓ ਨਹੀਂ ਕੀਤਾ। ਮੈਂ ਅਜੇ ਉਸ ਤੇ ਵਿਚਾਰ ਕਰ ਰਿਹਾ ਹਾਂ (ਵਿਘਨ) ਮੈਂ ਡਿਸਅਲਾਓ ਨਹੀਂ ਕੀਤਾ, ਮੈਂ ਐਕਸਪਲੇਨੇਸ਼ਨ ਮੰਗੀ ਹੈ।

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ :** ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਨੀ ਚਾਹੁੰਦਾ

ਹਾਂ ਕਿ please stop these double standards. ਇੱਕ ਅਫਸਰ ਦੇ ਬਾਰੇ ਟਿੱਪਣੀ ਹੋਈ ਹੈ, ਉਸ ਦੇ ਉਤੇ ਤਾਂ ਬੜੀ ਚਿੰਤਾ ਹੈ ਅਤੇ ਜਿਹੜੀਆਂ ਇਨ੍ਹਾਂ ਦੀਆਂ ਦੋ ਦਿਨਾਂ ਵਿੱਚ ਹੀ ਇੰਨੀਆਂ ਚੀਕਾਂ ਨਿਕਲੀਆਂ ਹਨ, ਪੀੜ ਸ਼ੁਰੂ ਹੋਈ ਹੈ, ਜਿਹੜੇ ਇਨ੍ਹਾਂ ਨੇ ਪੰਜਾਬ ਵਿੱਚ ਧਰਨੇ ਮਾਰੇ ਹਨ, ਮਿੱਟੀ ਪਲੀਤ ਕੀਤੀ ਹੈ, ਉਸ ਨੂੰ ਤੁਸੀਂ ਮੰਨਦੇ ਨਹੀਂ। ਆਪਣੀਆਂ ਸੈਂਟਰਲ ਏਜੰਸੀਆਂ ਦੀ ਇਨਵੈਸਟੀਗੇਸ਼ਨ ਨੂੰ ਤੁਸੀਂ ਮੰਨਦੇ ਨਹੀਂ। ਕੀ ਇਹ ਉਸ ਬਾਰੇ ਵੀ ਪ੍ਰਿਵਲੇਜ ਦੀ ਗੱਲ ਕਰਨਗੇ ਜਿਹੜੀ ਇਨ੍ਹਾਂ ਦੇ ਲੋਕਾਂ ਨੇ ਕੁਤਾਹੀ ਕੀਤੀ ਹੈ ?

**ਮਾਨਯੋਗ ਸਪੀਕਰ :** ਮੈਂ ਅਜੇ ਉਸ ਨੂੰ ਦੇਖਣਾ ਹੈ, ਮੈਂ ਅਜੇ ਉਸ ਤੇ ਡਿਸੀਜ਼ਨ ਦਿੱਤਾ ਨਹੀਂ।

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ :** ਸਪੀਕਰ ਸਾਹਿਬ, double standards have to be stopped otherwise this issue will always go on.

**ਮਾਨਯੋਗ ਸਪੀਕਰ :** ਮੈਂ ਉਸ ਤੇ ਕੋਈ ਫੈਸਲਾ ਨਹੀਂ ਲਿਆ। ਅਜੇ ਮੈਂ ਸੈਕ੍ਰੇਟਰੀ ਕੋਲੋਂ ਰਿਪੋਰਟ ਮੰਗੀ ਹੈ। ਇਸ ਦਾ ਮਤਲਬ ਉਹ ਇਸ ਤੇ ਘੋਖ ਕਰੇਗਾ। (ਵਿਘਨ) ਰਾਣਾ ਜੀ, ਬੈਠ ਜਾਵੋ।

**ਸਰਦਾਰ ਗੁਰਕੀਰਤ ਸਿੰਘ :** ਸਪੀਕਰ ਸਾਹਿਬ, ਮਤਾ ਪਾਸ ਕਰਵਾ ਦਿਓ।

**ਮਾਨਯੋਗ ਸਪੀਕਰ :** ਮੈਂ ਪਹਿਲਾਂ ਇਸ ਨੂੰ ਕਰਵਾ ਹੀ ਲਵਾਂ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਜੋ ਡਿਪਟੀ ਸੀ.ਐਮ. ਸਾਹਿਬ ਨੇ ਕਿਹਾ ਹੈ, ਤੁਹਾਨੂੰ ਧਿਆਨ ਵੀ ਹੈ, ਆਪਾਂ ਗਵਰਨਰ ਸਾਹਿਬ ਨੂੰ ਮਿਲੇ ਸੀ, ਜਦੋਂ ਫੋਟੋਗ੍ਰਾਫ ਵਗੈਰਾ ਕਰਵਾਏ ਸੀ ਤਾਂ ਤੁਹਾਡੀ ਪ੍ਰੈਜ਼ੈਂਸ ਵਿੱਚ ਗਵਰਨਰ ਸਾਹਿਬ has kindly agreed ਕਿ ਮੇਰੇ ਕੋਲ ਜਗ੍ਹਾ ਪਈ ਹੈ, ਲਿਖ ਕੇ ਦੇ ਦਿਓ, he is willing to give this land. ਬਿਲਕੁੱਲ ਕਰ ਦਿਓ।

**ਮਾਨਯੋਗ ਸਪੀਕਰ :** ਜੇਕਰ ਮੈਂਬਰ ਸਾਹਿਬ ਐਗਰੀ ਹੋਣ (ਵਿਘਨ) ਹਾਂ ਜੀ, ਮਿੱਤਲ ਸਾਹਿਬ ਤੁਸੀਂ ਦੱਸੋ।

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ

ਸਾਹਿਬ, ਮੈਂ ਇਹ ਅਰਜ਼ ਕਰਨ ਵਾਸਤੇ ਖੜ੍ਹਾ ਹੋਇਆ ਹਾਂ ਕਿ ਜੋ ਮਜੀਠੀਆ ਸਾਹਿਬ ਨੇ ਪ੍ਰਸ਼ਨ ਉਠਾਇਆ ਹੈ this is very important. ਮੈਂ ਕੱਲ੍ਹ ਵੀ ਕਿਹਾ ਸੀ ਕਿ ਅਸੀਂ ਆਪ ਵੀ ਜ਼ਿੰਮੇਵਾਰ ਹਾਂ ਕਿ ਜਦੋਂ ਅਸੀਂ ਐਲੀਗੇਸ਼ਨ ਲਗਾਉਂਦੇ ਹਾਂ।(ਵਿਘਨ) (ਸ਼ੋਰ) ਜਦੋਂ ਮਜੀਠੀਆ ਸਾਹਿਬ ਬਾਰੇ ਧਰਨੇ ਲਗਾਏ (ਵਿਘਨ)

**ਮਾਨਯੋਗ ਸਪੀਕਰ :** ਮੈਂ ਕਿਹਾ ਹੈ ਕਿ ਇਸ ਨੂੰ ਐਗਜਾਮਿਨ ਕਰਨ ਲਈ ਕਹਿ ਦਿੱਤਾ ਹੈ (ਵਿਘਨ) (ਸ਼ੋਰ)

**ਸੰਸਦੀ ਮਾਮਲੇ ਮੰਤਰੀ :** ਜਦੋਂ ਅਸੀਂ ਸਾਰੇ ਰਾਜਾ ਵੜਿੰਗ ਦੇ ਨਾਲ ਹਾਂ ਕਿ ਇਨ੍ਹਾਂ ਦੇ ਨਾਲ ਇਹ ਨਹੀਂ ਹੋਣਾ ਚਾਹੀਦਾ । ਅਗਰ ਇਨ੍ਹਾਂ ਦੀ ਇਨਵਾਲਵਮੈਂਟ ਨਹੀਂ ਹੈ ਤਾਂ ਇਨ੍ਹਾਂ ਦਾ ਨਾਂ ਨਹੀਂ ਆਉਣਾ ਚਾਹੀਦਾ ਸੀ ਪਰ ਜਿਹੜੇ ਮੇਰੇ ਸਾਹਮਣੇ ਲੋਕ ਬੈਠੇ ਹਨ, ਇਨ੍ਹਾਂ ਨੇ ਤਾਂ ਪੁਲੀਟੀਕਲ ਮਾਈਲੇਜ ਲੈਣ ਵਾਸਤੇ ਜ਼ਿਲ੍ਹਾ ਹੈਡ ਕੁਆਰਟਰ ਦੇ ਉਤੇ ਧਰਨੇ ਲਗਾ ਦਿੱਤੇ। ਉਹ ਵੇਖੋ ਕਿ ਕੀ ਉਹ ਕਿੰਨੇ ਜਸਟੀਫਾਈ ਹੋਣਗੇ? How will he get the respect restored (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਮੈਂ ਅੱਗੇ ਕਹਿ ਚੁੱਕਾ ਹਾਂ ਕਿ ਉਸ ਨੂੰ ਐਗਜਾਮਿਨ ਕਰਨ ਲਈ ਕਹਿ ਦਿੱਤਾ ਹੈ।ਮੇਰੀ ਗੱਲ ਸੁਣੋ, ਰਾਣਾ ਜੀ please sit down, ਤਰਲੋਚਨ ਸਿੰਘ ਜੀ ਕ੍ਰਿਪਾ ਕਰਕੇ ਬੈਠ ਜਾਉ। (ਵਿਘਨ) Please sit down.

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੀ ਗੱਲ ਮਿੱਤਲ ਸਾਹਿਬ ਨੇ ਕਹੀ ਹੈ, ਮੇਰੇ ਵੀਰ (ਰਾਜਾ ਵੜਿੰਗ ਵੱਲ ਇਸ਼ਾਰਾ) ਗੁੱਸਾ ਨਾ ਕਰ ਜਾਈਂ । ਜਦੋਂ ਧਰਨਾ ਸੀ ਉਦੋਂ ਮੈਂ ਵੇਖਿਆ ਸੀ ਕਿ ਇਹ ਕਿਵੇਂ ਪੁੱਠੀਆਂ ਛਾਲਾਂ ਆਪਾਂ ਵੀ ਮਾਰਦੇ ਸੀ । ਹੁਣ ਹੱਡ ਬੀਤੀ ਤਾਂ ਲੱਗਦਾ ਹੈ ਕਿ ਕਿਵੇਂ ਚੀਕਾਂ ਨਿਕਲਦੀਆਂ ਹਨ। ਮੈਂ ਇਕ ਬੇਨਤੀ ਕਰਦਾ ਹਾਂ (ਵਿਘਨ) ਹਾਲੇ ਤਾਂ ਦੋ ਦਿਨਾਂ ਦੇ ਵਿਚ ਇਹ ਹਾਲ ਹੈ। (ਵਿਘਨ) ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਦਾ ਹਾਂ ਕਿ ਲੋਕਾਂ ਦੀ ਕਚਹਿਰੀ, ਕੋਰਟ ਕਚਹਿਰੀਆਂ ਕੋਈ ਤਾਂ ਆਪਾਂ ਸਿਸਟਮ ਬਣਾ ਲਈਏ। ਮੈਂ ਕੱਲ੍ਹ ਦਾ ਰੌਲਾ ਪਾ ਰਿਹਾ ਹਾਂ ਕਿ ਕੋਈ ਤਾਂ ਸਿਸਟਮ ਅਡਾਪਟ ਕਰੀਏ।(ਵਿਘਨ) ਇਹ ਨਹੀਂ ਕਿ ਜੇ ਸਾਡੇ ਤੇ ਬੀਤੇਗੀ ਤਾਂ ਵੈਂਡੇਟਾ ਤੇ ਜਦ ਕਿਸੇ ਆਪੋਜੀਸ਼ਨ ਤੇ ਕੋਈ ਗੱਲ ਆਉਂਦੀ ਹੈ ਤਾਂ ਤੁਸੀਂ ਉਸ ਦੇ ਲਈ ਧਰਨੇ ਲਗਾ ਦਿਉ? Why are these double standards being practiced in this House?

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ। ਰੈਜੋਲਿਊਸ਼ਨ ਤਾਂ ਨਾਲ ਹੀ ਕਰ ਦਿਆਂਗੇ ਪਰ ਮਾਨਯੋਗ ਮੈਂਬਰ ਸਾਹਿਬ ਨੇ ਜਿਹੜੀ ਗੱਲ ਕੀਤੀ ਹੈ If you could recall, ਜੋ ਮਸਲਾ ਇਥੇ ਡਿਸਕਸ ਹੋ ਰਿਹਾ ਸੀ ਤਾਂ ਮੈਂ ਗੱਲ ਕੀਤੀ ਸੀ ਤਾਂ ਤੁਸੀਂ ਉਸ ਟਾਈਮ ਸੀਟ ਤੋਂ ਉਠ ਕੇ ਚਲੇ ਗਏ ਸੀ। ਸਪੀਕਰ ਸਾਹਿਬ, ਮੈਂ ਇਹ ਰਿਕੁਐਸਟ ਕੀਤੀ ਹੈ ਕਿ ਇਕ ਐਕਿਊਜਡ ਆਦਮੀ ਕਚਹਿਰੀ ਦੇ ਕੰਪਾਊਂਡ ਵਿਚ ਖੜ੍ਹਾ ਹੋ ਕੇ ਪ੍ਰੈਸ ਕਾਨਫਰੰਸ ਕਰੇ, ਕੱਲ੍ਹ ਤੁਸੀਂ ਆਪ ਵੀ ਕਿਹਾ ਸੀ ਕਿ ਉਸ ਨੇ ਸਾਰੀ ਨੈਸ਼ਨਲ ਮੀਡੀਆ ਬੁਲਾ ਕੇ ਸਾਰੀ ਪ੍ਰੈਸ ਕਾਨਫਰੰਸ ਆਰਗੇਨਾਈਜ਼ ਕਰਵਾਈ। ਮੈਂ ਇਹ ਨਹੀਂ ਕਿਹਾ ਸੀ ਕਿ ਤੁਹਾਡੇ ਤੇ ਇਲਜ਼ਾਮ ਹੈ। ਮੈਂ ਉਦੋਂ ਕਿਹਾ ਸੀ ਕਿ I hope and I believe ਕਿ ਉਹ ਇਸ ਕੰਮ ਵਿਚ ਇਨਵਾਲਵ ਨਹੀਂ ਹਨ ਕਿਉਂਕਿ ਉਨ੍ਹਾਂ ਦਾ ਜਿਹੋ ਜਿਹਾ ਪਿਛੋਕੜ ਹੈ or anybody sitting in this House can not be involved in such heinous acts but ਮੈਂ ਉਦੋਂ ਇਨ੍ਹਾਂ ਨੂੰ ਇਹ ਕਿਹਾ ਸੀ ਕਿ ਤੁਸੀਂ ਉਸ ਗੱਲ ਦੀ ਪੜਤਾਲ ਕਰਵਾਉ ਕਿ ਪੁਲਿਸ ਦੀ ਸਹਿਮਤੀ ਤੋਂ ਬਿਨਾਂ ਉਹ ਪ੍ਰੈਸ ਕਾਨਫਰੰਸ ਹੋ ਕਿਵੇਂ ਗਈ।ਸਪੀਕਰ ਸਾਹਿਬ, ਪੁਲਿਸ ਨੇ ਉਹ ਪ੍ਰੈਸ ਕਾਨਫਰੰਸ ਕਰਵਾਈ I said somebody in the establishment is after you. ਉਹ ਤੁਹਾਡੇ ਨਾਂ ਦੇ ਉਤੇ ਚਿੱਕੜ ਪਾਉਣਾ ਚਾਹੁੰਦਾ ਸੀ । ਇਸ ਕਰਕੇ ਅੱਜ ਤੱਕ ਕਿਤੇ ਵੇਖਿਆ ਹੈ ਕਿ ਪੰਦਰਾਂ ਪੰਦਰਾਂ ਮਿੰਟ ਜਿਹੜਾ ਇੱਡੇ ਹੀਨੀਅਸ ਕ੍ਰਾਈਮ ਦਾ ਐਕਿਊਜਡ ਹੋਵੇ ਤੇ ਉਹ ਉਥੇ ਖੜ੍ਹਾ ਹੋ ਕੇ ਪ੍ਰੈਸ ਕਾਨਫਰੰਸ ਕਰ ਰਿਹਾ ਹੋਵੇ, ਖੁਲ੍ਹੇਆਮ ਇਲਜਾਮ ਲਗਾ ਰਿਹਾ ਹੋਵੇ। ਉਂਜ ਜੇ ਕੋਈ ਮੂੰਹ ਖੋਲ੍ਹ ਦੇਵੇ ਤਾਂ ਉਨ੍ਹਾਂ ਕੋਲ ਤੋਲੀਆ ਨਾਲ ਹੁੰਦਾ ਹੈ ਉਸੇ ਵੇਲੇ ਮੂੰਹ ਬੰਦ ਕਰਕੇ ਉਸ ਨੂੰ ਜਿਪਸੀ ਵਿਚ ਸੁੱਟ ਕੇ ਲੈ ਜਾਂਦੇ ਹਨ। He was given an opportunity, Sir. He was not only given an opportunity but he was helped in conducting that press conference. ਮੈਂ ਤਾਂ ਇਹ ਗੱਲ ਤੁਹਾਡੇ ਹੱਕ ਵਿਚ ਕੀਤੀ ਸੀ ਤੇ ਮੈਂ ਕਿਹਾ ਸੀ ਕਿ ਤੁਸੀਂ ਉਸ ਦੀ ਪੜਤਾਲ ਕਰੋ ਕਿ ਇਹ ਪ੍ਰੈਸ ਕਾਨਫਰੰਸ ਕਿਵੇਂ ਆਰਗੇਨਾਈਜ਼ ਕੀਤੀ ਗਈ । ਸਪੀਕਰ ਸਾਹਿਬ, ਇਕ ਐਕਿਊਜਡ ਕਰੇ, ਇਹ ਕਮਾਲ ਹੋ ਗਈ। ਇਥੇ ਐਸ. ਐਸ. ਪੀ ਪ੍ਰੈਸ ਕਾਨਫਰੰਸ ਕਰ ਰਿਹਾ ਹੈ, ਸਰ ਇਸ ਵਿਚ ਫਰਕ ਨਹੀਂ? ਤੁਸੀਂ ਪ੍ਰਿਵਲਿਜ ਮੋਸ਼ਨ ਮੂਵ ਕਰੋ, ਬਿਲਕੁਲ ਕਰੋ, ਸੁਨੀਲ ਤੇ ਪੈਂਦੀ ਹੈ ਤਾਂ ਕਰੋ। ਇਕ ਸਕਿੰਟ ਮੈਂ ਕੱਲ੍ਹ ਵੀ ਇਹੀ ਕਿਹਾ ਸੀ I was accused

of being lenient that ਤੁਹਾਡਾ ਸੁਨੀਲ ਇਹ ਕਰ ਰਿਹਾ ਹੈ I can't accuse him of doing something because ਕਿਸੇ ਨੇ ਕਹਿ ਦਿੱਤਾ, I am of the firm opinion ਮੈਂ ਉਸ ਦਿਨ ਵੀ ਇਹੋ ਹੀ ਕਿਹਾ ਸੀ ਤੇ ਅੱਜ ਵੀ ਉਸੇ ਗੱਲ ਦੇ ਉਤੇ ਖੜ੍ਹਾ ਹਾਂ। I had to face the music for it. ਕਹਿੰਦੇ ਹਨ:

ਹਮ ਤੋ ਲੁੱਟ ਗਏ ਤੇਰੇ ਪਿਆਰ ਮੇਂ ਤੁਝ ਕੋ ਖਬਰ ਕਬ ਹੋਗੀ।

ਸਪੀਕਰ ਸਾਹਿਬ, ਤੁਸੀਂ ਮੇਰਾ ਉਸ ਦਿਨ ਦਾ ਰਿਕਾਰਡ ਕਢਵਾ ਕੇ ਵੇਖੋ, ਜਿਹੜੀ ਮੈਂ ਉਸ ਦਿਨ ਇਥੇ ਖੜ੍ਹੇ ਹੋ ਕੇ ਗੱਲ ਕੀਤੀ ਹੈ, ਉਹ ਕਢਵਾ ਕੇ ਵੇਖ ਲਵੋ । ਮੈਂ ਇਹ ਕਿਹਾ ਸੀ ਕਿ ਏਡਾ ਤੁਹਾਡਾ ਹੀਨੀਅਸ ਕ੍ਰਾਈਮ ਵਾਲਾ ਬੰਦਾ ਪ੍ਰੈਸ ਕਾਨਫਰੰਸ ਕਰੇ ਉਸ ਬਾਰੇ ਸਾਰੇ ਜਨਰਲਿਸਟਾਂ ਨੂੰ ਪੁੱਛ ਲਵੋ, ਸਾਰਿਆਂ ਨੂੰ ਫੋਨ ਗਏ ਸੀ ਕਿ ਇਥੇ ਕਾਨਫਰੰਸ ਹੋਣ ਲੱਗੀ ਹੈ, ਉਸ ਦੀ ਤੁਸੀਂ ਪੜਤਾਲ ਕਰੋ। ਬਾਕੀ ਸਾਰੇ ਮੈਂਬਰ ਇਕੋ ਵਰਗੇ ਹਨ ਸਾਰੇ ਤੁਹਾਡੇ ਨਾਲ ਸਹਿਮਤ ਹਨ। ਜਿਹੋ ਜਿਹੀ ਤੁਹਾਡੇ ਪੀੜ ਹੋਈ ਉਸ ਤਰ੍ਹਾਂ ਦੀ ਸਾਰਿਆਂ ਦੇ ਹੋਵੇਗੀ।

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ..

**ਮਾਨਯੋਗ ਸਪੀਕਰ :** ਨਹੀਂ, ਤੁਸੀਂ ਹਰ ਗੱਲ ਤੇ ਜਵਾਬ ਨਹੀਂ ਦੇ ਸਕਦੇ।

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ :** ਸਪੀਕਰ ਸਾਹਿਬ, ਇਹ ਮੁੱਦਾ ਬੜਾ ਸੀਰੀਅਸ ਹੈ । ਪਹਿਲੀ ਗੱਲ ਹੈ। ਮੈਂ ਇਸ ਗੱਲ ਦਾ ਧੰਨਵਾਦੀ ਹਾਂ ਤੇ ਇਹ ਬਿਲਕੁਲ ਸਹੀ ਗੱਲ ਹੈ ਕਿ ਜਾਖੜ ਸਾਹਿਬ ਨੇ ਕੁਝ ਗੱਲਾਂ ਪਿਛਲੀ ਵਾਰੀ ਕਹੀਆਂ ਸਨ। ਮਗਰ ਜਾਖੜ ਸਾਹਿਬ ਉਤੇ ਇਹੋ ਜਿਹਾ ਦਬਾਅ ਬਣਾਇਆ ਗਿਆ। ਜਾਖੜ ਸਾਹਿਬ, ਇਸ ਗੱਲ ਨੂੰ ਸਭ ਜਾਣਦੇ ਸੀ ਕਿ ਉਨ੍ਹਾਂ ਨੂੰ ਸਿਆਸੀ ਮਜਬੂਰੀ ਹੋ ਗਈ।(ਵਿਘਨ) ਮੈਂ ਜਾਖੜ ਸਾਹਿਬ, I am appreciative of you and the amount of respect I have for you you cannot even imagine. ਸਾਰੇ ਇਸ ਗੱਲ ਦੀ ਬੜੀ ਇੱਜ਼ਤ ਕਰਦੇ ਹਨ ਕਿ ਤੁਸੀਂ ਤੱਥਾਂ ਦੇ ਅਧਾਰ ਤੇ ਸੋਚੀ-ਸਮਝੀ ਗੱਲ ਕਰਦੇ ਹੋ। ਮੈਂ ਇਹੀ ਬੇਨਤੀ ਵਾਰ ਵਾਰ ਕਰ ਰਿਹਾ ਹਾਂ ਕਿ ਮੈਂ ਕਿਸੇ ਹੋਰ ਵੱਲੋਂ ਡਬਲ ਸਟੈਂਡਰਡ ਐਕਸਪੈਕਟ ਕਰ ਸਕਦਾ ਹਾਂ ਪਰ ਅੱਜ ਜੋ ਤੁਸੀਂ ਗੱਲ ਕੀਤੀ ਹੈ, ਅੱਜ ਜ਼ਰੂਰ ਮਾੜੀ-ਮੋਟੀ ਕਲੇਜੇ ਨੂੰ ਠੰਢ

[ ਮਾਲ ਤੇ ਮੁੜ ਵਸੇਬਾ ਮੰਤਰੀ ]

ਪਈ ਹੈ, ਫੇਰ ਦਬਾਅ ਪੈਂਦਾ ਹੈ ਤੇ ਆਪਾਂ ਫੇਰ ਕੋਈ ਹੋਰ ਗੱਲ ਕਰਨੀ ਸ਼ੁਰੂ ਕਰ ਦਿੰਦੇ ਹਾਂ। ਮੈਂ ਇਸੇ ਕਰਕੇ ਬੇਨਤੀ ਕਰਦਾ ਹਾਂ and I am just saying double standards should not be there and my only request is, and I am grateful and thankful for what he said.

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਕੱਲ੍ਹ ਇਸ ਸਦਨ ਵਿੱਚ ਰਾਜਾ ਵੜਿੰਗ ਉੱਤੇ ਜਿਹੜਾ ਐਸ.ਐਸ.ਪੀ. ਨੇ ਅਖ਼ਬਾਰਾਂ ਵਿੱਚ ਆਰੋਪ ਲਗਾਇਆ ਸੀ, ਉਸ ਤੇ ਉਨ੍ਹਾਂ ਨੇ ਜਦੋਂ ਆਪਣਾ ਸਪੱਸ਼ਟੀਕਰਨ ਦਿੱਤਾ, ਉਨ੍ਹਾਂ ਨੇ ਕਿਹਾ ਕਿ ਮੈਂ ਛੇ ਮਹੀਨੇ ਦਾ ਸੀ ਜਦੋਂ ਮੇਰੇ ਮਾਤਾ-ਪਿਤਾ ਪੂਰੇ ਹੋ ਗਏ ਸਨ। 52,000 ਲੋਕਾਂ ਨੇ ਮੈਨੂੰ ਵੋਟ ਪਾਈ, ਮੈਂ ਸਮਾਜ ਵਿੱਚ ਰਹਿਣਾ ਹੈ । ਇਸ ਗੱਲ ਦੇ ਕਾਊਂਟਰ ਵਿੱਚ ਮਜੀਠੀਆ ਜੀ ਕਹਿੰਦੇ ਕਿ ਛੇ ਮਹੀਨੇ ਹੋ ਗਏ ਮੇਰੀ ਮਾਤਾ ਵੀ ਨਹੀਂ ਸੁੱਤੀ। ਗੱਲ ਸਹੀ ਹੈ, ਇਹ ਆਰੋਪ ਅਜਿਹੇ ਹਨ, ਜਿਵੇਂ ਸਾਡੇ ਸੀ.ਐਲ.ਪੀ. ਦੇ ਲੀਡਰ ਜੀ ਨੇ ਉਨ੍ਹਾਂ ਦੀ ਤਰਫ਼ਦਾਰੀ ਕੀਤੀ, ਉਨ੍ਹਾਂ ਨੂੰ ਮੁਹੱਬਤ ਬਾਰੇ ਪਤਾ ਨਹੀਂ ਲੱਗਿਆ ਕਿ ਕਿੰਨੀ ਕਰ ਰਹੇ ਹਨ। ਇਸੇ ਤਰ੍ਹਾਂ ਕੱਲ੍ਹ ਮਜੀਠੀਆ ਜੀ ਨੇ ਇਸੇ ਹਾਊਸ ਵਿੱਚ ਇੱਕ ਬਿਆਨ ਦਿੱਤਾ, ਕਹਿੰਦੇ too little and too late, ਕਿਸੇ ਲੀਡਰ ਬਾਰੇ ਜੇਕਰ ਇਨ੍ਹਾਂ ਨੇ ਟਿੱਪਣੀ ਕੀਤੀ ਵੀ ਹੈ ਤਾਂ ਇਸ ਦਾ ਮਤਲਬ ਬੱਕਰੇ ਨੇ ਜਾਨ ਵੀ ਗਵਾਈ ਅਤੇ ਖਾਣ ਵਾਲੇ ਨੂੰ ਸਵਾਦ ਨਾ ਆਇਆ। ਸਪੀਕਰ ਸਾਹਿਬ, ਮੈਂ ਇਸ ਤੋਂ ਅੱਗੇ ਜਾਣਾ ਚਾਹੁੰਦਾ ਹਾਂ। ਜੇਕਰ ਇਨ੍ਹਾਂ ਦੀ ਮਾਤਾ ਨੂੰ ਨੀਂਦ ਨਹੀਂ ਆਈ......

**ਮਾਨਯੋਗ ਸਪੀਕਰ :** ਤੁਹਾਡਾ ਪੁਆਇੰਟ ਆ ਗਿਆ ਹੈ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਛੇ ਮਹੀਨੇ ਜੇਕਰ ਇਨ੍ਹਾਂ ਦੀ ਮਾਤਾ ਨੂੰ ਨੀਂਦ ਨਹੀਂ ਆਈ ਤਾਂ ਮੈਂ ਵੀ ਅੱਜ 4.00 ਵਜੇ ਜਾਗ ਗਿਆ। ਮੈਂ ਸੋਚਿਆ ਕਿ ਇਹ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰ ਹਨ, ਆਪਣੀ ਗੱਲ ਅਸੈਂਬਲੀ ਵਿੱਚ ਕਰ ਸਕਦੇ ਹਨ। ਸਰਕਾਰ ਇਨ੍ਹਾਂ ਦੀ ਹੈ ਅਤੇ ਅਸੀਂ ਆਪੋਜ਼ੀਸ਼ਨ ਵਿੱਚ ਹਾਂ। ਅਸੀਂ ਵੀ ਗੱਲ ਕੀਤੀ ਪਰ ਉਹ ਲੋਕ ਜਿਨ੍ਹਾਂ ਨੂੰ ਤੁੰਨ-ਤੁੰਨ ਕੇ ਅੰਦਰ ਕਰ ਦਿੱਤਾ, ਬਹੁਤ ਸਾਰੇ ਲੋਕ ਜਿਹੜੇ ਨਸ਼ੇ ਵੇਚ ਰਹੇ ਹਨ ਉਹ ਅੰਦਰ ਜਾਣੇ ਚਾਹੀਦੇ ਹਨ ਪਰ ਜਿਨ੍ਹਾਂ ਨੂੰ ਬੇਵਜ੍ਹਾ ਅੰਦਰ ਕਰ ਦਿੱਤਾ ਕੀ ਉਨ੍ਹਾਂ ਦੀਆਂ ਮਾਵਾਂ ਦੀ ਕੋਈ ਚਿੰਤਾ ਨਹੀਂ ਹੈ, ਜਿਨ੍ਹਾਂ ਤੇ ਨਜਾਇਜ਼ ਪਰਚੇ ਦਰਜ ਹੋਏ।

**ਮਾਨਯੋਗ ਸਪੀਕਰ :** ਰਾਣਾ ਜੀ, ਉਸ ਬਾਰੇ ਜਵਾਬ ਆ ਗਿਆ ਹੈ।

**ਰਾਣਾ ਗੁਰਜੀਤ ਸਿੰਘ :** ਮੈਂ ਇਸ ਬਾਰੇ ਐਫੀਡੇਵਿਟ ਦੇਵਾਂਗਾ ਜਿਨ੍ਹਾਂ ਤੇ ਨਜਾਇਜ਼ ਪਰਚੇ ਦਰਜ ਹੋਏ ਹਨ। ਜੇਕਰ ਉਨ੍ਹਾਂ ਤੇ ਨਸ਼ੇ ਵੇਚਣ ਦਾ ਆਰੋਪ ਸਿੱਧ ਹੋ ਜਾਵੇ ਤਾਂ ਤੁਸੀਂ ਰਾਣਾ ਗੁਰਜੀਤ ਸਿੰਘ ਤੇ ਪਰਚਾ ਦਰਜ ਕਰਿਓ।

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਪਹਿਲਾਂ ਹੀ ਆਪਣੀ ਸਪੀਚ ਵਿੱਚ ਕਿਹਾ ਸੀ ਕਿ ਜੇਕਰ ਤੁਹਾਡੇ ਕੋਲ ਕੋਈ ਅਜਿਹੀ ਸ਼ਿਕਾਇਤ ਹੈ ਤਾਂ ਮੇਰੇ ਕੋਲ ਆ ਜਾਓ। ਮੈਂ ਤੁਹਾਨੂੰ ਐਸ਼ਿਓਰ ਕਰਦਾ ਹਾਂ ਕਿ ਜੇਕਰ ਕਿਸੇ ਨੇ ਝੂਠਾ ਕੇਸ ਦਰਜ ਕੀਤਾ ਹੈ, ਉਸ ਤੇ ਕਾਰਵਾਈ ਵੀ ਹੋਵੇਗੀ and we will work on it.

**ਰਾਣਾ ਗੁਰਜੀਤ ਸਿੰਘ :** ਮੈਂ ਆ ਜਾਵਾਂਗਾ ਲੇਕਿਨ ਮੈਂ ਇੱਕ ਗੱਲ ਦੱਸਣੀ ਚਾਹੁੰਦਾ ਹਾਂ ਕਿ 26 ਅਪ੍ਰੈਲ ਨੂੰ ਸਾਡਾ ਇੱਕ ਵਰਕਰ, ਐਕਸ ਐਮ.ਸੀ. ਚੁੱਕ ਲਿਆ ਗਿਆ...

**ਮਾਨਯੋਗ ਸਪੀਕਰ :** 26 ਅਪ੍ਰੈਲ ਨੂੰ ਤਾਂ ਬੜਾ ਸਮਾਂ ਹੋ ਗਿਆ ਹੈ। ਰਾਣਾ ਜੀ, it is not a current matter and this is concerned with law and order. No, no.

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਰਾਣਾ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇੰਨੀ ਦੇਰ ਕਿਉਂ ਉਡੀਕਿਆ, ਇਹ ਮੈਨੂੰ ਫੋਨ ਕਰ ਲੈਂਦੇ।

**ਸਰਦਾਰ ਸੁਖਜਿੰਦਰ ਸਿੰਘ (ਬੈਠੇ ਬੈਠੇ) :** ਰਾਜਾ ਵੜਿੰਗ ਦਾ ਫੋਨ ਤਾਂ ਚੁੱਕਿਆ ਨਹੀਂ। (ਵਿਘਨ)

**ਉਪ ਮੁੱਖ ਮੰਤਰੀ :** ਨਹੀਂ, ਨਹੀਂ। ਅਜਿਹੀ ਕੋਈ ਗੱਲ ਨਹੀਂ ਹੈ। ਮੈਂ ਪਹਿਲਾਂ ਬੋਲਦੇ ਹੋਏ ਕਿਹਾ ਸੀ ਅਤੇ ਜੇਕਰ ਕਿਸੇ ਦਾ ਵੀ ਫੋਨ ਆਵੇ ਤਾਂ ਮੈਂ ਪਹਿਲਾਂ ਚੁੱਕ ਲੈਂਦਾ ਹਾਂ।(ਵਿਘਨ) (ਸ਼ੋਰ) ਤੁਸੀਂ ਮੇਰੇ ਕੋਲ ਆ ਜਾਓ, ਆਪਾਂ ਬਹਿ ਕੇ ਗੱਲ ਕਰ ਲਵਾਂਗੇ।

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਰਾਣਾ ਜੀ, I am on record, appreciating what Captain Amarinder Singh said. ਛੇ ਮਹੀਨੇ ਹੋ ਗਏ ਅਤੇ ਤੁਸੀਂ 26 ਅਪ੍ਰੈਲ ਬਾਰੇ ਗੱਲ ਕਰ ਰਹੇ ਹੋ ਜਦ ਕਿ ਮੈਂ ਜਨਵਰੀ ਦਾ ਕਹਿ ਰਿਹਾ ਹਾਂ। ਇਹੀ ਤਾਂ ਮੈਂ ਕਹਿ ਰਿਹਾ ਹਾਂ ਕਿ ਦੋਹਰੇ ਮਾਪਦੰਡ ਬੰਦ ਕੀਤੇ ਜਾਣ।(ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਰਮਨਦੀਪ ਸਿੰਘ। (ਵਿਘਨ) (ਸ਼ੋਰ) ਮੈਂ ਤੁਹਾਡੇ ਬੰਦਿਆਂ ਨੂੰ ਹੀ ਬੁਲਾ ਰਿਹਾ ਹਾਂ।

**ਸਰਦਾਰ ਰਮਨਦੀਪ ਸਿੰਘ ਸਿੱਕੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਗੱਲ ਹੋ ਰਹੀ ਹੈ, ਸਾਨੂੰ ਉਸੇ ਵੇਲੇ ਦੱਸ ਦਿੰਦੇ ਕਿ ਝੂਠੇ ਪਰਚੇ ਹਨ, ਮੈਂ ਹਾਜ਼ਰ ਹਾਂ ਅਤੇ ਮੈਨੂੰ ਜਿਨ੍ਹਾਂ ਨੇ ਦੱਸਿਆ ਵੀ ਹੈ ਤਾਂ ਮੈਨੂੰ ਇਹੀ ਜਵਾਬ ਮਿਲਿਆ ਕਿ ਜਿਹੜੇ ** ** ਹਨ, ਉਹ ਵੱਡੇ ਬਾਦਲ ਸਾਹਿਬ ਦੇ ਕਾਫ਼ੀ ਕਲੋਜ਼ ਹਨ, ਅਸੀਂ ਕੁਝ ਨਹੀਂ ਕਰ ਸਕਦੇ।

**ਮਾਨਯੋਗ ਸਪੀਕਰ :** ** ** ਇੱਥੇ ਹਾਜ਼ਰ ਨਹੀਂ ਹਨ। ਇਹ ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਰਮਨਦੀਪ ਸਿੰਘ ਸਿੱਕੀ :** ਇਹ ਹੋਇਆ ਔਰ ਸਾਡੇ ਬੰਦਿਆਂ ਨੂੰ ਅੰਦਰ ਕੀਤਾ। ਉਨ੍ਹਾਂ ਨੂੰ ਮੁੜ ਕੇ ਕਿਹਾ ਗਿਆ ਕਿ ....

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ :** ਸਪੀਕਰ ਸਾਹਿਬ, ਇਹ ਇਸ ਗੱਲ ਦਾ ਵਾਅਦਾ ਕਰ ਦੇਣ, ਇਨ੍ਹਾਂ ਨੇ ਮਹੀਨਾ ਪਹਿਲਾਂ ਮੈਨੂੰ ਕਿਹਾ ਕਿ ਫਲਾਣਾ ਕੰਮ ਕਰਨਾ ਹੈ। ਇਕੱਠੇ ਭਰਾਵਾਂ ਨੇ ਬਹਿ ਕੇ ਇਹ ਕੀਤਾ। ** ** ਦੀਆਂ ਗਾਲਾਂ ਮੈਨੂੰ ਵੀ ਖਾਣੀਆਂ ਪੈ ਗਈਆਂ ਅਤੇ ਤੁਸੀਂ ਤਾਂ ਸੁਭਾਵਿਕ ਸਿਆਸੀ ਵਿਰੋਧੀ ਹੋ ਪਰ ਕੀ ਮੈਂ ਉਸ ਦਾ ਕੰਮ ਕੀਤਾ ਕਿ ਨਹੀਂ ਕੀਤਾ?

**ਸਰਦਾਰ ਰਮਨਦੀਪ ਸਿੰਘ ਸਿੱਕੀ :** ਤੁਸੀਂ ਮੇਰੀ ਗੱਲ ਸੁਣ ਲਵੋ ਜੀ, ਜਿਹੜੇ ਬੰਦੇ ਅੰਦਰ ਕਰ ਦਿੱਤੇ ਗਏ, ਉਨ੍ਹਾਂ ਦੇ ਪਟੇ ਪੈ ਗਏ। ਉਸ ਤੋਂ ਬਾਅਦ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਜਾ ਕੇ ** ** ਨੂੰ ਮਿਲ ਲਵੋ। ਮੁੜ ਕੇ ਉਹ ਪਰਚਾ ਕੈਂਸਲ ਹੋ ਜਾਂਦਾ ਹੈ। ਉਹ ਬੰਦਾ ਮੁੜ ਕੇ ਲੱਭਦਾ ਨਹੀਂ। ਇਸ ਦੇ ਬਾਰੇ ਦੱਸੋ।

**ਮਾਨਯੋਗ ਸਪੀਕਰ :** ਨਹੀਂ ਜੀ। This is not a current matter. Nothing is going to be recorded.

**ਸਰਦਾਰ ਰਮਨਦੀਪ ਸਿੰਘ ਸਿੱਕੀ :** ** **

**ਮਾਨਯੋਗ ਸਪੀਕਰ :** ਸਿੱਕੀ ਜੀ, ਤੁਸੀਂ ਬਹਿ ਜਾਵੋ। ਤੁਹਾਡਾ ਕੁਝ ਵੀ

---

**Expunged/Not recorded as ordered by the Chair.

ਰਿਕਾਰਡ ਨਹੀਂ ਹੋ ਰਿਹਾ। ਹਾਂ ਜੀ ਸਿੱਧੂ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਿਪਟੀ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੁਹਾਲੀ ਵਿੱਚ ਸੈਕਟਰ 79 ਵਿੱਚ ਹਾਊਸਫੈੱਡ ਵਲੋਂ ਫਲੈਟ ਬਣਾਏ ਜਾ ਰਹੇ ਹਨ। ਅੱਜ ਤੋਂ ਚਾਰ-ਪੰਜ ਸਾਲ ਪਹਿਲਾਂ ਲੋਕਾਂ ਕੋਲੋਂ ਐਪਲੀਕੇਸ਼ਨਾਂ ਲਈਆਂ ਗਈਆਂ ਸਨ ਔਰ ਉਥੇ ਬੜੀ ਵੱਡੀ ਗਿਣਤੀ ਵਿੱਚ ਫਲੈਟ ਬਣੇ ਹਨ। ਹੁਣ ਲੋਕਾਂ ਨੂੰ ਲੈਟਰ ਜਾਰੀ ਕੀਤੇ ਗਏ ਹਨ, ਇਨ੍ਹਾਂ ਫਲੈਟਾਂ ਦੀ ਜਿਹੜੀ ਪ੍ਰਾਈਸ ਉਦੋਂ ਫਿਕਸ ਕੀਤੀ ਗਈ ਸੀ, ਉਸ ਤੋਂ ਢਾਈ ਗੁਣਾਂ ਵੱਧ ਪ੍ਰਾਈਸ ਇਨ੍ਹਾਂ ਨੇ ਹੁਣ ਵਧਾ ਦਿੱਤੀ ਹੈ। ਉਹ ਫਲੈਟ ਅਪਲਾਈ ਕਰਨ ਵਾਲਿਆਂ ਵਿਚ ਆਮ ਮਿਡੀਓਕਰ ਬੰਦੇ ਸੀ, ਇੰਪਲਾਈਜ਼ ਵੀ ਸਨ ਜਾਂ ਗਰੀਬ ਲੋਕ ਸੀ। ਉਹ ਇਹ ਵਧਾਈ ਹੋਈ ਪ੍ਰਾਈਸ ਦੇਣ ਤੋਂ ਅਸਮਰਥ ਹਨ। ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਰਪਾ ਕਰਕੇ ਇਸ ਨੂੰ ਰਿਵਿਊ ਕੀਤਾ ਜਾਵੇ। ਉਨ੍ਹਾਂ ਨੂੰ ਇਨਸਾਫ ਦਿਵਾਇਆ ਜਾਵੇ ਜੀ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਹਾਂ ਜੀ ਸਰਦਾਰ ਚਰਨਜੀਤ ਸਿੰਘ ਚੰਨੀ ਜੀ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ...

**ਮਾਨਯੋਗ ਸਪੀਕਰ :** ਇਨ੍ਹਾਂ ਤੋਂ ਬਾਅਦ ਤੁਹਾਨੂੰ ਟਾਈਮ ਦੇ ਦੇਵਾਂਗਾ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਪੰਜਾਬ ਦੇ ਕਾਲਜਾਂ ਵਿੱਚ ਐਡਮਿਸ਼ਨਾਂ ਚੱਲ ਰਹੀਆਂ ਹਨ। ਲਗਭਗ 5 ਲੱਖ ਬੱਚਾ ਐਸਾ ਹੈ ਜਿਹੜਾ ਕਿ ਸ਼ਡਿਊਲਡ ਅਤੇ ਬੈਕਵਰਡ ਕਲਾਸਾਂ ਨਾਲ ਸਬੰਧ ਰੱਖਦਾ ਹੈ। ਉਨ੍ਹਾਂ ਤੋਂ ਪਿਛਲੇ ਸਾਲ ਤੱਕ ਦਾਖਲਾ ਫੀਸ ਨਹੀਂ ਲਈ ਜਾਂਦੀ ਸੀ। ਹੁਣ ਇਸ ਸਾਲ ਤੋਂ ਇਹ ਹੋ ਗਿਆ ਹੈ ਕਿ ਲਗਭਗ 8500 ਰੁਪਏ ਤੋਂ 11000 ਰੁਪਏ ਤੱਕ ਫੀਸ ਹੈ ਜਿਹੜੀ ਕਿ ਬੱਚੇ ਨੂੰ ਪਹਿਲਾਂ ਜਮ੍ਹਾਂ ਕਰਵਾਉਣੀ ਪੈਂਦੀ ਹੈ ਫਿਰ ਜਾ ਕੇ ਉਸ ਨੂੰ ਦਾਖਲਾ ਮਿਲ ਰਿਹਾ ਹੈ। ਜਦੋਂ ਕਿ ਪੰਜ ਲੱਖ ਵਿਚੋਂ ਤਿੰਨ ਲੱਖ ਬੱਚੇ ਤਾਂ ਅਜਿਹੇ ਹਨ ਜਿਹੜੇ ਕਿ ਫੀਸ ਜਮ੍ਹਾਂ ਹੀ ਨਹੀਂ ਕਰਵਾ ਸਕਦੇ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਫੀਸ ਬਾਅਦ ਵਿੱਚ ਸਰਕਾਰ ਨੂੰ ਰੀਇੰਬਰਸ ਹੋ ਵੀ ਜਾਣੀ ਹੈ। ਇਸ ਕਰਕੇ ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਜਿਹੜੇ ਬੱਚੇ ਦੀ ਫੀਸ

ਕੇਂਦਰ ਸਰਕਾਰ ਵੱਲੋਂ ਬਾਅਦ ਵਿੱਚ ਰਿਇੰਬਰਸ ਹੋ ਜਾਣੀ ਹੈ, ਉਨ੍ਹਾਂ ਤੋਂ ਹੁਣ ਫੀਸ ਲੈਣ ਦਾ ਕੀ ਫਾਇਦਾ ਹੈ ? ਉਹ ਬੱਚੇ ਇਸ ਕਰਕੇ ਡਰਾਪ ਆਊਟ ਹੋ ਰਹੇ ਹਨ, ਉਨ੍ਹਾਂ ਨੂੰ ਘਰੇ ਬੈਠਣਾ ਪੈ ਰਿਹਾ ਹੈ ਤੇ ਪੜ੍ਹਾਈ ਛੱਡਣੀ ਪੈ ਰਹੀ ਹੈ, ਕਿਉਂਕਿ ਉਨ੍ਹਾਂ ਕੋਲ 8500 ਰੁਪਿਆ ਜਮ੍ਹਾਂ ਕਰਵਾਉਣ ਵਾਸਤੇ ਨਹੀਂ ਹੈ। ਇਹ ਬਹੁਤ ਹੀ ਸੰਜੀਦਾ ਮਸਲਾ ਹੈ। ਇਹ ਪੰਜ ਲੱਖ ਬੱਚਿਆਂ ਦੇ ਭਵਿੱਖ ਦਾ ਸਵਾਲ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਸਦਨ ਨੂੰ ਇਹ ਐਸੋਰੈਂਸ ਦੇਣ ਕਿ ਅਸੀਂ ਇਨ੍ਹਾਂ ਬੱਚਿਆਂ ਤੋਂ ਫੀਸ ਲਏ ਬਿਨਾ ਇਨ੍ਹਾਂ ਨੂੰ ਕਾਲਜਾਂ ਵਿੱਚ ਦਾਖਲਾ ਦੇ ਦੇਵਾਂਗੇ, ਇਨ੍ਹਾਂ ਨੂੰ ਬਾਅਦ ਵਿੱਚ ਕੇਂਦਰ ਸਰਕਾਰ ਤੋਂ ਫੀਸ ਆ ਹੀ ਜਾਣੀ ਹੈ। ਇਨ੍ਹਾਂ ਨੂੰ ਤਾਂ ਕੋਈ ਨੁਕਸਾਨ ਨਹੀਂ ਹੈ। ਮੈਂ ਇਸ ਕਰਕੇ ਕਹਿੰਦਾ ਹਾਂ ਕਿ ਇਹ ਸੀਰੀਅਸ ਮਸਲਾ ਹੈ ਤੇ ਪੰਜਾਬ ਦੇ ਪੰਜ ਲੱਖ ਬੱਚਿਆਂ ਨਾਲ ਜੁੜਿਆ ਹੋਇਆ ਹੈ। ਮੈਂ ਮੰਤਰੀ ਜੀ ਅਤੇ ਡਿਪਟੀ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਬਾਰੇ ਆਪਣਾ ਬਿਆਨ ਦੇਣ ਜੀ।

**ਉਦਯੋਗ ਤੇ ਵਣਜ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਐਮ.ਐਲ.ਏਜ਼ ਵਾਸਤੇ ਚੈਂਬਰ ਬਣਾਉਣ ਦੀ ਪ੍ਰੋਵੀਜ਼ਨ ਕਰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਇਹ ਜ਼ੀਰੋ ਆਵਰ ਤੋਂ ਬਾਅਦ ਕਰ ਦਿੱਤੀ ਜਾਵੇਗੀ। ਰੱਖੜਾ ਜੀ ਜਵਾਬ ਦੇਣ ਲੱਗੇ ਹਨ।

**ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) :** ਸਪੀਕਰ ਸਾਹਿਬ, ਮੈਂਬਰ ਸਾਹਿਬ ਦੀ ਇਹ ਗੱਲ ਠੀਕ ਹੈ। ਇਹ ਗੱਲ ਚਲੀ ਸੀ, ਹੁਣ ਸਾਰੀ ਗੱਲ ਹੋ ਗਈ ਹੈ । ਜਿੰਨੀ ਐਡਮਿਸ਼ਨ ਫੀਸ ਹੈ, ਬਿਨਾਂ ਫੀਸ ਲਏ, ਜਦੋਂ ਵੀ ਸੈਂਟਰ ਗੌਰਮਿੰਟ ਤੋਂ ਪੈਸੇ ਆਉਣਗੇ, ਉਦੋਂ ਕਾਲਜਾਂ ਵਾਲੇ ਕੱਟ ਲੈਣਗੇ ਪਰ ਕਿਸੇ ਵਿਦਿਆਰਥੀ ਦੀ ਐਡਮਿਸ਼ਨ ਰੋਕੀ ਨਹੀਂ ਜਾਵੇਗੀ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਤੇ ਐਸ.ਸੀ.ਬੀ.ਸੀ. ਦੀ ਭਲਾਈ (ਸ਼੍ਰੀ ਪਵਨ ਕੁਮਾਰ ਟੀਨੂੰ) :** ਸਪੀਕਰ ਸਾਹਿਬ, ਤੁਸੀਂ ਰਿਕਾਰਡ ਦੇਖ ਲਵੋ। ਚਾਹੇ ਜਲੰਧਰ ਹੈ, ਰੋਪੜ ਹੈ, ਨਵਾਂ ਸ਼ਹਿਰ ਹੈ, ਚਾਹੇ ਟਾਂਡਾ ਹੈ, ਮੈਂ ਤੁਹਾਨੂੰ ਕਾਲਜਾਂ ਦੀ ਲਿਸਟ ਦੇ ਸਕਦਾ ਹਾਂ ਜਿਥੇ ਸ਼ਡਿਊਲਡ ਕਾਸਟ ਨਾਲ ਸਬੰਧਤ ਬੱਚੇ ਐਡਮਿਸ਼ਨ ਲੈਣ ਵਾਸਤੇ ਜਾਂਦੇ ਹਨ, ਪ੍ਰਿੰਸੀਪਲ ਉਨ੍ਹਾਂ ਨੂੰ ਤਕਰੀਬਨ 48000 ਰੁਪਿਆ ਲੈ ਕੇ ਆਉਣ ਲਈ ਕਹਿੰਦੇ ਹਨ। ਮੈਂ ਅਫਸਰਾਂ ਦੇ ਧਿਆਨ

ਵਿੱਚ ਵੀ ਇਹ ਗੱਲ ਲਿਆਂਦੀ ਹੈ। ਲੇਕਿਨ ਉਹ ਇਹ ਗੱਲ ਕਹਿ ਛੱਡਦੇ ਹਨ ਕਿ ਅਸੀਂ ਹੁਣ ਇੰਸਟ੍ਰਕਸ਼ਨਾਂ ਜਾਰੀ ਕਰ ਦਿੱਤੀਆਂ ਹਨ। ਮੈਂ ਬੇਨਤੀ ਕਰਦਾ ਹਾਂ ਕਿ ਗਰੀਬ ਵਰਗ ਦੇ ਲੱਖਾਂ ਵਿਦਿਆਰਥੀਆਂ ਨਾਲ ਜੁੜਿਆ ਹੋਇਆ ਇਹ ਮੁੱਦਾ ਹੈ ਔਰ ਜੇਕਰ ਪ੍ਰਿੰਸੀਪਲ ਇਹ ਕਹੇ ਕਿ 48000 ਰੁਪਿਆ ਲੈ ਕੇ ਆਉ, ਮੈਂ ਫਿਰ ਹੀ ਤੈਨੂੰ ਐਡਮਿਸ਼ਨ ਦੇਵਾਂਗਾ, ਫਿਰ ਸਾਡੇ ਅਧਿਕਾਰੀ ਕਹਿੰਦੇ ਹਨ ਕਿ ਕੋਈ ਗੱਲ ਨਹੀਂ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦਾ ਹੱਲ ਹੋਣਾ ਚਾਹੀਦਾ ਹੈ।

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਜਿਹੜਾ ਇਸ਼ੂ ਹੈ ਇਹ ਇਸੇ ਸਾਲ ਸ਼ੁਰੂ ਹੋਇਆ ਹੈ। ਪਿਛਲੇ ਸਾਲ ਅਜਿਹਾ ਕੋਈ ਮੁੱਦਾ ਨਹੀਂ ਸੀ। ਮੇਰੇ ਕੋਲ ਇਹ ਮਹਿਕਮਾ ਨਹੀਂ ਹੈ, ਮੈਂ ਕੱਲ੍ਹ ਹੀ ਡਿਸਕਸ ਕੀਤਾ ਹੈ। ਮੈਂ ਹਾਊਸ ਨੂੰ ਐਸ਼ੋਅਰ ਕਰਦਾ ਹਾਂ ਕਿ we will contact all the colleges, they will be asked to take admissions and nobody will be turned back. ਸਰਕਾਰ ਵੱਲੋਂ ਕਲੀਅਰ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ। ਅਸੀਂ ਐਸ.ਸੀ. ਬੱਚਿਆਂ ਦੀ ਐਡਮਿਸ਼ਨ ਦਾ ਆਨ-ਲਾਈਨ ਸਿਸਟਮ ਹੀ ਪਿਛਲੇ ਸਾਲ ਤੋਂ ਸ਼ੁਰੂ ਕੀਤਾ ਹੈ। ਇਹ ਬੜਾ ਇਫੈਕਟਿਵ ਰਿਹਾ ਹੈ। I am quite surprised ਕਿ ਇਸ ਵਾਰ ਅਜਿਹਾ ਹੋਇਆ ਹੈ So, we assure that amendments will be done. (ਥੰਪਿੰਗ)

**ਡਾਕਟਰ ਰਾਜ ਕੁਮਾਰ ਵੇਰਕਾ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਸਬੰਧੀ ਡਿਪਟੀ ਕਮਿਸ਼ਨਰਾਂ ਨੂੰ ਜ਼ਿੰਮੇਵਾਰ ਬਣਾਉਣਾ ਚਾਹੀਦਾ ਹੈ ਕਿ ਜੇਕਰ ਕੋਈ ਕਾਲਜ ਇਸ ਦੀ ਉਲੰਘਣਾ ਕਰੇ ਤਾਂ ਸਬੰਧਤ ਡਿਪਟੀ ਕਮਿਸ਼ਨਰ ਉਸ ਖਿਲਾਫ ਕਾਰਵਾਈ ਕਰੇ।

**ਉਪ ਮੁੱਖ ਮੰਤਰੀ :** ਮੈਂ ਸੈਸ਼ਨ ਤੋਂ ਬਾਅਦ ਹੀ ਚੀਫ ਸੈਕ੍ਰੇਟਰੀ ਸਾਹਿਬ ਦੀ ਡਿਊਟੀ ਲਗਾ ਦੇਵਾਂਗਾ।

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਲਾਲ ਸਿੰਘ ਜੀ।

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਅੱਜ ਦਾ ਜ਼ੀਰੋ ਆਵਰ ਬੜਾ ਹੀ ਯੂਜ਼ਫੁੱਲ ਰਿਹਾ ਹੈ। ਇਸ ਦਾ ਅੱਧਾ ਟਾਈਮ ਤਾਂ ਬੇਸ਼ਕ ਸਰਦਾਰ ਬਿਕਰਮ ਮਜੀਠੀਆ ਜੀ ਨੇ ਲੈ ਲਿਆ ਹੈ ਪਰ ਫਿਰ ਵੀ ਸਾਨੂੰ ਇਸ ਗੱਲ ਤੇ ਕੋਈ ਇਤਰਾਜ਼ ਨਹੀਂ ਹੈ। ਉਨ੍ਹਾਂ ਨੇ ਆਪਣੇ ਮਨ ਦੀ ਭੜਾਸ ਕੱਢ ਲਈ ਹੈ।

[ ਸਰਦਾਰ ਲਾਲ ਸਿੰਘ ]

ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਅੱਧਾ ਘੰਟਾ ਹੋਰ ਵਧਾ ਲਓ, ਇਨ੍ਹਾਂ ਦੀ ਸਾਰੀ ਭੜਾਸ ਨਿਕਲ ਲੈਣ ਦਿਓ (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਨਹੀਂ ਜੀ। ਧੰਨਵਾਦ। Zero hour is over. (ਵਿਘਨ) (ਸ਼ੋਰ)

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਇਨ੍ਹਾਂ ਦੇ ਕਈ ਪਰਦੇ ਖੁੱਲ੍ਹੇ ਹਨ, ਹੋਰ ਖੁੱਲਣ ਦਿਓ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਸਰਦਾਰ ਲਾਲ ਸਿੰਘ ਜੀ, ਤੁਸੀਂ ਬੈਠ ਜਾਓ। Zero hour is over. (ਵਿਘਨ) (ਸ਼ੋਰ)

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ....(ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਨਹੀਂ ਜੀ, ਤੁਹਾਡਾ ਟਾਈਮ ਲਾਲ ਸਿੰਘ ਜੀ ਨੇ ਲੈ ਲਿਆ ਹੈ। ਧੰਨਵਾਦ ਜੀ। (ਵਿਘਨ) (ਸ਼ੋਰ)

**ਉੱਪ ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਬੜਾ ਹੈਰਾਨ ਹਾਂ, ਸਰਦਾਰ ਲਾਲ ਸਿੰਘ ਜੀ ਨੂੰ ਤਾਂ ਗਰਮੀ ਕਦੇ ਆਉਂਦੀ ਨਹੀਂ। (ਵਿਘਨ) (ਸ਼ੋਰ)

**ਸਰਦਾਰ ਲਾਲ ਸਿੰਘ :** ਮੈਂ ਕਹਿ ਰਿਹਾ ਹਾਂ ਕਿ ਜ਼ੀਰੋ ਆਵਰ ਬਹੁਤ ਅੱਛਾ ਹੋ ਗਿਆ। (ਵਿਘਨ) (ਸ਼ੋਰ)

**ਉੱਪ ਮੁੱਖ ਮੰਤਰੀ :** ਨਹੀਂ ਜੀ, ਤੁਸੀਂ ਕਹਿ ਰਹੇ ਹੋ ਕਿ ਇਨ੍ਹਾਂ ਦੀ ਗਰਮੀ ਹੋਰ ਕਢਵਾਉਣੀ ਹੈ। (ਵਿਘਨ)(ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਕੁਲਜੀਤ ਸਿੰਘ ਨਾਗਰਾ, ਸਰਦਾਰ ਰਣਦੀਪ ਸਿੰਘ ਅਤੇ ਰਾਣਾ ਗੁਰਮੀਤ ਸਿੰਘ ਸੋਢੀ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ। )

**ਉੱਪ ਮੁੱਖ ਮੰਤਰੀ :** ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਲੰਚ ਤੇ ਬੁਲਾਇਆ ਹੈ। ਇਕੱਠੇ ਰੋਟੀ ਖਾਵਾਂਗੇ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਹਾਂ ਜੀ ਨਾਭਾ ਜੀ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ

ਜਿਹੜਾ ਸਾਡੇ ਕੋਲ ਵਕੀਲਾਂ ਵਾਲਾ ਬਿਲ ਆਇਆ ਹੈ। ਉਸ ਤੇ ਅਡਿਕਸ਼ਨ ਦੇ ਬਜਾਏ ਡੀ-ਅਡਿਕਸ਼ਨ ਲਿਖਿਆ ਜਾਵੇ।

**ਮਾਨਯੋਗ ਸਪੀਕਰ :** ਠੀਕ ਹੈ ਜੀ, ਨੋਟ ਕਰ ਲੈਣਾ। ਤੁਹਾਡੀ ਬੇਨਤੀ ਮੰਨ ਲਈ ਹੈ। (ਵਿਘਨ) (ਸ਼ੋਰ) ਨਹੀਂ ਜੀ, ਤੁਸੀਂ ਬੈਠੋ। ਹਾਂ ਜੀ ਰਾਣਾ ਗੁਰਮੀਤ ਸਿੰਘ ਸੋਢੀ ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਗੁਰੂ ਹਰ ਸਹਾਏ ਵਿਚ ਇਕ ਸਰਕਾਰੀ ਕਾਲਜ ਹੈ।ਉਸ ਕਾਲਜ ਵਿਚ ਸਾਰੇ ਹੀ ਗਰੀਬ ਬੱਚੇ ਪੜ੍ਹਦੇ ਹਨ। ਅਸੀਂ ਉਸ ਕਾਲਜ ਲਈ ਪਿੰਡ 'ਚੋਂ 12 ਏਕੜ ਜ਼ਮੀਨ ਦਿਵਾਈ ਸੀ। ਜਦੋਂ ਉਸ ਕਾਲਜ ਦੀ ਮਨਜੂਰੀ ਲਈ ਗਈ ਸੀ ਉਸ ਦਾ ਉਦਘਾਟਨ ਕੀਤਾ ਸੀ ਤਾਂ ਉਸ ਦਾ ਨਾਮ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਰੱਖਿਆ ਗਿਆ ਸੀ ਪਰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਰਕਾਰ ਵਲੋਂ ਕੋਈ ਅਜਿਹੀ ਹਰਕਤ ਕੀਤੀ ਗਈ ਕਿ ਉਸ ਦਾ ਨਾਮ ਸਿਰਫ ਸਰਕਾਰੀ ਕਾਲਜ ਰੱਖ ਦਿੱਤਾ ਗਿਆ ਹੈ। ਇਸ ਕਾਰਨ ਲੋਕਾਂ ਵਿਚ ਕਾਫੀ ਰੋਸ ਹੈ। ਅਸੀਂ ਉਸ ਸ਼ਹੀਦ ਦੇ ਨਾਂ ਤੇ ਉਸ ਕਾਲਜ ਦਾ ਨਾਂ ਰੱਖਿਆ ਹੈ, ਜਿਸ ਦੀ ਦੇਸ਼ ਦੀ ਅਜ਼ਾਦੀ ਦੇ ਵਿਚ ਬਹੁਤ ਵੱਡੀ ਕੰਟਰੀਬਿਊਸ਼ਨ ਹੈ । ਮੇਰੀ ਬੇਨਤੀ ਹੈ ਕਿ ਉਸ ਕਾਲਜ ਦਾ ਨਾਂ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਰੱਖਿਆ ਜਾਵੇ। ਉਸ ਦਾ ਨਾਂ ਰਿਸਟੋਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਹਾਂ ਜੀ ਬੀਬੀ ਲੂੰਬਾ ਜੀ।

**ਸ਼੍ਰੀਮਤੀ ਵਨਿੰਦਰ ਕੌਰ ਲੂੰਬਾ :** ਸਪੀਕਰ ਸਾਹਿਬ, ਮੈਂ ਆਪਣੇ ਹਲਕਾ ਸ਼ੁਤਰਾਣੇ ਦਾ ਇਕ ਬੜਾ ਅਹਿਮ ਮਸਲਾ ਉੱਪ ਮੁੱਖ ਮੰਤਰੀ ਜੀ ਅਤੇ ਰੱਖੜਾ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦੀ ਹਾਂ ਕਿ ਸਾਡੇ ਨੇੜੇ ਪਾਤੜਾਂ ਵਿਖੇ ਇਕ ਸਰਕਾਰੀ ਕਿਰਤੀ ਕਾਲਜ ਹੈ। ਜਦੋਂ ਇਹ ਕਾਲਜ 1974 ਵਿਚ ਸ਼ੁਰੂ ਹੋਇਆ ਸੀ ਤਾਂ ਇਸ ਵਿਚ 400 ਵਿਦਿਆਰਥੀ ਦਾਖਲ ਹੋਏ ਸੀ ਅਤੇ ਉਥੇ 13 ਅਸਾਮੀਆਂ ਟੀਚਰਾਂ ਦੀਆਂ ਸਨ ਪਰ ਅੱਜ ਉਥੇ 2200 ਦੇ ਕਰੀਬ ਵਿਦਿਆਰਥੀ ਹਨ ਪਰ ਉਥੇ ਸਿਰਫ ਇਕ ਰੈਗੂਲਰ ਟੀਚਰ ਹੈ ਅਤੇ ਦੋ ਪਾਰਟ ਟਾਈਮ ਟੀਚਰ ਹਨ।

**ਮਾਨਯੋਗ ਸਪੀਕਰ** : ਬੀਬੀ ਜੀ, ਤੁਹਾਡਾ ਕੁਐਸਚਨ ਆ ਗਿਆ ਹੈ।

**ਸ਼੍ਰੀਮਤੀ ਵਨਿੰਦਰ ਕੌਰ ਲੂੰਬਾ :** ਹਮੇਸ਼ਾ ਹੀ ਜਦੋਂ ਵੀ ਗੱਲ ਕੀਤੀ ਜਾਂਦੀ ਹੈ ਤਾਂ ਕਿਹਾ ਜਾਂਦਾ ਹੈ ਕਿ ਹਾਈ ਕੋਰਟ ਦੀ ਸਟੇਅ ਲੱਗੀ ਹੋਈ ਹੈ ਪਰ ਸਾਡੇ ਸੀ.ਐਮ. ਸਾਹਿਬ ਅਤੇ ਡਿਪਟੀ ਸੀ.ਐਮ. ਸਾਹਿਬ ਇਸ ਤੇ ਧਿਆਨ ਦੇ ਰਹੇ ਹਨ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਬੀਬੀ ਜੀ sit down. ਹਾਂ ਜੀ ਸਦੀਕ ਜੀ।

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸਦੀਕ ਜੀ ਭਾਵੇਂ ਦੋ ਸਵਾਲ ਪੁੱਛ ਲੈਣ ਪਰ ਅੱਜ ਸੈਸ਼ਨ sine die ਐਡਜਰਨ ਹੋਣਾ ਹੈ, ਬਾਅਦ ਵਿੱਚ ਇੱਕ ਗੀਤ ਜ਼ਰੂਰ ਗਾ ਦੇਣ। (ਹਾਸਾ)

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਨਹੀਂ ਹੋਣਾ। ਹਾਂ ਜੀ ਸਦੀਕ ਜੀ।

**ਸ਼੍ਰੀ ਮੁਹੰਮਦ ਸਦੀਕ :** ਸਪੀਕਰ ਸਾਹਿਬ, ਤੁਹਾਡੀ ਬੜੀ ਮਿਹਰਬਾਨੀ, ਬਹੁਤ ਬਹੁਤ ਧੰਨਵਾਦ ਕਿ ਆਪ ਜੀ ਨੇ ਮੈਨੂੰ ਟਾਈਮ ਦਿੱਤਾ ਹੈ। ਮੈਂ ਆਪ ਜੀ ਦੇ ਰਾਹੀਂ ਸਥਾਨਕ ਸਰਕਾਰਾਂ ਦੇ ਮੰਤਰੀ ਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਇੱਕ ਸਵਾਲ ਵੀ ਕਰਨਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦਾ ਇੱਕ ਸ਼ਹਿਣਾ ਪਿੰਡ ਹੈ, ਉਸ ਦੀ ਆਬਾਦੀ 17000 ਹੈ। ਉਥੇ ਹਾਲੇ ਤੱਕ ਨਗਰ ਪੰਚਾਇਤ ਨਹੀਂ ਬਣ ਸਕੀ। ਜਦ ਕਿ ਪੰਚਾਇਤ ਨੇ 2008 ਵਿੱਚ ਵੀ ਮਤਾ ਪਾਸ ਕੀਤਾ, 2012 ਵਿੱਚ ਵੀ ਮਤਾ ਪਾਸ ਕੀਤਾ ਹੈ। ਉਸ ਵਿੱਚ 10055 ਵੋਟਾਂ ਹਨ। ਜਦ ਕਿ ਮੇਰੇ ਆਲੇ-ਦੁਆਲੇ ਦੇ ਕੁਝ ਪਿੰਡਾਂ ਵਿੱਚ ਚਾਰ-ਚਾਰ ਜਾਂ ਪੰਜ ਪੰਜ ਹਜ਼ਾਰ ਵੋਟਾਂ ਹਨ ਅਤੇ ਉਥੇ ਨਗਰ ਪੰਚਾਇਤਾਂ ਬਣੀਆਂ ਹੋਈਆਂ ਹਨ। ਮੈਂ ਬੇਨਤੀ ਕਰਾਂਗਾ ਕਿ ਮੇਰੀ ਇਸ ਬੇਨਤੀ ਉਤੇ ਮੰਤਰੀ ਜੀ ਧਿਆਨ ਦੇਣ। ਧੰਨਵਾਦ ਜੀ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਹੁਣ ਜੋਸ਼ੀ ਸਾਹਿਬ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਐਸ਼ਿਓਰੈਂਸ ਦਿੰਦਾ ਹਾਂ ਕਿ ਜੇ ਇਨ੍ਹਾਂ ਦਾ ਮਤਾ ਪੈ ਕੇ ਆ ਗਿਆ ਤਾਂ ਮੈਨੂੰ ਪਰਸਿਊ ਕਰ ਲੈਣ ਦਿਉ, ਅਸੀਂ

ਇਨ੍ਹਾਂ ਦੀ ਨਗਰ ਪੰਚਾਇਤ ਬਣਾ ਦੇਵਾਂਗੇ।

**ਸ਼੍ਰੀ ਮੁਹੰਮਦ ਸਦੀਕ :** ਬੜੀ ਮਿਹਰਬਾਨੀ ਜੀ, ਬਹੁਤ-ਬਹੁਤ ਧੰਨਵਾਦ।

**ਮਾਨਯੋਗ ਸਪੀਕਰ:** ਹੁਣ ਅਗਲੀ ਆਈਟਮ, ਸਰਕਾਰੀ ਮਤਾ।

———

## OFFICIAL RESOLUTION REGARDING RECOMMENDING TO THE STATE GOVERNMENT TO TAKE UP THE MATTER WITH THE HON'BLE GOVERNOR FOR PROVIDING SPACE FOR HAVING OFFICES FOR ALL THE HON'BLE MEMBERS

**ਮਾਨਯੋਗ ਸਪੀਕਰ :** ਸੰਸਦੀ ਮਾਮਲੇ ਮੰਤਰੀ, ਸ਼੍ਰੀ ਮਦਨ ਮੋਹਨ ਮਿੱਤਲ ਜੀ ਮਤਾ ਪੇਸ਼ ਕਰਨ।

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ ਮੈਂ ਪ੍ਰਸਤਾਵ ਕਰਦਾ ਹਾਂ-

> "ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਹਾਊਸ ਦੇ ਸਾਰੇ ਮਾਨਯੋਗ ਮੈਂਬਰਾਂ, ਰੂਲਿੰਗ ਪਾਰਟੀ, ਆਪੋਜ਼ੀਸ਼ਨ ਪਾਰਟੀ ਅਤੇ ਆਜ਼ਾਦ ਮੈਂਬਰਾਂ ਦੀ ਇੱਕ ਰਾਇ ਹੈ ਕਿ ਸਾਰੇ ਮੈਂਬਰ ਸਾਹਿਬਾਨ ਨੂੰ ਆਫਿਸ ਮੁਹੱਈਆ ਕਰਵਾਉਣ ਦੇ ਸਬੰਧ ਵਿੱਚ ਜਗ੍ਹਾ ਦੇਣ ਲਈ ਮਾਨਯੋਗ ਗਵਰਨਰ ਸਾਹਿਬ ਨੂੰ ਬੇਨਤੀ ਕੀਤੀ ਜਾਵੇ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

> "ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਹਾਊਸ ਦੇ ਸਾਰੇ ਮਾਨਯੋਗ ਮੈਂਬਰਾਂ, ਰੂਲਿੰਗ ਪਾਰਟੀ, ਆਪੋਜ਼ੀਸ਼ਨ ਪਾਰਟੀ ਅਤੇ ਆਜ਼ਾਦ ਮੈਂਬਰਾਂ ਦੀ ਇੱਕ ਰਾਇ ਹੈ ਕਿ ਸਾਰੇ ਮੈਂਬਰ ਸਾਹਿਬਾਨ ਨੂੰ ਆਫਿਸ ਮੁਹੱਈਆ ਕਰਵਾਉਣ ਦੇ ਸਬੰਧ ਵਿੱਚ ਜਗ੍ਹਾ ਦੇਣ ਲਈ ਮਾਨਯੋਗ ਗਵਰਨਰ ਸਾਹਿਬ ਨੂੰ ਬੇਨਤੀ ਕੀਤੀ ਜਾਵੇ।"

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

> "ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਹਾਊਸ ਦੇ ਸਾਰੇ ਮਾਨਯੋਗ ਮੈਂਬਰਾਂ, ਰੂਲਿੰਗ ਪਾਰਟੀ, ਆਪੋਜ਼ੀਸ਼ਨ ਪਾਰਟੀ ਅਤੇ ਆਜ਼ਾਦ ਮੈਂਬਰਾਂ ਦੀ ਇੱਕ ਰਾਇ ਹੈ ਕਿ ਸਾਰੇ ਮੈਂਬਰ ਸਾਹਿਬਾਨ ਨੂੰ ਆਫਿਸ ਮੁਹੱਈਆ ਕਰਵਾਉਣ ਦੇ ਸਬੰਧ ਵਿੱਚ ਜਗ੍ਹਾ ਦੇਣ ਲਈ ਮਾਨਯੋਗ ਗਵਰਨਰ ਸਾਹਿਬ ਨੂੰ ਬੇਨਤੀ ਕੀਤੀ ਜਾਵੇ।"

***ਮਤਾ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

---

## CALL ATTENTION NOTICES UNDER RULE 66

### (Sr. No. 13)

**ਮਾਨਯੋਗ ਸਪੀਕਰ :** ਧਿਆਨ ਦਿਵਾਊ ਨੋਟਿਸ। ਸਰਦਾਰ ਚਰਨਜੀਤ ਸਿੰਘ ਚੰਨੀ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :**<br>**ਸਰਦਾਰ ਅਜਾਇਬ ਸਿੰਘ ਭੱਟੀ :** } ਸ਼੍ਰੀਮਾਨ ਜੀ,

ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਪੰਜਾਬ ਸਰਕਾਰ ਵਲੋਂ ਸੰਵਿਧਾਨ ਦੀ 85ਵੀਂ ਸੋਧ ਇੰਨ-ਬਿੰਨ ਲਾਗੂ ਨਹੀਂ ਕੀਤੀ ਜਾ ਰਹੀ, ਜਿਸ ਨਾਲ ਅਨੁਸੂਚਿਤ ਜਾਤੀ ਦੇ ਲੋਕਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

**ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ (ਸਰਦਾਰ ਗੁਲਜਾਰ ਸਿੰਘ ਰਣੀਕੇ) :** ਮਾਨਯੋਗ ਸਪੀਕਰ ਸਾਹਿਬ, ਭਾਰਤ ਦੇ ਸੰਵਿਧਾਨ ਦੀ 85ਵੀਂ ਸੋਧ ਲਾਗੂ ਕਰਨ ਸਬੰਧੀ ਪੰਜਾਬ ਸਰਕਾਰ ਨੇ ਮਿਤੀ 15.12.2005 ਨੂੰ ਹਦਾਇਤਾਂ ਜਾਰੀ ਕੀਤੀਆਂ ਸਨ, ਜਿਨ੍ਹਾਂ ਤੋਂ ਬਾਅਦ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸਿਵਲ ਰਿੱਟ ਪਟੀਸ਼ਨ ਨੰਬਰ 1960/2008

ਪ੍ਰਿਤਪਾਲ ਸਿੰਘ ਬਨਾਮ ਪੰਜਾਬ ਸਰਕਾਰ ਦੇ ਕੇਸ ਨੂੰ ਖਾਰਜ ਕਰ ਦਿੱਤਾ ਗਿਆ ਸੀ। ਇਸ ਵਿਰੁੱਧ ਪੰਜਾਬ ਸਰਕਾਰ ਵੱਲੋਂ ਮਾਨਯੋਗ ਸੁਪਰੀਮ ਕੋਰਟ ਵਿੱਚ ਦਾਇਰ ਕੀਤੀ ਗਈ ਐਸ.ਐਲ.ਪੀ. ਨੰਬਰ 4174/2010 ਮਿਤੀ 13.5.10 ਨੂੰ ਮਾਨਯੋਗ ਕੋਰਟ ਨੇ ਵੀ ਇਹ ਖਾਰਜ ਕਰ ਦਿੱਤੀ। ਉਸ ਉਪਰੰਤ ਮਾਨਯੋਗ ਹਾਈ ਕੋਰਟ ਨੇ ਸਿਵਲ ਰਿੱਟ ਪਟੀਸ਼ਨ ਨੰਬਰ 16733 ਸਰਦਾਰ ਹਰੀ ਸਿੰਘ ਬਨਾਮ ਪੰਜਾਬ ਸਰਕਾਰ ਦੇ ਕੇਸ ਵਿੱਚ ਮਿਤੀ 1.4.2011 ਨੂੰ ਉਪਰੋਕਤ ਫੈਸਲੇ ਨੂੰ ਦਹੁਰਾਇਆ ਹੈ। ਇਸ ਮਾਮਲੇ ਦੇ ਸਬੰਧ ਵਿੱਚ ਬੜੀ ਗੰਭੀਰਤਾ ਨਾਲ ਸਰਕਾਰ ਲੱਗੀ ਹੋਈ ਹੈ ਅਤੇ ਵਿਚਾਰਿਆ ਜਾ ਰਿਹਾ ਹੈ ਕਿ ਇਸ ਦਾ ਹੱਲ ਕਿਸ ਢੰਗ ਨਾਲ ਕੱਢਿਆ ਜਾਵੇ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮਾਨਯੋਗ ਸਪੀਕਰ ਸਾਹਿਬ, 2001 ਵਿੱਚ ਇਹ ਅਮੈਂਡਮੈਂਟ ਬੀ.ਜੇ.ਪੀ. ਦੀ ਵਾਜਪਾਈ ਜੀ ਦੀ ਸਰਕਾਰ ਨੇ ਕੀਤੀ ਸੀ। ਇਸ ਦਾ 1995 ਤੋਂ ਕਰਮਚਾਰੀਆਂ ਨੂੰ ਲਾਭ ਦਿੱਤਾ ਗਿਆ ਸੀ। ਲੇਕਿਨ ਅੱਜ 14 ਸਾਲ ਹੋ ਗਏ ਹਨ। 2005 ਵਿਚ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਉਸ ਤੋਂ ਬਾਅਦ ਮਾਨਯੋਗ ਸੁਪਰੀਮ ਕੋਰਟ ਦਾ ਫੈਸਲਾ ਆ ਚੁੱਕਾ ਹੈ ਕਿ ਇਸ ਨੂੰ ਲਾਗੂ ਕੀਤਾ ਜਾਵੇ। ਪਿਛਲੇ 3 ਸਾਲਾਂ ਤੋਂ ਇਹ ਫਾਈਲ ਸੀ.ਐਮ. ਸਾਹਿਬ ਦੇ ਦਫਤਰ ਵਿਚ ਪਈ ਹੋਈ ਹੈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ 14 ਸਾਲ ਤੋਂ ਕਰਮਚਾਰੀਆਂ ਨੂੰ 85ਵੀਂ ਸੋਧ ਦਾ ਫਾਇਦਾ ਦੇਣ ਤੋਂ ਦੂਰ ਕਿਉਂ ਰੱਖਿਆ ਜਾ ਰਿਹਾ ਹੈ? ਇਸ ਨੂੰ ਤੁਰੰਤ ਲਾਗੂ ਕਿਉਂ ਨਹੀਂ ਕੀਤਾ ਜਾ ਰਿਹਾ ਕਿਉਂਜੋ ਇਹ ਬੜਾ ਸੰਵੇਦਨਸ਼ੀਲ ਅਤੇ ਅਹਿਮ ਮੁੱਦਾ ਹੈ। ਇਸ ਨੂੰ ਸਰਕਾਰ ਬਿਨਾਂ ਮਤਲਬ ਤੋਂ ਲਟਕਾ ਰਹੀ ਹੈ ਜਦੋਂ ਕਿ ਸਰਕਾਰ ਵਾਲੇ ਪਾਸੇ ਕਿੰਨੇ ਹੀ ਮੈਂਬਰ ਐਸ.ਸੀਜ਼ ਨਾਲ ਸਬੰਧਤ ਬੈਠੇ ਹਨ। ਉਹ ਕਿਉਂ ਨਹੀਂ ਬੋਲਦੇ? ਅੱਜ ਪੰਜਾਬ ਦੇ ਕਰਮਚਾਰੀਆਂ ਦਾ ਬਿਨਾਂ ਕਾਰਨ ਨੁਕਸਾਨ ਕੀਤਾ ਜਾ ਰਿਹਾ ਹੈ। ਮੈਂ ਸਰਕਾਰ ਅਤੇ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਨੂੰ ਤੁਰੰਤ ਕਿਉਂ ਨਹੀਂ ਲਾਗੂ ਕੀਤਾ ਜਾਂਦਾ? ਇਸ ਦਾ ਲਾਭ ਜਦੋਂ ਤੋਂ ਮਾਨਯੋਗ ਸੁਪਰੀਮ ਕੋਰਟ ਵੱਲੋਂ ਜਿਹੜੀ ਅਮੈਂਡਮੈਂਟ ਕੀਤੀ ਗਈ ਹੈ, ਉਸ ਦੀ ਭਾਵਨਾ ਦੇ ਉਲਟ ਕੰਮ ਕਿਉਂ ਕੀਤਾ ਜਾ ਰਿਹਾ ਹੈ?.......

**ਮਾਨਯੋਗ ਸਪੀਕਰ :** ਚੰਨੀ ਜੀ, ਤੁਸੀਂ ਬੈਠੋ। ਹੁਣ ਸ਼੍ਰੀ ਪਵਨ ਕੁਮਾਰ ਟੀਨੂੰ ਜੀ ਬੋਲਣਗੇ। ਹਾਂ ਜੀ, ਟੀਨੂੰ ਜੀ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ (ਸ਼੍ਰੀ ਪਵਨ ਕੁਮਾਰ ਟੀਨੂੰ) :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸਾਲ 2005 ਵਿਚ ਕਾਨੂੰਨ ਬਣ ਗਿਆ ਸੀ ਜਦੋਂ ਸੰਵਿਧਾਨ ਦੀ 85ਵੀਂ ਸੋਧ ਹੋ ਗਈ ਸੀ। ਉਸ ਵਾਸਤੇ ਮੈਂ ਜਿਥੇ ਸ਼੍ਰੀ ਅਟੱਲ ਬਿਹਾਰੀ ਵਾਜਪਾਈ ਜੀ ਦਾ ਧੰਨਵਾਦ ਕਰਦਾ ਹਾਂ, ਉਥੇ ਮੈਂ, ਸਪੀਕਰ ਸਾਹਿਬ, ਤੁਹਾਡਾ ਵੀ ਧੰਨਵਾਦ ਕਰਦਾ ਹਾਂ ਕਿਉਂ ਜੋ ਤੁਸੀਂ ਵੀ ਉਸ ਵੇਲੇ ਲੋਕ ਸਭਾ ਵਿਚ ਡਿਪਟੀ ਸਪੀਕਰ ਦੇ ਅਹੁਦੇ ਤੇ ਸੀ ਅਤੇ ਤੁਹਾਡਾ ਵੀ ਇਸ ਵਿਚ ਬੜਾ ਵੱਡਾ ਯੋਗਦਾਨ ਸੀ। ਇਹ ਉਨ੍ਹਾਂ ਗਰੀਬ ਲੋਕਾਂ ਦਾ ਮੁੱਦਾ ਹੈ ਜਿਨ੍ਹਾਂ ਕੋਲ ਅਜ਼ਾਦੀ ਤੋਂ ਬਾਅਦ ਨਾ ਤਾਂ ਜ਼ਮੀਨਾਂ ਹੱਥ ਆਈਆਂ ਅਤੇ ਨਾ ਹੀ ਟਰੇਡ, ਨਾ ਕਮਰਸ, ਨਾ ਹੀ ਬਿਜ਼ਨੈਸ ਹੱਥ ਆਇਆ। ਜੇ ਭਾਰਤ ਦੇ ਸੰਵਿਧਾਨ ਵਿਚ ਕੁਝ ਰਿਜ਼ਰਵੇਸ਼ਨ ਹਿੱਸੇ ਆਈ ਤਾਂ ਉਸ ਨਾਲ ਕੁਝ ਨੌਕਰੀਆਂ ਪ੍ਰਾਪਤ ਹੋਈਆਂ ਅਤੇ ਇਸ ਵਰਗ ਨੇ ਆਪਣਾ ਰੁਤਬਾ ਵਧਾਉਣ ਲਈ ਅਤੇ ਆਪਣੇ ਘਰ ਬਣਾਉਣ ਲਈ ਕੁਝ ਕਦਮ ਅੱਗੇ ਚੁੱਕੇ। ਸਪੀਕਰ ਸਾਹਿਬ, ਜੇਕਰ ਉਹ ਨੌਕਰੀਆਂ ਜਾਂ ਪਰਮੋਸ਼ਨਾਂ ਨਾ ਮਿਲਦੀਆਂ, ਪਰਮੋਸ਼ਨਾਂ ਨੌਕਰੀਆਂ ਦਾ ਇੱਕ ਜ਼ਰੂਰੀ ਹਿੱਸਾ ਹਨ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਦੋਂ ਇਹ ਕਾਨੂੰਨ ਬਣ ਗਿਆ ਤਾਂ ਸਾਨੂੰ ਸਾਰਿਆਂ ਨੂੰ ਸਰਬਸੰਮਤੀ ਨਾਲ ਇਕ ਰੈਜ਼ੋਲਿਊਸ਼ਨ ਲੈ ਕੇ ਆਉਣਾ ਚਾਹੀਦਾ ਹੈ। ਅਸੀਂ ਸਾਰੇ ਸਹਿਮਤ ਹਾਂ ਅਤੇ ਸ਼੍ਰੀ ਅਟੱਲ ਬਿਹਾਰੀ ਵਾਜਪਾਈ ਜੀ ਨੇ ਇਹ ਕਾਨੂੰਨ ਬਣਾਇਆ ਸੀ। ਮੈਂ ਥੋੜ੍ਹੀ ਜਿਹੀ ਇਨਫਰਮੇਸ਼ਨ ਤੁਹਾਨੂੰ ਇਸ ਬਾਰੇ ਦੇਣਾ ਚਾਹੁੰਦਾ ਹਾਂ ਕਿ ਕੁਝ ਮਹਿਕਮਿਆਂ ਵਿਚ ਖਾਸ ਕਰਕੇ ਐਜੂਕੇਸ਼ਨ ਮਹਿਕਮੇ ਵਿਚ ਇਹ ਲਾਗੂ ਵੀ ਹੈ। ਲੇਕਿਨ ਮਹਿਕਮਿਆਂ ਵਿਚ ਕੁਝ ਐਂਟੀ ਪੂਅਰ ਜਾਂ ਐਂਟੀ ਸ਼ਡਿਊਲਡ ਕਾਸਟਸ ਮਾਨਸਿਕਤਾ ਵਾਲੇ ਜਿਹੜੇ ਅਧਿਕਾਰੀ ਹਨ, ਉਹ ਇਸ ਨੂੰ ਮੰਨਦੇ ਨਹੀਂ ਹਨ। ਐਜੂਕੇਸ਼ਨ ਮਹਿਕਮੇ ਵਿਚ ਅੱਜ 17 ਨਵੰਬਰ ਤੋਂ ਪਹਿਲਾਂ ਕੁਝ ਲੋਕ ਇਸ ਨੂੰ ਇਸ ਤਰ੍ਹਾਂ ਇੰਟਰਪ੍ਰੈਟ ਕਰਦੇ ਹਨ ਕਿ ਇਥੇ ਜੰਜੂਆ ਜੱਜਮੈਂਟ ਲਾਗੂ ਕਰਾਂਗੇ ਅਤੇ 17 ਨਵੰਬਰ, 2005 ਤੋਂ ਬਾਅਦ 85ਵੀਂ ਸੋਧ ਲਾਗੂ ਕਰਾਂਗੇ। ਦੇਖੋ, ਫਰਕ ਕੀ ਹੈ? ਜਦ ਜੰਜੂਆ ਜੱਜਮੈਂਟ ਖਤਮ ਹੋ ਗਈ ਅਤੇ 85ਵੀਂ ਸੋਧ ਅਮੈਂਡਮੈਂਟ ਹੋ ਕੇ ਕਾਨੂੰਨ ਬਣ ਗਿਆ ਤਾਂ ਵੀ ਅੱਜ ਇਸ ਉਤੇ ਦੋ ਤਰੀਕੇ ਨਾਲ ਕੰਮ ਚਲ ਰਿਹਾ ਹੈ। ਸਪੀਕਰ ਸਾਹਿਬ, ਇਹ ਬੜੀ ਸੀਰੀਅਸ ਗੱਲ ਹੈ। ਇਹ ਉਸ ਵਰਗ ਦਾ ਕੰਮ ਹੈ, ਜਿਸ ਕੋਲ ਕੁਝ ਵੀ ਨਹੀਂ ਹੈ ਅਤੇ ਆਪਾਂ ਉਨ੍ਹਾਂ ਕੋਲੋਂ ਨੌਕਰੀਆਂ ਅਤੇ ਪ੍ਰਮੋਸ਼ਨਾਂ ਨਾ ਖੋਹੀਏ। ਇਸ ਉਤੇ ਆਪਾਂ ਨੂੰ ਜ਼ਰੂਰ ਕੋਈ ਨਾ ਕੋਈ ਸਰਬਸੰਮਤੀ ਨਾਲ ਰੈਜ਼ੋਲਿਊਸ਼ਨ ਪਾਸ

ਕਰਨਾ ਚਾਹੀਦਾ ਹੈ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਰਿਜ਼ਰਵੇਸ਼ਨ ਦਾ ਬੜਾ ਅਹਿਮ ਮਸਲਾ ਹੈ। ਸਾਲ 1974 ਵਿਚ ਇਹ 14% ਰਿਜ਼ਰਵੇਸ਼ਨ ਲਾਗੂ ਹੋਈ ਸੀ। ਉਸ ਵਕਤ ਵੀ ਇਸ ਤਰ੍ਹਾਂ ਦੇ ਹਾਲਾਤ ਸਨ। ਅੱਜ 40 ਸਾਲ ਬਾਅਦ ਵੀ ਉਸੇ ਤਰ੍ਹਾਂ ਦੇ ਹਾਲਾਤ ਹਨ। ਇਸ ਤਰ੍ਹਾਂ ਇਤਿਹਾਸ ਨੂੰ ਦੁਹਰਾਇਆ ਜਾ ਰਿਹਾ ਹੈ। ਉਸ ਵੇਲੇ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸੀ ਅਤੇ ਉਹ ਰਿਜ਼ਰਵੇਸ਼ਨ ਦੇ ਕੇ ਰਾਜ਼ੀ ਨਹੀਂ ਸੀ। ਇਸੇ ਸਦਨ ਵਿਚ ਸਾਰੇ ਐਸ.ਸੀਜ਼ ਮੈਂਬਰ ਸਾਹਿਬਾਨ ਨੇ ਬੈਠ ਕੇ ਧਰਨਾ ਮਾਰਿਆ ਸੀ। ਫਿਰ ਗਿਆਨੀ ਜ਼ੈਲ ਸਿੰਘ ਜੀ ਨੂੰ ਮਜਬੂਰ ਹੋ ਕੇ 14% ਰਿਜ਼ਰਵੇਸ਼ਨ ਅਨਾਊਂਸ ਕਰਨੀ ਪਈ ਸੀ। ਅੱਜ ਅਸੀਂ ਸੰਵਿਧਾਨ ਵਿਚ 85ਵੀਂ ਸੋਧ ਕਰ ਦਿੱਤੀ ਹੈ। ਸੰਵਿਧਾਨ ਵਿੱਚ ਅਮੈਂਡਮੈਂਟ ਕਰਨ ਤੋਂ ਬਾਅਦ ਮਾਨਯੋਗ ਸੁਪਰੀਮ ਕੋਰਟ ਨੇ ਕਹਿ ਦਿੱਤਾ ਹੈ ਕਿ ਰਿਜ਼ਰਵੇਸ਼ਨ ਠੀਕ ਹੈ ਅਤੇ 85ਵੀਂ ਸੋਧ ਠੀਕ ਹੈ। ਇਹ ਜਿਹੜਾ ਨਾਗਰਾਜ ਐਂਡ ਅਦਰਜ਼ ਵਰਸਿਜ਼ ਯੂਨੀਅਨ ਆਫ ਇੰਡੀਆ ਦਾ ਕੇਸ ਹੈ, ਉਸ ਵਿਚ ਫੈਸਲਾ ਹੋ ਗਿਆ ਕਿ 85ਵੀਂ ਸੋਧ ਠੀਕ ਹੈ। ਇਸ ਵਿਚ ਤੁਸੀਂ ਦੋ ਤਿੰਨ ਚੀਜ਼ਾਂ ਵੇਖੋ। ਉਸ ਵਿਚ ਬੈਕਵਰਡਨੈੱਸ ਕਰਾਈਟੇਰੀਆ ਵੇਖ ਲਵੋ, ਐਡਮਨਿਸਟਰੇਟਿਵ ਐਫੀਸੈਂਸੀ ਵੇਖ ਲਵੋ।ਇਨਐਡੀਕੁਏਟ ਰਿਪ੍ਰਜੈਂਟੇਸ਼ਨ ਦੇਖ ਲਵੋ ਅਤੇ 50% ਤੋਂ ਵੱਧ ਰਿਜ਼ਰਵੇਸ਼ਨ ਨਹੀਂ ਹੋਣੀ ਚਾਹੀਦੀ। ਇਹ ਚਾਰੇ ਕਰਾਈਟੀਰੀਏ ਪੰਜਾਬ ਸਰਕਾਰ ਨੇ ਦੇਖ ਲਏ ਅਤੇ ਸਾਰੇ ਸੈਟੀਸਫਾਈਡ ਹੋ ਗਏ। ਇਸ ਸਬੰਧੀ ਚੀਫ ਸੈਕਟਰੀ ਸਾਹਿਬ ਦੀ ਪ੍ਰਧਾਨਗੀ ਹੇਠ ਕਮੇਟੀ ਬਣ ਗਈ। ਉਸ ਨੇ ਰਿਕੂਮੈਂਡ ਕਰ ਦਿੱਤਾ ਕਿ ਇਸ ਨੂੰ ਲਾਗੂ ਕਰਨਾ ਚਾਹੀਦਾ ਹੈ । ਮੰਤਰੀ ਜੀ, ਮੈਨੂੰ ਲੱਗਦਾ ਹੈ ਕਿ ਤੁਹਾਨੂੰ ਸਾਰੇ ਤੱਥ ਪਤਾ ਨਹੀਂ ਹਨ । ਇਹ ਫਾਈਲ ਚਾਰ ਸਾਲ ਤੋਂ ਪੈਂਡਿੰਗ ਪਈ ਹੈ । ਅੱਜ 24 ਬੰਦੇ ਟਰੈਜ਼ਰੀ ਬੈਂਚਿਜ਼ ਵਾਲੇ ਪਾਸੇ ਬੈਠੇ ਹਨ ਤੇ 10 ਆਪੋਜ਼ੀਸ਼ਨ ਬੈਂਚਿਜ਼ ਵਿੱਚ ਬੈਠੇ ਹਨ । ਅਸੀਂ 34 ਬੰਦੇ ਡਾ. ਅੰਬੇਦਕਰ ਸਾਹਿਬ ਦੀ ਕਿਰਪਾ ਕਰਕੇ ਬੈਠੇ ਹਾਂ । ਜੇ ਪੁਲੀਟੀਕਲ ਰਿਜ਼ਰਵੇਸ਼ਨ ਨਾ ਹੁੰਦੀ ਤੇ ਸਾਡੇ ਚਾਰ ਮੈਂਬਰ ਵੀ ਨਹੀਂ ਹੋਣੇ ਸਨ । ਅਸੀਂ ਤਾਂ ਹੁਣ ਐਮ. ਐਲ. ਏ. ਬਣ ਕੇ ਬੈਠੇ ਹਾਂ ਪਰ ਜੇ ਇਹ ਰਿਜ਼ਰਵੇਸ਼ਨ ਨਾ ਹੁੰਦੀ ਤਾਂ ਇਨ੍ਹਾਂ ਨੂੰ ਬਲਾਕ ਸੰਮਤੀ ਦੇ ਮੈਂਬਰਾਂ ਦੀਆਂ ਟਿਕਟਾਂ ਵੀ ਨਹੀਂ ਮਿਲਣੀਆਂ ਸਨ। ਮੇਰੀ ਬੇਨਤੀ ਇਹ ਹੈ ਕਿ ਜਦੋਂ ਸੰਵਿਧਾਨ ਅਮੈਂਡ ਹੋ ਗਿਆ, ਜਦੋਂ ਸਰਕਾਰ ਨੇ ਫੈਸਲਾ ਕਰ ਲਿਆ, ਚੀਫ

[ ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ ]

ਸੈਕਟਰੀ ਸਾਹਿਬ ਦੀ ਕਮੇਟੀ ਨੇ ਰਿਕੁਮੈਂਡ ਕਰ ਦਿੱਤਾ ਤਾਂ ਫਿਰ ਇਸ ਨੂੰ ਲਾਗੂ ਕਰਨ ਵਿੱਚ ਕੀ ਤਕਲੀਫ ਹੈ? ਇਸ ਨੂੰ ਬਹੁਤ ਸਾਰੀਆਂ ਸਟੇਟਾਂ ਨੇ ਲਾਗੂ ਕੀਤਾ ਹੈ । ਸਾਡੀ ਭਾਰਤੀ ਜਨਤਾ ਪਾਰਟੀ ਦਾ ਇਹ ਚੋਣ ਮੈਨੀਫੈਸਟੋ ਹੈ ਕਿ ਅਸੀਂ ਇਸ ਨੂੰ ਲਾਗੂ ਕਰਵਾਉਣਾ ਹੈ ਔਰ ਬੈਕਲਾਗ ਦੀਆਂ ਵੈਕੰਸੀਆਂ ਵੀ ਪੂਰੀਆਂ ਕਰਨੀਆਂ ਹਨ। ਅਸੀਂ ਆਪਣੀ ਪਾਰਟੀ ਦੇ ਬੰਨੇ ਹੋਏ ਹਾਂ । ਅਸੀਂ ਆਪਣੇ ਪਾਰਟੀ ਦੇ ਚੋਣ ਮੈਨੀਫੈਸਟੋ ਮੁਤਾਬਿਕ ਗੱਲ ਕਰਨੀ ਹੈ । ਮੰਤਰੀ ਜੀ ਨੂੰ ਬੇਨਤੀ ਹੈ ਕਿ ਐਵੇਂ ਢਿੱਲੀਆਂ ਗੱਲਾਂ ਨਾ ਕਰੋ ਤੇ ਇਸ ਨੂੰ ਲਾਗੂ ਕਰੋ ।ਜੇਕਰ ਇਸ ਨੂੰ ਹੋਰ ਸਟੇਟਾਂ ਲਾਗੂ ਕਰ ਸਕਦੀਆਂ ਹਨ ਤਾਂ ਤੁਸੀਂ ਕਿਉਂ ਨਹੀਂ ਲਾਗੂ ਕਰ ਸਕਦੇ ? ਧੰਨਵਾਦ ਜੀ ।

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਇਹ ਜਿਹੜੀ 85ਵੀਂ ਅਮੈਂਡਮੈਂਟ ਹੈ, ਇਸ ਦੀ ਇਸ ਕਰਕੇ ਜ਼ਰੂਰਤ ਪਈ ਸੀ ਕਿ ਇੰਦਰਾ ਸਾਹਨੀ ਕੇਸ ਆਇਆ ਸੀ ਜਿਸ ਨੂੰ ਮੰਡਲ ਕਮਿਸ਼ਨ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ । ਪਰਮੋਸ਼ਨ ਵਿੱਚ ਰਿਜ਼ਰਵੇਸ਼ਨ ਬੰਦ ਕਰ ਦਿੱਤੀ ਗਈ ਸੀ ਪਰ 85ਵੀਂ ਅਮੈਂਡਮੈਂਟ ਵਿੱਚ ਇੱਕ ਕਲਾਜ਼ 4 (ਏ) ਐਡ ਕੀਤੀ ਗਈ ਸੀ ਜਿਸ ਦੇ ਮੁਤਾਬਿਕ ਰਿਜ਼ਰਵੇਸ਼ਨ ਨੂੰ ਐਕਸਟੈਂਡ ਕੀਤਾ ਗਿਆ ਸੀ, ਉਸ ਨੂੰ ਰਿਸਟੋਰ ਕੀਤਾ ਗਿਆ ਸੀ। ਬਹੁਤ ਸਾਰੀਆਂ ਜੱਜਮੈਂਟਸ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੀਆਂ ਆਈਆਂ । ਅਲਟੀਮੇਟਲੀ ਨਾਗਰਾਜ ਵਰਸਿਜ਼ ਯੂਨੀਅਨ ਆਫ ਇੰਡੀਆ ਕੇਸ ਆਇਆ ਜਿਸ ਵਿੱਚ ਕਾਂਸਟੀਚਿਊਸ਼ਨਲ ਵੈਲੀਡਿਟੀ ਜਿਹੜੀ ਹੈ, ਉਸ ਮੁਤਾਬਿਕ 85ਵੀਂ ਅਮੈਂਡਮੈਂਟ ਨੂੰ ਵੈਲਿਡ ਰੱਖਿਆ ਗਿਆ । The amendments do not alter the structure of Article 16.Clause 4 (A). ਇਸ ਅਮੈਂਡਮੈਂਟ ਦਾ ਜਿਹੜਾ ਲਾਭ ਸੀ, ਇਸ ਬਾਰੇ ਪੰਜਾਬ ਸਰਕਾਰ ਨੇ ਸਾਲ 2005 ਵਿੱਚ ਫੈਸਲਾ ਲਿਆ ਕਿ ਰਿਜ਼ਰਵੇਸ਼ਨ ਦਾ ਬੈਨੀਫਿਟ ਐਸ. ਸੀਜ਼ ਇੰਪਲਾਈਜ਼ ਨੂੰ ਦਿੱਤਾ ਜਾਵੇ ਪਰੰਤੂ 2005 ਤੋਂ 2014 ਆ ਗਿਆ, ਹਾਲੇ ਤੱਕ ਉਸ ਦਾ ਬੈਨੀਫਿਟ ਐਸ. ਸੀਜ਼ ਇੰਪਲਾਈਜ਼ ਨੂੰ ਪਰਮੋਸ਼ਨ ਵਿੱਚ ਨਹੀਂ ਮਿਲ ਰਿਹਾ । ਮੈਨੂੰ ਵੈਲਫੇਅਰ ਕਮੇਟੀ ਵਿੱਚ ਕੰਮ ਕਰਦਿਆਂ ਨੂੰ ਢਾਈ ਸਾਲ ਹੋ ਗਏ ਹਨ। ਹੁਣ, ਸਪੀਕਰ ਸਾਹਿਬ, ਤੁਸੀਂ ਮੈਨੂੰ ਵੈਲਫੇਅਰ ਕਮੇਟੀ ਦਾ ਚੇਅਰਮੈਨ ਨਾਮੀਨੇਟ ਕੀਤਾ ਹੈ। ਅਸੀਂ ਵਜ਼ੀਰ ਸਾਹਿਬ ਕੋਲੋਂ ਵੀ, ਵਾਰ ਵਾਰ ਸੈਕਟਰੀ, ਵੈਲਫੇਅਰ ਨੂੰ ਵੀ ਪੁੱਛੀ ਜਾਂਦੇ ਹਾਂ ਕਿ ਇਸ ਸਬੰਧੀ ਫਾਈਲ ਕਿੱਥੇ ਹੈ ? ਡਿਪਾਰਟਮੈਂਟ ਨੂੰ ਇਹ ਹੀ ਨਹੀਂ ਪਤਾ ਕਿ ਫਾਈਲ ਕਿੱਥੇ ਹੈ ? ਉਹ ਕਦੇ ਤਾਂ

ਸਾਡੇ ਕੋਲ ਬਿਆਨ ਦਿੰਦੇ ਹਨ ਕਿ ਇਸ ਸਬੰਧੀ ਪਰਸੋਨਲ ਡਿਪਾਰਟਮੈਂਟ ਕੋਲ ਫਾਈਲ ਪਈ ਹੈ । ਕਦੀ ਦੱਸਿਆ ਜਾਂਦਾ ਹੈ ਕਿ ਫਾਈਲ ਚੀਫ ਮਨਿਸਟਰ ਆਫਿਸ ਵਿੱਚ ਪਈ ਹੈ । ਇਹ ਗੱਲ ਤਾਂ ਪਰਮੋਸ਼ਨ ਦੀ ਹੈ। ਅੱਜ ਇੱਥੇ ਮੇਰੇ ਸਾਹਮਣੇ ਤੁਸੀਂ ਪੰਜਾਬ ਵਿਧਾਨ ਸਭਾ ਦੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ ਦੀ 40ਵੀਂ ਰਿਪੋਰਟ ਪੇਸ਼ ਕੀਤੀ ਹੈ। ਇਸ ਵਿੱਚ ਜਿਹੜਾ ਮੰਡੀ ਬੋਰਡ ਹੈ ਉਸ ਦੇ ਕੰਮ-ਕਾਰ ਨੂੰ ਐਗਜ਼ਾਮਿਨ ਕੀਤਾ ਗਿਆ ਹੈ। ਮੈਂ ਇਥੇ ਬੈਠਾ ਪੜ੍ਹ ਰਿਹਾ ਸੀ, ਇਸ ਵਿੱਚ ਪਰਮੋਸ਼ਨ ਦੀ ਗੱਲ ਤਾਂ ਕੀ, ਜਿਹੜੀਆਂ ਸੇਵਾਦਾਰਾਂ ਦੀਆਂ ਵੈਕੰਸੀਆਂ ਹਨ, ਉਸ ਵਿੱਚ ਵੀ ਬੈਕਲਾਗ ਹੈ, ਡਰਾਫਟਸਮੈਂਨ ਦੀਆਂ ਵੈਕੰਸੀਆਂ ਵਿੱਚ ਵੀ ਬੈਕਲਾਗ ਹੈ । ਜੇ initial ਲੈਵਲ ਤੇ ਹੀ ਰਿਜ਼ਰਵੇਸ਼ਨ ਨਹੀਂ ਮਿਲਣੀ ਤੇ ਮੈਂ ਤੁਹਾਨੂੰ ਪੜ੍ਹ ਕੇ ਦੱਸ ਦਿੰਦਾ ਹਾਂ ।

**ਮਾਨਯੋਗ ਸਪੀਕਰ :** ਨਹੀਂ, ਨਹੀਂ, ਪਲੀਜ਼ । ਇਸ ਦੀ ਲੋੜ ਨਹੀਂ ਹੈ । ਹਾਂ ਜੀ, ਵੇਰਕਾ ਜੀ ।

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਅਸੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਦੇ ਹਾਂ ਕਿ ਇਹ ਫਾਈਲ ਹੀ ਟਰੇਸ ਆਊਟ ਕਰ ਲੈਣ ਤੇ ਸਾਨੂੰ ਦੱਸ ਦੇਣ ਕਿ ਇਹ 85ਵੀਂ ਅਮੈਂਡਮੈਂਟ ਕਦੋਂ ਤੱਕ ਇੰਪਲੀਮੈਂਟ ਹੋਵੇਗੀ? Thank you.

**ਮਾਨਯੋਗ ਸਪੀਕਰ :** ਹਾਂ ਜੀ ਵੇਰਕਾ ਜੀ।

**ਡਾਕਟਰ ਰਾਜ ਕੁਮਾਰ ਵੇਰਕਾ :** ਸਪੀਕਰ ਸਾਹਿਬ, ਇਹ ਜਿਹੜੀ 85ਵੀਂ ਸੋਧ ਦੇ ਬਾਰੇ ਜ਼ਿਕਰ ਹੋ ਰਿਹਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 19 ਸਟੇਟਾਂ ਦੇ ਅੰਦਰ ਇਹ 85ਵੀਂ ਅਮੈਂਡਮੈਂਟ ਆਲਰੇਡੀ ਲਾਗੂ ਹੋ ਗਈ ਹੈ ਪਰ ਪੰਜਾਬ ਸਰਕਾਰ ਇਸ ਨੂੰ ਜਾਣ ਬੁੱਝ ਕੇ ਲਾਗੂ ਕਿਉਂ ਨਹੀਂ ਕਰਨਾ ਚਾਹੁੰਦੀ ।ਪੰਜਾਬ ਸਰਕਾਰ ਦੇ ਦਫਤਰਾਂ ਅੰਦਰ ਸ਼ਡਿਊਲਡ ਕਾਸਟਾਂ ਦੀਆਂ 45,000 ਪੋਸਟਾਂ ਦਾ ਬੈਕਲਾਗ ਹੈ। ਉਸ ਨਾਲ ਸਾਰੇ ਇਫੈਕਟ ਹੋ ਰਹੇ ਹਨ, ਸਾਰਿਆਂ ਦਾ ਨੁਕਸਾਨ ਹੋ ਰਿਹਾ ਹੈ, ਇਧਰ ਤੋਂ ਵੀ ਅਤੇ ਉਧਰ ਤੋਂ ਵੀ ਨੁਕਸਾਨ ਹੋ ਰਿਹਾ ਹੈ। ਇਸ ਵਿੱਚ ਕੋਈ ਰਾਜਨੀਤੀ ਨਹੀਂ ਹੈ। ਸਪੀਕਰ ਸਾਹਿਬ, ਇਹ ਗਰੀਬਾਂ ਨਾਲ ਜੁੜਿਆ ਹੋਇਆ ਅਜਿਹਾ ਮਾਮਲਾ ਹੈ ਕਿ ਚੀਫ ਮਨਿਸਟਰ ਦੇ ਦਫਤਰ ਵਿਚ ਲਾਕਰ ਦੇ ਅੰਦਰ 14 ਸਾਲ ਤੋਂ ਫਾਈਲ ਰੱਖੀ ਹੋਈ ਹੈ ਜਿਹੜੀ ਕਿ ਭਾਰੀ ਆਬਜੈਕਸ਼ਨੇਬਲ ਗੱਲ ਹੈ। ਅਸੀਂ ਦੋਹਾਂ ਪਾਸਿਆਂ ਵਾਲੇ ਇਹ ਚਾਹੁੰਦੇ ਹਾਂ ਕਿ ਇਸ ਨੂੰ ਲਾਗੂ ਕੀਤਾ ਜਾਵੇ। ਮੈਂ ਸਮਝਦਾ ਹਾਂ ਕਿ ਜ਼ੀਰੋ ਆਵਰ ਵਿੱਚ ਵੀ ਚੰਗੀ ਸ਼ੁਰੂਆਤ ਹੋਈ ਹੈ। ਡਿਪਟੀ ਮੁੱਖ ਮੰਤਰੀ ਜੀ

[ ਡਾਕਟਰ ਰਾਜ ਕੁਮਾਰ ਵੇਰਕਾ ]

ਇਸ ਹਾਊਸ ਦੇ ਵਿੱਚ ਮੌਜੂਦ ਹਨ, ਇਹ ਇਸ ਗੱਲ ਦਾ ਐਲਾਨ ਕਰਨ ਕਿ ਇਹ 85ਵੀਂ ਸੋਧ ਲਾਗੂ ਹੋਵੇਗੀ ਅਤੇ ਇਥੇ ਇਸ ਬਾਰੇ ਰੈਜ਼ੋਲਿਊਸ਼ਨ ਮੂਵ ਹੋਵੇ। ਜਿਥੇ ਬਾਕੀ ਦੇ ਰੈਜ਼ੋਲਿਊਸ਼ਨ ਮੂਵ ਹੁੰਦੇ ਹਨ, ਉਥੇ ਦਲਿਤਾਂ ਬਾਰੇ ਵੀ ਅੱਜ ਯੂਨਾਨੀਮਸਲੀ ਰੈਜ਼ੋਲਿਊਸ਼ਨ ਮੂਵ ਹੋਣਾ ਚਾਹੀਦਾ ਹੈ। ਧੰਨਵਾਦ ਜੀ।

**ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ , ਪੁਰਾਤੱਤਵ ਤੇ ਅਜਾਇਬ ਘਰ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ (ਸਰਦਾਰ ਸੋਹਣ ਸਿੰਘ ਠੰਡਲ) :** ਸਤਿਕਾਰਯੋਗ ਸਪੀਕਰ ਸਾਹਿਬ, ਅੱਜ ਜਿਹੜਾ ਧਿਆਨ ਦਿਵਾਊ ਮਤਾ ਹਾਊਸ ਵਿੱਚ ਆਇਆ ਹੈ, ਸਾਰੇ ਮੈਂਬਰਾਂ ਨੇ ਇਸ ਤੇ ਆਪਣੇ ਵਿਚਾਰ ਰੱਖੇ ਹਨ। ਮੈਂ ਸਮਝਦਾ ਹਾਂ ਕਿ ਸਾਰੇ ਮੈਂਬਰਾਂ ਦੀ ਇਸ ਤੇ ਚਿੰਤਾ ਵੀ ਹੈ। ਜਦੋਂ ਇਹ ਜੰਜੂਆ ਜੱਜਮੈਂਟ ਆਈ ਸੀ, ਉਸ ਵੇਲੇ ਰਾਤੋ ਰਾਤ ਇਹ ਫੈਸਲਾ ਲਾਗੂ ਹੋ ਗਿਆ। ਸਾਰੇ ਇੰਪਲਾਈਜ਼ ਵਿੱਚ ਉਸ ਵੇਲੇ ਬਹੁਤ ਵੱਡੀ ਭਗਦੜ ਮੱਚ ਗਈ। ਕੋਈ ਬੰਦੇ ਤਿੰਨ-ਤਿੰਨ ਅਹੁਦੇ ਥੱਲੇ ਚਲੇ ਗਏ ਅਤੇ ਕੋਈ ਉਪਰ ਚਲੇ ਗਏ। ਉਸ ਤੋਂ ਬਾਅਦ ਸਾਰੀਆਂ ਸਟੇਟਾਂ ਵਿੱਚ ਵੱਡਾ ਘੋਲ ਚੱਲਿਆ। ਫਿਰ ਪਾਰਲੀਮੈਂਟ ਵਿੱਚ ਇਹ ਮੈਟਰ ਗਿਆ। ਪਾਰਲੀਮੈਂਟ ਨੇ ਇਹ ਪਾਸ ਕਰ ਦਿੱਤਾ। ਸੁਪਰੀਮ ਕੋਰਟ ਨੇ ਇਹ ਪਾਸ ਕਰ ਦਿੱਤਾ। ਉਸ ਤੋਂ ਬਾਅਦ 2005 ਤੋਂ ਇਹ ਸਾਰੇ ਦੇਸ਼ ਵਿੱਚ ਫੈਸਲਾ ਲਾਗੂ ਹੋ ਗਿਆ। ਅੱਜ ਮਸਲਾ ਇਹ ਨਹੀਂ ਕਿ ਅਸੀਂ ਰਿਜ਼ਰਵ ਕੈਟੇਗਰੀ ਦੇ ਐਮ.ਐਲ.ਏ. ਇਸ ਦੀ ਮੰਗ ਕਰ ਰਹੇ ਹਾਂ। ਸਾਡੇ ਜਿਹੜੇ ਇੰਪਲਾਈਜ਼ ਹਨ, ਚਾਹੇ ਉਹ ਜਨਰਲ ਕੈਟੇਗਰੀ ਦੇ ਹਨ, ਚਾਹੇ ਰਿਜ਼ਰਵ ਕੈਟੇਗਰੀ ਦੇ ਹਨ, ਉਨ੍ਹਾਂ ਦੀ ਆਪਸ ਦੇ ਵਿੱਚ ਖਿਚੋਤਾਣ ਪੈਦਾ ਹੋਈ ਹੈ। ਇੱਕ ਆਫਿਸ ਦੇ ਵਿੱਚ ਬੈਠੇ ਮੁਲਾਜ਼ਮ, ਇੱਕੋ ਹੀ ਆਫਿਸ ਵਿੱਚ ਕੰਮ ਕਰਨ ਵਾਲੇ ਦੋਸਤ ਹੁੰਦੇ ਸੀ ਪਰ ਅੱਜ ਇਸ ਕਰਕੇ ਉਨ੍ਹਾਂ ਦਾ ਆਪਸ ਵਿੱਚ ਤਣਾਅ ਵੱਧ ਗਿਆ ਹੈ ਕਿ ਉਹ ਕਹਿੰਦੇ ਹਨ ਕਿ ਤੁਸੀਂ ਸੋਧ ਮੰਗਦੇ ਹੋ, ਪਰਮੋਸ਼ਨ ਮੰਗਦੇ ਹੋ ਅਤੇ ਦੂਜੇ ਕਹਿੰਦੇ ਹਨ ਕਿ ਇਹ ਸਾਡਾ ਹੱਕ ਹੈ ਇਸ ਨੂੰ ਖੋਹਿਆ ਜਾ ਰਿਹਾ ਹੈ। ਇਸ ਨਾਲ ਕਿਸੇ ਦਾ ਹੱਕ ਨਹੀਂ ਜਾਣਾ। ਇਹ ਦੇਸ਼ ਦਾ ਸੰਵਿਧਾਨਿਕ ਫੈਸਲਾ ਹੈ, ਜਿਸ ਨੂੰ ਲਾਗੂ ਕਰ ਦੇਵਾਂਗੇ ਤਾਂ ਇਹ ਗੱਲ ਸੈਟਲ ਹੋ ਜਾਵੇਗੀ। ਇਸ ਤਰ੍ਹਾਂ ਸਾਡੇ ਇੰਪਲਾਈਜ਼ ਦਾ ਆਪਸ ਵਿੱਚ ਪਿਆਰ ਵੀ ਵਧੇਗਾ ਅਤੇ ਸਰਕਾਰ ਨੂੰ ਵੀ ਪਰਮੋਸ਼ਨਾਂ ਕਰਨ ਵਿੱਚ ਜਿਹੜੀਆਂ ਦਿੱਕਤਾਂ ਆ ਰਹੀਆਂ ਹਨ, ਉਹ ਦੂਰ ਹੋਣਗੀਆਂ। ਵੱਡੀ ਦੁੱਖ ਵਾਲੀ ਗੱਲ ਇਹ ਹੈ ਕਿ ਇਸੇ ਗੱਲ ਨੂੰ ਲੈ ਕੇ ਅੱਜ ਪਰਮੋਸ਼ਨਾਂ ਨਹੀਂ ਹੋ ਰਹੀਆਂ, ਪਲੇਸਮੈਂਟਾਂ ਹੋ ਰਹੀਆਂ ਹਨ। ਪਲੇਸਮੈਂਟ ਜਿਹੜਾ ਲਫਜ਼ ਹੈ, ਉਸ ਵਿੱਚ ਕਿਸੇ ਦਾ ਰੋਸਟਰ ਪੁਆਇੰਟ

ਦੇਖਿਆ ਹੀ ਨਹੀਂ ਜਾਂਦਾ। ਜਿਸ ਨੂੰ ਚਿੱਤ ਕੀਤਾ, ਜਿਥੇ ਮਰਜ਼ੀ ਕਰੰਟ ਡਿਊਟੀ ਚਾਰਜ ਦੇ ਦਿੱਤਾ ਜਾਂਦਾ ਹੈ। ਵੈਲਫੇਅਰ ਕਮੇਟੀ ਦੇ ਵਿੱਚ ਮੈਂ ਵੀ ਇੱਕ ਵਾਰ ਚੇਅਰਮੈਨ ਸੀ। ਉਸ ਵੇਲੇ ਵੀ ਅਸੀਂ ਇਹ ਪਾਸ ਕੀਤੇ ਹਨ। ਬਹੁਤ ਸਾਰੇ ਮਹਿਕਮਿਆਂ ਵਿੱਚ ਪਲੇਸਮੈਂਟ ਬੰਦ ਵੀ ਕੀਤੀ ਹੈ ਪਰ ਹਾਲੇ ਇਹ ਮਸਲਾ ਉਥੇ ਦਾ ਉਥੇ ਹਨ। ਸੋ, ਮੈਂ ਸਮਝਦਾ ਹਾਂ ਕਿ ਸਾਨੂੰ ਬਗੈਰ ਕਿਸੇ ਪੱਖਬਾਜ਼ੀ ਵਿੱਚ ਜਾਣ ਦੇ, ਜੋ ਫੈਸਲਾ ਦੇਸ਼ ਦੇ ਅੰਦਰ ਹੋ ਚੁੱਕਿਆ ਹੈ, ਸੁਪਰੀਮ ਕੋਰਟ ਨੇ ਵੀ ਫੈਸਲਾ ਕਰ ਦਿੱਤਾ, ਅਪੀਲਾਂ ਵੀ ਖਾਰਜ ਹੋ ਗਈਆਂ। ਸਾਰੀ ਫਾਈਲ ਬਣ ਕੇ ਜਿਥੇ ਵੀ ਪਈ ਹੈ, ਮੰਤਰੀ ਜੀ ਇਸ ਬਾਰੇ ਦੱਸਣਗੇ, ਉਸ ਫਾਈਲ ਨੂੰ ਲੈ ਕੇ ਆਪਾਂ ਨੂੰ ਸੂਓ-ਮੋਟੋ ਫੈਸਲਾ ਲੈਣਾ ਚਾਹੀਦਾ ਹੈ ਤਾਂ ਕਿ ਆਪਣੇ ਜਿਹੜੇ ਮੁਲਾਜ਼ਮ ਹਨ, ਚਾਹੇ ਉਹ ਜਨਰਲ ਕੈਟੇਗਰੀ ਦੇ ਹਨ, ਚਾਹੇ ਰਿਜ਼ਰਵ ਕੈਟੇਗਰੀ ਦੇ ਹਨ, ਉਨ੍ਹਾਂ ਨੂੰ ਪੂਰਾ ਹੱਕ ਮਿਲ ਸਕੇ ਅਤੇ ਅਗਾਂਹ ਤੋਂ ਪਰਮੋਸ਼ਨ ਦਾ ਪੂਰਾ ਸਿਸਟਮ ਚਾਲੂ ਹੋ ਸਕੇ। ਮੈਂ ਆਪਣੇ ਵੱਲੋਂ ਜੋ ਸਾਡੇ ਟਰੈਜ਼ਰੀ ਬੈਂਚਿਜ਼ ਦੇ ਸਾਰੇ ਸਾਥੀ ਹਨ, ਅਸੀਂ ਸਾਰੇ ਹੀ ਇਹ ਮਹਿਸੂਸ ਕਰਦੇ ਹਾਂ, ਜਦੋਂ ਅਸੀਂ ਬਾਹਰ ਜਾਂਦੇ ਹਾਂ ਤਾਂ ਸਾਨੂੰ ਬੜੀ ਦਿੱਕਤ ਆਉਂਦੀ ਹੈ। ਹਰ ਇੱਕ ਬੰਦਾ ਕਹਿੰਦਾ ਹੈ ਕਿ ਤੁਸੀਂ ਸਾਡੇ ਨੁਮਾਇੰਦੇ ਬਣ ਕੇ ਜਾਂਦੇ ਹੋ, ਤੁਸੀਂ ਸਾਡਾ ਮੁੱਦਾ ਕਿਉਂ ਨਹੀਂ ਉਠਾਉਂਦੇ? ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਵੀ ਇਸ ਦੇ ਵਿੱਚ ਕੋਈ ਪ੍ਰੇਸ਼ਾਨੀ ਨਹੀਂ। ਇਹ ਸੰਵਿਧਾਨਿਕ ਫੈਸਲਾ ਹੈ, ਦੇਸ਼ ਦੀ ਪਾਰਲੀਮੈਂਟ ਦਾ ਫੈਸਲਾ ਹੈ ਔਰ ਸੁਪਰੀਮ ਕੋਰਟ ਦੀ ਇਸ ਦੇ ਉਤੇ ਮੋਹਰ ਲੱਗੀ ਹੈ। ਇਸ ਨੂੰ ਆਪਾਂ ਨੂੰ ਲਾਗੂ ਕਰ ਦੇਣਾ ਚਾਹੀਦਾ ਹੈ । ਅਸੀਂ ਸਾਰੇ ਇਸ ਦੇ ਨਾਲ ਸਹਿਮਤ ਹਾਂ। ...(ਵਿਘਨ)... ਬਹੁਤ ਧੰਨਵਾਦ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਸਰਕਾਰ ਪੱਖ ਦੇ ਐਮ.ਐਲ.ਏਜ਼ ਵੀ ਬੋਲੇ ਹਨ ਅਤੇ ਮੰਤਰੀ ਵੀ ਬੋਲੇ ਹਨ, ਉਨ੍ਹਾਂ ਨੇ ਕਿਹਾ ਹੈ ਕਿ ਰੈਜ਼ੋਲਿਊਸ਼ਨ ਲੈ ਕੇ ਆਉਣਾ ਹੈ। ਕੀ ਇਹ ਗੱਲਾਂ ਹੀ ਕਰਨੀਆਂ ਹਨ ਜਾਂ ਰੈਜ਼ੋਲਿਊਸ਼ਨ ਵੀ ਲੈ ਕੇ ਆਉਣਾ ਹੈ? ਰੈਜ਼ੋਲਿਊਸ਼ਨ ਲੈ ਕੇ ਆਓ ਅਤੇ ਇਸ ਨੂੰ ਪਾਸ ਕਰੋ।

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) (ਬੈਠੇ-ਬੈਠੇ) :** ਕਿਸੇ ਨੇ ਨਹੀਂ ਬੋਲਿਆ ਕਿ ਰੈਜ਼ੋਲਿਊਸ਼ਨ ਲਿਆਉਣਾ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਪੁੱਛੋ ਜੀ, ਉਨ੍ਹਾਂ ਨੇ, ਟੀਨੂੰ ਜੀ ਨੇ ਕਿਹਾ ਹੈ।

**ਮਾਨਯੋਗ ਸਪੀਕਰ :** ਹਾਂ ਜੀ ਰਣੀਕੇ ਜੀ..(ਵਿਘਨ).. ਇੱਕ ਮਿੰਟ ਚੰਨੀ ਜੀ, ਉਨ੍ਹਾਂ ਨੂੰ ਬੋਲਣ ਦਿਓ। ਹਾਂ ਜੀ ਰਣੀਕੇ ਜੀ (ਵਿਘਨ)

**ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ (ਸਰਦਾਰ ਗੁਲਜਾਰ ਸਿੰਘ ਰਣੀਕੇ) :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ (ਵਿਘਨ) ਬਹੁਤ ਬੋਲ ਲਿਆ ਹੁਣ ....(ਵਿਘਨ)....

**ਮਾਨਯੋਗ ਸਪੀਕਰ :** ਹਾਂ ਜੀ, ਟੀਨੂੰ ਜੀ, ਦੱਸੋ ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ (ਸ਼੍ਰੀ ਪਵਨ ਕੁਮਾਰ ਟੀਨੂੰ) :** ਇਸ ਬਾਰੇ ਰੈਜ਼ੋਲਿਊਸ਼ਨ ਲੈ ਕੇ ਆਓ ਜੀ। (ਵਿਰੋਧੀ ਧਿਰ ਵੱਲੋਂ ਥੰਪਿੰਗ) (ਵਿਘਨ)

**ਮਾਨਯੋਗ ਸਪੀਕਰ :** ਹਾਂ ਜੀ, ਸੋਮ ਪ੍ਰਕਾਸ਼ ਜੀ, ਤੁਸੀਂ ਦੱਸੋ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਸਿਰਫ ਭੁਲੇਖਾ ਹੈ। ਇਨ੍ਹਾਂ ਨੂੰ, ਮੰਤਰੀ ਜੀ ਨੂੰ ਅਫਸਰਾਂ ਨੇ ਬਹੁਤੀ ਜਾਣਕਾਰੀ ਨਹੀਂ ਦਿੱਤੀ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਐਮ ਨਾਗਰਾਜ ਵਰਸਿਜ ਯੂਨੀਅਨ ਗੌਰਮਿੰਟ ਆਫ ਇੰਡੀਆ ਦੇ ਕੇਸ ਦਾ ਫੈਸਲਾ ਹੋ ਗਿਆ ਹੈ। ਮੈਂ ਜਿਵੇਂ ਪਹਿਲਾਂ ਦੱਸਿਆ ਹੈ ਕਿ ਇਨ੍ਹਾਂ ਨੇ ਚਾਰ ਕ੍ਰਾਈਟੇਰੀਏ ਰੱਖੇ ਸੀ ਔਰ ਉਨ੍ਹਾਂ ਸਬੰਧੀ ਵਿਸਥਾਰ ਨਾਲ ਡਾਟਾ ਇਕੱਠਾ ਕੀਤਾ ਗਿਆ। ਇਸ ਸਬੰਧੀ ਸਾਰੇ ਹਰਿਆਣਾ ਤੋਂ ਇਨਫਰਮੇਸ਼ਨ ਲਈ ਗਈ, ਪਲਾਨਿੰਗ ਬੋਰਡ ਤੋਂ ਇਨਫਰਮੇਸ਼ਨ ਲਈ ਗਈ, ਚੀਫ ਸੈਕਟਰੀ ਸਾਹਿਬ ਦੀ ਕਮੇਟੀ ਬਣੀ ਅਤੇ ਚੀਫ ਸੈਕਟਰੀ ਸਾਹਿਬ ਨੇ ਕਿਹਾ ਕਿ ਇਹ ਸਾਰਾ ਕ੍ਰਾਈਟੇਰੀਏ ਪੂਰਾ ਕਰਦਾ ਹੈ । ਇਹ ਆਪਣੀ ਫਾਈਲ ਤਾਂ ਪੜ੍ਹ ਲੈਣ। ਉਨ੍ਹਾਂ ਨੇ ਕਿਹਾ ਹੈ ਕਿ ਇਹ ਸਾਰਾ ਕ੍ਰਾਈਟੇਰੀਏ ਪੂਰਾ ਕਰਦਾ ਹੈ ਇਸ ਕਰਕੇ ਸਾਡੇ ਲਈ 85ਵੀਂ ਸੋਧ ਲਾਗੂ ਕਰਨਾ ਜ਼ਰੂਰੀ ਹੈ, ਇਸ ਨੂੰ 19 ਸਟੇਟਾਂ ਨੇ ਲਾਗੂ ਕਰ ਦਿੱਤਾ ਹੈ। ਸਾਡੇ ਇਥੇ ਪਤਾ ਨਹੀਂ ਹੈ ਕਿ ਅਜੇ ਕਿਹੜਾ ਸਰਵੇ ਕਰਨਾ ਹੈ । ਮੰਤਰੀ ਜੀ ਆਪਣੀ ਫਾਈਲ ਚੰਗੀ ਤਰ੍ਹਾਂ ਪੜ੍ਹ ਲਵੋ। ਮੇਰੀ ਬੇਨਤੀ ਹੈ ਕਿ ਤੁਸੀਂ ਵੀ ਉਨ੍ਹਾਂ ਲੋਕਾਂ ਦੇ ਵਿਚੋਂ ਹੀ ਹੋ। ਤੁਸੀਂ ਪਹਿਲਾਂ ਫਾਈਲ ਪੜ੍ਹ ਕੇ ਫਿਰ

ਗੱਲ ਕਰੋ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਸ ਅਹਿਮ ਮਸਲੇ ਦੇ ਉਤੇ ਮੇਰੇ ਕਾਬਲ ਸਾਥੀਆਂ ਨੇ ਗੱਲ ਕੀਤੀ ਹੈ। ਪਰ ਮੇਰਾ ਸਮਝਣਾ ਹੈ ਕਿ ਮਨਿਸਟਰ ਸਾਹਿਬ, I think the Minister is well beyond his capacity to make a statement on this. ਡਿਪਟੀ ਸੀ. ਐਮ. ਸਾਹਿਬ ਬੈਠੇ ਹਨ ਉਹ ਇਸ ਉਤੇ ਕਲੀਅਰ ਕਰਨ ਕਿ what is the Government's policy? ਤੁਹਾਡਾ ਕੀ ਖਿਆਲ ਹੈ ਕਿ ਕੀ ਮਨਿਸਟਰ ਸਾਹਿਬ ਇਸ ਪਾਲਿਸੀ ਨੂੰ, 85ਵੀਂ ਅਮੈਂਡਮੈਂਟ ਲਾਗੂ ਕਰ ਦੇਣਗੇ? ਉਨ੍ਹਾਂ ਨੂੰ ਤਾਂ ਐਵੇਂ ਫਰੰਟ ਕਰ ਰੱਖਿਆ ਹੈ। ਡਿਪਟੀ ਸੀ. ਐਮ. ਸਾਹਿਬ ਜਾਂ ਸੀ. ਐਮ. ਸਾਹਿਬ ਇਸ ਮਸਲੇ ਉਤੇ ਕੋਈ ਬਿਆਨ ਦੇਣ ਫਿਰ ਤਾਂ ਲੋਕਾਂ ਨੂੰ ਕੋਈ ਵਿਸ਼ਵਾਸ ਹੋਵੇਗਾ ਮਗਰ ਇਹ ਤਾਂ ਅੱਖਾਂ ਪੂੰਝਣ ਵਾਲੀ ਗੱਲ ਹੈ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਮੰਤਰੀ ਸਾਹਿਬ ਜਵਾਬ ਦੇਣ ਲਈ ਖੜ੍ਹੇ ਹਨ। ਤੁਹਾਡੀ ਸਪਲੀਮੈਂਟਰੀਆਂ ਹੋ ਗਈਆਂ ਹਨ ਇਨ੍ਹਾਂ ਨੂੰ ਬੋਲਣ ਤਾਂ ਦਿਉ । ..(..ਵਿਘਨ) (ਸ਼ੋਰ) The Call Attention is to be replied by the Minister. Let the Minister reply it.

**ਮਾਨਯੋਗ ਸਪੀਕਰ :** ਮਨਿਸਟਰ ਸਾਹਿਬ ਖੜ੍ਹੇ ਹਨ। ਹਾਂ ਜੀ ਰਣੀਕੇ ਜੀ (ਵਿਘਨ ਸ਼ੋਰ) ਪਹਿਲਾਂ ਤੁਸੀਂ ਉਨ੍ਹਾਂ ਦਾ ਜਵਾਬ ਸੁਣ ਲਵੋ, ਜੇ ਤੁਹਾਡੀ ਤਸੱਲੀ ਨਾ ਹੋਈ ਤਾਂ ਫਿਰ ਗੱਲ ਕਰਨਾ ।

**ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ (ਸਰਦਾਰ ਗੁਲਜਾਰ ਸਿੰਘ ਰਣੀਕੇ) :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ, ਸ਼੍ਰੀ ਸੋਮ ਪ੍ਰਕਾਸ਼ ਜੀ ਜਿਹੜੇ ਪਹਿਲੀ ਵਾਰੀ ਇਸ ਹਾਊਸ ਵਿਚ ਚੁਣ ਕੇ ਆਏ ਹਨ, ਹੁਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਮੈਨੂੰ ਕਹਿੰਦੇ ਹਨ ਕਿ ਫਾਈਲ ਪੜ੍ਹ ਲਵੋ, ਮੈਂ ਬੜਾ ਕੁਝ ਪੜ੍ਹ ਲਿਆ ਹੈ, ਮੈਂ ਚਾਰ ਪੰਜ ਵਾਰੀ ਇਥੇ ਇਲੈਕਟ ਹੋ ਕੇ ਆਇਆ ਹਾਂ। ਮੈਂ ਪਹਿਲੀ ਵਾਰੀ ਨਹੀਂ ਆਇਆ (ਵਿਘਨ) ਇਕ ਮਿੰਟ ਜੀ, ਤੁਸੀਂ ਹੁਣ ਸੁਣ ਲਵੋ, ਮੈਂ ਉਧਰ ਹੀ ਆਉਣ ਲੱਗਾ ਹਾਂ। ਆਪਾਂ ਗੱਲ ਸੁਣ ਵੀ ਲਈਏ। ਇਹ ਉਥੇ ਲੱਗੇ ਰਹੇ ਹਨ ਤੇ ਮੈਂ ਉਥੇ ਜਾਂਦਾ ਰਿਹਾ ਹਾਂ ਤਾਂ ਕੀ ਇਹ ਕਿਤੇ ਕਾਨੂੰਨ ਤੋਂ ਬਾਹਰ ਜਾਂਦੇ ਸਨ? ਨੰਬਰ ਦੋ ਉਤੇ, ਸਰਕਾਰ ਇਸ ਉਤੇ ਪੂਰੀ

ਗੰਭੀਰਤਾ ਨਾਲ ਚਲ ਰਹੀ ਹੈ, ਮੁੱਖ ਮੰਤਰੀ ਸਾਹਿਬ ਚਲ ਰਹੇ ਹਨ, ਸਾਰੇ ਚਲ ਰਹੇ ਹਨ। (ਵਿਘਨ) ਇਕ ਮਿੰਟ ਜੀ, ਹੁਣ ਤੁਸੀਂ ਸੁਣ ਤਾਂ ਲਵੋ। ਆਪਾਂ ਹੁਣ ਸੁਣਦੇ ਵੀ ਨਹੀਂ, ਹੁਣ ਤਾਂ ਬਹਿਸ ਵੀ ਬੜੀ ਹੋ ਗਈ ਹੈ। ਇਸ ਕਰਕੇ ਇਹ ਜਿਹੜੀ ਫਾਈਲ ਦੀ ਗੱਲ ਕਰਦੇ ਹਨ, ਉਸ ਉਤੇ ਮੀਟਿੰਗਾਂ ਵੀ ਬੜੀਆਂ ਹੋ ਗਈਆਂ ਹਨ। ਅਸੀਂ ਇਕ ਹਾਈ ਪਾਵਰਡ ਕਮੇਟੀ, ਕਾਨੂੰਨੀ, ਏ. ਜੀ. ਸਾਹਿਬ ਦੀ ਅਗਵਾਈ ਥੱਲੇ ਬਣਾ ਰਹੇ ਹਾਂ। ਉਸ ਦੀ ਰਿਪੋਰਟ ਬਹੁਤ ਜਲਦੀ ਲੈ ਕੇ, ਜੋ ਉਸ ਦੀ ਰਿਪੋਰਟ ਆਵੇਗੀ ਅਸੀਂ ਉਸ ਦੇ ਮੁਤਾਬਿਕ ਕਾਰਵਾਈ ਕਰ ਦੇਣੀ ਹੈ।

**Mr. Speaker :** Thank you. ਨੈਕਸਟ, ਸਰਦਾਰ ਬਲਬੀਰ ਸਿੰਘ ਸਿੱਧੂ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਡਿਪਟੀ ਸੀ. ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਇਸ ਅਮੈਂਡਮੈਂਟ ਨੂੰ ਲਾਗੂ ਕਰਨਾ ਚਾਹੁੰਦੇ ਵੀ ਹਨ ਜਾਂ ਨਹੀਂ (ਵਿਘਨ)

**ਮਾਨਯੋਗ ਸਪੀਕਰ :** ਹਾਂ ਜੀ ਬਲਬੀਰ ਸਿੰਘ ਸਿੱਧੂ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸ਼੍ਰੀ ਮੁਹੰਮਦ ਸਦੀਕ, ਸ਼੍ਰੀ ਤਰਲੋਚਨ ਸਿੰਘ, ਸ਼੍ਰੀਮਤੀ ਹਰਚੰਦ ਕੌਰ ਅਤੇ ਡਾਕਟਰ ਰਾਜ ਕੁਮਾਰ ਵੇਰਕਾ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਤੋਂ ਬੋਲ ਰਹੇ ਸਨ ਤੇ ਸ਼੍ਰੀ ਤਰਲੋਚਨ ਸਿੰਘ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** ** ਨਾਅਰੇ ਰਿਕਾਰਡ ਨਾ ਕੀਤੇ ਜਾਣ ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਰ, ਪਹਿਲਾਂ ਇਨ੍ਹਾਂ ਨੂੰ ਚੁੱਪ ਕਰਵਾਉ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਬਲਬੀਰ ਸਿੰਘ ਸਿੱਧੂ (ਵਿਘਨ) Please sit down.

**ਸਰਦਾਰ ਬਲਬੀਰ ਸਿੰਘ ਸਿੱਧੂ :** ਸਰ, ਪਹਿਲਾਂ ਇਨ੍ਹਾਂ ਨੂੰ ਚੁੱਪ ਤਾਂ

**Not recorded as ordered by the Chair.

ਕਰਵਾਉ, ਮੈਂ ਤਾਂ ਹੀ ਬੋਲਾਂਗਾ। ਮੇਰਾ ਤਾਂ ਮਸਲਾ ਵੀ ਵਿਚ ਹੀ ਰੁਲ ਜਾਵੇਗਾ। (ਵਿਘਨ) ਇਕ ਮਿੰਟ ਮੈਨੂੰ ਵੀ ਗੱਲ ਕਰ ਲੈਣ ਦਿਉ। ਸਰ, ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿਚ ਲਿਆਉਣਾ .....

**ਮਾਨਯੋਗ ਸਪੀਕਰ :** ਸਿੱਧੂ ਜੀ, ਤੁਸੀਂ ਆਪਣਾ ਧਿਆਨ ਦਿਵਾਊ ਮਤਾ ਪੇਸ਼ ਕਰੋ। (ਵਿਘਨ) Please sit down.

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ ਨੂੰ ਤਾਂ ਚੁੱਪ ਕਰਾਓ। ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ ਨੂੰ ਚੁੱਪ ਕਰਵਾਓ ਮੈਂ ਤਾਂ ਬੋਲਾਂਗਾ। ..(ਵਿਘਨ) (ਸ਼ੋਰ) ਸਰ, ਮੇਰਾ ਮਤਾ ਵਿਚ ਹੀ ਰੁਲ ਜਾਵੇਗਾ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸ਼੍ਰੀ ਮੁਹੰਮਦ ਸਦੀਕ, ਸ਼੍ਰੀ ਤਰਲੋਚਨ ਸਿੰਘ, ਸ਼੍ਰੀਮਤੀ ਹਰਚੰਦ ਕੌਰ ਅਤੇ ਡਾਕਟਰ ਰਾਜ ਕੁਮਾਰ ਵੇਰਕਾ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ :** ਸਰਦਾਰ ਬਲਬੀਰ ਸਿੰਘ ਸਿੱਧੂ ਜੀ। ਤੁਸੀਂ ਕੰਟੀਨਿਊ ਕਰੋ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ.....(ਵਿਘਨ, ਸ਼ੋਰ) ਸਾਰੇ ਬੈਠ ਜਾਉ, ਮੈਨੂੰ ਗੱਲ ਕਰ ਲੈਣ ਦਿਉ। ਇਹ ਵੀ ਦਲਿਤਾਂ ਦੀ ਗੱਲ ਹੈ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ :** ਸਪੀਕਰ ਸਾਹਿਬ, ਜੇਕਰ ਇਹ ਦਲਿਤਾਂ ਦੀ ਗੱਲ ਨਹੀਂ ਸਮਝਦੇ ਤਾਂ ਹਾਊਸ ਦੇ ਦੋਹਾਂ ਪਾਸਿਆਂ ਦੇ ਐਮ.ਐਲ.ਏਜ਼ ਦੀ ਯੂਨਾਨੀਮਸਲੀ ਇਹੀ ਰਾਏ ਹੈ ਕਿ ਇੱਕ ਛੋਟੀ ਜਿਹੀ ਗੱਲ ਵਾਸਤੇ ਇੱਥੇ ਰੈਜ਼ੋਲਿਊਸ਼ਨ ਲਿਆਇਆ ਜਾਂਦਾ ਹੈ ਪਰ ਦਲਿਤਾਂ ਦੇ ਮਸਲੇ ਵਾਸਤੇ ਇਹ ਚੁੱਪ ਹਨ।

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਬਲਬੀਰ ਸਿੰਘ ਸਿੱਧੂ ਜੀ।

(ਇਸ ਸਮੇਂ ਆਪੋਜ਼ੀਸ਼ਨ ਪਾਰਟੀ ਦੇ ਕੁਝ ਮਾਨਯੋਗ ਮੈਂਬਰ ਆਪਣੀਆਂ

ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

**ਮਾਨਯੋਗ ਸਪੀਕਰ :** ** ** ਨਾਅਰੇ ਰਿਕਾਰਡ ਨਾ ਕੀਤੇ ਜਾਣ। ਹਾਂ ਜੀ, ਸਰਦਾਰ ਬਲਬੀਰ ਸਿੰਘ ਸਿੱਧੂ ਜੀ।

---

(ਕ੍ਰਮ ਨੰ: 15)

**ਸਰਦਾਰ ਬਲਬੀਰ ਸਿੰਘ ਸਿੱਧੂ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤੀ ਜ਼ਰੂਰੀ ਮਾਮਲੇ ਅਰਥਾਤ ਪਿੰਡ ਗੀਗੇ-ਮਾਜਰਾ (ਜ਼ਿਲ੍ਹਾ ਮੁਹਾਲੀ) ਵਿਚ ਹਾਲ ਹੀ ਵਿੱਚ ਉਜਾਗਰ ਹੋਏ ਮਨਰੇਗਾ ਘੁਟਾਲੇ ਵੱਲ ਦਿਵਾਉਂਦਾ ਹਾਂ। ਇਸ ਪਿੰਡ ਦੀ ਗ੍ਰਾਮ ਪੰਚਾਇਤ ਦੇ ਸਰਪੰਚ ਨੇ ਮਨਰੇਗਾ ਸਕੀਮ ਨਾਲ ਸਬੰਧਤ ਹਜ਼ਾਰਾਂ ਰੁਪਏ ਦਾ ਗਬਨ ਕੀਤਾ। ਸਰਪੰਚ ਨੇ ਕੁਝ ਹੋਰ ਵਿਅਕਤੀਆਂ ਨਾਲ ਮਿਲ ਕੇ ਇਸ ਸਕੀਮ ਅਧੀਨ 52 ਜਾਅਲੀ ਜਾਬ ਕਾਰਡ ਬਣਵਾਏ ਅਤੇ ਇਸ ਦੇ ਨਤੀਜੇ ਵਜੋਂ ਇੱਕ ਵੱਡਾ ਘੁਟਾਲਾ ਵਾਪਰਿਆ। ਸਰਕਾਰ ਨੇ ਇਸ ਮਾਮਲੇ ਦੇ ਸਬੰਧ ਵਿੱਚ ਮਿਤੀ ਅੰਤ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਹੈ। ਇਸ ਪਿੰਡ ਦੇ ਲੋਕਾਂ ਵਿਚਕਾਰ ਇਸ ਮਾਮਲੇ ਦੇ ਸਬੰਧ ਵਿੱਚ ਬਹੁਤ ਗੁੱਸਾ ਅਤੇ ਰੋਸ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿੰਡ ਗੀਗੇਮਾਜਰਾ, ਜ਼ਿਲ੍ਹਾ ਮੁਹਾਲੀ ਦੇ ਕੁਝ ਵਿਅਕਤੀਆਂ ਵੱਲੋਂ ਮਿਤੀ 23.6.14 ਨੂੰ ਜੁਆਇੰਟ ਡਿਵੈਲਪਮੈਂਟ ਕਮਿਸ਼ਨਰ (ਜੇ.ਡੀ.ਸੀ.) ਦੇ ਦਫ਼ਤਰ ਵਿੱਚ ਇਸ ਸਬੰਧੀ ਇੱਕ ਸ਼ਿਕਾਇਤ ਕੀਤੀ ਗਈ ਸੀ ਜਿਸ ਦੀ ਪੜਤਾਲ ਕਰਨ ਲਈ ਐਸ.ਡੀ.ਓ. (ਪੰਚਾਇਤੀ ਰਾਜ) ਨੂੰ ਨਿਯੁਕਤ ਕੀਤਾ ਗਿਆ ਸੀ। ਐਸ.ਡੀ.ਓ. (ਪੰਚਾਇਤੀ ਰਾਜ) ਨੇ ਆਪਣੀ ਨਰੇਗਾ ਦੀ ਟੀਮ ਲੈ ਕੇ ਮਿਤੀ 27.6.14 ਨੂੰ ਪਿੰਡ ਗੀਗੇਮਾਜਰਾ ਵਿੱਚ ਜਾ ਕੇ ਪੰਚਾਇਤ ਦੇ ਸਾਰੇ ਬੰਦਿਆਂ ਨੂੰ ਇਤਲਾਹ ਦੇ ਕੇ ਸੱਦਿਆ ਸੀ ਪਰ ਉਸ ਵੇਲੇ ਪੰਚਾਇਤ ਦਾ ਕੋਈ

**Not recorded as ordered by the Chair.

ਮੈਂਬਰ ਉਥੇ ਹਾਜ਼ਰ ਨਹੀਂ ਸੀ। ਐਸ.ਡੀ.ਓ. ਨੇ ਆਪਣੀ ਮੁੱਢਲੀ ਪੜਤਾਲ ਦੇ ਤੌਰ ਤੇ 23.7.14 ਨੂੰ ਜੁਆਇੰਟ ਡਿਵੈਲਪਮੈਂਟ ਕਮਿਸ਼ਨਰ ਨੂੰ ਆਪਣੀ ਰਿਪੋਰਟ ਸੌਂਪੀ। ਉਸ ਤੋਂ ਬਾਅਦ ਜੁਆਇੰਟ ਡਿਵੈਲਪਮੈਂਟ ਕਮਿਸ਼ਨਰ ਨੇ ਸਥਿਤੀ ਦੀ ਗੰਭੀਰਤਾ ਨੂੰ ਦੇਖਦਿਆਂ ਹੋਇਆਂ ਆਪਣੀ ਰਿਪੋਰਟ ਏ.ਡੀ.ਸੀ. (ਵਿਕਾਸ) ਮੁਹਾਲੀ ਨੂੰ ਪੂਰੀ ਪੜਤਾਲ ਕਰਨ ਲਈ ਸੌਂਪ ਦਿੱਤੀ, ਜਿਨ੍ਹਾਂ ਨੇ ਤਿੰਨ ਮੈਂਬਰੀ ਕਮੇਟੀ ਡੀ.ਡੀ.ਪੀ.ਓ. ਮੁਹਾਲੀ ਦੀ ਅਗਵਾਈ ਹੇਠ, ਜਿਸ ਵਿੱਚ ਐਸ.ਡੀ.ਓ. (ਪੀ.ਡਬਲਿਊ.ਡੀ.), ਐਸ.ਡੀ.ਓ.(ਪੰਚਾਇਤੀ ਰਾਜ) ਇਹ ਦੋਵੇਂ ਉਸ ਦੇ ਮੈਂਬਰ ਹਨ, ਉਨ੍ਹਾਂ ਦੀ ਕਮੇਟੀ ਗਠਿਤ ਕੀਤੀ ਹੈ ਜਿਸ ਦੀ ਰਿਪੋਰਟ ਆਉਣੀ ਬਾਕੀ ਹੈ। ਬੜੀ ਛੇਤੀ ਇਹ ਰਿਪੋਰਟ ਆ ਜਾਵੇਗੀ ਅਤੇ ਜੋ ਵੀ ਦੋਸ਼ੀ ਹੋਵੇਗਾ ਉਸ ਦੇ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਕੋਲ 10-15 ਐਫੀਡੈਵਿਟ ਉਨ੍ਹਾਂ ਵਿਚਾਰੇ ਗਰੀਬ ਲੋਕਾਂ ਦੇ ਹਨ ਜਿਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਸਾਡੇ ਜਾਬ ਕਾਰਡ ਬਣੇ ਹੋਏ ਹਨ ਜਾਂ ਸਾਡੇ ਬੈਂਕ ਖਾਤੇ ਖੁੱਲ੍ਹੇ ਹੋਏ ਹਨ, ਉਨ੍ਹਾਂ ਕੋਲੋਂ ਸਾਈਨ ਕਰਵਾ ਕੇ ਆਪਣੀ ਮਰਜ਼ੀ ਨਾਲ ਬੈਂਕ ਖਾਤੇ ਖੁਲਵਾਏ ਗਏ, ਏ.ਟੀ.ਐਮ. ਦੇ ਕਾਰਡ ਬਣਾਏ ਗਏ ਅਤੇ ਉਨ੍ਹਾਂ ਦੀਆਂ ਹਾਜ਼ਰੀਆਂ ਆਪਣੇ ਆਪ ਲਗਾ ਕੇ ਸਰਪੰਚ ਅਤੇ ਉਸ ਦੇ ਸਾਥੀ ਪੈਸਾ ਵਿਦੜ੍ਹਾਅ ਕਰਦੇ ਰਹੇ ਹਨ। ਮੰਤਰੀ ਜੀ ਨੇ ਕਿਹਾ ਹੈ ਕਿ ਕਮੇਟੀ ਬਣਾ ਦਿੱਤੀ ਹੈ। ਡੀ.ਡੀ.ਪੀ.ਓ. ਕਮੇਟੀ ਦੇ ਮੈਂਬਰ ਹਨ, ਠੀਕ ਹੈ ਪਰ ਜਿਹੜਾ ਐਸ.ਡੀ.ਓ. (ਪੰਚਾਇਤੀ ਰਾਜ) ਹੈ, ਕੀ ਉਸ ਦੀ ਮਿਲੀਭੁਗਤ ਤੋਂ ਬਿਨਾਂ ਪੈਸੇ ਬਾਹਰ ਨਿਕਲ ਸਕਦੇ ਹਨ? ਐਸ.ਡੀ.ਓ. (ਪੀ.ਡਬਲਿਊ.ਡੀ.) ਨੂੰ ਵੀ ਸਹੀ ਮੰਨ ਲੈਂਦਾ ਹਾਂ ਪਰ ਇਸ ਵਾਸਤੇ ਪਰਾਪਰ ਹਾਊਸ ਦੀ ਕਮੇਟੀ ਬਣਾਓ। ਇਹ ਇਕੱਲਾ ਪਿੰਡ ਗੀਗੇਮਾਜਰਾ ਹੀ ਨਹੀਂ, ਅਖ਼ਬਾਰਾਂ ਨੇ ਲਿਖਿਆ ਹੈ ਕਿ ਇਹੋ ਜਿਹੇ ਗਰੀਬ ਲੋਕ, ਜਿਨ੍ਹਾਂ ਨੂੰ ਅੱਜ ਤੱਕ 300 ਰੁਪਿਆ ਦੇ ਕੇ 14,000 ਰੁਪਏ ਤੇ ਸਾਈਨ ਕਰਵਾ ਲਏ ਜਾਂਦੇ ਹਨ ਅਤੇ ਕਦੇ 42000-42000 ਰੁਪਿਆ ਵੀ ਖਾਤੇ ਵਿਚੋਂ ਕਢਵਾਇਆ ਗਿਆ ਹੈ। ਇਸ ਤੋਂ ਵੱਡੀ ਸ਼ਰਮਨਾਕ ਗੱਲ ਹੋਰ ਹੋ ਨਹੀਂ ਸਕਦੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਵਿੱਚ ਮਿਲੀਭੁਗਤ ਹੈ। ਇਹ ਕੰਮ ਬਿਨਾਂ ਰੋਕ-ਟੋਕ ਤੋਂ ਚੱਲ ਰਿਹਾ ਹੈ। ਪਿੰਡ ਵਿੱਚ ਆਨ ਗਰਾਊਂਡ ਲੈਵਲ ਕੋਈ ਕੰਮ ਨਹੀਂ ਹੋ ਰਿਹਾ।

**ਮਾਨਯੋਗ ਸਪੀਕਰ :** ਆਪਣੀ ਸਪਲੀਮੈਂਟਰੀ ਪੁੱਟ ਕਰੋ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਕਾਗਜ਼ਾਂ ਵਿੱਚ ਸਕੀਮ ਕੰਟੀਨਿਊ ਹੈ ਪਰ ਕੋਈ ਕੰਮ ਉਥੇ ਪੂਰਾ ਨਹੀਂ ਹੋਣ ਲੱਗਿਆ। ਸਰਪੰਚ ਆਪਣੀ ਮਰਜ਼ੀ ਨਾਲ ਰਲ ਮਿਲ ਕੇ ਆਪਣੇ ਰਿਸ਼ਤੇਦਾਰਾਂ ਦੇ ਕਾਰਡ ਬਣਵਾ ਕੇ ਕਰੋੜਾਂ ਰੁਪਿਆ ਸਰਕਾਰ ਦਾ ਖਾ ਰਿਹਾ ਹੈ। ਮੈਂ ਚਾਹੁੰਦਾ ਹਾਂ ਕਿ ਕੀ ਮੰਤਰੀ ਜੀ ਇਸ ਗੱਲ ਦਾ ਭਰੋਸਾ ਦਿਵਾਉਣਗੇ ਕਿ ਕੀ ਇਸ ਗੱਲ ਦੀ ਜਾਂਚ ਕਿਸੇ ਵਿਜੀਲੈਂਸ ਅਫ਼ਸਰ ਤੋਂ ਕਰਵਾਈ ਜਾਵੇਗੀ ਨਾ ਕਿ ਇਨ੍ਹਾਂ ਅਫ਼ਸਰਾਂ ਤੋਂ ਕਰਵਾਈ ਜਾਵੇਗੀ।

**ਮੰਤਰੀ :** ਸਪੀਕਰ ਸਾਹਿਬ, ਸਿੱਧੂ ਸਾਹਿਬ ਨੇ ਇਹ ਮਸਲਾ ਇੰਨੇ ਜ਼ੋਰ ਤੇ ਗੰਭੀਰਤਾ ਨਾਲ ਚੁੱਕਿਆ ਹੈ, ਮੈਂ ਕਹਿੰਦਾ ਹਾਂ ਕਿ ਚੰਗੀ ਗੱਲ ਹੈ ਕਿ ਜਿਥੇ ਕੋਈ ਗਬਨ ਹੁੰਦਾ ਹੈ, ਜੇਕਰ ਕੋਈ ਐਮ.ਐਲ.ਏ. ਸਾਹਿਬਾਨ ਸ਼ਿਕਾਇਤ ਕਰਦਾ ਹੈ, ਜੇਕਰ ਕੋਈ ਆਮ ਵਿਅਕਤੀ ਵੀ ਸ਼ਿਕਾਇਤ ਕਰਦਾ ਹੈ ਤਾਂ ਸਰਕਾਰ ਦੀ ਡਿਊਟੀ ਬਣਦੀ ਹੈ ਕਿ ਉਸਦੀ ਪੂਰੀ ਗੰਭੀਰਤਾ ਨਾਲ ਪੜਤਾਲ ਕਰੇ ਪਰ ਗੱਲ ਇੰਨੀ ਨਹੀਂ ਹੈ ਜਿੰਨੀ ਇਨ੍ਹਾਂ ਨੇ ਵਧਾ-ਚੜ੍ਹਾ ਕੇ ਪੇਸ਼ ਕੀਤੀ ਹੈ। 16 ਵਿਅਕਤੀਆਂ ਦੇ ਖਿਲਾਫ਼ ਸ਼ਿਕਾਇਤ ਹੋਈ ਸੀ ਕਿ ਇਨ੍ਹਾਂ ਦੇ ਜ਼ਾਬ ਕਾਰਡ ਜਾਅਲੀ ਹਨ। ਜਿਨ੍ਹਾਂ ਵਿਚੋਂ ਸਿਰਫ ਛੇ ਦੇ ਹੀ ਜਾਬ ਕਾਰਡ ਬਣੇ ਹਨ, ਬਾਕੀ ਕਿਸੇ ਦੇ ਬਣੇ ਹੀ ਨਹੀਂ ਸਨ। ਉਨ੍ਹਾਂ ਛੇ ਦੇ ਵਿੱਚੋਂ ਵੀ ਦੋ ਤੇ ਇਹ ਦੋਸ਼ ਲੱਗਿਆ ਸੀ ਕਿ ਇਹ ਸਰਕਾਰੀ ਮੁਲਾਜ਼ਮ ਹਨ। ਸਰਕਾਰੀ ਮੁਲਾਜ਼ਮਾਂ ਵਿਚੋਂ ਇੱਕ ਨੇ ਨਾ ਕੋਈ ਕੰਮ ਕੀਤਾ ਹੈ ਅਤੇ ਨਾ ਹੀ ਉਸ ਨੂੰ ਕੋਈ ਪੇਮੈਂਟ ਹੋਈ ਹੈ। ਉਸ ਨੂੰ ਪਤਾ ਵੀ ਨਹੀਂ ਹੈ ਕਿ ਉਸ ਦਾ ਕਾਰਡ ਬਣਿਆ ਹੈ ਕਿ ਨਹੀਂ ਬਣਿਆ। ਦੂਜੇ ਸਰਕਾਰੀ ਮੁਲਾਜ਼ਮ ਦੀ ਸਥਿਤੀ ਵੀ ਇਹੀ ਹੈ। ਪਰ ਉਸ ਦੇ ਉੱਤੇ ਪੈਸੇ ਪਏ ਹੋਏ ਹਨ, ਉਸ ਨੇ ਕੰਮ ਕੋਈ ਨਹੀਂ ਕੀਤਾ। ਰਿਕਾਰਡ ਵਿੱਚ ਉਸ ਦਾ ਕੰਮ ਕਿਤੇ ਕੋਈ ਹੈ ਹੀ ਨਹੀਂ। ਅਸੀਂ ਇਸ ਦੀ ਪੜਤਾਲ ਕਰਾਂਗੇ ਕਿ ਕੀ ਉਸ ਨੇ ਪੈਸੇ ਕਢਵਾਏ ਹਨ ਜਾਂ ਫੇਰ ਕਿਸ ਨੇ ਪੈਸੇ ਪਾਏ ਹਨ, ਇਹ ਹੋਇਆ ਕਿਵੇਂ ਹੈ, ਇਹ ਸਾਰਾ ਕੁਝ ਪੜਤਾਲ ਵਿੱਚ ਸਾਹਮਣੇ ਆਵੇਗਾ। ਬਾਕੀ ਚਾਰ ਬੰਦੇ ਜਿਨ੍ਹਾਂ ਬਾਰੇ ਕਿਹਾ ਗਿਆ ਸੀ ਕਿ ਇਨ੍ਹਾਂ ਨੇ ਕੰਮ ਨਹੀਂ ਕੀਤਾ, ਐਵੇਂ ਹੀ ਪੇਮੈਂਟ ਹੋ ਗਈ ਹੈ, ਉਨ੍ਹਾਂ ਨੇ ਐਫੀਡੈਵਿਟ ਦੇ ਦਿੱਤੇ ਹਨ ਕਿ ਅਸੀਂ ਕੰਮ ਕੀਤਾ ਹੈ ਅਤੇ ਸਾਨੂੰ ਪੇਮੈਂਟ ਵੀ ਹੋਈ ਹੈ। ਸੋ, ਟੋਟਲ ਸਾਰੀ ਪੜਤਾਲ ਚੱਲ ਰਹੀ ਹੈ। ਪੜਤਾਲ ਦੀ

ਜੋ ਵੀ ਰਿਪੋਰਟ ਆਵੇਗੀ, ਚਾਹੇ ਉਸ ਵਿੱਚ ਸਰਪੰਚ ਦੋਸ਼ੀ ਹੋਵੇ, ਚਾਹੇ ਬੀ.ਡੀ.ਪੀ.ਓ. ਦੋਸ਼ੀ ਹੋਵੇ, ਚਾਹੇ ਸੈਕਟਰੀ ਦੋਸ਼ੀ ਹੋਵੇ, ਜੋ ਵੀ ਦੋਸ਼ੀ ਹੋਵੇਗਾ ਭਾਵੇਂ ਇੱਕ ਗੱਲ ਵਿੱਚ ਹੀ ਹੋਵੇ, ਜੋ ਵੀ ਦੋਸ਼ੀ ਹੋਵੇਗਾ, ਉਸ ਤੇ ਕਾਰਵਾਈ ਜ਼ਰੂਰ ਹੋਵੇਗੀ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਜਿਹੜੇ ਗਰੀਬਾਂ ਦੇ ਸਹੀ ਕਾਰਡ ਬਣੇ ਹਨ, ਉਨ੍ਹਾਂ ਸਾਰਿਆਂ ਨੂੰ ਪੇਮੈਂਟ ਮਿਲੇ। ਦੂਸਰੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਸਰਦਾਰਾ ਸਿੰਘ ਵਿਚਾਰਾ ਸਰਕਾਰੀ ਮੁਲਾਜ਼ਮ ਹੈ, ਇਸ ਨੂੰ ਪਤਾ ਹੀ ਨਹੀਂ ਹੈ ਕਿ ਉਸ ਦਾ ਕਾਰਡ ਬਣਿਆ ਹੋਇਆ ਹੈ। ਉਸ ਦੇ ਖਾਤੇ ਵਿੱਚ ਪੈਸੇ ਪਏ ਹੋਏ ਹਨ। ਕੀ ਇਸ ਤੋਂ ਮਾੜੀ ਕੋਈ ਗੱਲ ਹੋ ਸਕਦੀ ਹੈ?

**ਮਾਨਯੋਗ ਸਪੀਕਰ :** ਇਸ ਬਾਰੇ ਤਾਂ ਮੰਤਰੀ ਜੀ ਨੇ ਦੱਸ ਦਿੱਤਾ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਐਫੀਡੈਵਿਟ ਦਿੱਤੇ ਗਏ ਹਨ ਪਰੰਤੂ ਕਿਸੇ ਨੇ ਕੋਈ ਐਫੀਡੈਵਿਟ ਨਹੀਂ ਦਿੱਤਾ। ਉਨ੍ਹਾਂ ਨੂੰ ਡਰਾ-ਧਮਕਾ ਕੇ, ਪੁਲਿਸ ਤੋਂ ਦਬਕੇ ਮਰਵਾ ਕੇ ਅਤੇ ਜਿਹੜਾ ਸਾਡਾ ਉਥੇ ਇੱਕ ਹਲਕਾ ਇੰਚਾਰਜ ਲਗਾਇਆ ਹੋਇਆ ਹੈ, ਉਸ ਦੀ ਸ਼ਮੂਲੀਅਤ ਨਾਲ ਇਹ ਸਭ ਕੁਝ ਹੋਇਆ ਹੈ। ਇਹ ਸਿਰਫ ਗੀਗੇਮਾਜਰੇ ਪਿੰਡ ਦਾ ਸਵਾਲ ਹੀ ਨਹੀਂ ਹੈ। ਸਮੁੱਚੇ ਹਲਕੇ ਵਿੱਚ ਇਸ ਗੱਲ ਦੀ ਤੁਸੀਂ ਇਨਕੁਆਇਰੀ ਕਰਵਾ ਲਵੋ। ਬਹੁਤ ਸਾਰੇ ਪਿੰਡਾਂ ਵਿੱਚ ਇਸੇ ਤਰ੍ਹਾਂ ਪੈਸੇ ਡਰਾਅ ਕੀਤੇ ਜਾ ਰਹੇ ਹਨ। ਜਿਹੜੇ ਗਰੀਬਾਂ ਦਾ ਹੱਕ ਮਾਰਿਆ ਜਾ ਰਿਹਾ ਹੈ, ਉਨ੍ਹਾਂ ਗਰੀਬਾਂ ਨੂੰ ਬਣਦਾ ਹੱਕ ਮਿਲਣਾ ਚਾਹੀਦਾ ਹੈ। ਕੀ ਇਸ ਗੱਲ ਦੀ ਮੰਤਰੀ ਜੀ ਐਸ਼ੋਰੈਂਸ ਦੇਣਗੇ?

**ਮੰਤਰੀ :** ਸਪੀਕਰ ਸਾਹਿਬ, ਜਿਵੇਂ ਮਾਨਯੋਗ ਮੈਂਬਰ ਸਾਹਿਬ ਕਹਿੰਦੇ ਹਨ ਕਿ ਡਰਾ-ਧਮਕਾ ਕੇ ਐਫੀਡੈਵਿਟ ਲਏ ਗਏ ਹਨ, ਇਹ ਗੱਲ ਦੋਵੇਂ ਪਾਸੇ ਲਾਗੂ ਹੁੰਦੀ ਹੈ ਜੀ। ਇਨਕੁਆਇਰੀ ਦੀ ਕੋਈ ਗੱਲ ਨਹੀਂ ਹੈ, ਇਨ੍ਹਾਂ ਨੂੰ ਹੋਰ ਪਿੰਡਾਂ ਵਿੱਚ ਜਿਥੇ ਵੀ ਕਿਤੇ ਸ਼ੱਕ ਪੈਂਦਾ ਹੈ, ਜੇ ਇਹ ਸ਼ਿਕਾਇਤ ਦੇਣਗੇ ਤਾਂ ਮੈਂ ਉਥੇ ਵੀ ਇਨਕੁਆਇਰੀ ਕਰਵਾ ਦੇਵਾਂਗਾ। ਕੋਈ ਪ੍ਰਾਬਲਮ ਨਹੀਂ ਹੈ। ਸਿੱਧੂ ਸਾਹਿਬ, ਜਿਹੜੇ ਮਰਜ਼ੀ ਪਿੰਡ ਦਾ ਕੇਸ ਲੈ ਆਉਣ, ਇਨਕੁਆਇਰੀ ਹੋਵੇਗੀ, ਇਹ ਮੈਂ ਸਿੱਧੂ ਸਾਹਿਬ ਤੁਹਾਡੇ ਨਾਲ ਹਾਊਸ ਵਿੱਚ ਵਾਅਦਾ ਕਰਦਾ ਹਾਂ। ਇੱਕ ਗੱਲ ਸੁਣ ਲਵੋ। ਜਿਵੇਂ ਤੁਸੀਂ ਕਹਿੰਦੇ ਹੋ ਕਿ ਬੰਦਿਆਂ ਨੂੰ ਡਰਾ-ਧਮਕਾ ਕੇ ਐਫੀਡੈਵਿਟ

[ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ]

ਲਏ ਗਏ ਹਨ, ਉਹੀ ਬੰਦੇ ਹੁਣ ਦੂਜੀ ਤਰ੍ਹਾਂ ਦੀ ਗੱਲ ਕਹਿੰਦੇ ਹਨ ਕਿ ਸਾਥੋਂ ਵੀ ਪੁਲੀਟੀਕਲ ਪ੍ਰੈਸ਼ਰ ਦੇ ਥੱਲੇ ਝੂਠੇ ਐਫੀਡੈਵਿਟ ਲਏ ਗਏ ਹਨ, ਸਾਥੋਂ ਇਹ ਗਲਤ ਦਿਵਾਏ ਗਏ ਹਨ। ਇਹ ਗੱਲ ਤਾਂ ਦੋਵੇਂ ਪਾਸੇ ਲਾਗੂ ਹੁੰਦੀ ਹੈ। ਜਿਹੜੇ ਬਿਆਨ ਦਿੰਦੇ ਹਨ, ਉਹ ਬੰਦੇ ਉਹੀ ਹਨ, ਉਨ੍ਹਾਂ ਦੀ ਗੱਲ ਨੂੰ ਤੁਸੀਂ ਆਪਣੀ ਤਰ੍ਹਾਂ ਨਾਲ ਕਹਿ ਸਕਦੇ ਹੋ। ਹੁਣ ਜਦੋਂ ਉਨ੍ਹਾਂ ਨੇ ਕਹਿ ਦਿੱਤਾ ਕਿ ਸਾਨੂੰ ਡਰਾ ਕੇ, ਪੁਲੀਟੀਕਲ ਪ੍ਰੈਸ਼ਰ ਨਾਲ ਐਫੀਡੈਵਿਟ ਲਏ ਗਏ ਹਨ। ਅਸੀਂ ਤਾਂ ਐਫੀਡੈਵਿਟ ਦਿੱਤੇ ਹੀ ਨਹੀਂ ਹਨ, ਸਾਨੂੰ ਡਰਾ-ਧਮਕਾ ਕੇ ਅਜਿਹਾ ਕਰਵਾਇਆ ਗਿਆ ਹੈ। ਇਹ ਗੱਲ ਤਾਂ ਦੋਵੇਂ ਪਾਸੇ ਲਾਗੂ ਹੁੰਦੀ ਹੈ। ਹੁਣ ਦੋਸ਼ੀ ਤੁਹਾਡਾ ਗਰੁੱਪ ਹੈ ਜਾਂ ਦੂਜਾ ਗਰੁੱਪ ਹੈ, ਇਹ ਤਾਂ ਤੁਸੀਂ ਜਾਣਦੇ ਹੋਵੋਗੇ।

**ਸਰਦਾਰ ਬਲਬੀਰ ਸਿੰਘ ਸਿੱਧੂ :** ਉਹ ਮੇਰੇ ਨਹੀਂ ਹਨ ਜੀ। ਮੇਰੇ ਕੋਲ ਇੱਕ ਸੀ.ਡੀ. ਹੈ, ਜੇ ਕਹੋ ਤਾਂ ਮੈਂ ਪ੍ਰੋਵਾਈਡ ਕਰ ਦਿੰਦਾ ਹਾਂ।

**ਮਾਨਯੋਗ ਸਪੀਕਰ :** ਤੁਸੀਂ ਇਨ੍ਹਾਂ ਨੂੰ ਬਾਅਦ ਵਿੱਚ ਇਹ ਦੱਸ ਦੇਣਾ।

---

## MOTION UNDER RULE 16

**ਮਾਨਯੋਗ ਸਪੀਕਰ :** ਸੰਸਦੀ ਮਾਮਲਿਆਂ ਬਾਰੇ ਮੰਤਰੀ ਨਿਯਮ 16 ਅਧੀਨ ਪ੍ਰਸਤਾਵ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿੱਤ ਹੋ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿੱਤ ਹੋ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿੱਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

---

## PAPERS LAID ON THE TABLE OF THE HOUSE

**ਮਾਨਯੋਗ ਸਪੀਕਰ :** ਅਗਲੀ ਆਈਟਮ। ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ। ਸੰਸਦੀ ਮਾਮਲੇ ਮੰਤਰੀ ਜੀ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ ਹੇਠ ਲਿਖੇ ਲੜੀ ਨੰ: 1 ਤੋਂ 6 ਤੱਕ ਦੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :-

1. (i) ਸਾਲ 2012-13 ਲਈ ਰਾਜ ਦੀ ਵਿੱਤੀ ਵਿਵਸਥਾ ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ - ਪੰਜਾਬ ਸਰਕਾਰ;

   (ii) ਸਾਲ 2012-13 ਲਈ ਸਰਵਜਨਿਕ ਖੇਤਰ ਦੇ ਅਦਾਰੇ (ਸਮਾਜਿਕ, ਆਮ ਅਤੇ ਆਰਥਿਕ ਖੇਤਰਾਂ) ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ - ਪੰਜਾਬ ਸਰਕਾਰ;

   (iii) ਸਾਲ 2012-13 ਲਈ ਸਮਾਜਿਕ, ਆਮ ਅਤੇ ਆਰਥਿਕ ਖੇਤਰਾਂ (ਗੈਰ-ਸਰਵਜਨਿਕ ਖੇਤਰ ਦੇ ਅਦਾਰੇ) ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ - ਪੰਜਾਬ ਸਰਕਾਰ;

   (iv) ਸਾਲ 2012-13 ਲਈ ਮਾਲੀਆ ਖੇਤਰ ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ - ਪੰਜਾਬ ਸਰਕਾਰ;

   (v) ਸਾਲ 2012-13 ਲਈ ਪੰਜਾਬ ਸਰਕਾਰ ਦੇ ਵਿੱਤੀ ਲੇਖੇ (ਭਾਗ I ਅਤੇ II);

   (vi) ਸਾਲ 2012-13 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖੇ, ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਧੀਨ ਲੋੜੀਂਦਾ ਹੈ। ਅਤੇ,

2. ਪੰਜਾਬ ਇੰਟੈਲੀਜੈਂਸ ਕਾਡਰ (ਗਰੁੱਪ 'ਸੀ') ਦੀ ਸੇਵਾ ਨਿਯਮਾਵਲੀ, 2014, ਜਿਵੇਂ ਕਿ ਪੰਜਾਬ ਪੁਲਿਸ ਐਕਟ, 2007 ਦੀ ਧਾਰਾ

[ ਸੰਸਦੀ ਮਾਮਲੇ ਮੰਤਰੀ ]

80(2) ਅਧੀਨ ਲੋੜੀਂਦਾ ਹੈ।

3. ਸਾਲ 2009-10 ਲਈ ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ ਦੀ 27ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ ਐਕਟ, 1955 ਦੀ ਧਾਰਾ 28 ਅਧੀਨ ਲੋੜੀਂਦਾ ਹੈ।

4. ਸਾਲ 2009-10, 2010-11, 2011-12 ਅਤੇ 2012-13 ਲਈ ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ ਦੀਆਂ ਸਾਲਾਨਾ ਰਿਪੋਰਟਾਂ, ਜਿਵੇਂ ਕਿ ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ ਐਕਟ, 1955 ਦੀ ਧਾਰਾ 28 ਅਧੀਨ ਲੋੜੀਂਦਾ ਹੈ।

5. ਸਾਲ 2009-10, 2010-11, 2011-12 ਅਤੇ 2012-13 ਲਈ ਪੰਜਾਬ ਸੂਚਨਾ ਅਤੇ ਪ੍ਰਸਾਰਣ ਤਕਨਾਲੋਜੀ ਕਾਰਪੋਰੇਸ਼ਨ ਲਿਮਟਿਡ ਦੀਆਂ ਸਾਲਾਨਾ ਪ੍ਰਬੰਧਕੀ ਰਿਪੋਰਟਾਂ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ ਅਤੇ ਸਾਲਾਂ 2011-12 ਅਤੇ 2012-13 ਲਈ ਉਕਤ ਸਾਲਾਨਾ ਪ੍ਰਬੰਧਕੀ ਰਿਪੋਰਟਾਂ ਨੂੰ ਰੱਖਣ ਵਿੱਚ ਹੋਈ ਦੇਰੀ ਦੇ ਕਾਰਨ ਦਰਸਾਉਂਦਾ ਵਿਵਰਣ।

6. ਸਾਲ 2009-10 ਅਤੇ 2010-11 ਲਈ ਪੰਜਾਬ ਸੂਚਨਾ ਅਤੇ ਪ੍ਰਸਾਰਣ ਤਕਨਾਲੋਜੀ ਕਾਰਪੋਰੇਸ਼ਨ ਲਿਮਟਿਡ ਦੀ 34ਵੀਂ ਅਤੇ 35ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

———

## FINANCIAL BUSINESS

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਸਾਲ 2014-15 ਲਈ ਬਜਟ ਅਨੁਮਾਨਾਂ ਸਬੰਧੀ ਗਰਾਂਟਾਂ ਲਈ ਮੰਗਾਂ ਪੇਸ਼ ਕਰਨਗੇ।

## 1. PRESENTATION OF DEMANDS FOR GRANTS RELATING TO THE BUDGET ESTIMATES FOR THE YEAR 2014-15

**ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਸ਼੍ਰੀਮਾਨ ਜੀ, ਮੈਂ ਸਾਲ 2014-15 ਲਈ ਬਜਟ ਅਨੁਮਾਨਾਂ ਸਬੰਧੀ ਗਰਾਂਟਾਂ ਲਈ ਮੰਗਾਂ ਪੇਸ਼ ਕਰਦਾ ਹਾਂ।

## (i) DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 2014-15

**ਮਾਨਯੋਗ ਸਪੀਕਰ :** ਅੱਜ ਦੀ ਕਾਰਜ ਸੂਚੀ ਵਿਚ ਦਰਜ ਸਾਲ 2014-15 ਲਈ ਬਜਟ ਅਨੁਮਾਨਾਂ ਵਾਸਤੇ ਸਦਨ ਦੀ ਬਹਿਸ ਅਤੇ ਵੋਟਿੰਗ ਲਈ 30 ਮੰਗਾਂ ਹਨ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਸਾਰੀਆਂ ਮੰਗਾਂ ਇਕੱਠੀਆਂ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਨ੍ਹਾਂ ਨੂੰ ਇਕੱਠੀਆਂ ਹੀ ਬਹਿਸ ਲਈ ਲੈ ਲਿਆ ਜਾਵੇ।

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮੰਗ ਨੰ: 1**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 59800164000 ਰੁਪਏ ਅਤੇ ਪੂੰਜੀਗਤ ਲੇਖੇ ਤੇ 55965000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 2**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 4393576000 ਰੁਪਏ ਅਤੇ ਪੂੰਜੀਗਤ ਲੇਖੇ ਤੇ 372200000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 3**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 903496000 ਰੁਪਏ ਅਤੇ ਪੂੰਜੀਗਤ ਲੇਖੇ ਤੇ 2075900000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ

[ ਮਾਨਯੋਗ ਸਪੀਕਰ ]

ਅਦਾਇਗੀ ਸਹਿਕਾਰਤਾ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 4**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 309057000 ਰੁਪਏ ਅਤੇ ਪੂੰਜੀਗਤ ਲੇਖੇ ਤੇ 320100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰੱਖਿਆਂ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 5**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 76581946000 ਰੁਪਏ ਅਤੇ ਪੂੰਜੀਗਤ ਲੇਖੇ ਤੇ 3663459000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੱਖਿਆ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 6**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1408394000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੋਣਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 7**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1756550000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 8**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 155029552000 ਰੁਪਏ ਅਤੇ ਪੂੰਜੀਗਤ ਲੇਖੇ ਤੇ 181724186000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਵਿੱਤ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 9**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 6015003000 ਰੁਪਏ ਅਤੇ ਪੂੰਜੀਗਤ ਲੇਖੇ ਤੇ 6081000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ:10**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2291381000 ਰੁਪਏ ਅਤੇ ਪੂੰਜੀਗਤ ਲੇਖੇ ਤੇ 730000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 11**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 26553755000 ਰੁਪਏ ਅਤੇ ਪੂੰਜੀਗਤ ਲੇਖੇ ਤੇ 1348166000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ:12**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 48285613000 ਰੁਪਏ ਅਤੇ ਪੂੰਜੀਗਤ ਲੇਖੇ ਤੇ 780288000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ:13**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1547979000 ਰੁਪਏ ਅਤੇ ਪੂੰਜੀਗਤ ਲੇਖੇ ਤੇ 151070000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਉਦਯੋਗ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ:14**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 305050000 ਰੁਪਏ ਅਤੇ

[ ਮਾਨਯੋਗ ਸਪੀਕਰ ]

ਪੂੰਜੀਗਤ ਲੇਖੇ ਤੇ 15000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 15**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 20588854000 ਰੁਪਏ ਅਤੇ ਪੂੰਜੀਗਤ ਲੇਖੇ ਤੇ 13683579000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 16**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 607530000 ਰੁਪਏ ਅਤੇ ਪੂੰਜੀਗਤ ਲੇਖੇ ਤੇ 50000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਕਿਰਤ ਅਤੇ ਰੋਜ਼ਗਾਰ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 17**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 8406244000 ਰੁਪਏ ਅਤੇ ਪੂੰਜੀਗਤ ਲੇਖੇ ਤੇ 11902792000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 18**

ਕਿ ਇਕ ਰਕਮ ਜੋ ਮਾਲੀਆ 169495000 ਲੇਖੇ ਤੇ ਰੁਪਏ ਅਤੇ ਪੂੰਜੀਗਤ ਲੇਖੇ ਤੇ 24560000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ:19**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 700455000 ਰੁਪਏ ਅਤੇ ਪੂੰਜੀਗਤ ਲੇਖੇ ਤੇ 2726000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15

ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਯੋਜਨਾਬੰਦੀ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 20**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-2015 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰੋਗਰਾਮ ਲਾਗੂ ਕਰਨ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 21**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 15087759000 ਰੁਪਏ ਅਤੇ ਪੂੰਜੀਗਤ ਲੇਖੇ ਤੇ 16012900000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਲੋਕ ਨਿਰਮਾਣ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 22**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 11994013000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਮਾਲ ਅਤੇ ਪੁਨਰਵਾਸ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 23**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 16631299000 ਰੁਪਏ ਅਤੇ ਪੂੰਜੀਗਤ ਲੇਖੇ ਤੇ 2748900000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 24**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 103010000 ਰੁਪਏ ਅਤੇ ਪੂੰਜੀਗਤ ਲੇਖੇ ਤੇ 20000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਕੀਤੀ ਜਾਵੇਗੀ।

[ ਮਾਨਯੋਗ ਸਪੀਕਰ ]

**ਮੰਗ ਨੰ: 25**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 24037152000 ਰੁਪਏ ਅਤੇ ਪੂੰਜੀਗਤ ਲੇਖੇ ਤੇ 1954732000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਮਾਜਿਕ ਅਤੇ ਇਸਤਰੀਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 26**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 342420000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 27**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2971337000 ਰੁਪਏ ਅਤੇ ਪੂੰਜੀਗਤ ਲੇਖੇ ਤੇ 1386250000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 28**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 179459000 ਰੁਪਏ ਅਤੇ ਪੂੰਜੀਗਤ ਲੇਖੇ ਤੇ 2395650000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-2015 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 29**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 4060118000 ਰੁਪਏ ਅਤੇ ਪੂੰਜੀਗਤ ਲੇਖੇ ਤੇ 316757000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-2015

ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਟ੍ਰਾਂਸਪੋਰਟ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 30**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 402453000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-2015 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੌਕਸੀ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ :** ਬਹਿਸ, ਜੇਕਰ ਕੋਈ ਹੋਵੇ। ਜਿਸ ਵੀ ਮੈਂਬਰ ਨੇ ਮੰਗਾਂ ਤੇ ਬੋਲਣਾ ਹੈ, ਉਹ ਬੋਲਣ ਤੋਂ ਪਹਿਲਾਂ ਮੰਗ ਨੰਬਰ ਦਾ ਜ਼ਿਕਰ ਜ਼ਰੂਰ ਕਰ ਦੇਣ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਸਰਦੂਲਗੜ੍ਹ) :** ਸਪੀਕਰ ਸਾਹਿਬ, ਮੈਂ ਤਿੰਨ-ਚਾਰ ਮੰਗਾਂ ਤੇ ਬੋਲਣਾ ਹੈ। ਪਹਿਲਾਂ ਮੈਂ ਮੰਗ ਨੰ:1 ਤੇ ਬੋਲਾਂਗਾ। ਸਪੀਕਰ ਸਾਹਿਬ, ਇਹ ਜਿਹੜੀ ਖੇਤੀਬਾੜੀ ਦੀ ਡਿਮਾਂਡ ਹੈ, ਇਸ ਵਿਚ ਮੈਂ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਜਿਹੜੇ ਵੀ ਜ਼ਿਮੀਦਾਰ ਖੇਤੀਬਾੜੀ ਕਰਦੇ ਹਨ, ਉਨ੍ਹਾਂ ਤੇ ਜਿੰਨਾ ਕਰਜ਼ਾ ਹੈ ਉਸ ਦੀ ਮੁਆਫੀ ਵਾਸਤੇ ਜ਼ਰੂਰ ਕੁਝ ਕੀਤਾ ਜਾਵੇ ਚਾਹੇ ਸੈਂਟਰ ਸਰਕਾਰ ਤੋਂ ਪੈਸਾ ਲਿਆ ਜਾਵੇ। ਇਸ ਤੋਂ ਬਾਅਦ ਜਿਹੜੇ ਕਿਸਾਨ ਖੁਦਕੁਸ਼ੀਆਂ ਕਰਦੇ ਹਨ, ਉਨ੍ਹਾਂ ਤੇ ਵੀ ਸਰਕਾਰ ਵਿਸ਼ੇਸ਼ ਧਿਆਨ ਦੇਵੇ। ਇਸ ਮੰਗ ਵਿਚ ਕਰੋੜਾਂ ਰੁਪਏ ਰੱਖੇ ਗਏ ਹਨ ਪਰ ਜਿਹੜੇ ਕਨਸਰਨਡ ਬੰਦੇ ਹਨ, ਉਨ੍ਹਾਂ ਲਈ ਇਸ ਵਿਚ ਕੋਈ ਚੀਜ਼ ਨਹੀਂ ਆਈ। ਇਹ ਐਡ ਕਰ ਲਿਆ ਜਾਵੇ।

ਇਸ ਤੋਂ ਬਾਅਦ ਮੰਗ ਨੰ: 2 ਐਨੀਮਲ ਹਸਬੈਂਡਰੀ ਬਾਰੇ ਸੁਝਾਅ ਦੇਣਾ ਚਾਹੁੰਦਾ ਹਾਂ। ਅਸੀਂ ਵਾਰ ਵਾਰ ਹਾਊਸ ਵਿਚ ਸਟਰੇਅ ਡਾਗਜ਼, ਸਟਰੇਅ ਐਨੀਮਲਜ਼ ਵਾਸਤੇ ਬਹਿਸ ਕਰਦੇ ਰਹੇ ਹਾਂ ਪਰ ਅਜੇ ਤੱਕ ਇਸ ਬਾਰੇ ਕੁਝ ਨਹੀਂ ਦੱਸਿਆ ਗਿਆ ਕਿ ਸੈਂਟਰ ਸਰਕਾਰ ਤੋਂ ਕਿੰਨਾ ਪੈਸਾ ਆਉਂਦਾ ਹੈ ਅਤੇ ਉਸ ਦੀ ਯੂਟੀਲਿਟੀ ਕਿਵੇਂ ਹੋ ਰਹੀ ਹੈ। ਇਸ ਦੀਆਂ ਮੈਚਿੰਗ ਗਰਾਂਟਸ ਨੂੰ ਕਿਵੇਂ ਯੂਟੇਲਾਈਜ਼ ਕੀਤਾ ਜਾ ਸਕਦਾ ਹੈ, ਇਹ ਵੀ ਨਾਲ ਐਡ ਕਰਨ ਬਾਰੇ ਇਹ ਧਿਆਨ ਦੇਣ।

ਇਸ ਤੋਂ ਬਾਅਦ ਮੰਗ ਨੰ: 15 ਤੇ ਕਹਿਣਾ ਚਾਹਾਂਗਾ ਕਿ ਜਿਹੜਾ

[ ਸਰਦਾਰ ਅਜੀਤ ਇੰਦਰ ਸਿੰਘ ਮੋਫਰ ]

ਇਰੀਗੇਸ਼ਨ ਵਾਸਤੇ ਪੈਸਾ ਰੱਖਿਆ ਹੈ, ਇਸ ਵਿਚ ਡਰੇਨੇਜ਼ ਵਿਭਾਗ ਦਾ ਸੈਪਰੇਟ ਬਜਟ ਹੋਣਾ ਚਾਹੀਦਾ ਹੈ ਕਿਉਂਕਿ ਜਦੋਂ ਵੀ ਹੜ੍ਹਾਂ ਵਾਲੀ ਸਥਿਤੀ ਬਣਦੀ ਹੈ ਤਾਂ ਆਪਾਂ ਐਨ ਮੌਕੇ ਤੇ ਦੌੜ-ਭੱਜ ਕਰਦੇ ਹਾਂ ਅਤੇ ਕਦੇ ਸੈਂਟਰ ਤੋਂ ਪੈਸਾ ਮੰਗਦੇ ਹਾਂ। ਇਸ ਲਈ ਉਸ ਵਾਸਤੇ ਬਜਟ ਸੈਪਰੇਟ ਕੀਤਾ ਜਾਵੇ। ਇਸ ਤੋਂ ਇਲਾਵਾ ਨਹਿਰਾਂ ਨੂੰ ਸਾਫ਼ ਕਰਨ ਵਾਸਤੇ ਜ਼ਿਆਦਾ ਪੈਸਾ ਰੱਖਣ ਦੀ ਲੋੜ ਹੈ। ਜਿਹੜੀ ਬੀ.ਐਮ.ਬੀ. ਨਹਿਰ ਹੈ, ਉਹ ਸਾਡੀ ਸਭ ਤੋਂ ਵੱਡੀ ਕੈਨਾਲ ਹੈ, ਉਸ ਦੀ ਸਫ਼ਾਈ ਲਈ ਪਿਛਲੇ 15 ਸਾਲਾਂ ਤੋਂ ਹੁਣ ਤੱਕ ਕੋਈ ਪੈਸਾ ਨਹੀਂ ਆਇਆ। ਅਸੀਂ ਨਰੇਗਾ ਦਾ ਪੈਸਾ ਵਰਤ ਕੇ ਉਸ ਨੂੰ ਸਾਫ਼ ਕਰਦੇ ਹਾਂ। ਉਸ ਲਈ ਸੈਪਰੇਟ ਪੈਸਾ ਰੱਖਿਆ ਜਾਣਾ ਚਾਹੀਦਾ ਹੈ।

ਮੰਗ ਨੰ: 21 ਸਬੰਧੀ ਮੇਰੀ ਬੇਨਤੀ ਹੈ ਕਿ ਇਸ ਵਿਚ ਪਿਛਲੀ ਵਾਰ ਜਿਹੜਾ ਨਾਬਾਰਡ ਤੋਂ ਪੈਸਾ ਆਇਆ ਸੀ, ਉਹ ਇਨ੍ਹਾਂ ਨੇ ਘੱਟ ਕਰ ਦਿੱਤਾ ਜਿਸ ਨਾਲ ਸਾਡੀਆਂ ਜਿਹੜੀਆਂ ਸੜਕਾਂ ਬਣ ਰਹੀਆਂ ਸੀ, ਉਹ ਵਿਚੇ ਹੀ ਰੁਕ ਗਈਆਂ। ਸਾਡੇ ਹਲਕੇ ਵਿੱਚ ਲਾਲਿਆਂ ਵਾਲੀ ਤੋਂ ਲੈ ਕੇ ਹਰਿਆਣਾ ਬਾਰਡਰ ਤੱਕ 18 ਫੁੱਟ ਦੀ ਸੜਕ ਹੈ। ਉਸ ਵਾਸਤੇ ਇਕ ਰੁਪਿਆ ਵੀ ਨਹੀਂ ਆਇਆ। ਉਸ ਲਈ ਇਹ ਚਾਹੇ ਸੈਂਟਰ ਤੋਂ ਨਾਬਾਰਡ ਤਹਿਤ ਦੁਬਾਰਾ ਪੈਸਾ ਮੰਗਵਾਉਣ ਪਰ ਪੈਂਡਿੰਗ ਰੋਡਜ਼ ਪੂਰੀਆਂ ਹੋਣੀਆਂ ਚਾਹੀਦੀਆਂ ਹਨ।

ਇਸ ਤੋਂ ਇਲਾਵਾ ਮੰਗ ਨੰ: 29 ਪੈਪਸੂ ਰੋਡਵੇਜ਼ ਬਾਰੇ ਹੈ। ਇਸ ਵਿਚ ਜਿੰਨਾ ਬਜਟ ਰੱਖਿਆ ਹੈ, ਉਸ ਵਿਚ ਕਿਤੇ ਇਹ ਨਹੀਂ ਦੱਸਿਆ ਕਿ ਜਿਹੜੇ ਇੰਪਲਾਇਜ਼ ਰਿਟਾਇਰ ਹੁੰਦੇ ਹਨ, ਉਨ੍ਹਾਂ ਵਿਚੋਂ ਅੱਧੇ ਤੋਂ ਵੱਧ ਇੰਪਲਾਇਜ਼ ਪੈਨਸ਼ਨਾਂ ਲਈ ਧੱਕੇ ਖਾ ਰਹੇ ਹਨ। ਕਿਸੇ ਨੂੰ ਕੋਈ ਪੈਸਾ ਨਹੀਂ ਮਿਲ ਰਿਹਾ। ਉਨ੍ਹਾਂ ਨੂੰ ਜੋ ਮੈਡੀਕਲ ਜਾਂ ਹੋਰ ਭੱਤੇ ਮਿਲਣੇ ਚਾਹੀਦੇ ਹਨ ਉਹ ਨਹੀਂ ਮਿਲ ਰਹੇ। ਇਹ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਜੋ ਰਿਟਾਇਰਡ ਇੰਪਲਾਇਜ਼ ਦਾ ਭਲਾ ਹੋ ਸਕੇ। ਧੰਨਵਾਦ, ਸਪੀਕਰ ਸਾਹਿਬ।

**ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.):** ਸਪੀਕਰ ਸਾਹਿਬ, ਮੈਂ ਮੰਗ ਨੰ: 5 ਸਬੰਧੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਜਿਹੜੀ ਸਕੂਲ ਸਿੱਖਿਆ ਹੈ, ਉਸ ਲਈ ਇਹ ਜ਼ਰੂਰੀ ਹੈ ਕਿ ਟੀਚਰਾਂ ਦੀ ਭਰਤੀ ਪਹਿਲ ਦੇ ਆਧਾਰ ਤੇ ਕੀਤੀ ਜਾਵੇ। ਸਪੀਕਰ ਸਾਹਿਬ, ਪੇਂਡੂ ਵਿਕਾਸ ਵਿਭਾਗ ਨੇ 4901 ਪ੍ਰਾਇਮਰੀ ਟੀਚਰ ਰੱਖਣ ਲਈ ਇਸ਼ਤਿਹਾਰ

ਕੱਢਿਆ ਸੀ, ਉਨ੍ਹਾਂ ਦਾ ਟੈਸਟ ਵੀ ਹੋ ਗਿਆ, ਇੰਟਰਵਿਊ ਵੀ ਹੋ ਗਈ ਅਤੇ ਮੈਰਿਟ ਵੀ ਬਣ ਗਈ। 2 ਲੱਖ ਵਿੱਚੋਂ ਸਿਰਫ 2000 ਦੇ ਲਗਭਗ ਪਾਸ ਹੋਏ ਹਨ ਪਰ ਉਨ੍ਹਾਂ ਨੂੰ ਵੀ ਨਿਯੁਕਤੀ ਪੱਤਰ ਨਹੀਂ ਦਿੱਤੇ ਜਾ ਰਹੇ। ਉਹ ਮੇਰੇ ਪਾਸ ਸਵੇਰੇ ਆਏ ਸਨ, ਉਹ ਮੋਹਾਲੀ ਕੋਲ ਕਿਸੇ ਜਗ੍ਹਾ ਮਰਨ ਵਰਤ ਰੱਖੀ ਬੈਠੇ ਹਨ। ਮੈਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਵਿੱਚ ਹੋਰ ਪੈਸੇ ਦੀ ਪ੍ਰੋਵੀਜ਼ਨ ਕਰਕੇ ਉਨ੍ਹਾਂ ਨੂੰ ਨਿਯੁਕਤੀ ਪੱਤਰ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਸੋਮ ਪ੍ਰਕਾਸ਼ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਡਿਮਾਂਡਜ਼ ਤੇ ਮੇਰੀ ਗੱਲ ਪੂਰੀ ਤਾਂ ਹੋ ਲੈਣ ਦਿਉ।

**ਮਾਨਯੋਗ ਸਪੀਕਰ :** ਤੁਸੀਂ ਹੁਣ ਬੋਲ ਤਾਂ ਲਿਆ ਹੈ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਹਾਲੇ ਮੈਂ ਦੋ ਮਿੰਟ ਹੀ ਬੋਲਿਆ ਹਾਂ। ਇੱਕ ਤੇ ਹੀ ਬੋਲ ਲੈਂਦਾ ਹਾਂ, ਮੈਂ ਹੋਰ ਡਿਮਾਂਡ ਤੇ ਨਹੀਂ ਬੋਲਾਂਗਾ। ਮੇਰੀ ਦੂਸਰੀ ਬੇਨਤੀ ਇਹ ਹੈ ਕਿ ਪੰਜਾਬ ਦੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚੋਂ ਮੇਰੇ ਹਲਕੇ ਵਿੱਚ ਸਿਰਫ ਦੋ ਸਕੂਲਾਂ ਵਿੱਚ ਸਾਇੰਸ ਪੜ੍ਹਾਈ ਜਾਂਦੀ ਹੈ। ਚਾਹੀਦਾ ਤਾਂ ਇਹ ਹੈ ਕਿ ਹਰ ਸਕੂਲ ਵਿੱਚ ਜਿੱਥੇ 11ਵੀਂ ਅਤੇ 12ਵੀਂ ਦੇ ਬੱਚੇ ਪੜ੍ਹਦੇ ਹਨ, ਉਹ ਆਰਟਸ ਦੇ ਨਾਲ ਸਾਇੰਸ ਦੇ ਵਿਸ਼ੇ ਵੀ ਪੜ੍ਹਨ ਕਿਉਂਕਿ ਜਦ ਤੱਕ ਸਾਡੇ ਬੱਚੇ ਸਾਇੰਸ ਨਹੀਂ ਪੜ੍ਹਦੇ ਉਹ ਉਦੋਂ ਤੱਕ ਕੰਪੀਟ ਨਹੀਂ ਕਰ ਸਕਦੇ। ਸਾਡੇ ਪਿੰਡਾਂ ਦੇ ਬੱਚੇ ਤਾਂ ਡਰਾਈਵਰ ਬਣ ਰਹੇ ਹਨ ਪਰ ਸ਼ਹਿਰਾਂ ਵਿੱਚ ਜਿੱਥੇ ਸਾਇੰਸ ਵਿਸ਼ੇ ਪੜ੍ਹਾਏ ਜਾਂਦੇ ਹਨ ਉਥੇ ਬੱਚੇ ਡਾਕਟਰ ਜਾਂ ਇੰਜੀਨੀਅਰ ਬਣ ਰਹੇ ਹਨ। ਮੇਰੀ ਸਰਕਾਰ ਨੂੰ ਇਹ ਬੇਨਤੀ ਹੈ ਕਿ ਹਰ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਾਇੰਸ ਵਿਸ਼ੇ ਦੀ ਪੜ੍ਹਾਈ ਦੀ ਪ੍ਰੋਵੀਜ਼ਨ ਕੀਤੀ ਜਾਵੇ। ਨਾਲ ਹੀ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਸਕੂਲਾਂ ਦੀ ਹਾਲਤ ਇਹ ਹੈ ਕਿ ਸਕੂਲਾਂ ਵਿੱਚ 25% ਟੀਚਰ ਹੀ ਨਹੀਂ ਹਨ। ਸਾਡੇ ਤਾਜਪੁਰੇ ਸਕੂਲ ਵਿੱਚ 33 ਵਿੱਚੋਂ ਸਿਰਫ਼ 18 ਟੀਚਰ ਹਨ, ਮੋਰਿੰਡਾ ਸ਼ਹਿਰ ਦੇ ਸਕੂਲ ਵਿੱਚ 28 ਵਿੱਚੋਂ 13 ਟੀਚਰ ਹਨ। ਇਸੇ ਤਰ੍ਹਾਂ ਦੀ ਹੀ ਸਾਰੇ ਪੰਜਾਬ ਦੇ ਸਕੂਲਾਂ ਵਿੱਚ ਇਹ ਪੁਜ਼ੀਸ਼ਨ ਹੋ ਚੁੱਕੀ ਹੈ। ਇਸ ਦੇ ਨਾਲ ਹੀ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਕੂਲਾਂ ਦੇ ਨਾਲ ਨਾਲ ਕਾਲਜਾਂ ਦੀ ਹਾਲਤ ਵੀ ਇਹੋ ਜਿਹੀ ਹੋ ਗਈ ਹੈ ਕਿ ਸਹੀ ਪੜ੍ਹਾਈ ਬੱਚਿਆਂ

[ ਸਰਦਾਰ ਚਰਨਜੀਤ ਸਿੰਘ ਚੰਨੀ ]

ਤੱਕ ਨਹੀਂ ਪਹੁੰਚ ਰਹੀ।

ਡਿਮਾਂਡ ਨੰ: 28 ਜਿਹੜੀ ਕਿ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਨਾਲ ਸਬੰਧਤ ਹੈ, ਸਬੰਧੀ ਮੈਂ ਤੁਹਾਡੀ ਇਜਾਜ਼ਤ ਨਾਲ ਆਪਣੇ ਹਲਕੇ ਦੀ ਥੀਮ ਪਾਰਕ ਬਾਰੇ ਬੋਲਣਾ ਚਾਹੁੰਦਾ ਹਾਂ। ਚਮਕੌਰ ਸਾਹਿਬ ਵਿੱਚ ਸੈਰ ਸਪਾਟਾ ਨੂੰ ਉਤਸ਼ਾਹਿਤ ਕਰਨ ਵਾਸਤੇ ਇੱਕ ਥੀਮ ਪਾਰਕ ਬਣਾਇਆ ਜਾ ਰਿਹਾ ਹੈ। ਜਿਸ ਲਈ ਸਰਕਾਰ ਵੱਲੋਂ 2 ਕਰੋੜ 31 ਲੱਖ ਰੁਪਿਆ ਵੀ ਆਇਆ ਹੈ। ਉਸ ਦਾ ਕੰਮ 7 ਸਾਲ ਤੋਂ ਰੁਕਿਆ ਪਿਆ ਹੈ। ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੈਸੇ ਸੈਂਕਸ਼ਨ ਕਰਕੇ ਉਸ ਨੂੰ ਮੁਕੰਮਲ ਕੀਤਾ ਜਾਵੇ। ਇਹ ਸ਼ਹੀਦਾਂ ਦੀ ਯਾਦਗਾਰ ਨਾਲ ਜੁੜਿਆ ਹੋਇਆ ਹੈ। ਸਾਹਿਬਜ਼ਾਦਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀ ਯਾਦ ਵਿੱਚ ਇਹ ਬੜੀ ਵਧੀਆ ਜਗ੍ਹਾ ਥੀਮ ਪਾਰਕ ਬਣ ਰਹੀ ਹੈ ਜਿਸ ਨੂੰ ਅਸੀਂ ਸਿੱਖ ਵਿਰਾਸਤ ਦੇ ਤੌਰ ਤੇ ਸੰਭਾਲ ਰਹੇ ਹਾਂ। ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਸ ਨੂੰ ਵੀ ਅੱਗੇ ਵਧਾਇਆ ਜਾਵੇ। ਇਨ੍ਹਾਂ ਬੇਨਤੀਆਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) :** ਸਪੀਕਰ ਸਾਹਿਬ, ਮੈਂ ਸਿੱਖਿਆ ਨਾਲ ਸਬੰਧਤ ਡਿਮਾਂਡ ਨੰਬਰ 5 ਤੇ ਬੋਲਣਾ ਹੈ। ਇਹ ਮਸਲਾ ਬੜਾ ਅਹਿਮ ਮਸਲਾ ਹੈ। ਸਰਕਾਰੀ ਸਕੂਲਾਂ ਵਿੱਚ ਗਰੀਬ ਲੋਕਾਂ ਦੇ ਬੱਚੇ ਪੜ੍ਹਦੇ ਹਨ। Right to Education Act, 2009 ਜਿਹੜਾ ਬਣਿਆ ਹੈ, ਉਸ ਬਾਰੇ ਭੁਲੇਖਾ ਇਹ ਹੈ ਕਿ ਇਹ ਸਰਕਾਰੀ ਸਕੂਲਾਂ ਵਾਸਤੇ ਬਣਿਆ ਹੈ। ਇਸ ਵਿੱਚ ਸਕੂਲ ਦੀ ਡੈਫੀਨੇਸ਼ਨ ਵਿੱਚ ਲਿਖਿਆ ਹੈ ਕਿ ਇਸ ਵਿੱਚ ਸਰਕਾਰੀ ਸਕੂਲ ਵੀ ਸ਼ਾਮਲ ਹੋਣਗੇ, ਇਸ ਵਿੱਚ ਏਡਿਡ ਸਕੂਲ ਅਤੇ ਅਨ-ਏਡਿਡ ਸਕੂਲ ਵੀ ਸ਼ਾਮਲ ਹੋਣਗੇ, ਪ੍ਰਾਈਵੇਟ ਕਾਨਵੈਂਟ ਸਕੂਲਾਂ ਵਿੱਚ ਵੀ ਇਹ ਲਾਗੂ ਹੋਵੇਗਾ। ਇਹ ਐਕਟ ਸਾਰੇ ਸਕੂਲਾਂ ਤੇ ਲਾਗੂ ਹੁੰਦਾ ਹੈ ਅਤੇ ਇਸ ਵਿੱਚ ਸਰਕਾਰ ਦੀ ਜ਼ਿੰਮੇਵਾਰੀ ਲਗਾਈ ਗਈ ਹੈ ਕਿ Government will ensure good quality elementary education, conforming to the standards and norms specified in the Schedule. ਉਨ੍ਹਾਂ ਨੇ ਨਾਰਮਜ਼ ਵੀ ਸਪੈਸੀਫਾਈ ਕੀਤੇ ਹਨ ਕਿ ਇਸ ਵਿੱਚ ਐਜੂਕੇਸ਼ਨ ਕਿਸ ਤਰ੍ਹਾਂ ਦੀ ਦੇਣੀ ਹੈ, conforming with the values enshrined in the Constitution, all round development of the child building of child's knowledge, potential and talent, development of physical and mental

abilities. ਸਪੀਕਰ ਸਾਹਿਬ, ਜਿਸ ਤਰ੍ਹਾਂ ਦਾ ਸਾਡੇ ਸਕੂਲਾਂ ਵਿੱਚ ਐਜੂਕੇਸ਼ਨ ਦਾ ਪੱਧਰ ਹੈ, ਗੌਰਮਿੰਟ ਆਫ ਇੰਡੀਆ ਦੇ ਸਰਵੇ ਮੁਤਾਬਕ ਤੀਜੀ ਕਲਾਸ ਦੇ ਬੱਚੇ ਪਹਿਲੀ ਕਲਾਸ ਦਾ ੳ, ਅ ਨਹੀਂ ਜਾਣਦੇ ਅਤੇ ਪੰਜਵੀਂ ਕਲਾਸ ਦੇ ਬੱਚੇ ਦੂਜੀ ਕਲਾਸ ਦੀ ਕਿਤਾਬ ਨਹੀਂ ਪੜ੍ਹ ਸਕਦੇ। ਇਕ ਸਰਵੇ ਅਨੁਸਾਰ ਜੇਕਰ ਇਕ ਡਿਜਿਟ ਦੀ ਡਵੀਜ਼ਨ ਕਰਨੀ ਪਵੇ ਤਾਂ 4 ਵਿਚੋਂ 3 ਬੱਚੇ ਇਸ ਨੂੰ ਨਹੀਂ ਕਰ ਸਕਦੇ। ਐਜੂਕੇਸ਼ਨ ਦਾ ਇੰਨਾ ਮਾੜਾ ਹਾਲ ਹੈ ਅਤੇ ਉਸ ਵੱਲ ਸਾਨੂੰ ਧਿਆਨ ਦੇਣ ਦੀ ਲੋੜ ਹੈ। ਨਿਰਾਪੁਰਾ ਇਹੀ ਨਹੀਂ ਕਿ ਐਜੂਕੇਸ਼ਨ ਦੇਣੀ ਹੈ, ਜਿਹੜਾ ਰਾਈਟ-ਟੂ ਐਜੂਕੇਸ਼ਨ ਐਕਟ ਹੈ ਇਸ ਦੀਆਂ ਸਾਰੀਆਂ ਧਾਰਾਵਾਂ ਨੂੰ ਇੰਨ-ਬਿੰਨ ਲਾਗੂ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਜਿਹੜੇ ਏਡਿਡ ਜਾਂ ਅਨਏਡਿਡ ਸਕੂਲ ਹਨ ਜਾਂ ਪ੍ਰਾਈਵੇਟ ਸਕੂਲ ਹਨ, ਉਨ੍ਹਾਂ ਵਾਸਤੇ ਕੰਪਲਸਰੀ ਹੈ ਕਿ they shall admit in class one to the extent of at least 25% strength of the class children belonging to weaker sections & disadvantaged group. ਇਸ ਐਕਟ ਦੇ ਥੱਲੇ 25% ਦਾਖਲਾ ਲਾਜ਼ਮੀ ਹੈ। ਮੈਨੂੰ ਨਹੀਂ ਲਗਦਾ ਕਿ ਕਿਸੇ ਵੀ ਕਾਨਵੈਂਟ ਸਕੂਲ ਵਿਚ ਇਹ ਫਰੀ ਐਜੂਕੇਸ਼ਨ ਦਿੱਤੀ ਜਾਂਦੀ ਹੋਵੇ। ਇਹ ਬਹੁਤ ਗੰਭੀਰ ਮਸਲਾ ਹੈ। ਸਿੱਖਿਆ ਮੰਤਰੀ ਸਾਹਿਬ ਧਿਆਨ ਦੇਣ, ਉਸ ਦਿਨ ਤਾਂ ਉਨ੍ਹਾਂ ਨੇ ਬੜੀ ਤੇਜ਼ੀ ਨਾਲ ਪ੍ਰਸਤਾਵ ਲਿਆ ਦਿੱਤਾ ਸੀ। ਸਪੀਕਰ ਸਾਹਿਬ, ਤੁਸੀਂ ਵੀ ਜਲਦੀ ਨਾਲ Aye's have it, Aye's have it ਕਰਕੇ ਪਾਸ ਕਰਵਾ ਦਿੱਤਾ ਸੀ। ਮੈਨੂੰ ਬੋਲਣ ਦਾ ਸਮਾਂ ਹੀ ਨਹੀਂ ਮਿਲਿਆ। ਮੈਂ ਉਸ ਸਮੇਂ ਬੋਲਣਾ ਚਾਹੁੰਦਾ ਸੀ ਕਿ ਐਕਟ ਦੀਆਂ ਸਾਰੀਆਂ ਧਾਰਾਵਾਂ ਨੂੰ ਲਾਗੂ ਕਰਾਉਣਾ ਸਾਡੀ ਜ਼ਿੰਮੇਵਾਰੀ ਹੈ। ਦੂਸਰਾ, ਇਨ੍ਹਾਂ ਨੇ ਕਿਹਾ ਸੀ ਕਿ ਇਮਤਿਹਾਨ ਨਹੀਂ ਹੋਣੇ, ਇਮਤਿਹਾਨ ਨਾ ਹੋਣ ਦਾ ਮਤਲਬ ਇਹ ਸੀ, ਉਨ੍ਹਾਂ ਨੇ ਕਿਹਾ ਸੀ ਕਿ constant grade ਕਰਨਾ ਹੈ, Comprehensive and continuous child understanding may be given so that they may use their knowledge in day to day life. ਉਸ ਦੇ ਨਾਲ ਉਨ੍ਹਾਂ ਕਿਹਾ ਸੀ ਕਿ ਪੇਪਰ ਨਹੀਂ ਲੈਣੇ ਅਤੇ ਉਨ੍ਹਾਂ ਨੂੰ ਤੁਸੀਂ ਏ, ਬੀ, ਸੀ, ਡੀ ਕਰਕੇ ਗਰੇਡ ਦੇਣਾ ਹੈ। ਮੈਂ ਸਮਝਦਾ ਹਾਂ ਕਿ 'ਸੀ' ਅਤੇ 'ਡੀ' ਗ੍ਰੇਡ ਦੇ ਬੱਚਿਆਂ ਨੂੰ ਅੱਗੇ ਦਾਖਲਾ ਨਹੀਂ ਮਿਲਣਾ। ਜਿਹੜੇ ਸਕੂਲਾਂ ਵਿਚ 'ਸੀ' ਤੇ 'ਡੀ' ਗ੍ਰੇਡ ਜ਼ਿਆਦਾ ਆਉਂਦੇ ਹਨ, ਉਨ੍ਹਾਂ ਟੀਚਰਾਂ ਨੂੰ ਅਸੀਂ ਅਕਾਉਂਟੇਬਲ ਕਰੀਏ। ਟੀਚਰ ਇੰਨੀਆਂ-ਇੰਨੀਆਂ ਤਨਖਾਹਾਂ ਲੈਂਦੇ ਹਨ। ਫਿਰ ਜੇਕਰ ਬੱਚਿਆਂ ਦੇ ਰਿਜ਼ਲਟ ਚੰਗੇ ਨਹੀਂ ਆਉਂਦੇ ਤਾਂ ਕੀ

[ ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ ]

ਸਾਡੀ ਜ਼ਿੰਮੇਵਾਰੀ ਹੈ? ਸਾਨੂੰ ਟੀਚਰਾਂ ਨੂੰ ਅਕਾਉਂਟੇਬਲ ਬਣਾਉਣਾ ਚਾਹੀਦਾ ਹੈ। ਮੇਰੀ ਬੇਨਤੀ ਹੈ ਕਿ ਜੇਕਰ ਬੱਚਿਆਂ ਦਾ ਬੇਸ ਹੀ ਖਰਾਬ ਹੋ ਜਾਵੇਗਾ ਤਾਂ ਅਸੀਂ ਇਸ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੇ।

ਦੂਸਰਾ, ਮੈਂ ਡਿਮਾਂਡ ਨੰ: 1 ਖੇਤੀਬਾੜੀ ਬਾਰੇ ਧਿਆਨ ਵਿਚ ਲਿਆਉਣਾ ਚਾਹੁੰਦਾ ਸੀ ਕਿ ਖੇਤੀਬਾੜੀ ਮੰਤਰੀ ਜੀ ਬੈਠੇ ਹਨ।ਇਸ ਬਾਰੇ ਬੜੀ ਚੰਗੀ ਪ੍ਰੋਵੀਜ਼ਨ ਬਜਟ ਵਿਚ ਕੀਤੀ ਹੈ। ਪੰਜਾਬ ਦਾ ਇਕ ਬਹੁਤ ਵੱਡਾ ਮਸਲਾ ਅੰਡਰ ਗਰਾਊਂਡ ਵਾਟਰ ਦਾ ਹੈ, ਉਸ ਦਾ ਪੱਧਰ ਬਹੁਤ ਹੀ ਥੱਲੇ ਜਾ ਰਿਹਾ ਹੈ। ਸੈਂਟਰਲ ਵਾਟਰ ਬੋਰਡ ਦੇ ਮੁਤਾਬਿਕ ਪੰਜਾਬ ਵਿਚ 84% ਏਰੀਏ ਦਾ ਪਾਣੀ ਬਹੁਤ ਹੀ ਥੱਲੇ ਜਾ ਚੁੱਕਾ ਹੈ। ਪੰਜਾਬ ਦੇ ਕੁੱਲ ਰਕਬੇ 50,000 ਵਰਗ ਕਿਲੋਮੀਟਰ ਵਿਚੋਂ 42170 ਵਰਗ ਕਿਲੋਮੀਟਰ ਏਰੀਏ ਦਾ ਪਾਣੀ ਬਹੁਤ ਥੱਲੇ ਜਾ ਚੁੱਕਾ ਹੈ। ਫਤਹਿਗੜ੍ਹ ਸਾਹਿਬ ਵਿਚ ਪਾਣੀ ਦਾ ਪੱਧਰ ਬਹੁਤ ਥੱਲੇ ਜਾ ਚੁੱਕਾ ਹੈ ਅਤੇ ਤਕਰੀਬਨ 32.28 ਮੀਟਰ ਪਾਣੀ ਥੱਲੇ ਜਾ ਚੁੱਕਾ ਹੈ। ਜੇ ਅਸੀਂ ਪੰਜਾਬ ਦੇ ਪਾਣੀ ਨੂੰ ਨਾ ਸੰਭਾਲਿਆ ਤਾਂ ਮੈਂ ਸਮਝਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਸਾਡਾ ਭਵਿੱਖ ਬਹੁਤ ਖਰਾਬ ਹੋਵੇਗਾ। ਪੰਜਾਬ ਦੇ 103 ਬਲਾਕ ਅਫੈਕਟਿਡ ਹਨ। ਅਸੀਂ 73% ਏਰੀਏ ਨੂੰ ਟਿਊਬਵੈਲਾਂ ਨਾਲ ਪਾਣੀ ਦਿੰਦੇ ਹਾਂ। ਮੈਂ ਬੇਨਤੀ ਕਰਦਾ ਹਾਂ ਕਿ ਸ਼ਾਹਕੋਟ, ਨਕੋਦਰ ਅਤੇ ਮੇਰੇ ਬਲਾਕ ਵਰਗੇ ਕੁੱਲ 12 ਬਲਾਕ ਐਸੇ ਹਨ, ਜਿਨ੍ਹਾਂ ਨੂੰ ਸੈਂਟਰਲ ਵਾਟਰ ਬੋਰਡ ਨੇ ਨੋਟੀਫਾਈ ਕੀਤਾ ਹੈ ਕਿ ਉਥੇ ਇਕ ਵੀ ਟਿਊਬਵੈਲ ਨਹੀਂ ਲੱਗ ਸਕਦਾ। ਜੇਕਰ ਕੋਈ ਲਗਾਉਣਾ ਹੈ ਤਾਂ ਉਸ ਲਈ ਸਰਕਾਰ ਨੂੰ ਪਰਮਿਸ਼ਨ ਲੈਣੀ ਪਵੇਗੀ। ਮੈਂ ਖੇਤੀਬਾੜੀ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਯੂਨੀਵਰਸਿਟੀ ਨੇ ਰਿਕੁਮੈਂਡ ਕੀਤਾ ਹੈ ਕਿ ਸਾਨੂੰ ਪੈਡੀ ਦੇ ਏਰੀਏ ਵਿਚ ਘੱਟੋ ਘੱਟ 10 ਲੱਖ ਹੈਕਟਰ ਏਰੀਆ ਘਟਾਉਣਾ ਚਾਹੀਦਾ ਹੈ ਤਾਂ ਹੀ ਪੰਜਾਬ ਬਚੇਗਾ। ਇਹ ਘਟਾਉਣ ਲਈ ਸਾਨੂੰ ਇਕ ਬੜੀ ਤਕੜੀ ਪਾਲਿਸੀ ਅਡਾਪਟ ਕਰਨੀ ਪੈਣੀ ਹੈ। ਜਿਹੜੇ ਕੰਡੀ ਦੇ ਏਰੀਏ ਹਨ, ਜਿਥੇ ਕਦੇ ਵੀ ਪੈਡੀ ਨਹੀਂ ਸੀ ਬੀਜੀ ਜਾਂਦੀ, ਅੱਜ ਉਹ ਸਾਰੇ ਹੀ ਪੈਡੀ ਬੀਜਣ ਲੱਗ ਪਏ ਹਨ। ਅਸੀਂ 24 ਘੰਟੇ ਬਿਜਲੀ ਦਿੰਦੇ ਹਾਂ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਹ ਝੋਨਾ ਬੀਜਣ ਲੱਗ ਜਾਣ। ਸਾਨੂੰ ਇਹ ਸ਼ਰਤ ਵੀ ਲਗਾਉਣੀ ਚਾਹੀਦੀ ਹੈ ਕਿ ਉਹ ਫਸਲਾਂ ਦੀ ਡਾਈਵਰਸੀਫਿਕੇਸ਼ਨ ਕਰਨ।

**ਮਾਨਯੋਗ ਸਪੀਕਰ :** ਧੰਨਵਾਦ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਸਪੀਕਰ ਸਾਹਿਬ, ਮੈਂ ਇੱਕ ਹੋਰ ਮਸਲੇ ਤੇ ਬੋਲਣਾ ਚਾਹੁੰਦਾ ਹਾਂ ਜੋ ਕਿ ਵੈਲਫੇਅਰ ਆਫ ਐਸ.ਸੀਜ਼/ਬੀ.ਸੀਜ਼ ਨਾਲ ਸਬੰਧਤ ਹੈ। ਮੈਂ ਸਬ-ਕੰਪੋਨੈਂਟ ਪਲਾਨ ਲਈ ਕੱਲ੍ਹ ਵੀ ਵਿੱਤ ਮੰਤਰੀ ਸਾਹਿਬ ਦੀ ਤਾਰੀਫ ਕੀਤੀ ਸੀ। ਉਨ੍ਹਾਂ ਨੇ ਇਸ ਵਾਸਤੇ ਚੰਗਾ ਪੈਸਾ ਰੱਖਿਆ ਹੈ ਪਰ ਹੋਰ ਵੀ ਜਿਹੜੇ ਨਿੱਕੇ ਨਿੱਕੇ ਕੰਮ ਹਨ, ਉਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ। ਅੱਜ ਵੀ ਹਾਊਸ ਵਿੱਚ ਬਹੁਤ ਕੁਝ ਹੋਇਆ ਹੈ। ਡਾ. ਅੰਬੇਦਕਰ ਸਾਹਿਬ ਨੇ ਪੁਲੀਟੀਕਲ ਰਿਜ਼ਰਵੇਸ਼ਨ ਦਿੱਤੀ, ਰਿਜ਼ਰਵੇਸ਼ਨ ਇਨ ਐਜੂਕੇਸ਼ਨ ਦਿੱਤੀ, ਰਿਜ਼ਰਵੇਸ਼ਨ ਇਨ ਸਰਵਿਸਿਜ਼ ਦਿੱਤੀ। ਇਨ੍ਹਾਂ ਤਿੰਨਾਂ ਕਰਕੇ ਹੀ ਇਹ ਅਨ-ਪ੍ਰਿਵੇਲੇਜਡ ਕਲਾਸ ਪ੍ਰਫੁਲਿਤ ਹੋਈ ਹੈ। ਡਾ. ਅੰਬੇਦਕਰ ਸਾਹਿਬ ਕੋਲੰਬੀਆ ਯੂਨੀਵਰਸਿਟੀ ਵਿੱਚ ਪੜ੍ਹੇ ਸੀ ਤੇ ਉਸ ਯੂਨੀਵਰਸਿਟੀ ਦਾ ਸਾਰਾ ਇਤਿਹਾਸ ਚੁੱਕ ਕੇ ਵੇਖਿਆ ਗਿਆ। 300 ਸਾਲਾਂ ਵਿੱਚ 6 ਸਟੂਡੈਂਟਸ ਉਨ੍ਹਾਂ ਨੇ ਸਭ ਤੋਂ ਵਧੀਆ ਕੱਢੇ ਔਰ ਛੇ ਸਟੂਡੈਂਟਾਂ ਵਿੱਚੋਂ ਸਭ ਤੋਂ ਵਧੀਆ ਡਾ. ਅੰਬੇਦਕਰ ਸਾਹਿਬ ਨੂੰ ਸਿਲੈਕਟ ਕੀਤਾ ਗਿਆ। ਉਥੇ ਉਨ੍ਹਾਂ ਦਾ ਕਾਂਸੇ ਦਾ ਬੁੱਤ ਲਗਾਇਆ ਗਿਆ। ਬਰਾਕ ਓਬਾਮਾ ਜੋ ਅਮਰੀਕਾ ਦੇ ਪ੍ਰੈਜ਼ੀਡੈਂਟ ਹਨ, ਉਹ ਆਪ ਉਥੇ ਗਏ। ਉਨ੍ਹਾਂ ਨੇ ਇਹ ਬੁੱਤ ਇਨਸਟਾਲ ਕੀਤਾ ਅਤੇ ਉਸ ਤੇ ਲਿਖਿਆ ਹੋਇਆ ਹੈ : Symbol of Knowledge. ਅਸੀਂ ਸਾਰੇ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਗੱਲ ਕਰਦੇ ਹਾਂ। ਨਿੱਕੀਆਂ ਨਿੱਕੀਆਂ ਗੱਲਾਂ ਲਈ ਤਰਲੇ ਮਾਰਨੇ ਪੈ ਰਹੇ ਹਨ। ਅਸੀਂ ਇੱਥੇ 24 ਐਮ.ਐਲ.ਏ. ਬੈਠੇ ਹਾਂ, ਸਾਨੂੰ ਆਪਣੇ ਕੰਮਾਂ ਲਈ, ਹਰ ਕੰਮ ਲਈ ਇਸ ਤਰ੍ਹਾਂ ਕਰਨਾ ਪੈ ਰਿਹਾ ਹੈ। ਸਕੂਲਾਂ ਵਿੱਚ ਐਡਮਿਸ਼ਨ ਹੋਵੇ, ਐਮ.ਬੀ.ਬੀ.ਐਸ. ਵਿੱਚ ਐਡਮਿਸ਼ਨ ਹੋਵੇ, ਬੀ.ਡੀ.ਐਸ. ਵਿੱਚ ਐਡਮਿਸ਼ਨ ਹੋਵੇ, ਉਥੇ ਰਿਜ਼ਰਵੇਸ਼ਨ ਹੋਣੀ ਚਾਹੀਦੀ ਹੈ। ਹਿਮਾਚਲ ਪ੍ਰਦੇਸ਼ ਵਿੱਚ ਇਹ ਰਿਜ਼ਰਵੇਸ਼ਨ ਲਾਗੂ ਹੋ ਗਈ ਹੈ, ਹਰਿਆਣੇ ਵਿੱਚ ਇਹ ਰਿਜ਼ਰਵੇਸ਼ਨ ਲਾਗੂ ਹੋ ਗਈ ਹੈ ਤੇ ਫਿਰ ਸਾਨੂੰ ਕੀ ਪਰਾਬਲਮ ਹੈ। ਇਹ ਸਾਨੂੰ ਵੀ ਕਰਨੀ ਚਾਹੀਦੀ ਹੈ। ਮੇਰੀ ਬੇਨਤੀ ਹੈ ਕਿ ਇਸ ਕਲਾਸ ਪ੍ਰਤੀ ਸਰਕਾਰ ਦੀ ਜ਼ਿੰਮੇਵਾਰੀ ਹੈ। ਸਪੀਕਰ ਸਾਹਿਬ, ਤੁਹਾਡੀ ਬਹੁਤ ਬਹੁਤ ਮਿਹਰਬਾਨੀ।

**ਸਰਦਾਰ ਇਕਬਾਲ ਸਿੰਘ ਝੂੰਦਾਂ (ਅਮਰਗੜ੍ਹ) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਡਿਮਾਂਡ ਨੰ. 1 ਜੋ ਖੇਤੀਬਾੜੀ ਨਾਲ ਸੰਬੰਧਿਤ ਹੈ, ਉਸ ਤੇ ਗੱਲ ਕਰਨੀ ਚਾਹੁੰਦਾ ਹਾਂ। ਇਸ ਵਿੱਚ ਮੰਡੀ ਬੋਰਡ ਦਾ ਮਹਿਕਮਾ ਵੀ ਆਉਂਦਾ ਹੈ। ਮੇਰੀ ਗੁਜਾਰਿਸ਼

[ ਸਰਦਾਰ ਇਕਬਾਲ ਸਿੰਘ ਝੂੰਦਾਂ ]

ਹੈ ਕਿ ਜਿਹੜੀਆਂ ਅਸੀਂ ਲਿੰਕ ਰੋਡਜ਼ ਬਣਾਉਂਦੇ ਹਾਂ, ਉਹ ਸਾਡੀਆਂ ਬਣਾਈਆਂ ਹੋਈਆਂ ਲਿੰਕ ਰੋਡਜ਼ ਨਿਹਫਲ ਹੋ ਜਾਂਦੀਆਂ ਹਨ, ਜੇ ਉਨ੍ਹਾਂ ਦੇ ਬਰਮਾਂ ਦੀ ਸਾਂਭ-ਸੰਭਾਲ ਨਾ ਕੀਤੀ ਜਾਵੇ। ਇਸ ਵਾਸਤੇ ਜ਼ਰੂਰ ਫੰਡਜ਼ ਉਪਲਬਧ ਹੋਣੇ ਚਾਹੀਦੇ ਹਨ। ਬਰਮ ਸਲਾਮਤ ਨਾ ਹੋਣ ਕਾਰਨ ਜਿਹੜੀਆਂ ਸੜਕਾਂ 8-8, 10-10 ਸਾਲ ਚੱਲ ਸਕਦੀਆਂ ਹਨ, ਉਹ ਇੱਕ-ਦੋ ਸਾਲਾਂ ਵਿੱਚ ਹੀ ਖ਼ਤਮ ਹੋ ਜਾਂਦੀਆਂ ਹਨ । ਬਰਮ ਸਾਡੇ ਤੋਂ ਸਾਂਭੇ ਨਹੀਂ ਜਾਂਦੇ। ਪਿੰਡਾਂ ਦੇ ਆਲੇ-ਦੁਆਲੇ ਦੀ ਜਗ੍ਹਾ ਵੀ ਉੱਚੀ ਕਰ ਦਿੱਤੀ ਜਾਂਦੀ ਹੈ ਤੇ ਜਿਹੜੀਆਂ ਸੜਕਾਂ ਹਨ, ਉਹ ਇੱਕ ਖਾਲ ਹੀ ਬਣ ਜਾਂਦੀਆਂ ਹਨ, ਬਰਸਾਤੀ ਨਾਲਾ ਹੀ ਬਣ ਜਾਂਦੀਆਂ ਹਨ। ਇਸ ਵਾਸਤੇ ਮੰਡੀ ਬੋਰਡ ਜਾਂ ਮਾਰਕਿਟ ਕਮੇਟੀਆਂ ਰਾਹੀਂ ਫੰਡਜ਼ ਪ੍ਰੋਵਾਈਡ ਕਰਵਾਏ ਜਾਣ ਤਾਂ ਕਿ ਸੜਕਾਂ ਦੀ ਦੇਖਭਾਲ ਕੀਤੀ ਜਾ ਸਕੇ । ਦੂਜੀ ਗੱਲ ਮੈਂ ਕਰਨੀ ਚਾਹੁੰਦਾ ਹਾਂ ਕਿ ਪਿੰਡ ਦੇ ਆਲੇ ਦੁਆਲੇ ਫਿਰਨੀ ਤੇ ਜਿਹੜੀਆਂ ਲਿੰਕ ਰੋਡਜ਼ ਬਣੀਆਂ ਹਨ, ਉਨ੍ਹਾਂ ਦੇ ਨਾਲੇ ਅਤੇ ਡਰੇਨਜ਼ ਨੂੰ ਵੀ ਮੰਡੀ ਬੋਰਡ ਟੇਕ ਅੱਪ ਕਰੇ ਤਾਂ ਕਿ ਜਦੋਂ ਵੀ ਸੜਕ ਬਣੇ, ਨਾਲ ਹੀ ਉਹ ਡਰੇਨ ਵੀ ਰਿਪੇਅਰ ਹੋਵੇ। ਪੰਚਾਇਤਾਂ ਕੋਲ ਫੰਡਜ਼ ਨਹੀਂ ਹੁੰਦੇ ਜਿਸ ਕਾਰਨ ਸੜਕਾਂ ਖਰਾਬ ਹੋ ਜਾਂਦੀਆਂ ਹਨ। ਇਸ ਨਾਲ ਸਰਕਾਰ ਦਾ ਬਹੁਤ ਵੱਡਾ ਸਰਮਾਇਆ ਬਚ ਸਕਦਾ ਹੈ ।

ਦੂਸਰਾ, ਮੈਂ ਡਿਮਾਂਡ ਨੰ. 3 ਤੇ ਗੱਲ ਕਰਨੀ ਚਾਹੁੰਦਾ ਹਾਂ। ਜੋ ਸਾਡੀਆਂ ਕੋਆਪ੍ਰੇਟਿਵ ਸੁਸਾਇਟੀਆਂ ਹਨ, ਮੈਂ ਸਾਰੇ ਪੰਜਾਬ ਦੀ ਗੱਲ ਨਹੀਂ ਕਰਦਾ, ਮੈਂ ਆਪਣੀ ਕਾਂਸਟੀਚੁਐਂਸੀ ਦੀ ਗੱਲ ਕਰ ਰਿਹਾ ਹਾਂ, ਮੇਰਾ ਖਿਆਲ ਹੈ ਕਿ 50% ਕੋਆਪ੍ਰੇਟਿਵ ਸੁਸਾਇਟੀਆਂ ਘਾਟੇ ਵਿੱਚ ਜਾ ਰਹੀਆਂ ਹਨ। ਇਸ ਦੇ ਬਹੁਤ ਕਾਰਨ ਹਨ ਜਿਨ੍ਹਾਂ ਵਿਚੋਂ ਇੱਕ ਡਿਪਾਰਟਮੈਂਟਲ ਵੀ ਹੈ। ਜਿਹੜੇ ਕੋਆਪ੍ਰੇਟਿਵ ਸੁਸਾਇਟੀਆਂ ਦੇ ਅਫਸਰ ਸਾਹਿਬਾਨ ਹਨ, ਉਹ ਸੁਸਾਇਟੀਆਂ ਨੂੰ ਉਹ ਸਮਾਨ ਲੈਣ ਲਈ ਮਜਬੂਰ ਕਰਦੇ ਹਨ ਜਿਹੜਾ ਸਮਾਨ ਕੁਆਲਟੀ ਪੱਧਰ ਦਾ ਨਹੀਂ ਹੁੰਦਾ। ਉਹ ਮਾੜਾ ਸਮਾਨ ਲੋਕ ਨਹੀਂ ਖਰੀਦਦੇ ਜਿਸ ਕਾਰਨ ਸੁਸਾਇਟੀਆਂ ਘਾਟੇ ਵਿੱਚ ਚਲੀਆਂ ਜਾਂਦੀਆਂ ਹਨ। ਅੱਜ ਉਹ ਸੁਸਾਇਟੀਆਂ ਬੰਦ ਹੋਣ ਦੇ ਕਿਨਾਰੇ ਹਨ। ਉਨ੍ਹਾਂ ਸੁਸਾਇਟੀਆਂ ਨੂੰ ਜਿਉਂਦਾ ਰੱਖਣਾ ਗਰੀਬ ਕਿਸਾਨਾਂ, ਗਰੀਬ ਪਰਿਵਾਰਾਂ ਦੀ ਭਲਾਈ ਲਈ ਅਤਿ ਜ਼ਰੂਰੀ ਹੈ ਕਿਉਂਕਿ ਉਹ ਛੇ-ਛੇ ਮਹੀਨੇ ਦੀ ਲਿਮਟ ਨਾਲ ਆਪਣੇ ਪੈਸੇ ਅੱਗੇ-ਪਿੱਛੇ ਕਰੀ ਜਾਂਦੇ ਹਨ। ਉਸ ਲਈ ਇਨ੍ਹਾਂ ਸੁਸਾਇਟੀਆਂ ਨੂੰ ਚਲਦਾ ਰੱਖਣ ਲਈ ਹੋਰ ਫੰਡਜ਼ ਮੁਹੱਈਆ ਕੀਤੇ ਜਾਣ

ਤਾਂ ਕਿ ਉਹ ਸੁਸਾਇਟੀਆਂ ਲੋਕਾਂ ਵਿੱਚ ਚੰਗੀ ਕਾਰਗੁਜ਼ਾਰੀ ਦਿਖਾ ਸਕਣ। ਸਪੀਕਰ ਸਾਹਿਬ, ਮੈਂ ਡਿਮਾਂਡ ਨੰ. 5 ਜੋ ਸਿੱਖਿਆ ਨਾਲ ਰਿਲੇਟਿਡ ਹੈ, ਦੇ ਸੰਬੰਧ ਵਿੱਚ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਵਿੱਚ ਬਹੁਤ ਫੰਡਜ਼ ਆਏ ਹਨ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ। ਸਕੂਲਾਂ ਵਿੱਚ ਨਵੇਂ ਕਮਰੇ ਬਣਾਉਣ ਲਈ, ਚਾਰ ਦੀਵਾਰੀਆਂ ਬਣਾਉਣ ਲਈ ਬਹੁਤ ਪੈਸਾ ਖਰਚ ਹੋਇਆ ਹੈ ਪਰ ਇਸ ਦੇ ਨਾਲ ਇੱਕ ਬਹੁਤ ਹੀ ਜ਼ਰੂਰੀ ਪੱਖ ਮੈਂ ਸਿੱਖਿਆ ਮੰਤਰੀ ਅਤੇ ਫਾਇਨਾਂਸ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਨਵਾਂ ਇੱਕ ਕਮਰਾ ਜਾਂ ਦੋ ਕਮਰੇ ਬਣਾਉਣ ਲਈ ਤਾਂ ਸਰਕਾਰ ਦਸ ਲੱਖ ਰੁਪਿਆ ਦੇ ਰਹੀ ਹੈ ਪਰੰਤੂ ਜਿਹੜੇ ਪੁਰਾਣੇ 20 ਕਮਰੇ ਖਰਾਬ ਹੋ ਰਹੇ ਹਨ ਤੇ ਜੇ ਉਨ੍ਹਾਂ ਦੀ ਰਿਪੇਅਰ ਲਈ 20 ਲੱਖ ਰੁਪਿਆ ਸਰਕਾਰ ਦੇ ਦੇਵੇ ਤਾਂ ਉਸ ਨਾਲ ਦਸ ਕਮਰੇ ਤਿਆਰ ਹੋ ਜਾਂਦੇ ਹਨ। ਸੋ, ਪੁਰਾਣੇ ਕਮਰਿਆਂ ਦੀ ਰਿਪੇਅਰ ਲਈ ਫੰਡ ਜਰੂਰ ਰੱਖਿਆ ਜਾਵੇ। ਇਹ ਬਹੁਤ ਵੱਡੀ ਪਰਾਬਲਮ ਹੈ, ਜਿਹੜੀ ਅਸੀਂ ਜ਼ਮੀਨੀ ਲੈਵਲ ਤੇ ਫੇਸ ਕਰਦੇ ਹਾਂ। ਜੇ ਉਨ੍ਹਾਂ ਪੁਰਾਣੇ ਕਮਰਿਆਂ ਲਈ ਵੀ ਫੰਡ ਉਪਬਲਧ ਕੀਤਾ ਜਾਵੇ ਤਾਂ ਉਨ੍ਹਾਂ ਨੂੰ ਬਹੁਤ ਸਹੀ ਢੰਗ ਨਾਲ ਵਰਤੋਂ ਵਿੱਚ ਲਿਆ ਸਕਦੇ ਹਾਂ। ਬਹੁਤ ਬਹੁਤ ਧੰਨਵਾਦ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ (ਐਸ.ਏ.ਐਸ. ਨਗਰ) :** ਸਪੀਕਰ ਸਾਹਿਬ, ਮੈਂ ਡਿਮਾਂਡ ਨੰਬਰ 2 ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ। ਮੈਂ ਪਸ਼ੂ ਪਾਲਣ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਅੱਜ ਅਵਾਰਾ ਕੁੱਤੇ ਅਤੇ ਅਵਾਰਾ ਪਸ਼ੂ ਐਕਸੀਡੈਂਟ ਦਾ ਇੱਕ ਬਹੁਤ ਵੱਡਾ ਕਾਰਨ ਬਣੇ ਹੋਏ ਹਨ। ਮੈਂ ਮੁਹਾਲੀ ਦੀ ਗੱਲ ਕਰਾਂ ਜਾਂ ਪੂਰੇ ਪੰਜਾਬ ਦੀ ਗੱਲ ਕਰਾਂ, ਅਵਾਰਾ ਕੁੱਤੇ ਇੰਨੇ ਜ਼ਿਆਦਾ ਹੋ ਗਏ ਹਨ ਕਿ ਉਹ ਕਈ ਵਾਰੀ ਬੰਦਿਆਂ ਨੂੰ ਵੀ ਖਾ ਜਾਂਦੇ ਹਨ। ਜਿਹੜੇ ਹੱਡਾਰੋੜੀ ਵਾਲੇ ਕੁੱਤੇ ਹਨ, ਉਹ ਤਾਂ ਬੱਚਿਆਂ ਨੂੰ ਵੀ ਖਾ ਜਾਂਦੇ ਹਨ। ਮੋਗੇ ਦਾ ਕਾਂਡ ਤੁਸੀਂ ਅਖਬਾਰਾਂ ਵਿੱਚ ਪੜ੍ਹਿਆ ਹੈ। ਸਰਕਾਰ ਨੂੰ ਇਸ ਵੱਲ ਬਹੁਤ ਧਿਆਨ ਦੇਣ ਦੀ ਜ਼ਰੂਰਤ ਹੈ। ਅੱਜ ਮੈਂ ਮੁਹਾਲੀ ਦੀ ਗੱਲ ਕਰਦਾ ਹਾਂ। ਡੇਲੀ ਮੇਰੇ ਕੋਲ ਮੁਹਾਲੀ ਦੀ ਕੋਈ ਨਾ ਕੋਈ ਕੰਪਲੇਂਟ ਆਉਂਦੀ ਹੈ ਕਿ ਸਾਡੇ ਬਜ਼ੁਰਗ ਨੂੰ ਕੁੱਤਾ ਵੱਢ ਗਿਆ ਜੀ, ਸਾਡੇ ਬੱਚੇ ਨੂੰ ਕੁੱਤਾ ਵੱਢ ਗਿਆ ਜੀ। ਜਿਵੇਂ ਭੇਡਾਂ ਦਾ ਇੱਜੜ ਹੁੰਦਾ ਹੈ, ਇਸ ਤਰ੍ਹਾਂ ਸ਼ਹਿਰਾਂ ਅਤੇ ਪਿੰਡਾਂ ਦੇ ਵਿੱਚ ਕੁੱਤੇ ਘੁੰਮਦੇ ਹਨ।

ਪਸ਼ੂ ਪਾਲਣ ਮੰਤਰੀ ਜੀ ਨੂੰ ਮੇਰੀ ਦੂਜੀ ਬੇਨਤੀ ਇਹ ਹੈ ਕਿ ਮੇਰੇ ਸਮੁੱਚੇ ਇਲਾਕੇ ਦੇ ਵਿੱਚ ਬਹੁਤ ਸਾਰੇ ਲੋਕ ਦੁੱਧ ਵਾਲੇ ਪਸ਼ੂ ਪਾਲਦੇ ਹਨ। ਪਸ਼ੂ ਨੂੰ ਕੋਈ

[ ਸਰਦਾਰ ਬਲਬੀਰ ਸਿੰਘ ਸਿੱਧੂ ]

ਪਰਾਬਲਮ ਹੁੰਦੀ ਹੈ, ਕੋਈ ਐਕਸਰੇ ਕਰਵਾਉਣਾ ਹੈ ਜਾਂ ਐਮ.ਆਰ.ਆਈ. ਕਰਵਾਉਣੀ ਹੈ ਤਾਂ ਉਸ ਦਾ ਪ੍ਰਬੰਧ ਸਿਰਫ ਲੁਧਿਆਣੇ ਪੀ.ਏ.ਯੂ. ਵਿੱਚ ਹੀ ਹੈ। ਜਿਹੜਾ ਆਮ ਗਰੀਬ ਬੰਦਾ ਹੈ, ਉਹ ਪਸ਼ੂ ਨੂੰ ਉਥੇ ਕਿਸ ਤਰ੍ਹਾਂ ਲੈ ਕੇ ਜਾਵੇ। ਉਸ ਦਾ ਦੋ-ਤਿੰਨ ਹਜ਼ਾਰ ਰੁਪਿਆ ਤਾਂ ਟੈਂਪੂ ਦੇ ਕਿਰਾਏ ਤੇ ਖਰਚ ਆ ਜਾਂਦਾ ਹੈ। ਸਾਡੇ ਕੰਗ ਸਾਹਿਬ ਨੇ ਚਤਾਮਲੀ ਜੋ ਕਿ ਕੁਰਾਲੀ ਦੇ ਨਾਲ ਹੈ ਉਥੇ ਬੜਾ ਵਧੀਆ ਸੈਂਟਰ ਬਣਾਇਆ ਹੈ, ਜੇਕਰ ਉਥੇ ਐਕਸਰੇ ਅਤੇ ਐਮ.ਆਰ.ਆਈ. ਦਾ ਪ੍ਰਬੰਧ ਕਰ ਦਿੱਤਾ ਜਾਵੇ ਤਾਂ ਬਹੁਤ ਵਧੀਆ ਹੋ ਜਾਵੇਗਾ। ਇਸੇ ਤਰ੍ਹਾਂ ਦੀ ਹੀ ਪ੍ਰੋਵੀਜ਼ਨ ਬਠਿੰਡਾ ਅਤੇ ਮਾਨਸਾ ਵੱਲ ਹੋ ਜਾਵੇ, ਚਾਰ-ਪੰਜ ਜਗ੍ਹਾ ਤੇ ਇਸ ਤਰ੍ਹਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਸੁਵਿਧਾ ਮਿਲੇ।

ਇਸ ਤੋਂ ਬਾਅਦ ਮੈਂ ਡਿਮਾਂਡ ਨੰ: 5 ਤੇ ਬੋਲਣਾ ਚਾਹੁੰਦਾ ਹਾਂ ਜੋ ਕਿ ਐਜੂਕੇਸ਼ਨ ਬਾਰੇ ਹੈ। ਪ੍ਰਾਬਲਮ ਇਹ ਹੈ ਕਿ ਜਿਹੜੇ ਬੱਚੇ ਚੰਡੀਗੜ੍ਹ ਦੇ ਕਾਲਜਾਂ ਵਿੱਚ ਪੜ੍ਹਦੇ ਹਨ, ਉਨ੍ਹਾਂ ਬੱਚਿਆਂ ਦੀ ਪ੍ਰਸੈਂਟੇਜ ਬਹੁਤ ਜ਼ਿਆਦਾ ਹਾਈ ਹੁੰਦੀ ਹੈ ਪਰੰਤੂ ਸਾਡੇ ਜਿਹੜੇ ਸਰਾਊਂਡਿੰਗ ਏਰੀਏ ਦੇ ਬੱਚੇ ਹਨ, ਪਿੰਡਾਂ ਵਿੱਚ ਬੱਚਾ 60 ਪ੍ਰਤੀਸ਼ਤ ਨੰਬਰ ਲੈ ਜਾਵੇ ਤਾਂ ਬਹੁਤ ਵੱਡੀ ਗੱਲ ਹੈ। ਸਾਡੇ ਵੇਲੇ ਜੇਕਰ ਬੱਚੇ ਦੇ 60 ਪ੍ਰਤੀਸ਼ਤ ਨੰਬਰ ਆਉਂਦੇ ਸਨ ਤਾਂ ਉਸ ਦਾ ਮਾਂ-ਬਾਪ ਫੁੱਲਿਆ ਨਹੀਂ ਸੀ ਸਮਾਉਂਦਾ ਪਰ ਅੱਜ 70 ਪ੍ਰਤੀਸ਼ਤ ਨੰਬਰ ਲੈਣ ਵਾਲੇ ਬੱਚਿਆਂ ਨੂੰ, 75 ਪ੍ਰਤੀਸ਼ਤ ਲੈਣ ਵਾਲੇ ਬੱਚਿਆਂ ਨੂੰ ਵੀ ਕਾਲਜ ਵਿੱਚ ਐਡਮਿਸ਼ਨ ਨਹੀਂ ਮਿਲਦੀ। ਉਹ ਪੜ੍ਹਨਾ ਚਾਹੁੰਦੇ ਹਨ। ਉਹ ਦਿਮਾਗੀ ਤੌਰ ਤੇ ਇਨ੍ਹਾਂ ਬੱਚਿਆਂ ਤੋਂ ਕਿਤੇ ਵਧੀਆ ਹਨ ਪਰ ਉਹ ਐਡਮਿਸ਼ਨ ਵੇਲੇ ਇਗਨੋਰ ਹੁੰਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਕਾਲਜਾਂ ਦੇ ਵਿੱਚ ਸੀਟਾਂ ਵਧਾ ਕੇ ਉਨ੍ਹਾਂ ਬੱਚਿਆਂ ਨੂੰ ਪੜ੍ਹਨ ਦਾ ਮੌਕਾ ਜ਼ਰੂਰ ਦਿੱਤਾ ਜਾਵੇ। ਇਹ ਵੀ ਮੇਰੀ ਇੱਕ ਮੰਗ ਹੈ।

ਤੀਸਰੀ ਗੱਲ ਮੈਂ ਕਰ ਅਤੇ ਆਬਕਾਰੀ ਮਹਿਕਮੇ ਬਾਰੇ ਕਰਨੀ ਚਾਹੁੰਦਾ ਹਾਂ। ਆਪਾਂ ਇੰਡਸਟਰੀ ਦੀ ਗੱਲ ਕਰਦੇ ਹਾਂ। ਅਸੀਂ ਕਹਿੰਦੇ ਹਾਂ ਕਿ ਇੰਡਸਟਰੀ ਨੂੰ ਪਰਮੋਟ ਕਰਨਾ ਹੈ, ਬਿਜ਼ਨਸ ਨੂੰ ਪਰਮੋਟ ਕਰਨਾ ਹੈ। ਐਡਵਾਂਸ ਟੈਕਸ ਦੀ ਗੱਲ ਕਰ ਦਿੱਤੀ। ਇੱਕ ਬੰਦੇ ਨੇ ਆਪਣੀ ਫੈਕਟਰੀ ਤੋਂ ਮਾਲ ਟਰੱਕ ਤੇ ਲੋਡ ਕਰ ਦਿੱਤਾ। ਟੈਕਸ ਜਮ੍ਹਾਂ ਕਰਵਾ ਦਿੱਤਾ। ਟਰੱਕ ਦਾ ਡਰਾਈਵਰ ਰਸਤੇ ਵਿੱਚ ਸੌਂ ਗਿਆ ਜਾਂ ਟਰੱਕ ਖਰਾਬ ਹੋ ਗਿਆ। ਦੋ ਘੰਟੇ ਉਸ ਨੇ ਬੈਰੀਅਰ ਕਰਾਸ ਨਹੀਂ ਕੀਤਾ। ਉਸ ਨੂੰ ਫਿਰ ਬਿਪਤਾ ਰਹਿੰਦੀ ਹੈ। ਸਰਕਾਰ ਲੋਕਾਂ ਨੂੰ

ਮੁਸ਼ਕਲਾਂ ਵਿੱਚ ਪਾਉਣ ਦੇ ਬਜਾਏ ਇਸ ਗੱਲ ਦਾ ਕੋਈ ਹੱਲ ਲੱਭੇ ਅਤੇ ਵੈਟ ਵਾਲੇ ਸਿਸਟਮ ਨੂੰ ਸੁਧਾਰੇ। ਇਹ ਵੀ ਮੇਰੀ ਇੱਕ ਡਿਮਾਂਡ ਹੈ। Thank you.

**ਮਾਨਯੋਗ ਸਪੀਕਰ :** ਨਾਗਰਾ ਜੀ, ਸਿਰਫ ਦੋ ਮਿੰਟ।

**ਸਰਦਾਰ ਕੁਲਜੀਤ ਸਿੰਘ ਨਾਗਰਾ (ਫਤਹਿਗੜ੍ਹ ਸਾਹਿਬ) :** ਸਪੀਕਰ ਸਾਹਿਬ, ਮੈਂ ਡਿਮਾਂਡ ਨੰ: 29 ਟਰਾਂਸਪੋਰਟ ਸਬੰਧੀ ਬੋਲਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਸੁਝਾਅ ਦੇਣਾ ਹੈ, ਬੋਲਣਾ ਨਹੀਂ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ (ਫਤਹਿਗੜ੍ਹ ਸਾਹਿਬ) :** ਸਪੀਕਰ ਸਾਹਿਬ, ਸੁਝਾਅ ਦੇਣਾ ਚਾਹੁੰਦਾ ਹਾਂ ਕਿ ਮੈਂ ਜਿਸ ਹਲਕੇ ਤੋਂ ਆਉਂਦਾ ਹਾਂ, ਉਹ ਬਹੁਤ ਪਵਿੱਤਰ ਧਰਤੀ ਹੈ। ਉਹ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਵਾਲੀ ਧਰਤੀ ਹੈ। ਇਸ ਦੇ ਨਾਲ ਹੀ ਉਹ ਡਿਸਟ੍ਰਿਕਟ ਹੈਡ ਕੁਆਰਟਰ ਵੀ ਹੈ। ਮੈਂ ਟਰਾਂਸਪੋਰਟ ਮੰਤਰੀ ਸਾਹਿਬ ਨੂੰ ਤੁਹਾਡੇ ਦੁਆਰਾ ਇਹ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਸਦਨ ਦੇ ਵਿੱਚ ਵੀ ਮੇਰੇ ਸਵਾਲ ਤੋਂ ਬਾਅਦ ਤੁਸੀਂ ਇਹ ਗੱਲ ਕਹੀ ਸੀ ਕਿ ਉਥੇ ਬੱਸ ਅੱਡਾ ਬਣਾ ਦਿੱਤਾ ਜਾਵੇਗਾ। ਡਿਸਟ੍ਰਿਕਟ ਹੈਡ ਕੁਆਰਟਰ ਹੈ, ਉਹ ਸ਼ਹੀਦਾਂ ਦੀ ਧਰਤੀ ਹੈ। ਉਥੇ ਰੋਜ਼ਾ ਸ਼ਰੀਫ ਹੈ ਜੋ ਕਿ ਮੁਸਲਮਾਨ ਭਾਈਚਾਰੇ ਦਾ ਬਹੁਤ ਵੱਡਾ ਅਸਥਾਨ ਹੈ। ਜੈਨ ਮੰਦਰ ਹੈ ਜਿਹੜਾ ਕਿ ਜੈਨ ਭਾਈਚਾਰੇ ਦਾ ਬਹੁਤ ਵੱਡਾ ਅਸਥਾਨ ਹੈ। ਬਹੁਤ ਹਿਸਟੌਰੀਕਲ ਮੋਨੂਮੈਂਟਸ ਉਥੇ ਹਨ। ਸਾਰੀ ਦੁਨੀਆਂ ਤੋਂ ਲੱਖਾਂ ਦੀ ਤਾਦਾਦ ਵਿੱਚ ਸ਼ਰਧਾਲੂ ਉਥੇ ਆਉਂਦੇ ਹਨ ਪਰ ਡਿਸਟ੍ਰਿਕਟ ਹੈਡ ਕੁਆਰਟਰ ਤੇ ਬੱਸ ਅੱਡਾ ਨਹੀਂ ਹੈ। ਤੁਸੀਂ ਕਿਹਾ ਸੀ ਕਿ ਜ਼ਮੀਨ ਦੇ ਦਿਓ, ਅਸੀਂ ਬੱਸ ਅੱਡਾ ਬਣਾ ਦੇਵਾਂਗੇ। ਕਮੇਟੀ ਵੱਲੋਂ ਚਾਰ ਕਿੱਲੇ ਜ਼ਮੀਨ ਵੀ ਦੇ ਦਿੱਤੀ ਗਈ ਹੈ ਪਰੰਤੂ ਬੱਸ ਅੱਡਾ ਅਜੇ ਤੱਕ ਸ਼ੁਰੂ ਨਹੀਂ ਹੋਇਆ। ਮੈਂ ਬੇਨਤੀ ਕਰਾਂਗਾ ਕਿ ਉਸ ਸ਼ਹੀਦਾਂ ਦੀ ਧਰਤੀ ਨੂੰ ਬੱਸ ਅੱਡਾ ਦਿੱਤਾ ਜਾਵੇ।

**ਮਾਨਯੋਗ ਸਪੀਕਰ :** ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੈਂ ਇਕ ਮਿੰਟ ਵਿਚ ਸਮਾਪਤ ਕਰ ਦਿੰਦਾ ਹਾਂ। ਮੈਂ ਡਿਮਾਂਡ ਨੰ:9 ਫੂਡ ਐਂਡ ਸਿਵਲ ਸਪਲਾਈ ਸਬੰਧੀ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਸਰਕਾਰ ਵੱਲੋਂ ਫੂਡ ਸਕਿਉਰਿਟੀ ਐਕਟ ਦੇ ਤਹਿਤ ਲੱਖਾਂ ਗਰੀਬ ਪਰਿਵਾਰਾਂ ਨੂੰ ਆਟਾ-ਦਾਲ ਦੇ ਕਾਰਡ ਦਿੱਤੇ ਗਏ ਹਨ ਪਰੰਤੂ ਪਤਾ ਨਹੀਂ ਕਿਸ ਕਾਰਨ ਉਸ ਉਤੇ ਇਕਦਮ 50% ਕੱਟ ਲਗਾ ਦਿੱਤਾ

[ ਸਰਦਾਰ ਕੁਲਜੀਤ ਸਿੰਘ ਨਾਗਰਾ ]

ਗਿਆ ਹੈ। ਸਪੀਕਰ ਸਾਹਿਬ, ਤੁਸੀਂ ਵੀ ਆਪਣੇ ਇਲਾਕੇ ਵਿਚ ਵੇਖਿਆ ਹੋਵੇਗਾ ਅਤੇ ਮੇਰੇ ਸਾਰੇ ਸਾਥੀ ਇਸ ਗੱਲ ਨੂੰ ਸਮਝਦੇ ਹਨ ਕਿ ਬਹੁਤ ਸਾਰੇ ਯੋਗ ਵਿਅਕਤੀ, ਗਰੀਬ ਵਿਅਕਤੀ ਜਿਨ੍ਹਾਂ ਦੇ ਕਾਰਡ ਬਣਨੇ ਰਹਿ ਗਏ ਹਨ, ਉਨ੍ਹਾਂ ਬਾਰੇ ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਜਿਹੜੇ ਯੋਗ ਵਿਅਕਤੀ ਹਨ ਉਨ੍ਹਾਂ ਦੇ ਦੁਬਾਰਾ ਤੋਂ ਕਾਰਡ ਬਣਾਏ ਜਾਣ ਅਤੇ ਜਿਹੜੇ ਅਯੋਗ ਵਿਅਕਤੀ ਹਨ, ਜਿਨ੍ਹਾਂ ਦੇ ਕਾਰਡ ਬਣੇ ਹੋਏ ਹਨ ਉਨ੍ਹਾਂ ਦੇ ਨਾਂ ਕੱਟੇ ਜਾਣ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ) :** ਸਪੀਕਰ ਸਾਹਿਬ, ਮੈਂ ਡਿਮਾਂਡ ਨੰਬਰ 15, ਇਰੀਗੇਸ਼ਨ ਐਂਡ ਪਾਵਰ ਦੇ ਸਬੰਧ ਵਿਚ ਕੁਝ ਕਹਿਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਖਜ਼ਾਨਾ ਮੰਤਰੀ ਜੀ ਨੇ ਬਹੁਤ ਵਧੀਆ ਬਜਟ ਪੇਸ਼ ਕੀਤਾ ਹੈ ਅਤੇ ਕਈ ਨਹਿਰਾਂ ਨੂੰ ਪੱਕੇ ਕਰਨ ਦੀ ਗੱਲ ਉਸ ਵਿਚ ਆਖੀ ਹੈ। ਇਸ ਦੇ ਨਾਲ ਹੀ ਕਈ ਨਹਿਰਾਂ ਜਿਵੇਂ ਕਿ ਰਾਜਸਥਾਨ ਫੀਡਰ, ਸਰਹਿੰਦ ਜਿਹੜੀ ਮੇਨ ਲਾਈਨ ਹੈ, ਦੀ ਰੀਲਾਈਨਿੰਗ ਕਰਨ ਬਾਰੇ ਵੀ ਉਨ੍ਹਾਂ ਨੇ ਪ੍ਰੋਵੀਜ਼ਨ ਰੱਖੀ ਹੈ। ਅਸੀਂ ਪਿਛਲੇ ਸਾਲ ਵੀ ਇਸ ਪਵਿੱਤਰ ਸਦਨ ਵਿਚ ਇਹ ਗੱਲ ਉਠਾਈ ਸੀ ਕਿ ਜਿਹੜੀਆਂ ਨਹਿਰਾਂ ਦੁਆਬੇ ਵਿਚ ਪੈਂਦੀਆਂ ਹਨ, ਵਿਸ਼ੇਸ਼ ਤੌਰ ਤੇ ਬਿਸਤ ਦੁਆਬ, ਜਿਹੜੀ ਕਿ ਦੁਆਬੇ ਦੇ ਚਾਰ ਜ਼ਿਲ੍ਹਿਆਂ ਜਲੰਧਰ, ਨਵਾਂ ਸ਼ਹਿਰ, ਕਪੂਰਥਲਾ ਤੇ ਹੁਸ਼ਿਆਰਪੁਰ ਨੂੰ ਫੀਡ ਕਰਦੀ ਹੈ, ਉਸ ਨੂੰ ਵੀ ਪੱਕਾ ਕਰਨਾ ਚਾਹੀਦਾ ਹੈ ਪਰੰਤੂ ਇਨ੍ਹਾਂ ਨੇ ਇਹ ਗੱਲ ਐਤਕੀਂ ਮਿਸ ਕਰ ਦਿੱਤੀ ਹੈ। ਇਰੀਗੇਸ਼ਨ ਮੰਤਰੀ, ਢਿੱਲੋਂ ਸਾਹਿਬ ਵੀ ਬੈਠੇ ਹਨ, ਬੜੇ ਸਿਆਣੇ ਹਨ, ਇਨ੍ਹਾਂ ਕੋਲ ਵੀ ਅੱਗੇ ਇਸ ਬਾਰੇ ਜ਼ਿਕਰ ਹੋਇਆ ਸੀ। ਸੋ, ਐਫ.ਐਮ. ਸਾਹਿਬ ਇਸ ਨੂੰ ਜ਼ਰੂਰ ਅਤੇ ਲਾਜ਼ਮੀ ਤੌਰ ਤੇ ਆਉਣ ਵਾਲੇ ਸਮੇਂ ਦੇ ਵਿਚ ਆਪਣੇ ਏਜੰਡੇ ਵਿਚ ਰੱਖਿਆ ਜਾਵੇ। ਬਿਸਤ ਦੁਆਬ ਤੇ ਹੋਰ ਜਿਹੜੀਆਂ ਦੁਆਬੇ ਦੀਆਂ ਨਹਿਰਾਂ ਅਤੇ ਸਾਡੇ ਏਰੀਏ ਦੇ ਸੂਏ ਜੋ ਕਿ ਸਾਰੇ ਹੀ ਕੱਚੇ ਹਨ ਜਦਕਿ ਬਾਕੀ ਪੰਜਾਬ ਦੇ ਕਈ ਸੂਏ ਚਾਰ ਚਾਰ ਵਾਰੀ ਪੱਕੇ ਕੀਤੇ ਜਾ ਚੁੱਕੇ ਹਨ ਪਰ ਸਾਡੇ ਏਰੀਏ ਦੇ ਸੂਏ ਵਿਚ ਕਦੇ ਵੀ ਕੋਈ ਇੱਟ ਨਹੀਂ ਲੱਗੀ।

ਦੂਜਾ ਮੁੱਦਾ ਪੇਂਡੂ ਵਿਕਾਸ ਮਹਿਕਮੇ ਨਾਲ ਸਬੰਧਤ ਹੈ। ਸਪੀਕਰ ਸਾਹਿਬ, ਸਰਕਾਰ ਪਿੰਡਾਂ ਨੂੰ ਲੱਖਾਂ-ਕਰੋੜਾਂ ਰੁਪਏ ਗਰਾਂਟ ਵਿੱਚ ਦਿੰਦੀ ਹੈ। ਆਪਾਂ ਨੂੰ ਅਜ਼ਾਦ ਹੋਇਆਂ ਨੂੰ 67 ਸਾਲ ਹੋ ਗਏ ਹਨ ਪਰ ਅੱਜ ਵੀ ਜਦੋਂ ਅਸੀਂ ਪਿੰਡਾਂ

ਵਿਚ ਜਾਂਦੇ ਹਾਂ ਤਾਂ ਜਾਂ ਗਲੀਆਂ-ਨਾਲੀਆਂ ਦੀ ਗੱਲ ਹੁੰਦੀ ਹੈ ਜਾਂ ਧਰਮਸ਼ਾਲਾ ਦੀ ਗੱਲ ਹੁੰਦੀ ਹੈ। ਸਰਕਾਰ ਨੂੰ ਹਰ ਪਿੰਡ ਦਾ ਮਾਸਟਰ ਪਲਾਨ ਬਣਾਉਣਾ ਚਾਹੀਦਾ ਹੈ, ਇਕ ਕੋਆਰਡੀਨੇਟਿਡ ਢੰਗ ਦੇ ਨਾਲ, ਪਲਾਨਿੰਗ ਦੇ ਨਾਲ ਉਨ੍ਹਾਂ ਪਿੰਡਾਂ ਦੇ ਵਿਚ ਪੈਸੇ ਲੱਗਣ। ਜਿਹੜੀ ਗਰਾਂਟ ਇਕ ਵਾਰੀ ਪਿੰਡਾਂ ਨੂੰ ਮਿਲ ਜਾਵੇ, ਦਸ-ਵੀਹ ਸਾਲ ਉਸ ਗਰਾਂਟ ਨੂੰ ਜਾਂ ਉਸ ਕੰਮ ਨੂੰ ਛੇੜਣ ਦੀ ਲੋੜ ਨਾ ਪਵੇ।

ਸਪੀਕਰ ਸਾਹਿਬ, ਤੀਜੀ ਗੱਲ ਮੈਂ ਇਨਵਾਇਰਨਮੈਂਟ ਦੇ ਸਬੰਧ ਵਿਚ ਕਹਿਣਾ ਚਾਹੁੰਦਾ ਹਾਂ। ਬੜੇ ਅਫਸੋਸ ਦੀ ਗੱਲ ਹੈ ਕਿ ਕਿਸੇ ਨੇ ਹਾਊਸ ਵਿਚ ਇਨਵਾਇਰਨਮੈਂਟ ਦੀ ਗੱਲ ਨਹੀਂ ਕੀਤੀ। ਜਦੋਂ ਅਸੀਂ ਪਿੰਡਾਂ ਵਿਚ ਜਾਂਦੇ ਹਾਂ ਤਾਂ ਦੇਖਦੇ ਹਾਂ ਕਿ ਛੱਪੜ ਕੂੜੇ-ਕਰਕਟ ਨਾਲ ਭਰੇ ਪਏ ਹੁੰਦੇ ਹਨ, ਉਥੇ ਬੇਸ਼ੁਮਾਰ ਪਲਾਸਟਿਕ ਦੇ ਲਿਫ਼ਾਫ਼ੇ ਪਏ ਹੁੰਦੇ ਹਨ। ਪਾਣੀ ਗੰਦਾ ਹੋਣ ਕਾਰਨ ਬਦਬੂ ਆਉਂਦੀ ਹੈ। ਇਸ ਵੇਲੇ ਪੰਜਾਬ ਦੇ ਪਿੰਡਾਂ ਦੀ  ਆਬੋ-ਹਵਾ ਬਹੁਤ ਖਰਾਬ ਹੋ ਗਈ ਹੈ ਜਿਸ ਕਾਰਨ ਪਿੰਡਾਂ ਦੇ ਲੋਕ ਸ਼ਹਿਰਾਂ ਵਿਚ ਆ ਰਹੇ ਹਨ। ਇਸ ਕਾਰਨ ਕਰਕੇ ਮੈਂ ਛੱਪੜਾਂ ਦੀ ਗੱਲ ਆਖੀ ਹੈ ਲੇਕਿਨ ਇਕ ਹੋਰ ਜ਼ਰੂਰੀ ਗੱਲ ਇਹ ਹੈ ਕਿ ਪਿੰਡਾਂ ਦੇ ਆਲੇ-ਦੁਆਲੇ ਫਿਰਨੀਆਂ ਵਿੱਚ ਅਤੇ ਪਿੰਡਾਂ ਵਿਚ ਜਿਹੜੀ ਬੂਟੀ ਹੈ, ਚਾਹੇ ਕਾਂਗਰਸ ਗਰਾਸ ਕਹਿ ਲਵੋ, ਭੰਗ ਕਹਿ ਲਵੋ, ਵੀਡਜ਼ ਕਹਿ ਲਵੋ। ਇਨ੍ਹਾਂ ਨੂੰ ਵੱਢਣ ਲਈ, ਇਨ੍ਹਾਂ ਨੂੰ ਸਾਫ਼ ਕਰਨ ਲਈ, ਇਨ੍ਹਾਂ ਦੇ ਖ਼ਾਤਮੇ ਲਈ ਪੇਂਡੂ ਵਿਕਾਸ ਮਹਿਕਮਾ ਹੈ ਉਹ ਅੱਗੇ ਇਸ ਦੀ ਸਫ਼ਾਈ ਵਾਸਤੇ ਚਾਹੇ ਪੰਚਾਇਤਾਂ ਨੂੰ ਕਹੇ ਜਾਂ ਫਿਰ ਇਨਵਾਇਰਨਮੈਂਟ ਮਹਿਕਮੇ ਨੂੰ ਕਹੇ। ਇਸ ਵੱਲ ਧਿਆਨ ਦੇ ਕੇ ਪਿੰਡਾਂ ਵਿਚੋਂ ਇਸ ਬੂਟੀ ਦੀ ਸਫ਼ਾਈ ਕਰਵਾਉਣੀ ਚਾਹੀਦੀ ਹੈ, ਉਹ ਵੱਢਣੀ ਚਾਹੀਦੀ ਹੈ। ਇਸ ਵਿਚ ਸੱਪ ਪੈਦਾ ਹੁੰਦੇ ਹਨ ਜਿਨ੍ਹਾਂ ਕਾਰਨ ਕਈ ਵਿਚਾਰੇ ਗਰੀਬ ਲੋਕ ਜਿਹੜੇ ਰਾਤ ਨੂੰ ਬਾਹਰ ਸੁੱਤੇ ਹੁੰਦੇ ਹਨ ਉਹ ਇਨ੍ਹਾਂ ਦੇ ਸ਼ਿਕਾਰ ਹੋ ਜਾਂਦੇ ਹਨ। ਸੱਪ ਲੜਨ ਨਾਲ ਮੌਤਾਂ ਵੀ ਹੋ ਜਾਂਦੀਆਂ ਹਨ। ਇਸ ਵੱਲ ਵੀ ਆਪਣੇ ਇਨਵਾਇਰਲਮੈਂਟਲ ਮੰਤਰਾਲੇ ਨੂੰ ਧਿਆਨ ਦੇਣਾ ਚਾਹੀਦਾ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ ।

**ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ) :** ਮਾਨਯੋਗ ਸਪੀਕਰ ਸਾਹਿਬ, ਮੈਂ ਤਿੰਨ ਡਿਮਾਂਡਜ਼ ਦੇ ਉਤੇ ਬੋਲਾਂਗਾ। ਸਭ ਤੋਂ ਪਹਿਲਾਂ ਮੈਂ ਡਿਮਾਂਡ ਨੰ: 3 ਕੋਆਪਰੇਸ਼ਨ ਦੇ ਉਤੇ ਬੋਲਣਾ ਚਾਹੁੰਦਾ ਹਾਂ ਕਿ ਜਿਹੜੀ ਕੋਆਪਰੇਟਿਵ ਮੂਵਮੈਂਟ ਹੈ ਇਸ ਨਾਲ ਅਰਥ ਵਿਵਸਥਾ ਨੂੰ ਕਾਫੀ ਵੱਡਮੁੱਲਾ ਯੋਗਦਾਨ ਮਿਲ ਸਕਦਾ ਹੈ, ਪ੍ਰਦੇਸ਼ ਦੀ ਅਰਥ ਵਿਵਸਥਾ ਵਿਚ ਇਜ਼ਾਫ਼ਾ ਹੋ ਸਕਦਾ ਹੈ ਲੇਕਿਨ ਕੋਆਪਰੇਟਿਵ ਸੁਸਾਇਟੀਜ਼ ਹੁਣ ਸਿਰਫ ਪੇਪਰ ਵਰਕ ਬਣ ਕੇ ਰਹਿ ਗਈਆਂ ਹਨ। ਕੰਮ ਸਿਰਫ਼ ਉਦੋਂ ਹੁੰਦਾ ਹੈ ਜਦੋਂ ਕੋਈ ਸਰਕਾਰੀ ਬੈਨੀਫਿਟ ਲੈਣਾ ਹੈ ਜਾਂ

[ ਸ਼੍ਰੀ ਮਨੋਰੰਜਨ ਕਾਲੀਆ ]

ਫਿਰ ਠੇਕੇਦਾਰ ਆਪਣੀ ਕੋਈ ਕੋਆਪਰੇਟਿਵ ਸੁਸਾਇਟੀ ਬਣਾਉਂਦਾ ਹੈ। ਜਦਕਿ ਕੋਆਪਰੇਟਿਵ ਮੂਵਮੈਂਟ ਦਾ ਮਨੋਰਥ ਇਹ ਸੀ ਕਿ ਜਿਹੜੇ ਛੋਟੇ ਛੋਟੇ ਸੋਰਸਿਜ਼ ਆਫ਼ ਰੈਵੇਨਿਊਜ਼ ਹਨ, ਜਿਵੇਂ ਬੂੰਦ ਬੂੰਦ ਨਾਲ ਘੜਾ ਭਰ ਜਾਂਦਾ ਹੈ, ਇਕ ਪਰਿਵਾਰ ਰਲ ਕੇ ਕਮਾਈ ਕਰਕੇ ਪੈਸਾ ਇਕੱਠਾ ਕਰਦਾ ਹੈ, ਉਹ ਸਹੀ ਮਾਅਨਿਆਂ ਵਿਚ ਕੋਆਪਰੇਟਿਵ ਮੂਵਮੈਂਟ ਹੈ। ਅੱਜ ਤੁਸੀਂ ਦੇਖੋ ਕਿ ਗੁਜਰਾਤ ਵਿੱਚ 'ਅਮੂਲ' ਇੰਟਰਨੈਸ਼ਨਲੀ ਰਿਕੋਗਨਾਈਜ਼ ਹੋ ਗਈ ਹੈ ਕਿਉਂਕਿ ਉਹ ਸਹੀ ਅਰਥਾਂ ਵਿੱਚ ਕੋਆਪਰੇਟਿਵ ਮੂਵਮੈਂਟ ਬਣੀ ਹੈ। ਮਾਨਯੋਗ ਸਪੀਕਰ ਸਾਹਿਬ, ਇੱਥੇ ਜ਼ਰੂਰਤ ਹੈ ਕਿ ਜੇਕਰ ਕੋਈ ਸੁਸਾਇਟੀ ਬਣਾਉਣੀ ਹੈ ਤਾਂ ਉਹ ਸਿਰਫ਼ ਆਪਣੇ ਪਰਿਵਾਰਾਂ ਵਿੱਚ ਹੀ ਨਾ ਬਣੇ, ਇੱਕ ਪਰਿਵਾਰ ਵਿਚੋਂ ਸਿਰਫ਼ ਇੱਕ ਮੈਂਬਰ ਲਿਆ ਜਾਵੇ। ਦੂਜਾ, ਇਸ ਦੀ ਸਹੀ ਢੰਗ ਨਾਲ ਮੋਨੀਟ੍ਰਿੰਗ ਹੋਵੇ, ਇਸ ਨੂੰ ਸਹੀ ਢੰਗ ਨਾਲ ਚਲਾਇਆ ਜਾਵੇ। ਇੱਥੇ ਮੋਨੀਟ੍ਰਿੰਗ ਨਹੀਂ ਹੁੰਦੀ ਜਿਸ ਕਾਰਨ ਇਹ ਸਿਰਫ਼ ਪੇਪਰ ਵਰਕ ਬਣ ਕੇ ਰਹਿ ਗਿਆ ਹੈ।

ਡਿਮਾਂਡ ਨੰ: 5 ਐਜੂਕੇਸ਼ਨ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨਫ੍ਰਾਸਟ੍ਰਕਚਰ ਕ੍ਰੀਏਟ ਕਰਨ ਦੀ ਬਜਾਏ ਮੇਨਟੀਨੈਂਸ ਵੱਲ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਸਕੂਲ ਹੀ ਨਹੀਂ, ਅਦਰਵਾਈਜ਼ ਵੀ ਮੈਂ ਕਹਾਂਗਾ ਕਿ ਜਿਹੜਾ ਐਗਜ਼ਿਸਟਿੰਗ ਇਨਫ੍ਰਾਸਟ੍ਰਕਚਰ ਹੈ, ਉਸ ਨੂੰ ਪਹਿਲਾਂ ਮੇਨਟੇਨ ਕੀਤਾ ਜਾਵੇ। ਪੁਰਾਣੇ ਬਣੇ ਹੋਏ ਸਕੂਲਾਂ ਦੀਆਂ ਛੱਤਾਂ ਲੀਕ ਕਰ ਰਹੀਆਂ ਹਨ, ਕਿਤੇ ਪਰਾਪਰ ਫਰਨੀਚਰ ਨਹੀਂ ਹੈ ਪਰ ਅਸੀਂ ਨਵੇਂ ਸਕੂਲਾਂ ਵੱਲ ਧਿਆਨ ਦੇ ਰਹੇ ਹਾਂ। ਠੀਕ ਹੈ, ਨਵੇਂ ਵੀ ਬਣਨੇ ਚਾਹੀਦੇ ਹਨ ਲੇਕਿਨ ਜਿਸ ਤਰ੍ਹਾਂ ਵਿਅਕਤੀ ਦੇ ਸੋਰਸ ਲਿਮਟਿਡ ਹੁੰਦੇ ਹਨ ਉਸ ਪ੍ਰਕਾਰ ਸਰਕਾਰ ਦੇ ਮੀਨਜ਼ ਵੀ ਲਿਮਟਿਡ ਹਨ। ਇਨ੍ਹਾਂ ਦਾ ਆਪਟੀਮਮ ਯੂਜ਼ ਹੋਵੇ, ਇਸ ਲਈ ਜ਼ਰੂਰੀ ਹੈ ਕਿ ਜਿਹੜੇ ਆਲਰੇਡੀ ਐਗਜ਼ਿਸਟਿੰਗ ਇਨਫ੍ਰਾਸਟ੍ਰਕਚਰ ਹਨ ਉਨ੍ਹਾਂ ਦੀ ਮੇਨਟੀਨੈਂਸ ਵੱਲ ਤਵੱਜੋਂ ਦੇਣ ਦੀ ਲੋੜ ਹੈ।

**Mr. Speaker :** Thank you.

**ਸ਼੍ਰੀ ਮਨੋਰੰਜਨ ਕਾਲੀਆ :** ਅੱਗੇ ਡਿਮਾਂਡ ਨੰ: 15 ਇਰੀਗੇਸ਼ਨ ਅਤੇ ਪਾਵਰ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਰ ਸਾਲ ਇਰੀਗੇਸ਼ਨ ਬੰਧ ਬਣਾਉਣ ਲਈ ਅਤੇ ਹੜ੍ਹਾਂ ਤੋਂ ਬਚਾਅ ਲਈ ਬੜਾ ਪੈਸਾ ਰੱਖਿਆ ਜਾਂਦਾ ਹੈ। ਫੇਰ ਕਿਹਾ ਜਾਂਦਾ ਹੈ ਕਿ ਹੜ੍ਹ ਆਇਆ ਤੇ ਬੰਧ ਰੁੜ ਗਿਆ ਪਰ ਇਹ ਪਤਾ ਨਹੀਂ ਹੁੰਦਾ

ਕਿ ਕੰਮ ਹੋਇਆ ਸੀ ਕਿ ਨਹੀਂ। ਹਾਲਾਤ ਇਹ ਹਨ ਕਿ ਬਹੁਤ ਵੱਡਾ ਗਬਨ ਹੋਇਆ ਹੁੰਦਾ ਹੈ। ਇਸ ਤੋਂ ਇਲਾਵਾ ਕੰਟਰੈਕਟ ਦੀਆਂ ਟਰਮਜ਼ ਐਂਡ ਕੰਡੀਸ਼ਨਜ਼ ਇਸ ਤਰ੍ਹਾਂ ਦੀਆਂ ਬਣਾਈਆਂ ਜਾਂਦੀਆਂ ਹਨ ਕਿ 1-2 ਵੱਡੇ ਠੇਕੇਦਾਰ ਹੀ ਪਾਰਟੀਸੀਪੇਟ ਕਰਦੇ ਹਨ, ਛੋਟੇ ਠੇਕੇਦਾਰ ਇਸ ਵਿਚੋਂ ਬਿਲਕੁਲ ਹੀ ਕੱਢੇ ਜਾ ਰਹੇ ਹਨ ਜਿਸ ਨਾਲ ਮੋਟੇ ਘਪਲੇ ਹੋਣ ਦਾ ਵੱਡਾ ਅੰਦੇਸ਼ਾ ਹਰ ਵੇਲੇ ਹੈ। ਇਸ ਦੇ ਨਾਲ ਹੀ ਇਸ ਸਬੰਧੀ ਕੋਈ ਚੈੱਕ ਨਹੀਂ ਹੈ ਕਿ ਬੰਧ ਬਣਿਆ ਸੀ ਕਿ ਨਹੀਂ, ਸਿਰਫ਼ ਕਹਿ ਦਿੱਤਾ ਕਿ ਹੜ੍ਹ ਆਇਆ ਸੀ ਤੇ ਸਾਰਾ ਕੁਝ ਰੁੜ ਗਿਆ। ਜਦ ਪਤਾ ਹੈ ਕਿ ਹਰ ਸਾਲ ਹੜ੍ਹ ਆਉਂਦਾ ਹੈ ਅਤੇ ਇੱਥੇ ਪੱਕੇ ਤੌਰ ਤੇ ਬੰਧ ਬਣਾਉਣ ਦੀ ਜ਼ਰੂਰਤ ਹੈ ਫੇਰ ਕਿਉਂ ਨਹੀਂ ਇਸ ਵਾਸਤੇ ਪੱਕੇ ਉਪਰਾਲੇ ਕੀਤੇ ਜਾਣ ਅਤੇ ਬੰਧ ਸਥਿਤੀ ਨੂੰ ਦੇਖਦੇ ਹੋਏ ਬਣਾਇਆ ਜਾਵੇ। ਫੇਰ ਜਿਹੜਾ ਬੰਧ ਬਣਾਇਆ ਜਾ ਰਿਹਾ ਹੈ ਇਸ ਦੀ ਪਰਾਪਰ ਮੋਨੀਟ੍ਰਿੰਗ ਹੋਵੇ ਕਿ ਪੈਸਾ ਢੰਗ ਨਾਲ ਲੱਗ ਰਿਹਾ ਹੈ ਕਿ ਨਹੀਂ। ਇਸ ਦੀ ਵੀਡੀਓਗ੍ਰਾਫੀ ਪਰਾਪਰ ਢੰਗ ਨਾਲ ਹੋਵੇ ਕਿਉਂਕਿ ਅੱਜ ਕਲ੍ਹ ਟੈਕਨਾਲੋਜੀ ਐਡਵਾਂਸ ਢੰਗ ਦੀ ਹੈ। ਪਿਛਲੇ ਦਿਨੀਂ ਇੱਕ ਕਮੇਟੀ ਵਿੱਚ ਮੈਂ ਅਤੇ ਮੇਰੇ ਨਾਲ ਜੱਜ ਸਾਹਿਬ ਸਨ, ਉਸ ਦੀ ਕਾਰਵਾਈ ਬਾਰੇ ਗੱਲ ਆਈ ਸੀ...

**Mr. Speaker :** Kalia ji, thank you.

**ਸ਼੍ਰੀ ਮਨੋਰੰਜਨ ਕਾਲੀਆ :** ਉਨ੍ਹਾਂ ਨੇ ਅੱਗੋਂ ਫੋਟੋਗ੍ਰਾਫਸ ਪੇਸ਼ ਕਰ ਦਿੱਤੀਆਂ, ਮੈਂ ਕਿਹਾ ਇਸ ਦੀ ਜੇਕਰ ਵੀਡੀਓਗ੍ਰਾਫੀ ਹੋਈ ਹੁੰਦੀ ਤਾਂ ਸਾਨੂੰ ਪਤਾ ਲੱਗਦਾ ਕਿ ਇੰਨੇ ਸਮੇਂ ਦੇ ਵਕਫ਼ੇ ਤੇ ਇੰਨੀਆਂ ਚੀਜ਼ਾਂ ਬਣੀਆਂ ਹਨ ਜਾਂ ਬੰਧ ਦੀ ਇੰਨੀ ਕੰਸਟ੍ਰਕਸ਼ਨ ਹੋਈ ਹੈ। ਸੋ, ਵੀਡੀਓਗ੍ਰਾਫੀ ਹੋਣੀ ਚਾਹੀਦੀ ਹੈ ਅਤੇ ਇਸ ਗੱਲ ਦਾ ਪ੍ਰਬੰਧ ਇਸ ਵਿੱਚ ਕਰਨਾ ਚਾਹੀਦਾ ਹੈ। ਸੋ, ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਬਹੁਤ ਬਹੁਤ ਧੰਨਵਾਦ।

**ਸਰਦਾਰ ਜਗਮੋਹਨ ਸਿੰਘ ਕੰਗ (ਖਰੜ) :** ਸਪੀਕਰ ਸਾਹਿਬ, ਮੈਂ ਡਿਮਾਂਡ ਨੰ: 17 ਬਾਰੇ ਬੇਨਤੀ ਕਰਨੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਜਿਹੜਾ ਸੀਵਰੇਜ ਬੋਰਡ ਹੈ ਇਹ ਲੋਕਲ ਗੌਰਮਿੰਟ ਦੇ ਅੰਡਰ ਆਉਂਦਾ ਹੈ ਪਰ ਮੈਂ ਸਮਝਦਾ ਹਾਂ ਕਿ ਜਿਹੜਾ ਇਸ ਵੱਲੋਂ ਕੰਮ ਕਰਵਾਇਆ ਜਾਂਦਾ ਹੈ, ਉਸ ਲਈ ਪੈਸਾ ਹੁਡਕੋ ਤੋਂ ਲੋਨ ਲੈ ਕੇ ਲਗਾਇਆ ਜਾ ਰਿਹਾ ਹੈ ਅਤੇ ਉਹ ਸਾਰਾ ਪੈਸਾ ਖੂਹ ਵਿੱਚ ਜਾ ਰਿਹਾ ਹੈ। ਖਾਸ ਤੌਰ ਤੇ ਮੇਰੇ ਵਿਧਾਨ ਸਭਾ ਹਲਕਾ ਖਰੜ ਦੇ ਸ਼ਹਿਰ ਕੁਰਾਲੀ ਅਤੇ ਖਰੜ ਵਿੱਚ ਕਿੰਨੇ ਸਾਲਾਂ ਤੋਂ ਕੰਮ ਚੱਲ ਰਿਹਾ ਹੈ, ਜਿਹੜਾ ਕਿ

[ ਸਰਦਾਰ ਜਗਮੋਹਨ ਸਿੰਘ ਕੰਗ ]

ਪੂਰਾ ਨਹੀਂ ਹੋ ਰਿਹਾ। ਕੋਈ ਵਰਕਮੈਨਸ਼ਿਪ ਨਹੀਂ ਹੈ ਅਤੇ ਨਾ ਹੀ ਕੰਮ ਦੀ ਕੋਈ ਕੁਆਲਿਟੀ ਹੈ। ਬਹੁਤ ਬੁਰਾ ਹਾਲ ਹੈ। ਮੈਂ ਚਾਹੁੰਦਾ ਹਾਂ ਕਿ ਸਰਕਾਰ ਇਸ ਪਾਸੇ ਧਿਆਨ ਦੇਵੇ ਅਤੇ ਇਸ ਵਾਸਤੇ ਉਪਰਾਲੇ ਕੀਤੇ ਜਾਣ ਤਾਂ ਕਿ ਇਹ ਠੀਕ ਹੋ ਸਕੇ।

**Mr. Speaker :** Thank you.

**ਸਰਦਾਰ ਜਗਮੋਹਨ ਸਿੰਘ ਕੰਗ :** ਮੇਰੀ ਦੂਜੀ ਬੇਨਤੀ ਇਹ ਹੈ ਕਿ ਗਮਾਡਾ ਅਤੇ ਪੁੱਡਾ ਦੇ ਮਹਿਕਮੇ ਅਰਬਨ ਡਿਵੈਲਪਮੈਂਟ ਥੱਲੇ ਆਉਂਦੇ ਹਨ। ਇਹ ਮਹਿਕਮਾ ਡਿਪਟੀ ਸੀ.ਐਮ. ਸਾਹਿਬ ਕੋਲ ਹੈ। ਦੋਵੇਂ ਮਹਿਕਮੇ ਈ.ਡੀ.ਸੀ. ਇਕੱਠਾ ਕਰਦੇ ਹਨ। ਪੰਜਾਬ ਦਾ ਈ.ਡੀ.ਸੀ. ਦਾ ਅਰਬਾਂ ਰੁਪਿਆ ਇਕੱਠਾ ਕਰਕੇ ਇਨ੍ਹਾਂ ਨੇ ਸਬੰਧਤ ਮਿਉਂਸਪਲ ਕਮੇਟੀਆਂ ਨੂੰ ਨਹੀਂ ਦਿੱਤਾ, ਸੰਗਤ ਦਰਸ਼ਨ ਵਿੱਚ ਵੰਡਿਆ ਗਿਆ। ਤਕਰੀਬਨ ਇੱਕ ਅਰਬ ਰੁਪਿਆ ਸਿਰਫ਼ ਖਰੜ ਦੀਆਂ 45 ਕਲੋਨੀਆਂ ਦਾ ਹੈ। ਐਫ.ਐਮ. ਸਾਹਿਬ ਬੈਠੇ ਹਨ। ਮੈਂ ਪਿੱਛੇ ਜਿਹੇ ਸੀ.ਐਮ. ਸਾਹਿਬ ਨੂੰ ਚਿੱਠੀ ਵੀ ਲਿਖੀ ਸੀ ਅਤੇ ਇਸ ਦੀਆਂ ਕਾਪੀਆਂ ਸਬੰਧਤ ਮਨਿਸਟਰ ਸਾਹਿਬਾਨ ਨੂੰ ਭੇਜੀਆਂ ਸਨ ਕਿ ਹੁਣ ਤੱਕ ਜਿਹੜਾ ਈ.ਡੀ.ਸੀ. ਇਕੱਠਾ ਕੀਤਾ ਹੈ ਉਹ ਤੁਰੰਤ ਸਾਰੀਆਂ ਸਬੰਧਤ ਮਿਉਂਸਪਲ ਕਮੇਟੀਆਂ ਨੂੰ ਦਿਓ।

**ਮਾਨਯੋਗ ਸਪੀਕਰ :** ਕੋਈ ਸੁਜੈਸ਼ਨ ਹੈ ਤਾਂ ਦਿਓ।

**ਸਰਦਾਰ ਜਗਮੋਹਨ ਸਿੰਘ ਕੰਗ :** ਪੈਸੇ ਤੋਂ ਬਿਨਾਂ ਕੋਈ ਡਿਵੈਲਪਮੈਂਟ ਨਹੀਂ ਹੋ ਰਹੀ। ਸੋ, ਮੇਰੀ ਬੇਨਤੀ ਹੈ ਕਿ ਇਹ ਸਾਰਾ ਪੈਸਾ ਯੂਨੀਫਾਰਮਿਟੀ ਨਾਲ ਵੰਡ ਦਿੱਤਾ ਜਾਵੇ। ਸੋ, ਇਸ ਤੋਂ ਅੱਗੇ ਮੈਂ ਮੰਗ ਨੰ: 28 ਬਾਰੇ ਕਹਿਣਾ ਚਾਹੁੰਦਾ ਹਾਂ ਜੋ ਕਿ ਟੂਰਿਜ਼ਮ ਅਤੇ ਕਲਚਰ ਬਾਰੇ ਹੈ। ਸਪੀਕਰ ਸਾਹਿਬ, ਸਾਡੇ ਪੁਲੀਟੀਕਲ ਬੰਦਿਆਂ ਵਿੱਚ ਸਮਝਿਆ ਜਾਂਦਾ ਹੈ ਕਿ ਟੂਰਿਜ਼ਮ ਮਹਿਕਮਾ, ਸਪੋਰਟਸ ਮਹਿਕਮਾ ਜਾਂ ਪਸ਼ੂ ਪਾਲਣ ਮਹਿਕਮਾ ਮਿਲ ਗਿਆ ਤਾਂ ਕੁਝ ਖਾਸ ਨਹੀਂ ਹੈ। ਦਾਸ ਪਸ਼ੂ ਪਾਲਣ ਮਨਿਸਟਰ ਵੀ ਰਿਹਾ ਹੈ, ਟੂਰਿਜ਼ਮ ਮਨਿਸਟਰ ਵੀ ਰਿਹਾ ਹੈ।(ਹਾਸਾ) ਬਤੌਰ ਟੂਰਿਜ਼ਮ ਮਨਿਸਟਰ ਮੈਂ ਪੈਲੇਸ ਆਨ ਵਹੀਲਜ਼ ਨਾਂ ਦੀ ਟ੍ਰੇਨ ਰਾਜਸਥਾਨ ਪੈਟਰਨ ਤੇ ਸ਼ੁਰੂ ਕਰਵਾਉਣ ਦਾ ਉਪਰਾਲਾ ਕੀਤਾ ਸੀ ਪਰ ਅੱਜ ਉਸ ਦਾ ਕੋਈ ਪਤਾ ਨਹੀਂ। ਉਸ ਦਾ ਐਮ.ਓ.ਯੂ ਵੀ ਸਾਈਨ ਹੋ ਗਿਆ ਸੀ। ਮੈਂ ਬੜੇ ਪ੍ਰੋਜੈਕਟ ਟੂਰਿਜ਼ਮ ਸਬੰਧੀ ਲੈ ਕੇ ਆਇਆ ਸੀ। ਅੱਜ ਉਹ

ਪ੍ਰੋਜੈਕਟ ਅਧੂਰੇ ਤੁਰੇ ਫਿਰਦੇ ਹਨ। ਇੰਝ ਹੀ ਐਫ.ਐਮ. ਸਾਹਿਬ ਨੇ ਤਕਰੀਬਨ 70 ਕਰੋੜ ਰੁਪਿਆ ਕਲਾ, ਸਭਿਆਚਾਰਕ ਅਤੇ ਯਾਦਗਾਰੀ ਸਮਾਰਕਾਂ ਵਾਸਤੇ ਰੱਖਿਆ ਹੈ। ਸਪੀਕਰ ਸਾਹਿਬ, ਅੱਗੇ ਦੌੜ ਤੇ ਪਿੱਛੇ ਛੋੜ ਵਾਲੀ ਗੱਲ ਹੈ। ਕੈਪਟਨ ਅਮਰਿੰਦਰ ਸਿੰਘ ਜੀ ਨੇ ਆਪਣੇ ਸਮੇਂ ਵਿੱਚ ਉਪਰਾਲੇ ਕਰਕੇ ਸ਼ਰਧਾ ਸਹਿਤ ਚਮਕੌਰ ਸਾਹਿਬ ਵਿੱਚ....

**ਮਾਨਯੋਗ ਸਪੀਕਰ :** ਬੈਠੋ ਜੀ, ਪਲੀਜ਼।

**ਸਰਦਾਰ ਜਗਮੋਹਨ ਸਿੰਘ ਕੰਗ :** ਸਿਰਫ ਇੱਕ ਮਿੰਟ ਲੈਣਾ ਹੈ ਜੀ। ਚਮਕੌਰ ਸਾਹਿਬ ਵਿੱਚ ਅਤੇ ਪਿੰਡ ਸਹੇੜੀ ਵਿੱਚ ਦਾਸ ਨੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਸਮਾਰਕ ਸ਼ੁਰੂ ਕਰਵਾਇਆ ਸੀ। ਅੱਜ ਉਥੇ ਡੰਗਰ ਚਰ ਰਹੇ ਹਨ। ਉਥੇ ਤਕਰੀਬਨ 8-10 ਕਰੋੜ ਰੁਪਿਆ ਪਹਿਲਾਂ ਹੀ ਸਰਕਾਰ ਵੱਲੋਂ ਲਗਾਇਆ ਜਾ ਚੁੱਕਾ ਹੈ। ਉਥੇ ਕੋਈ ਕਾਰਵਾਈ ਨਹੀਂ ਹੋ ਰਹੀ। ਸਰਕਾਰ ਨੂੰ ਚਿੱਠੀਆਂ ਲਿਖ ਲਿਖ ਕੇ ਮੇਰੀ ਰੱਦੀ ਦਾ ਵਜ਼ਨ 250 ਗ੍ਰਾਮ ਹੋ ਚੁੱਕਿਆ ਹੈ। ਸਰਕਾਰ ਤੇ ਇਨ੍ਹਾਂ ਢਾਈ ਸਾਲਾਂ ਵਿੱਚ ਕੋਈ ਅਸਰ ਨਹੀਂ ਹੋਇਆ। ਮੈਂ ਬੇਨਤੀ ਕਰਦਾ ਹਾਂ ਕਿ ਮਿਹਰਬਾਨੀ ਕਰਕੇ ਇਸ ਨੂੰ ਪੂਰਾ ਕਰਵਾਇਆ ਜਾਵੇ। ਸਾਡੀ ਕੌਮ ਤੇ ਧਰਮ ਪਿਛੇ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਬੜੀ ਵੱਡੀ ਸ਼ਹਾਦਤ ਹੈ, ਆਪਾਂ ਪੰਥਕ ਪਾਰਟੀ ਵੀ ਕਹਿਲਾਉਂਦੇ ਹਾਂ ਪਰ ਤੁਸੀਂ ਇਨ੍ਹਾਂ ਕੰਮਾਂ ਨੂੰ ਭੁੱਲੀ ਬੈਠੇ ਹੋ। ਚਮਕੌਰ ਸਾਹਿਬ ਅਤੇ ਸਹੇੜੀ ਦੇ ਜੋ ਸਮਾਰਕ ਪ੍ਰੋਜੈਕਟ ਸ਼ੁਰੂ ਕੀਤੇ ਸੀ, ਮਿਹਰਬਾਨੀ ਕਰਕੇ ਇਹ ਜ਼ਰੂਰ ਪੂਰੇ ਕਰਵਾਏ ਜਾਣ। ਮੇਰੀ ਇਹ ਹੀ ਬੇਨਤੀ ਹੈ ਜੀ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ./ਬੀ.ਸੀ. ਦੀ ਭਲਾਈ (ਸ਼੍ਰੀ ਪਵਨ ਕੁਮਾਰ ਟੀਨੂੰ) :** ਸਪੀਕਰ ਸਾਹਿਬ, ਮੈਂ ਡਿਮਾਂਡ ਨੰ: 5 ਤੇ ਕੁਝ ਕਹਿਣਾ ਚਾਹੁੰਦਾ ਹਾਂ। ਐਜੂਕੇਸ਼ਨ ਅਤੇ ਸਕੂਲਾਂ ਦੀ ਇਥੇ ਗੱਲ ਹੋਈ ਹੈ। ਬਹੁਤ ਦੇਰ ਤੋਂ ਪੰਜਾਬ ਦੇ ਸਕੂਲ ਅਪਗ੍ਰੇਡ ਨਹੀਂ ਕੀਤੇ ਗਏ ਅਤੇ ਬਹੁਤ ਸਾਰੇ ਅਜਿਹੇ ਪਿੰਡ ਹਨ ਜਿਨ੍ਹਾਂ ਦੀ ਪਾਪੂਲੇਸ਼ਨ ਬਹੁਤ ਜ਼ਿਆਦਾ ਹੈ। ਡਿਸਟੈਂਸ ਵਾਲੀ ਸ਼ਰਤ ਵੀ ਉਥੇ ਪੂਰੀ ਨਹੀਂ ਹੁੰਦੀ। ਕਿਰਪਾ ਕਰਕੇ ਸਕੂਲਾਂ ਨੂੰ ਅਪਗ੍ਰੇਡ ਕੀਤਾ ਜਾਵੇ ਅਤੇ ਇਸ ਵਾਸਤੇ ਵੱਖਰਾ ਪੈਸਾ ਸਰਕਾਰ ਰੱਖੇ ਤਾਂ ਕਿ ਬੱਚਿਆਂ ਨੂੰ ਦੂਰ ਨਾ ਜਾਣਾ ਪਵੇ । ਕਈ ਵਾਰ ਪਿੰਡਾਂ ਵਿੱਚ ਲੜਕੀਆਂ ਨੂੰ ਮਾਪੇ ਇਸ ਕਰਕੇ ਸਕੂਲਾਂ ਤੋਂ ਹਟਾ ਲੈਂਦੇ ਹਨ ਕਿ ਉਨ੍ਹਾਂ ਨੂੰ ਅਸੀਂ ਦੂਰ ਨਹੀਂ ਭੇਜਣਾ। ਘਰ ਹੀ ਬਿਠਾ ਲਵਾਂਗੇ।

ਸਪੀਕਰ ਸਾਹਿਬ, ਮੇਰਾ ਅਗਲਾ ਪੁਆਇੰਟ ਹੈ ਕਿ ਮੈਂ ਬਹੁਤ ਸਾਰੇ ਸਰਕਾਰੀ ਸਕੂਲਾਂ ਵਿੱਚ ਜਾ ਕੇ ਵੇਖਿਆ ਹੈ। ਬਿਜਲੀ ਦੇ ਬਿਲ ਜਮ੍ਹਾਂ ਕਰਵਾਉਣ ਦਾ ਉਥੇ ਕੋਈ ਫੰਡ ਨਹੀਂ ਹੁੰਦਾ। ਬਿਜਲੀ ਦੇ ਬਿਲ ਜੋ ਸਰਕਾਰੀ ਸਕੂਲਾਂ ਦੇ ਹਨ, ਉਨ੍ਹਾਂ ਵਾਸਤੇ ਵੀ ਕੋਈ ਫੰਡ ਰੱਖਿਆ ਜਾਵੇ ਤਾਂ ਕਿ ਬਿਜਲੀ ਦੇ ਬਿਲ ਜਮ੍ਹਾਂ ਕਰਵਾਏ ਜਾ ਸਕਣ।

ਤੀਜਾ ਪੁਆਇੰਟ ਇਹ ਹੈ ਕਿ ਸਰਕਾਰੀ ਸਕੂਲਾਂ ਵਿੱਚ ਖੇਡਾਂ ਦਾ ਮਾਹੌਲ ਨਹੀਂ ਬਣਿਆ ਹੋਇਆ। ਜਿੰਨੀ ਦੇਰ ਤੱਕ ਆਪਾਂ ਸਰਕਾਰੀ ਸਕੂਲਾਂ ਵਿੱਚ ਖੇਡਾਂ ਨੂੰ ਪ੍ਰਾਇਮਰੀ ਲੈਵਲ ਤੋਂ ਇੰਟਰੋਡਿਊਸ ਨਹੀਂ ਕਰਦੇ, ਅਸੀਂ ਵੱਡੇ ਕੰਪੀਟੀਸ਼ਨਾਂ ਵਿੱਚ ਚੰਗੇ ਰਿਜ਼ਲਟ ਨਹੀਂ ਦੇ ਸਕਾਂਗੇ। ਇਸ ਤੋਂ ਵੀ ਜ਼ਿਆਦਾ ਜ਼ਰੂਰੀ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਬੁਰੀ ਸੁਸਾਇਟੀ ਤੋਂ ਬਚਾ ਨਹੀਂ ਸਕਾਂਗੇ, ਜਿਸ ਤਰ੍ਹਾਂ ਅੱਜ ਨਸ਼ੇ ਦੀ ਗੱਲ ਕੀਤੀ ਗਈ ਹੈ। ਜੇ ਖੇਡਾਂ ਨੂੰ ਆਪਾਂ ਪ੍ਰਾਇਮਰੀ ਲੈਵਲ ਤੋਂ ਇੰਟਰੋਡਿਊਸ ਕਰੀਏ, ਇਸ ਵਾਸਤੇ ਪੱਕਾ ਕੋਈ ਫੰਡ ਮੌਜੂਦ ਕਰੀਏ, ਫੰਡ ਅਵੇਲੇਬਲ ਕਰੀਏ, ਤਾਂ ਕਿ ਬੱਚਿਆਂ ਨੂੰ ਖੇਡਣ ਦਾ ਸਮਾਨ, ਇਕੁਵਿਪਮੈਂਟਸ, ਸਪੋਰਟਸ ਗੁੱਡਜ਼, ਪਰਾਪਰ ਮਿਲਣ। ਇਹ ਪੱਕਾ ਕੰਪਲਸਰੀ ਕਰੀਏ ਕਿ ਹਰ ਬੱਚੇ ਨੂੰ ਖੇਡਣਾ ਪਵੇ। ਇਹ ਨਹੀਂ ਕਿ ਜੇ ਸਕੂਲ ਵਿੱਚ 800 ਬੱਚੇ ਹਨ, ਉਨ੍ਹਾਂ ਵਿਚੋਂ ਸਿਰਫ 50 ਬੱਚੇ ਗਰਾਊਂਡ ਵਿੱਚ ਖੇਡਣ ਲਈ ਜਾਂਦੇ ਹਨ। ਉਨ੍ਹਾਂ ਨੂੰ ਪੀ.ਟੀ. ਮਾਸਟਰ ਗਰਾਊਂਡ ਵਿੱਚ ਲੈ ਜਾਂਦਾ ਹੈ, ਖਿਡਾ ਕੇ ਵਾਪਸ ਲੈ ਆਉਂਦਾ ਹੈ। ਉਹ ਵੀ ਸਮਝਦਾ ਹੈ ਕਿ ਮੇਰੀ ਡਿਊਟੀ ਇਹੀ ਹੈ ਅਤੇ ਸਕੂਲ ਦੀ ਜ਼ਿੰਮੇਵਾਰੀ ਪੂਰੀ ਹੋ ਗਈ ਹੈ। ਜੇਕਰ ਸਕੂਲ ਵਿੱਚ 800 ਵਿਦਿਆਰਥੀ ਹਨ ਤਾਂ ਹਰ ਬੱਚੇ ਨੂੰ ਕਿਸੇ ਨਾ ਕਿਸੇ ਗੇਮ ਵਿੱਚ ਜ਼ਰੂਰ ਪਾਰਟੀਸੀਪੇਟ ਕਰਵਾਇਆ ਜਾਵੇ। ਐਜੂਕੇਸ਼ਨ ਵਾਸਤੇ ਜਿੰਨਾ ਵੀ ਵੱਧ ਫੰਡ ਰੱਖਿਆ ਜਾਵੇ, ਜਿੰਨਾ ਵੀ ਵੱਧ ਫੰਡ ਦਿੱਤਾ ਜਾਵੇ ਮੈਂ ਸਮਝਦਾ ਹਾਂ ਕਿ ਉਹ ਥੋੜ੍ਹਾ ਹੈ। ਐਜੂਕੇਸ਼ਨ ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ ਜੀ।

ਜੋ ਮੈਂ ਪਹਿਲਾਂ ਬਿਜਲੀ ਦੇ ਬਿਲਾਂ ਦੀ ਗੱਲ ਕੀਤੀ ਹੈ, ਮੈਂ ਉਸ ਵਿੱਚ ਇਹ ਵੀ ਜੋੜਨਾ ਚਾਹੁੰਦਾ ਹਾਂ ਕਿ ਸਕੂਲਾਂ ਵਿੱਚ ਕਿਉਂ ਨਾ ਕੁਝ ਪਾਰਟ ਆਪਾਂ ਸੋਲਰ ਐਨਰਜੀ ਤੇ ਇੰਟਰੋਡਿਊਸ ਕਰੀਏ। ਇੱਕ ਤਾਂ ਬੱਚਿਆਂ ਨੂੰ ਸੋਲਰ ਐਨਰਜੀ ਬਾਰੇ ਪਤਾ ਲੱਗੇਗਾ ਅਤੇ ਦੂਜਾ ਪਿੰਡਾਂ ਦੇ ਲੋਕਾਂ ਨੂੰ ਇਸ ਬਾਰੇ ਜਾਣਕਾਰੀ ਮਿਲੇਗੀ। ਇਸ ਦੇ ਨਾਲ ਬਿਲ ਦੇਣ ਦਾ ਵੀ ਵੱਡਾ ਕੰਮ ਖਤਮ ਹੋ ਜਾਵੇਗਾ, ਸਰਕਾਰ ਨੇ

ਇਕੋ ਵਾਰੀ ਸੋਲਰ ਐਨਰਜੀ ਤੇ ਪੈਸਾ ਲਾਉਣਾ ਹੋਵੇਗਾ, ਜਿਵੇਂ ਆਪਣੀਆਂ ਕੰਪਿਊਟਰ ਲੈਬਜ ਚਲਦੀਆਂ ਹਨ, ਉਸੇ ਤਰ੍ਹਾਂ ਇਹ ਚੱਲਣਗੇ। ਕਿਉਂਕਿ ਸਕੂਲ ਸਿਰਫ ਦਿਨ ਵਿੱਚ ਹੀ ਲਗਦੇ ਹਨ। ਸੋਲਰ ਸਿਸਟਮ ਲਗਾਉਣ ਦਾ ਫਾਰਮੂਲਾ ਸਕੂਲਾਂ ਵਿੱਚ ਕਾਰਗਾਰ ਸਿੱਧ ਹੋ ਸਕਦਾ ਹੈ। ਸੋਲਰ ਐਨਰਜੀ ਸਿਰਫ ਦਿਨ ਵਿੱਚ ਹੀ ਉਪਲਬਧ ਹੁੰਦੀ ਹੈ ਤੇ ਕਾਫੀ ਫਾਇਦਾ ਇਸ ਵਿੱਚ ਹੋ ਸਕਦਾ ਹੈ।

ਅਗਲਾ ਮੇਰਾ ਪੁਆਇੰਟ ਹੈ ਕਿ ਸਕੂਲਾਂ ਵਿੱਚ ਅੱਜ ਦੀ ਟ੍ਰੈਫਿਕ ਅਤੇ ਐਕਸੀਡੈਂਟਸ ਬਾਰੇ ਜਾਣਕਾਰੀ ਬੱਚਿਆਂ ਨੂੰ ਦੇਣੀ ਚਾਹੀਦੀ ਹੈ। ਅੱਜ ਬਹੁਤ ਸਾਰੇ ਲੋਕ ਐਕਸੀਡੈਂਟਸ ਵਿੱਚ ਮਰ ਰਹੇ ਹਨ। ਸੜਕਾਂ ਤਾਂ ਉਨੀਆਂ ਹੀ ਚੌੜੀਆਂ ਹਨ ਪਰ ਵਹੀਕਲਜ਼ ਦੀ ਗਿਣਤੀ ਵੱਧ ਰਹੀ ਹੈ। ਅੱਜ ਬੱਚਿਆਂ ਨੂੰ ਸ਼ੁਰੂ ਤੋਂ ਟ੍ਰੈਫਿਕ ਪ੍ਰਤੀ ਜਾਗਰੂਕ ਤੇ ਚੇਤੰਨ ਕਰਨਾ ਸਾਡੀ ਜ਼ਿੰਮੇਵਾਰੀ ਬਣਦੀ ਹੈ। ਜਿਥੇ ਟ੍ਰੈਫਿਕ ਦਾ ਕੋਈ ਲੈਸਨ ਵੀ ਹੋਣਾ ਚਾਹੀਦਾ ਹੈ, ਉਥੇ ਟ੍ਰੈਫਿਕ ਸਬੰਧੀ ਚਾਹੇ ਬੱਚਿਆਂ ਨੂੰ ਅੱਠਵੀਂ ਕਲਾਸ ਤੋਂ, ਦਸਵੀਂ ਅਤੇ ਬਾਰਵੀਂ ਤੱਕ ਵੀ ਇਸ ਦੀ ਜਾਣਕਾਰੀ ਜ਼ਰੂਰ ਦਿੱਤੀ ਜਾਵੇ। ਟ੍ਰੈਫਿਕ ਸਬੰਧੀ ਟੈਸਟ ਬੱਚਿਆਂ ਦੇ ਜ਼ਰੂਰ ਹੋਣ। ਇਮਤਿਹਾਨ ਵਿੱਚ ਵੀ ਇਸ ਟ੍ਰੈਫਿਕ ਸਬੰਧੀ ਪ੍ਰਸ਼ਨ ਜ਼ਰੂਰ ਕੰਪਲਸਰੀ ਰੱਖੇ ਜਾਣ ਤਾਂ ਕਿ ਬੱਚੇ ਜਦੋਂ ਸੜਕ ਤੇ ਗੱਡੀ ਲੈ ਕੇ ਜਾਣ, ਉਸ ਤੋਂ ਪਹਿਲਾਂ ਉਨ੍ਹਾਂ ਨੂੰ ਟ੍ਰੈਫਿਕ ਦੀ ਜਾਣਕਾਰੀ ਹੋਵੇ।

**ਮਾਨਯੋਗ ਸਪੀਕਰ :** ਧੰਨਵਾਦ ਜੀ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ./ਬੀ.ਸੀ. ਦੀ ਭਲਾਈ :** ਸਪੀਕਰ ਸਾਹਿਬ, ਇੱਕ ਡਿਮਾਂਡ ਨੰ: 25 ਹੈ ਜੋ ਕਿ ਸ਼ਡਿਊਲਡ ਕਾਸਟ ਵੈਲਫੇਅਰ ਵਿਭਾਗ ਨਾਲ ਸਬੰਧਤ ਹੈ। ਮੈਂ ਇਹ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਇਥੇ ਜਸਟਿਸ ਨਿਰਮਲ ਸਿੰਘ ਜੀ ਨੇ ਪਿਛਲੇ ਸਾਲ ਕਾਲ ਅਟੈਨਸ਼ਨ ਨੋਟਿਸ ਵਿੱਚ ਗੱਲ ਲਿਆਂਦੀ ਸੀ ਕਿ ਜਿਹੜੀ ਸ਼ਡਿਊਲਡ ਕਾਸਟਸ ਫਾਈਨਾਂਸ ਕਾਰਪੋਰੇਸ਼ਨ ਹੈ, ਉਸ ਵਿਚ ਲਗਭਗ 40-45 ਐਸ.ਸੀ. ਕਰਜ਼ਦਾਰ ਸਨ ਜਿਨ੍ਹਾਂ ਨੇ ਐਸ.ਸੀ. ਕਾਰਪੋਰੇਸ਼ਨ ਤੋਂ ਲੋਨ ਲਿਆ ਸੀ ਔਰ ਉਨ੍ਹਾਂ ਦੀ ਮੌਤ ਹੋ ਗਈ ਅਤੇ 5 ਕਰੋੜ 63 ਲੱਖ ਰੁਪਿਆ ਉਨ੍ਹਾਂ ਦੇ ਪਰਿਵਾਰਾਂ ਦੇ ਸਿਰ ਖੜ੍ਹਾ ਹੈ। ਮਾਨਯੋਗ ਮੁੱਖ ਮੰਤਰੀ ਜੀ ਨੇ ਪਿਛਲੇ ਸੈਸ਼ਨ ਵਿਚ ਖੜ੍ਹੇ ਹੋ ਕੇ ਉਸ ਲੋਨ ਨੂੰ ਮੁਆਫ ਕੀਤਾ ਸੀ ਲੇਕਿਨ ਉਹ ਫੰਡ ਇਸ ਬਜਟ ਵਿਚ ਕਿਤੇ ਵੀ ਨਜ਼ਰ ਨਹੀਂ ਆਇਆ। ਇਸ ਲਈ ਮੈਂ ਤੁਹਾਡੇ ਰਾਹੀਂ ਮਾਨਯੋਗ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ

[ ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ./ਬੀ.ਸੀ. ਦੀ ਭਲਾਈ ]

ਉਹ ਅਮਾਊਂਟ ਇਸ ਵਾਰ ਰੱਖ ਲਈ ਜਾਵੇ ਤਾਂ ਕਿ ਉਨ੍ਹਾਂ ਪਰਿਵਾਰਾਂ ਦੇ ਉੱਤੇ ਜਿਹੜੀ ਤਲਵਾਰ ਲਟਕ ਰਹੀ ਹੈ ਉਹ ਹਟ ਸਕੇ।

ਇਸ ਤੋਂ ਇਲਾਵਾ ਮੈਂ ਡਿਮਾਂਡ ਨੰ: 21 ਸਬੰਧੀ ਬੋਲਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਜਿਨ੍ਹਾਂ ਪਿੰਡਾਂ ਵਿਚ ਟੈਂਕੀਆਂ ਬਣਾਈਆਂ ਗਈਆਂ ਹਨ, ਉਨ੍ਹਾਂ ਪਿੰਡਾਂ ਨੂੰ ਪੀਣ ਵਾਲਾ ਪਾਣੀ ਮਿਲ ਗਿਆ ਹੈ ਪਰ ਜਿਹੜੇ ਦੂਰੀ ਤੇ ਹਨ, 3-3 ਕਿਲੋਮੀਟਰ ਦੀ ਦੂਰੀ ਦੇ ਪਿੰਡ ਨਾਲ ਜੋੜ ਦਿੱਤੇ ਗਏ ਹਨ, ਉਨ੍ਹਾਂ ਨੂੰ ਪਾਰਸ਼ਲੀ ਕਵਰ ਕਰ ਲਿਆ ਹੈ ਪਰੰਤੂ ਉਨ੍ਹਾਂ ਪਿੰਡਾਂ ਵਿਚ ਪਾਣੀ ਨਹੀਂ ਪਹੁੰਚਿਆ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਅਜਿਹੇ ਪਿੰਡਾਂ ਨੂੰ ਐਨ.ਸੀ. ਪਿੰਡ ਕਨਸਿਡਰ ਕਰਕੇ ਉਨ੍ਹਾਂ ਦੀ ਵੱਖਰੀ ਸਕੀਮ ਬਣਾਈ ਜਾਵੇ ਅਤੇ ਵੱਖਰਾ ਪੈਸਾ ਰੱਖਿਆ ਜਾਵੇ। ਇਸ ਤੋਂ ਇਲਾਵਾ ਮੈਂ ਮਾਨਯੋਗ ਪੀ.ਡਬਲਿਊ.ਡੀ. ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪਿੱਛੇ ਜਿਹੇ ਮੰਡੀ ਬੋਰਡ ਵਲੋਂ ਸੜਕਾਂ ਤੇ ਪੈਚ ਵਰਕ ਲਾਉਣ ਲਈ ਫੰਡ ਆਇਆ ਸੀ, ਮੇਰੇ ਹਲਕੇ ਵਿਚ ਵੀ ਆਇਆ ਸੀ। ਮੈਨੂੰ ਅਫ਼ਸਰਾਂ ਨੇ ਦੱਸਿਆ ਕਿ ਤੁਹਾਡੇ ਹਲਕੇ ਵਿਚ ਪੰਜ ਸੜਕਾਂ ਤੇ ਪੈਚ ਵਰਕ ਕਰਨ ਲਈ ਫੰਡ ਆਇਆ ਹੈ ਫੇਰ ਉਹ ਅਫ਼ਸਰ ਹੱਸਣ ਲੱਗ ਪਏ। ਮੈਂ ਪੁੱਛਿਆ ਕਿ ਤੁਸੀਂ ਕਿਉਂ ਹੱਸ ਰਹੇ ਹੋ ਤਾਂ ਉਨ੍ਹਾਂ ਦੇ ਦੱਸਿਆ ਕਿ ਤੁਹਾਡੀ ਸਾਢੇ ਤਿੰਨ ਕਿਲੋਮੀਟਰ ਰੋਡ ਵਿਚ ਪੈਚ ਵਰਕ ਪਾਉਣ ਲਈ 15 ਹਜ਼ਾਰ ਰੁਪਿਆ ਆਇਆ ਹੈ। ਸਪੀਕਰ ਸਾਹਿਬ, ਜਿਥੇ 4 ਕਿਲੋਮੀਟਰ ਸੜਕ ਹੈ, ਉਸ ਵਾਸਤੇ 38 ਹਜ਼ਾਰ ਰੁਪਿਆ ਆਇਆ ਹੈ। ਜਦੋਂ ਮੈਂ ਮੰਡੀ ਬੋਰਡ ਦੀ ਚਿੱਠੀ ਨੂੰ ਪੜ੍ਹਿਆ ਤਾਂ ਉਸ ਵਿਚ ਲਿਖਿਆ ਸੀ ਕਿ ਟੋਟਲ ਅਮਾਉਂਟ ਦਾ 7 ਫੀਸਦੀ ਪੈਸਾ ਭੇਜ ਰਹੇ ਹਾਂ। ਸਪੀਕਰ ਸਾਹਿਬ, ਉਸ 7 ਫੀਸਦੀ ਨਾਲ ਤਾਂ ਇਕ ਟੋਆ ਵੀ ਨਹੀਂ ਭਰ ਹੋਣਾ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਉਹ ਫੰਡ ਕਿਤੇ ਵੀ ਯੂਜ਼ ਨਹੀਂ ਹੋਣਾ, ਇਸ ਲਈ ਇਹ 7 ਫੀਸਦੀ ਫੰਡ ਕਿਤੇ ਨਾ ਭੇਜੋ, ਜਦੋਂ ਵੀ ਪੈਸੇ ਭੇਜਣੇ ਹਨ ਤਾਂ ਪੂਰਾ ਪੈਚ ਵਰਕ ਦਾ ਪੈਸਾ ਭੇਜਿਆ ਜਾਵੇ ਤਾਂ ਜੋ ਅਸੀਂ ਪਬਲਿਕ ਨੂੰ ਜਵਾਬ ਦੇ ਸਕੀਏ। ਧੰਨਵਾਦ ਜੀ।

**ਮਾਨਯੋਗ ਸਪੀਕਰ :** ਹੁਣ ਸਾਲ 2014-15 ਦੇ ਬਜਟ ਅਨੁਮਾਨਾਂ ਨਾਲ ਸਬੰਧਤ ਗਰਾਂਟਾਂ ਵਾਸਤੇ ਮੰਗਾਂ, ਜਿਨ੍ਹਾਂ ਵਿਚ 1 ਤੋਂ 30 ਤੱਕ ਦਰਸਾਈ ਰਕਮ ਜੋ ਮਾਲੀਆ ਲੇਖੇ ਤੇ 73592,76,50,000 (73 ਹਜ਼ਾਰ 592 ਕਰੋੜ, 76 ਲੱਖ ਅਤੇ 50 ਹਜ਼ਾਰ) ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ

ਰਾਜਪਾਲ ਜੀ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਵੱਖ-ਵੱਖ ਵਿਭਾਗਾਂ ਦੇ ਸਬੰਧ ਵਿਚ ਕੀਤੀ ਜਾਵੇਗੀ, ਸਦਨ ਦੇ ਸਾਹਮਣੇ ਵੋਟਿੰਗ ਲਈ ਰੱਖੀਆਂ ਗਈਆਂ ਹਨ। ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਸਾਰੀਆਂ ਬਜਟ ਅਨੁਮਾਨਾਂ ਸਬੰਧੀ ਗਰਾਂਟਾਂ ਲਈ ਮੰਗਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

**ਮੰਗ ਨੰ: 1**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 59800164000 ਰੁਪਏ ਅਤੇ ਪੂੰਜੀਗਤ ਲੇਖੇ ਤੇ 55965000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 2**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 4393576000 ਰੁਪਏ ਅਤੇ ਪੂੰਜੀਗਤ ਲੇਖੇ ਤੇ 372200000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 3**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 903496000 ਰੁਪਏ ਅਤੇ ਪੂੰਜੀਗਤ ਲੇਖੇ ਤੇ 2075900000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਹਿਕਾਰਤਾ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 4**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 309057000 ਰੁਪਏ ਅਤੇ ਪੂੰਜੀਗਤ ਲੇਖੇ ਤੇ 320100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰੱਖਿਆਂ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

[ ਮਾਨਯੋਗ ਸਪੀਕਰ ]

**ਮੰਗ ਨੰ: 5**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 76581946000 ਰੁਪਏ ਅਤੇ ਪੂੰਜੀਗਤ ਲੇਖੇ ਤੇ 3663459000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੱਖਿਆ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 6**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1408394000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੋਣਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 7**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1756550000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 8**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 155029552000 ਰੁਪਏ ਅਤੇ ਪੂੰਜੀਗਤ ਲੇਖੇ ਤੇ 181724186000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਵਿੱਤ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 9**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 6015003000 ਰੁਪਏ ਅਤੇ ਪੂੰਜੀਗਤ ਲੇਖੇ ਤੇ 6081000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ:10**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2291381000 ਰੁਪਏ ਅਤੇ

ਪੂੰਜੀਗਤ ਲੇਖੇ ਤੇ 730000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 11**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 26553755000 ਰੁਪਏ ਅਤੇ ਪੂੰਜੀਗਤ ਲੇਖੇ ਤੇ 1348166000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ:12**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 48285613000 ਰੁਪਏ ਅਤੇ ਪੂੰਜੀਗਤ ਲੇਖੇ ਤੇ 780288000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ:13**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1547979000 ਰੁਪਏ ਅਤੇ ਪੂੰਜੀਗਤ ਲੇਖੇ ਤੇ 151070000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਉਦਯੋਗ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ:14**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 305050000 ਰੁਪਏ ਅਤੇ ਪੂੰਜੀਗਤ ਲੇਖੇ ਤੇ 15000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 15**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 20588854000 ਰੁਪਏ ਅਤੇ

[ ਮਾਨਯੋਗ ਸਪੀਕਰ ]

ਪੂੰਜੀਗਤ ਲੇਖੇ ਤੇ 13683579000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 16**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 607530000 ਰੁਪਏ ਅਤੇ ਪੂੰਜੀਗਤ ਲੇਖੇ ਤੇ 50000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਕਿਰਤ ਅਤੇ ਰੋਜ਼ਗਾਰ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 17**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 8406244000 ਰੁਪਏ ਅਤੇ ਪੂੰਜੀਗਤ ਲੇਖੇ ਤੇ 11902792000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 18**

ਕਿ ਇਕ ਰਕਮ ਜੋ ਮਾਲੀਆ 169495000 ਲੇਖੇ ਤੇ ਰੁਪਏ ਅਤੇ ਪੂੰਜੀਗਤ ਲੇਖੇ ਤੇ 24560000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ:19**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 700455000 ਰੁਪਏ ਅਤੇ ਪੂੰਜੀਗਤ ਲੇਖੇ ਤੇ 2726000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਯੋਜਨਾਬੰਦੀ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 20**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ,

ਸਾਲ 2014–2015 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰੋਗਰਾਮ ਲਾਗੂਕਰਨ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 21**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 15087759000 ਰੁਪਏ ਅਤੇ ਪੂੰਜੀਗਤ ਲੇਖੇ ਤੇ 16012900000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014–15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਲੋਕ ਨਿਰਮਾਣ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 22**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 11994013000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014–15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਮਾਲ ਅਤੇ ਪੁਨਰਵਾਸ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 23**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 16631299000 ਰੁਪਏ ਅਤੇ ਪੂੰਜੀਗਤ ਲੇਖੇ ਤੇ 2748900000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014–15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 24**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 103010000 ਰੁਪਏ ਅਤੇ ਪੂੰਜੀਗਤ ਲੇਖੇ ਤੇ 20000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014–15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 25**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 24037152000 ਰੁਪਏ ਅਤੇ

[ ਮਾਨਯੋਗ ਸਪੀਕਰ ]

ਪੂੰਜੀਗਤ ਲੇਖੇ ਤੇ 1954732000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਮਾਜਿਕ ਅਤੇ ਇਸਤਰੀਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 26**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 342420000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 27**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 2971337000 ਰੁਪਏ ਅਤੇ ਪੂੰਜੀਗਤ ਲੇਖੇ ਤੇ 1386250000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-15 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 28**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 179459000 ਰੁਪਏ ਅਤੇ ਪੂੰਜੀਗਤ ਲੇਖੇ ਤੇ 2395650000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-2015 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 29**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 4060118000 ਰੁਪਏ ਅਤੇ ਪੂੰਜੀਗਤ ਲੇਖੇ ਤੇ 316757000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-2015 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਟ੍ਰਾਂਸਪੋਰਟ ਦੇ ਸਬੰਧ ਵਿਚ ਕੀਤੀ ਜਾਵੇਗੀ।

**ਮੰਗ ਨੰ: 30**

ਕਿ ਇਕ ਰਕਮ ਜੋ ਮਾਲੀਆ ਲੇਖੇ ਤੇ 402453000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2014-2015 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੌਕਸੀ ਦੇ ਸਬੰਧ ਵਿਚ ਕੀਤੀ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ ।***

----

**ii) THE PUNJAB APPROPRIATION (No.2) BILL, 2014**

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਪੰਜਾਬ ਐਪਰੋਪਰੀਏਸ਼ਨ ਬਿਲ, 2014 ਪੇਸ਼ ਕਰਨਗੇ।

**ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਸ਼੍ਰੀਮਾਨ ਜੀ, ਮੈਂ ਪੰਜਾਬ ਐਪਰੋਪਰੀਏਸ਼ਨ (ਨੰ: 2) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

> ਕਿ ਪੰਜਾਬ ਐਪਰੋਪਰੀਏਸ਼ਨ (ਨੰ: 2) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

> ਕਿ ਪੰਜਾਬ ਐਪਰੋਪਰੀਏਸ਼ਨ (ਨੰ: 2) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

> ਕਿ ਪੰਜਾਬ ਐਪਰੋਪਰੀਏਸ਼ਨ (ਨੰ: 2) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ-ਵਾਰ ਵਿਚਾਰ ਕਰੇਗਾ।

**ਕਲਾਜ਼ਾਂ 2 ਤੋਂ 4**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਵਿਚ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼ਡਿਊਲ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ

ਕਰਦਾ ਹਾਂ–

ਕਿ ਪੰਜਾਬ ਐਪਰੋਪਰੀਏਸ਼ਨ (ਨੰ: 2) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਐਪਰੋਪਰੀਏਸ਼ਨ (ਨੰ: 2) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਐਪਰੋਪਰੀਏਸ਼ਨ (ਨੰ: 2) ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

----

## LEGISLATIVE BUSINESS

## 1. THE INDIAN PENAL CODE (PUNJAB AMENDMENT) BILL, 2008

**ਮਾਨਯੋਗ ਸਪੀਕਰ :** ਡਿਪਟੀ ਸੀ.ਐਮ. ਸਾਹਿਬ ਪ੍ਰਸਤਾਵ ਪੇਸ਼ ਕਰਨ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਭਾਰਤੀ ਦੰਡ ਸੰਘਤਾ (ਪੰਜਾਬ ਸੋਧਨਾ) ਬਿਲ, 2008 ਜਿਹੜਾ ਕਿ 13ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 5ਵੇਂ ਸਮਾਗਮ, 5 ਸਤੰਬਰ, 2008 ਦੇ ਦੌਰਾਨ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਇਸ ਦੀ ਮਨਜ਼ੂਰੀ ਦੀ ਉਡੀਕ ਹੈ, ਵਾਪਸ ਲੈਣ ਦੀ ਤਜਵੀਜ਼ ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਭਾਰਤੀ ਦੰਡ ਸੰਘਤਾ (ਪੰਜਾਬ ਸੋਧਨਾ) ਬਿਲ, 2008 ਜਿਹੜਾ ਕਿ 13ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 5ਵੇਂ ਸਮਾਗਮ, 5 ਸਤੰਬਰ, 2008 ਦੇ ਦੌਰਾਨ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਇਸ ਦੀ ਮਨਜ਼ੂਰੀ ਦੀ ਉਡੀਕ ਹੈ, ਵਾਪਸ ਲੈਣ ਲਈ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਭਾਰਤੀ ਦੰਡ ਸੰਘਤਾ (ਪੰਜਾਬ ਸੋਧਨਾ) ਬਿਲ, 2008 ਜਿਹੜਾ ਕਿ 13ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 5ਵੇਂ ਸਮਾਗਮ, 5 ਸਤੰਬਰ, 2008 ਦੇ ਦੌਰਾਨ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਇਸ ਦੀ ਮਨਜ਼ੂਰੀ ਦੀ ਉਡੀਕ ਹੈ, ਵਾਪਸ ਲੈਣ ਲਈ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

**ਸ਼੍ਰੀ ਮਨੋਰੰਜਨ ਕਾਲੀਆ :** ਸਪੀਕਰ ਸਾਹਿਬ, ਇੱਕ ਪੁਆਇੰਟ ਆਫ ਕਲੈਰੀਫਿਕੇਸ਼ਨ ਹੈ। ਮੈਂ ਤੁਹਾਡੇ ਦੁਆਰਾ ਉਪ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਬਿਲ ਨੂੰ ਵਾਪਸ ਕਿਉਂ ਲੈ ਰਹੇ ਹਾਂ, ਇਸ ਦੀ ਕੀ ਨੈਸੇਸਿਟੀ ਹੈ? ਇਹ ਸਦਨ ਨੂੰ ਦੱਸ ਦਿੱਤਾ ਜਾਵੇ ਕਿ ਇਹ ਬਿਲ ਵਿਦਡਰਾਅ ਕਿਉਂ ਕੀਤਾ ਜਾ ਰਿਹਾ ਹੈ?

**ਮਾਨਯੋਗ ਸਪੀਕਰ :** ਹਾਂ ਜੀ, ਚੰਨੀ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਲਗਭਗ 15 ਬਿਲ ਆਏ ਹਨ ਜਿਹੜੇ ਕਿ ਅੱਜ ਪਾਸ ਕਰਨੇ ਹਨ। ਕਿਸ ਬਿਲ ਵਿੱਚ ਕੀ ਅਮੈਂਡਮੈਂਟ ਆਈ ਹੈ, ਇਹ ਤਾਂ ਸਾਨੂੰ ਦੱਸ ਦਿੱਤੀ ਜਾਂਦੀ ਹੈ ਪਰ ਇਹ ਪਹਿਲਾਂ ਕੀ ਸੀ, ਉਹ ਸਾਨੂੰ ਨਹੀਂ ਦੱਸਿਆ ਜਾਂਦਾ। ਅਸੀਂ ਰਾਤ ਪੌਣੇ ਨੌਂ ਵਜੇ ਗਏ ਹਾਂ। ਉਸ ਤੋਂ ਬਾਅਦ ਮੈਂ ਸਬੰਧਤ ਐਕਟ ਲੈਣ ਸੈਕਟਰ 17 ਗਿਆ ਪਰ ਦੁਕਾਨਾਂ ਬੰਦ ਹੋ ਗਈਆਂ ਸਨ ਜਿਸ ਕਾਰਨ ਐਕਟ ਦੀ ਕਾਪੀ ਨਹੀਂ ਮਿਲੀ। ਜੇ ਸਰਕਾਰ ਇਸ ਤਰ੍ਹਾਂ ਪੇਸ਼ ਕਰੇ ਕਿ ਮੌਜੂਦਾ ਕਾਨੂੰਨ ਕੀ ਹੈ ਅਤੇ ਹੁਣ ਅਸੀਂ ਕੀ ਪਾਸ ਕਰਨਾ ਚਾਹੁੰਦੇ ਹਾਂ, ਇਸ ਵਿੱਚ ਕੀ ਤਬਦੀਲੀ ਕੀਤੀ ਗਈ ਹੈ। ਜੇਕਰ ਅਜਿਹਾ ਹੋ ਜਾਵੇ ਤਾਂ ਕਿ ਅਸੀਂ ਪਹਿਲਾ ਬਿਲ ਵੀ ਪੜ੍ਹ ਲਈਏ ਅਤੇ ਹੁਣ ਦਾ ਵੀ ਪੜ੍ਹ ਲਈਏ ਤਾਂ ਕਿ ਵਿਧਾਨਕਾਰ ਨੂੰ ਪਤਾ ਤਾਂ ਲੱਗੇ ਕਿ ਅਸੀਂ ਕਰ ਕੀ ਰਹੇ ਹਾਂ।

**ਮਾਨਯੋਗ ਸਪੀਕਰ :** ਤੁਹਾਡੀ ਸੁਜੈਸ਼ਨ ਆ ਗਈ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੇਰੀ ਕਾਲੀਆ ਸਾਹਿਬ ਵਾਲੀ ਸੇਮ ਬੇਨਤੀ ਹੈ ਕਿ ਡਿਪਟੀ ਸੀ.ਐਮ. ਸਾਹਿਬ ਕਿਰਪਾ ਕਰਕੇ ਦੱਸ ਦੇਣ ਕਿ ਕੀ ਕਾਰਨ ਹੋ ਗਿਆ ਹੈ?

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ):** ਸਪੀਕਰ ਸਾਹਿਬ, ਇਹ ਜਿਹੜਾ ਬਿਲ ਪਾਸ ਕੀਤਾ ਗਿਆ ਸੀ it went to the Government of India, ਉਸ ਵਿੱਚ ਪ੍ਰੋਵੀਜ਼ਨ ਸੀ ਕਿ ਜਿਹੜੇ ਅਫ਼ਸਰ ਸਰਕਾਰੀ ਮਕਾਨ ਵਿੱਚ ਓਵਰਸਟੇਅ ਕਰ ਜਾਂਦੇ ਹਨ, ਉਸ ਨੂੰ criminal trespass and cognizable offence ਬਣਾ ਦਿੱਤਾ ਸੀ। ਇਹ ਬੜਾ ਹਾਰਸ਼ ਓਫੈਂਸ ਬਣਾ ਦਿੱਤਾ ਸੀ ਕਿਉਂਕਿ ਜੇ ਕਿਸੇ ਦੀ ਕੋਈ ਪ੍ਰਾਬਲਮ ਹੈ ਜਾਂ ਬਦਲੀ ਹੋ ਗਈ ਹੈ ਤਾਂ ਉਹ 15 ਦਿਨ ਜਾਂ ਮਹੀਨਾ ਜ਼ਿਆਦਾ ਰਹਿ ਜਾਂਦਾ ਹੈ। They said it is a very harsh provision. So, we are withdrawing it and we will look at the whole provision again and then we will take it up.

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਭਾਰਤੀ ਦੰਡ ਸੰਘਤਾ (ਪੰਜਾਬ ਸੋਧਨਾ) ਬਿਲ, 2008 ਜਿਹੜਾ ਕਿ 13ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 5ਵੇਂ ਸਮਾਗਮ, 5 ਸਤੰਬਰ, 2008 ਦੇ ਦੌਰਾਨ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਇਸ ਦੀ ਮਨਜ਼ੂਰੀ ਦੀ ਉਡੀਕ ਹੈ, ਵਾਪਸ ਲੈਣ ਲਈ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

## 2. THE RAYAT-BAHRA UNIVERSITY BILL, 2014

**ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ):** ਸ਼੍ਰੀਮਾਨ ਜੀ, ਮੈਂ ਰਿਆਤ–ਬਾਹਰਾ ਯੂਨੀਵਰਸਿਟੀ ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

> ਕਿ ਰਿਆਤ–ਬਾਹਰਾ ਯੂਨੀਵਰਸਿਟੀ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਰਿਆਤ–ਬਾਹਰਾ ਯੂਨੀਵਰਸਿਟੀ ਬਿਲ, 2014 ਤੇ ਤੁਰੰਤ

[ ਮਾਨਯੋਗ ਸਪੀਕਰ ]

ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ ਨਾਗਰਾ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ (ਫਤਹਿਗੜ੍ਹ ਸਾਹਿਬ):** ਸਪੀਕਰ ਸਾਹਿਬ, ਮੈਂ ਇਸ ਬਿਲ ਦੇ ਵਿਰੋਧ ਵਿਚ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਇਹ ਬਹੁਤ ਵਧੀਆ ਗੱਲ ਹੈ ਕਿ ਉਚੇਰੀ ਸਿੱਖਿਆ ਅਤੇ ਪੜ੍ਹਾਈ ਨੂੰ ਪ੍ਰਫੁੱਲਤ ਕਰਨ ਲਈ ਬਹੁਤ ਵਧੀਆ ਯੂਨੀਵਰਸਿਟੀਆਂ ਅਤੇ ਕਾਲਜ ਖੁੱਲ੍ਹ ਰਹੇ ਹਨ ਪਰ ਮੈਂ ਤੁਹਾਡੇ ਰਾਹੀਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਐਜੂਕੇਸ਼ਨ ਨੂੰ ਉਦਯੋਗ ਨਹੀਂ ਬਣਾਇਆ ਜਾ ਸਕਦਾ। ਇਸ ਨੂੰ ਪਰਾਫਿਟ ਮੇਕਿੰਗ ਅਦਾਰਾ ਨਹੀਂ ਬਣਾਇਆ ਜਾ ਸਕਦਾ। ਸਾਡੇ ਸੰਵਿਧਾਨ ਅਨੁਸਾਰ ਕੇਵਲ ਟਰੱਸਟ ਹੀ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਨੂੰ ਖੋਲ੍ਹ ਸਕਦੇ ਹਨ ਪਰੰਤੂ ਇਥੇ ਕੁਝ ਉਦਯੋਗਿਕ ਘਰਾਣੇ ਜਾਂ ਲੋਕ ਇਹੋ ਜਿਹੇ ਟਰੱਸਟ ਬਣਾ ਕੇ ਇਸ ਨੂੰ ਬਿਜ਼ਨਸ ਦੇ ਰੂਪ ਵਿਚ ਕਰ ਰਹੇ ਹਨ। ਸਪੀਕਰ ਸਾਹਿਬ, ਇਹ ਬੜਾ ਅਹਿਮ ਮਸਲਾ ਹੈ। ਇਸ ਲਈ ਮੈਨੂੰ 2-4 ਮਿੰਟ ਚਾਹੀਦੇ ਹਨ। ਇਹ ਸਾਡੇ ਵਿਦਿਆਰਥੀਆਂ ਅਤੇ ਆਮ ਲੋਕਾਂ ਦੀ ਜ਼ਿੰਦਗੀ ਨਾਲ ਜੁੜਿਆ ਹੋਇਆ ਮਸਲਾ ਹੈ।

ਇਕ ਐਡਵੋਕੇਟ ਵੱਲੋਂ ਪੀ.ਆਈ.ਐਲ. ਪਾਈ ਗਈ ਸੀ, ਉਸ ਉਤੇ ਯੂ.ਜੀ.ਸੀ. ਨੇ ਇਕ ਫੈਕਟ ਫਾਈਂਡਿੰਗ ਕਮੇਟੀ ਬਣਾਈ ਸੀ। ਉਸ ਫੈਕਟ ਫਾਈਂਡਿੰਗ ਕਮੇਟੀ ਦੇ ਪ੍ਰਧਾਨ ਪ੍ਰੋਫੈਸਰ ਏ.ਐਮ. ਪਠਾਨ ਅਤੇ ਮੈਂਬਰ ਡਾਕਟਰ ਸ਼ੰਮੀ ਰਾਏ ਸਨ। ਮੈਂ ਸਦਨ ਵਿਚ ਯੂ.ਜੀ.ਸੀ. ਵੱਲੋਂ ਮੁੱਖ ਸਕੱਤਰ, ਪੰਜਾਬ ਨੂੰ ਭੇਜੀ ਹੋਈ ਉਹ ਰਿਪੋਰਟ ਦੇਣਾ ਚਾਹੁੰਦਾ ਹਾਂ। ਉਸ ਕਮੇਟੀ ਨੇ ਜੋ ਪਾਇਆ, ਉਹ ਸਾਰਾ ਮੇਰੇ ਕੋਲ ਹੈ। ਮੈਂ ਸਾਰਾ ਨਾ ਪੜ੍ਹਦਾ ਹੋਇਆ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਰਿਆਤ-ਬਾਹਰਾ ਯੂਨੀਵਰਸਿਟੀ ਦਾ ਜਿਹੜਾ ਬਿਲ ਮੰਤਰੀ ਸਾਹਿਬ ਲੈ ਕੇ ਆਏ ਹਨ, ਉਸ ਵਿਚ ਉਨ੍ਹਾਂ ਨੇ ਦੱਸਿਆ ਹੈ ਕਿ ਜਿਹੜੀਆਂ ਪ੍ਰਾਈਵੇਟ ਯੂਨੀਵਰਸਿਟੀਆਂ, ਖਾਸ ਕਰਕੇ ਪੰਜਾਬ ਵਿਚ ਰਿਆਤ-ਬਾਹਰਾ ਐਜੂਕੇਸ਼ਨਲ ਐਂਡ ਰਿਸਰਚ ਟਰੱਸਟ ਕੋਲ ਸਾਲ 2007-08 ਵਿਚ 1.83 ਕਰੋੜ ਰੁਪਏ ਸਰਪਲੱਸ ਹੋਏ ਭਾਵ ਜਿਹੜੇ ਉਨ੍ਹਾਂ ਨੂੰ ਬਚੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਸਾਲ 2008-09 ਵਿਚ ਉਨ੍ਹਾਂ ਨੂੰ 3.79 ਕਰੋੜ ਰੁਪਏ ਬਚੇ ਹਨ। ਸਾਲ 2009-10 ਵਿਚ ਫਿਰ 3.79 ਕਰੋੜ ਰੁਪਏ ਸਰਪਲੱਸ ਹੋਏ ਹਨ। ਯੂ.ਜੀ.ਸੀ. ਦੀ ਫੈਕਟ ਫਾਈਂਡਿੰਗ ਕਮੇਟੀ ਨੇ ਜੋ ਉਨ੍ਹਾਂ ਦੇ ਬਾਰੇ ਰਿਪੋਰਟ ਦਿੱਤੀ ਹੈ, ਉਹ ਹੋਰ ਵੀ

ਹੈਰਾਨੀਜਨਕ ਹੈ। ਉਨ੍ਹਾਂ ਨੇ ਕਿਹਾ ਹੈ ਕਿ ਰਿਆਤ-ਬਾਹਰਾ ਦੇ Chief Trustee of ** ** who is also the Chairman of the Trust, ** ** is the Principal, they have submitted accounts showing surplus income in the last three years. They also lack academic exercise and need to concentrate on the quality of education they are imparting.

**ਮਾਨਯੋਗ ਸਪੀਕਰ :** ਇਹ ਨਾਂ ਐਕਸਪੰਜ ਕਰ ਦਿੱਤੇ ਜਾਣ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਇਹ ਪੰਜਾਬ ਵਿਚ ਇਕ ਬੜਾ ਵੱਡਾ ਮੁੱਦਾ ਹੈ। ਪੰਜਾਬ ਵਿਚ ਜਿੰਨੀਆਂ ਵੀ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਕਾਲਜ ਖੁੱਲ੍ਹੇ ਹਨ, ਇਹ ਵਪਾਰ ਦਾ ਧੰਦਾ ਬਣ ਗਏ ਹਨ। ਗਰੀਬ ਵਿਅਕਤੀ ਜਾਂ ਇਕ ਸਧਾਰਨ ਕਿਸਾਨ ਦਾ ਬੇਟਾ ਜਾਂ ਬੇਟੀ ਹਰ ਇਕ ਪਲੱਸ ਟੂ ਕਰਨ ਤੋਂ ਬਾਅਦ ਇੱਛਾ ਕਰਦਾ ਹੈ ਕਿ ਉਹ ਐਮ.ਬੀ.ਏ. ਕਰੇ, ਇੰਜੀਨੀਅਰਿੰਗ ਕਰੇ, ਉਹ ਕੋਈ ਹੋਰ ਇਹੋ ਜਿਹਾ ਕੋਰਸ ਕਰਕੇ ਅੱਗੇ ਜਾਵੇ। ਅਜਿਹੀਆਂ ਯੂਨੀਵਰਸਿਟੀਆਂ ਅਤੇ ਕਾਲਜ ਜਿਨ੍ਹਾਂ ਦੇ ਉਤੇ ਸਾਡਾ ਕੋਈ ਕੰਟਰੋਲ ਨਹੀਂ, ਉਹ ਜਿੰਨੀ ਮਰਜ਼ੀ ਫੀਸ ਲੈ ਲੈਣ, ਜਿੰਨਾ ਮਰਜ਼ੀ ਫੰਡ ਲੈਣ, ਕੋਈ ਐਡਮਿਸ਼ਨ ਕਰਾਈਟੇਰੀਆ ਨਹੀਂ ਹੈ। ਮੈਂ ਇਥੇ ਦੱਸਣਾ ਚਾਹੁੰਦਾ ਹਾਂ ਕਿ ਇਹ ਇੰਸਟੀਚਿਊਸ਼ਨ ਇਕੱਲਾ ਰਿਆਤ-ਬਾਹਰਾ ਹੀ ਨਹੀਂ, ਜਿਹੜਾ ਚਿਤਕਾਰਾ ਐਜੂਕੇਸ਼ਨਲ ਟਰੱਸਟ ਹੈ....

**ਮਾਨਯੋਗ ਸਪੀਕਰ :** ਇਹ ਇਸ ਦੇ ਨਾਲ ਕਨਸਰਨਡ ਨਹੀਂ ਹੈ ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਇਨ੍ਹਾਂ ਇੰਸਟੀਚਿਊਸ਼ਨਜ਼ ਸੰਬੰਧੀ ਕੋਈ ਬਿਲ ਲਿਆਉਣ ਤੋਂ ਪਹਿਲਾਂ ਇਨ੍ਹਾਂ ਦੇ ਟਰੱਸਟਾਂ ਦੀ ਜਾਣਕਾਰੀ ਲੈ ਕੇ, ਇਨ੍ਹਾਂ ਦੇ ਫਾਇਨਾਂਸ਼ੀਅਲ ਮੈਟਰਜ਼ ਦੀ ਜਾਣਕਾਰੀ ਲੈ ਕੇ ਸਰਕਾਰ ਇਸ ਸਦਨ ਨੂੰ ਭਰੋਸੇ ਵਿੱਚ ਲਵੇ ਕਿ ਇਹ ਇੰਸਟੀਚਿਊਸ਼ਨ ਇਸ ਐਜੂਕੇਸ਼ਨ ਦੇ ਧੰਦੇ ਤੋਂ ਕਮਾਈ ਨਹੀਂ ਕਰਨਗੇ ਅਤੇ ਵਿਦਿਆਰਥੀਆਂ ਨੂੰ ਸਸਤੀ ਤੇ ਵਧੀਆ ਸਿੱਖਿਆ ਪ੍ਰਦਾਨ ਕਰਨਗੇ। ਇਸ ਤੋਂ ਇਲਾਵਾ ਮੇਰੀ ਬੇਨਤੀ ਹੈ ਕਿ ਜਿਹੜਾ ਐਡਮਿਸ਼ਨ ਕਰਾਈਟੇਰੀਆ ਹੈ, ਉਸ ਵਿੱਚ ਗਰੀਬ ਲੋਕਾਂ ਵਾਸਤੇ ਤੇ ਖਾਸ ਕਰਕੇ ਐਸ.ਸੀਜ਼ ਤੇ ਐਸ.ਟੀਜ਼ ਵਾਸਤੇ

**Expunged as ordered by the Chair.

[ ਸਰਦਾਰ ਕੁਲਜੀਤ ਸਿੰਘ ਨਾਗਰਾ ]

ਇਨ੍ਹਾਂ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਫੀਸ ਨਹੀਂ ਹੋਣੀ ਚਾਹੀਦੀ। ਮੈਂ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਾਰੇ ਇਨ੍ਹਾਂ ਟਰੱਸਟਾਂ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ। ਸਾਡੇ ਡਿਪਟੀ ਮੁੱਖ ਮੰਤਰੀ ਸਾਹਿਬ ਪੰਜਾਬ ਬਾਰੇ ਬਹੁਤ ਚਿੰਤਤ ਹਨ। ਇਹ ਮੁੱਦਾ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ ਜਿਸ ਨਾਲ ਪੰਜਾਬ ਦੇ ਮੱਥੇ ਤੇ ਕਾਲਖ ਲੱਗਣ ਵਾਲੀ ਹੈ। ਇਹ ਐਜੂਕੇਸ਼ਨਲ ਇੰਸਟੀਚਿਊਸ਼ਨ ਵਪਾਰ ਦੇ ਧੰਦੇ ਬਣ ਗਏ ਹਨ ਤੇ ਵਿਦਿਆਰਥੀਆਂ ਨੂੰ ਸਿਰਫ਼ ਠੱਗਣ ਵਾਸਤੇ ਖੜ੍ਹੇ ਹਨ। ਕਿਰਪਾ ਕਰਕੇ ਇਸ ਬਿਲ ਨੂੰ ਵਾਪਸ ਲਿਆ ਜਾਵੇ ਤੇ ਇਸ ਤੇ ਦੁਬਾਰਾ ਗੌਰ ਕੀਤਾ ਜਾਵੇ ਤੇ ਫਿਰ ਇਸ ਬਾਰੇ ਸਦਨ ਨੂੰ ਦੱਸਿਆ ਜਾਵੇ।

**ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ) :** ਸਪੀਕਰ ਸਾਹਿਬ, ਮੈਂ ਤੁਹਾਡਾ ਅਭਾਰੀ ਹਾਂ ਕਿ ਤੁਸੀਂ ਮੈਨੂੰ ਰਿਆਤ-ਬਾਹਰਾ ਯੂਨੀਵਰਸਿਟੀ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮਾਨਯੋਗ ਸਪੀਕਰ ਸਾਹਿਬ, ਅੱਜ ਦੋ ਯੂਨੀਵਰਸਿਟੀਆਂ ਦੇ ਬਿਲ ਆਏ ਹੋਏ ਹਨ। ਅੱਗੇ ਇੱਕ ਜੀ.ਐਨ.ਏ. ਯੂਨੀਵਰਸਿਟੀ ਬਿਲ ਆ ਰਿਹਾ ਹੈ। ਇਹ ਬਿਲ ਪਿਛਲੇ ਸੈਸ਼ਨ ਵਿੱਚ ਵੀ ਆਏ ਸੀ। ਸਪੀਕਰ ਸਾਹਿਬ, ਮੈਨੂੰ ਲਗਦਾ ਹੈ ਕਿ ਯੂਨੀਵਰਸਿਟੀਆਂ ਬਣਾਉਣ ਦੀ ਇੱਕ ਹੋੜ੍ਹ ਜਿਹੀ ਲੱਗ ਗਈ ਹੈ। ਦੇਖੋ, ਇਹ ਬੜਾ ਸੀਰੀਅਸ ਮਸਲਾ ਹੈ ਕਿਉਂਕਿ ਬੜਾ ਬਜਾ ਫਰਮਾਇਆ ਗਿਆ ਹੈ ਕਿ ਸਿੱਖਿਆ ਦੇ ਖੇਤਰ ਵਿੱਚ ਕਮਰਸ਼ੇਲਾਈਜ਼ੇਸ਼ਨ ਨੂੰ ਰੋਕਣਾ ਚਾਹੀਦਾ ਹੈ। ਕਿਸੇ ਟਾਈਮ ਤੇ ਐਜੂਕੇਸ਼ਨ ਫਰੀ ਹੁੰਦੀ ਸੀ। ਦੋ ਵਿਸ਼ਿਆਂ - ਹੈਲਥ ਤੇ ਐਜੂਕੇਸ਼ਨ ਨੂੰ ਕਮਰਸ਼ੇਲਾਈਜ਼ੇਸ਼ਨ ਤੋਂ ਸਾਡੇ ਸਮਾਜ ਨੇ ਬਿਲਕੁਲ ਓਹਲੇ ਰੱਖਿਆ ਸੀ। ਅੱਜ ਹਾਲਤ ਇਹ ਹੈ ਕਿ ਕਮਰਸ਼ੇਲਾਈਜ਼ੇਸ਼ਨ ਹੋਣ ਦੇ ਨਾਲ ਇੱਕ ਤਾਂ ਪੜ੍ਹਾਈ ਮਹਿੰਗੀ ਹੋ ਰਹੀ ਹੈ ਤੇ ਦੂਸਰਾ ਇਹ ਜਿਹੜੀਆਂ ਯੂਨੀਵਰਸਿਟੀਆਂ ਬਣ ਰਹੀਆਂ ਹਨ, ਇਹ ਬਿਨਾਂ ਵਜ੍ਹਾ ਤੋਂ ਬਣ ਰਹੀਆਂ ਹਨ। ਜਿਹੜੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਹਨ, ਇਨ੍ਹਾਂ ਦੇ ਥੱਲੇ ਕਾਲਜ ਹਨ। ਇਹ ਕੈਂਪਸ ਯੂਨੀਵਰਸਿਟੀਆਂ ਹਨ। ਹੁਣ ਇਹ ਜਿਹੜੀਆਂ ਨਵੀਆਂ ਯੂਨੀਵਰਸਿਟੀਆਂ ਬਣ ਰਹੀਆਂ ਹਨ, ਇਨ੍ਹਾਂ ਵਿੱਚ ਕਿੰਨੇ ਨੰਬਰ ਲਗਾਉਣੇ ਹਨ, ਇਹ ਆਪੇ ਹੀ ਲਗਾਉਣੇ ਹਨ। ਪੇਪਰ ਵੀ ਆਪੇ ਹੀ ਲੈਣਾ ਹੈ। ਉਸ ਵਿੱਚ ਕਿਤੇ ਕਿਸੇ ਨਾ ਕਿਸੇ ਲੈਵਲ ਤੇ ਪੈਸਾ ਲੈ ਦੇ ਹੋ ਰਿਹਾ ਹੈ ਜਾਂ ਨਹੀਂ ਹੋ ਰਿਹਾ, ਇਸ ਦਾ ਕੋਈ ਚੈੱਕ ਨਹੀਂ ਹੈ। ਇਸ ਤੋਂ ਇਲਾਵਾ ਕੀ ਕੁਰੀਕੁਲਮ ਲੈਣਾ ਹੈ? ਕੀ ਉਸ ਦੀ ਕਪੈਸਿਟੀ ਹੈ? ਇਸ ਬਾਰੇ ਵੀ ਚੈੱਕ ਨਹੀਂ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਸ

ਵਾਸਤੇ ਕੋਈ ਨਾ ਕੋਈ ਰੈਗੂਲੇਟਰੀ ਅਥਾਰਟੀ ਬਣਾਉਣੀ ਚਾਹੀਦੀ ਹੈ ਕਿ ਜਦੋਂ ਵੀ ਕੋਈ ਯੂਨੀਵਰਸਿਟੀ ਬਣੇ ਤੇ ਉਹ ਤਾਂ ਬਣੇ ਜਦੋਂ ਉਹ ਰੈਗੂਲੇਟਰੀ ਅਥਾਰਟੀ ਚਾਹੇ।

ਫਿਰ ਇਹ ਦੇਖਣਾ ਹੈ ਕਿ ਇਨ੍ਹਾਂ ਦੀ ਸਾਨੂੰ ਕਿੰਨੀ ਕੁ ਲੋੜ ਹੈ। ਅਸੀਂ ਫੀਲਡ ਵਿੱਚ ਕਿੰਨੀਆਂ ਕੁ ਡਿਗਰੀਆਂ ਦੇਣੀਆਂ ਹਨ। ਅੱਗੇ ਨੌਕਰੀਆਂ ਮਿਲਣੀਆਂ ਨਹੀਂ ਹਨ। ਇਨ੍ਹਾਂ ਯੂਨੀਵਰਸਿਟੀਆਂ ਦੀਆਂ ਡਿਗਰੀਆਂ ਦੀ ਇਹ ਹਾਲਤ ਹੈ ਕਿ ਡਿਗਰੀ ਪਾਸ ਹੋ ਜਾਂਦੀ ਹੈ ਤੇ ਜਦੋਂ ਬੱਚੇ ਨੌਕਰੀ ਲੈਣ ਜਾਂਦੇ ਹਨ ਤੇ ਅੱਗੋਂ ਕਿਹਾ ਜਾਂਦਾ ਹੈ ਕਿ ਫਲਾਣੀ-ਫਲਾਣੀ ਯੂਨੀਵਰਸਿਟੀ ਵਾਲੇ ਬਾਹਰ ਹੋ ਜਾਓ। ਇਨ੍ਹਾਂ ਕਰਕੇ ਸਿੱਖਿਆ ਵਿੱਚ ਨਿਘਾਰ ਆ ਰਿਹਾ ਹੈ। ਇਨ੍ਹਾਂ ਯੂਨੀਵਰਸਿਟੀਆਂ ਨਾਲ ਸਿਰਫ ਇੰਨਾ ਹੋ ਰਿਹਾ ਹੈ ਕਿ ਬੋਰਡ ਤੇ ਸਿਰਫ ਲਿਖਾਉਣ ਲਈ ਹੀ ਇਹ ਬਣ ਗਿਆ ਹੈ ਕਿ ਫਲਾਣਾ ਬੀ.ਟੈੱਕ. ਹੋ ਗਿਆ, ਫਲਾਣਾ ਐਮ.ਟੈੱਕ. ਹੋ ਗਿਆ। ਇਹ ਬੜਾ ਸੰਜੀਦਾ ਮਸਲਾ ਹੈ ਔਰ ਦੂਸਰੀ ਗੱਲ ਇਹ ਹੈ ਕਿ ਜਦੋਂ ਕੋਈ ਬੰਦਾ ਇਨਵੈਸਟਮੈਂਟ ਕਰ ਲੈਂਦਾ ਹੈ ਤੇ ਉਹ ਫਿਰ ਕਹਿੰਦਾ ਹੈ ਕਿ ਮੈਨੂੰ ਇਸ ਵਿੱਚ ਪੈਸਾ ਮਿਲਣਾ ਚਾਹੀਦਾ ਹੈ। ਉਹ ਇਸ ਵਿੱਚ ਲੇਟੈਂਟ ਫੀਸ ਵੀ ਪਾਉਂਦਾ ਹੈ। ਇਸ ਤੋਂ ਵੱਧ ਸੀਰੀਅਸ ਮਸਲਾ ਇਹ ਹੈ ਕਿ ਇਹ ਯੂਨੀਵਰਸਿਟੀਆਂ ਇੰਟਰਨੈਸ਼ਨਲ ਲੈਵਲ ਤੇ ਐਡਵਰਟਾਈਜ਼ਮੈਂਟ ਕਰਦੀਆਂ ਹਨ। ਦੂਸਰੇ ਦੇਸ਼ਾਂ ਤੋਂ ਸਟੂਡੈਂਟਸ ਆਉਂਦੇ ਹਨ। ਕੋਈ ** ** ਤੋਂ, ਕੋਈ ** ** ਤੋਂ ਸਟੂਡੈਂਟਸ ਪੜ੍ਹਨ ਆਉਂਦੇ ਹਨ। ਜਿਹੜਾ ਡਰੱਗਜ਼ ਦਾ ਪ੍ਰਚਲਨ ਵਧਿਆ ਹੈ ਉਸ ਵਿੱਚ ਕਿਸੇ ਨਾ ਕਿਸੇ ਤਰੀਕੇ ਨਾਲ ਇਹ ਇੰਸਟੀਚਿਊਸ਼ਨਜ਼ ਇਨਵਾਲਵਡ ਹਨ। ਪਹਿਲਾਂ ਤਾਂ ਠੀਕ ਲੱਗਿਆ ਕਿ ਇੱਕ-ਦੋ ਯੂਨੀਵਰਸਿਟੀਆਂ ਬਣ ਰਹੀਆਂ ਹਨ ਪਰੰਤੂ ਇਹ ਨਹੀਂ ਹੋਣਾ ਚਾਹੀਦਾ ਕਿ ਜਿਹੜਾ ਵੀ ਅਪਲਾਈ ਕਰੇ, ਉਸ ਨੂੰ ਅਸੀਂ ਯੂਨੀਵਰਸਿਟੀ ਦਾ ਦਰਜਾ ਦੇਣਾ ਹੀ ਦੇਣਾ ਹੈ, ਇਹ ਜ਼ਰੂਰੀ ਹੈ। ਅਜਿਹਾ ਨਹੀਂ। ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਕੀ ਸਾਡੇ ਕੋਲ ਕੈਂਪਸ ਯੂਨੀਵਰਸਿਟੀ ਦੀ ਰਿਕੁਆਇਰਮੈਂਟ ਹੈ?

ਅੱਜ ਜਿਹੜੇ ਕਾਲਜ ਹਨ, ਜਿੰਨੇ ਸਾਡੇ ਕੋਲ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਹਨ, ਉਨ੍ਹਾਂ ਨੂੰ ਹੀ ਮੇਨਟੇਨ ਕਰ ਲਈਏ, ਉਨ੍ਹਾਂ ਤੇ ਪਰਾਪਰ ਚੈੱਕ ਕਰ ਲਈਏ ਕਿ ਐਜੂਕੇਸ਼ਨ ਸਸਤੀ ਕਿਵੇਂ ਹੋ ਸਕਦੀ ਹੈ। ਕੈਂਪਸ ਯੂਨੀਵਰਸਿਟੀ ਨਾਲ

**Expunged as ordered by the Chair.

[ ਸ਼੍ਰੀ ਮਨੋਰੰਜਨ ਕਾਲੀਆ ]

ਪੜ੍ਹਾਈ ਵੀ ਮਹਿੰਗੀ ਹੈ, ਨੌਕਰੀ ਵੀ ਨਹੀਂ ਮਿਲਣੀ ਔਰ ਪ੍ਰਦੇਸ਼ ਦੀ ਜਵਾਨੀ ਨਾਲ ਖਿਲਵਾੜ ਵੀ ਹੋ ਰਿਹਾ ਹੈ। ਇਸ ਨੂੰ ਸੋਚਣ ਦੀ ਲੋੜ ਹੈ, ਇਸ ਨੂੰ ਰੋਕਣ ਦੀ ਲੋੜ ਹੈ। ਇਸ ਵਾਸਤੇ ਰੈਗੂਲੇਟਰੀ ਕਮਿਸ਼ਨ ਜ਼ਰੂਰ ਬਣਾਇਆ ਜਾਵੇ। ਇਹ ਮੇਰੀ ਬੇਨਤੀ ਹੈ ਕਿ ਇਸ ਤੇ ਭਾਵੇਂ ਮੁੜ ਵਿਚਾਰ ਕਰ ਲਿਆ ਜਾਵੇ, ਇਸ ਨੂੰ ਪੈਂਡਿੰਗ ਕਰ ਲਓ ਅਤੇ ਮੁੜ ਵਿਚਾਰ ਕਰਕੇ ਫੇਰ ਸਦਨ ਵਿੱਚ ਲੈ ਕੇ ਆਓ। ਧੰਨਵਾਦ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਸਰਦੂਲਗੜ੍ਹ) :** ਸਪੀਕਰ ਸਾਹਿਬ, ਇਹ ਜਿਹੜਾ ਬਿਲ ਆਇਆ ਹੈ, ਇਸ ਬਾਰੇ ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ। ਮੇਰੇ ਤੋਂ ਪਹਿਲਾਂ ਦੋ ਸਪੀਕਰ ਬੋਲ ਕੇ ਗਏ ਹਾਂ। ਇਨ੍ਹਾਂ ਦੀ ਗੱਲ ਬਿਲਕੁਲ ਸਹੀ ਹੈ। ਇਹ ਜਿਹੜਾ ਬਿਲ ਆ ਰਿਹਾ ਹੈ, ਇਸ ਦਾ ਕੋਈ ਮਾਪਦੰਡ ਨਹੀਂ। This is totally a business house system. ਮੈਂ ਇਸ ਦੀ ਉਦਾਹਰਣ ਦੇ ਦਿੰਦਾ ਹਾਂ। ਤੁਸੀਂ ਦੇਖੋ, ਪਹਿਲਾਂ ਜਲੰਧਰ ਵਿੱਚ ਲਵਲੀ ਯੂਨੀਵਰਸਿਟੀ ਖੁੱਲ੍ਹੀ। ਪਹਿਲਾਂ ਤਾਂ ਉਹ ਮਠਿਆਈਆਂ ਦੀ ਦੁਕਾਨ ਕਰਦੇ ਸੀ। ਫਿਰ ਉਨ੍ਹਾਂ ਨੇ ਕਾਰਾਂ ਦੀ ਏਜੰਸੀ ਲੈ ਲਈ। ਹੁਣ ਉਨ੍ਹਾਂ ਨੇ ਲਵਲੀ ਯੂਨੀਵਰਸਿਟੀ ਬਣਾ ਕੇ ਸ਼ਹਿਰ ਦਾ ਤਿੰਨ-ਚਾਰ ਸੌ ਕਿੱਲਾ ਨਾਲ ਹੀ ਲੈ ਲਿਆ।

**ਇੱਕ ਅਵਾਜ਼ :** 600 ਕਿੱਲਾ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** 600 ਕਿੱਲਾ ਲੈ ਲਿਆ। ਮਤਲਬ ਜਿਵੇਂ ਇਨ੍ਹਾਂ ਨੇ ਦੱਸਿਆ ਹੈ, ਕੋਈ ਰੈਗੂਲੇਟਰੀ ਅਥਾਰਿਟੀ ਹੋਣੀ ਚਾਹੀਦੀ ਹੈ, ਜਿਹੜੀ ਪਹਿਲਾਂ ਉਸ ਚੀਜ਼ ਨੂੰ ਐਨਾਲਾਈਜ਼ ਕਰੇ ਕਿ what is the need. ਸਪੀਕਰ ਸਾਹਿਬ, ਤੁਸੀਂ ਦੇਖੋ, ਸਾਡੇ ਇੱਥੇ ਐਜੂਕੇਸ਼ਨ ਦਾ ਮਿਆਰ ਕਿਸ ਲੈਵਲ ਦਾ ਹੈ। ਡਿਗਰੀਆਂ ਲੈ ਕੇ you go to Oxford university, nobody will listen to you over there. Nobody will give you admission and ਜਿਹੜੇ ਵੀ ਤੁਹਾਡੇ ਡਾਕਟਰਜ਼ ਨੇ ਜਾਣਾ ਹੈ ਜਾਂ ਨਰਸਿਜ਼ ਨੇ ਜਾਣਾ ਹੈ, you have to go and take your education over there. ਸੈਕੰਡਲੀ, ਪਿੱਛੇ ਜਿਹੇ ਬਠਿੰਡੇ ਵਾਸਤੇ ਇਨ੍ਹਾਂ ਨੇ ਆਦੇਸ਼ ਯੂਨੀਵਰਸਿਟੀ ਦਾ ਬਿਲ ਪਾਸ ਕੀਤਾ। ਉਹ ਇਨ੍ਹਾਂ ਨੇ ਬਣਾ ਦਿੱਤੀ। ਉਥੇ ਮੈਡੀਕਲ ਦੀਆਂ ਸੀਟਾਂ ਆ ਗਈਆਂ। ਉਨ੍ਹਾਂ ਨੇ ਇਸ ਦਾ 20-20, 40-40 ਲੱਖ ਰੁਪਿਆ ਮੰਗ ਲਿਆ। ਫਿਰ ਸਰਕਾਰ ਨੇ ਰੋਕ ਲਗਾ ਦਿੱਤੀ ਕਿ ਇਹ ਗਲਤ ਹੈ। ਉਹ ਫਿਰ

ਹਾਈ ਕੋਰਟ ਵਿੱਚ ਗਏ ਕਿ ਅਸੀਂ ਇੰਨੇ ਪੈਸੇ ਲਗਾ ਦਿੱਤੇ ਹਨ। ਹੁਣ ਸਾਨੂੰ ਕੀ ਪਤਾ ਕਿ ਉਹ ਪੈਸੇ ਸਰਕਾਰ ਨੂੰ ਦੇ ਰਹੇ ਹਨ ਜਾਂ ਹੋਰ ਕਿਤੇ ਲਗਾ ਰਹੇ ਹਨ। ਇੰਨੇ ਇੰਨੇ ਪੈਸੇ ਗਰੀਬ ਬੰਦੇ ਲਈ ਦੇਣੇ ਕੋਈ ਸੌਖੇ ਹਨ?

ਤੁਸੀਂ ਸਕੂਲਾਂ ਦਾ ਸਿਸਟਮ ਦੇਖੋ। ਅਰਬਾਂ ਰੁਪਿਆ ਸੈਂਟਰ ਸਰਕਾਰ ਲਗਾ ਰਹੀ ਹੈ, ਆਪਣੀ ਸਰਕਾਰ ਲਗਾ ਰਹੀ ਹੈ। ਜਿਹੜੇ ਸਾਡੇ ਸਰਕਾਰੀ ਸਕੂਲ ਹਨ, ਉਹ ਕਿੱਥੇ ਖੜ੍ਹੇ ਹਨ? ਸਪੀਕਰ ਸਾਹਿਬ, ਸਾਡੇ ਵੇਲੇ ਜਿਹੜੀ ਸਰਕਾਰੀ ਸਕੂਲਾਂ ਦੀ ਐਜੂਕੇਸ਼ਨ ਸੀ, ਮੈਂ ਆਈ.ਏ.ਐਸ. ਅਤੇ ਆਈ.ਪੀ.ਐਸ. ਬਣੇ ਦਿਖਾ ਸਕਦਾ ਹਾਂ ਪਰ ਹੁਣ ਸਰਕਾਰੀ ਸਕੂਲਾਂ ਦੀ ਪੜ੍ਹਾਈ ਦਾ ਜੋ ਹਾਲ ਹੈ, ਦਿਖਾ ਦਿਓ ਜਿਹੜਾ ਬੱਚਾ ਉਥੋਂ ਦਸਵੀਂ ਪੜ੍ਹਿਆ ਹੋਵੇ ਤੇ ਉਸ ਨੂੰ ਮਾੜੀ-ਮੋਟੀ ਅੰਗਰੇਜ਼ੀ ਦੀ ਏ.ਬੀ.ਸੀ. ਆ ਜਾਵੇ, ਹਿੰਦੀ ਆ ਜਾਵੇ ਜਾਂ ਪੰਜਾਬੀ ਦੀ ਪਰਾਪਰ ਗਰਾਮਰ ਆ ਜਾਵੇ। ਇਸੇ ਤਰ੍ਹਾਂ ਇਹ ਜਿਹੜੇ ਕੋਈ ਵੀ ਬਿਲ ਆਉਂਦੇ ਹਨ, ਕਿਸੇ ਯੂਨੀਵਰਸਿਟੀ ਵਾਸਤੇ ਆਉਂਦੇ ਹਨ, ਇਨ੍ਹਾਂ ਵਾਸਤੇ ਇੱਕ ਪਰਾਪਰ ਚੈਨਲ ਬਿਲਕੁਲ ਹੋਣਾ ਚਾਹੀਦਾ ਹੈ ਪਰ ਤੁਸੀਂ ਐਵੇਂ ਚੁੱਕ ਕੇ ਹਰ ਇੱਕ ਨੂੰ ਯੂਨੀਵਰਸਿਟੀ ਦਾ ਦਰਜਾ ਦੇਈ ਜਾਂਦੇ ਹੋ। ਇਸ ਨਾਲ ਸਾਡਾ ਸਿਸਟਮ ਬਿਲਕੁਲ ਥੱਲੇ ਜਾ ਰਿਹਾ ਹੈ। ਯੂ.ਜੀ.ਸੀ. ਵਾਲੀ ਗੱਲ ਵਿੱਚ ਆ ਗਈ ਹੈ। Do not go into this.

**ਮਾਨਯੋਗ ਸਪੀਕਰ :** ਹਾਂ ਜੀ, ਟੀਨੂੰ ਜੀ।

**Sardar Ajit Inder Singh Mofar :** We are certainly with the Govt., we are with the House, provided you should make ensure ਕਿ ਇਸ ਵਿੱਚ ਪੈਸਾ ਨਾ ਬਣਾਇਆ ਜਾਵੇ। ਸਰਦਾਰ ਤੋਤਾ ਸਿੰਘ ਜੀ ਬੈਠੇ ਹਨ, ਇਹ ਬਹੁਤ ਵਧੀਆ ਕੰਮ ਚਲਾ ਰਹੇ ਹਨ। ਮੈਂ ਐਪਰੀਸ਼ੀਏਟ ਕਰਦਾ ਹਾਂ। ਥੋੜ੍ਹਾ ਜਿਹਾ ਇਨ੍ਹਾਂ ਨੂੰ ਪੁੱਛ ਲਿਆ ਕਰੋ ਕਿਉਂਕਿ ਸਾਨੂੰ ਪਤਾ ਹੈ, ਇਨ੍ਹਾਂ ਨੇ ਵੀ ਕਾਲਜ ਖੋਲ੍ਹਿਆ ਹੋਇਆ ਹੈ। (ਵਿਘਨ).... (ਹਾਸਾ)..... We should be serious for any bill.

**ਮਾਨਯੋਗ ਸਪੀਕਰ :** ** ** ਸਟੂਡੈਂਟਸ ਬਾਰੇ ਜੋ ਕਿਹਾ ਗਿਆ ਹੈ, ਉਹ ਐਕਸਪੰਜ ਕਰ ਦੇਣਾ।

**ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਤੋਤਾ ਸਿੰਘ) :** ਮੈਂ ਨਹੀਂ ਕੁਝ ਬਣਾਇਆ।....(ਵਿਘਨ).... (ਹਾਸਾ).....

---

**Expunged as ordered by the Chair.

**ਮਾਨਯੋਗ ਸਪੀਕਰ :** ਜਥੇਦਾਰ ਜੀ, please listen. You are most senior person. ਕਮ-ਜ਼-ਕਮ ਤੁਸੀਂ ਤਾਂ ਚੇਅਰ ਦਾ ਖਿਆਲ ਰੱਖੋ। When I am in the Chair, ਤੁਸੀਂ ਪੁੱਛ ਕੇ ਬੋਲੋ। ਤੁਸੀਂ ਸਿੱਧਾ ਹੀ ਬੋਲਣਾ ਸ਼ੁਰੂ ਕਰ ਦਿੰਦੇ ਹੋ।

**ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ :** ਜੇ ਇਹ ਮੇਰੇ ਤੇ ਦੋਸ਼ ਲਗਾਉਣਗੇ ਤਾਂ ਕੀ ਮੈਨੂੰ ਦੁੱਖ ਨਹੀਂ ਲੱਗੇਗਾ?

**ਮਾਨਯੋਗ ਸਪੀਕਰ :** ਮੈਨੂੰ ਪੁੱਛ ਲਵੋ, ਮੈਂ ਤੁਹਾਨੂੰ ਅਲਾਓ ਕਰਾਂਗਾ। ਪਹਿਲਾਂ ਮੈਨੂੰ ਪੁੱਛਦੇ, ਫੇਰ ਮੈਂ ਤੁਹਾਨੂੰ ਕਹਿਣਾ ਸੀ ...(ਵਿਘਨ).... please listen.

**ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮੈਂ ਬੋਲਣਾ ਚਾਹੁੰਦਾ ਹਾਂ। .....(ਵਿਘਨ)..... ਸਿੱਧੂ ਸਾਹਿਬ, ਸੀਰੀਅਸ ਹੋ ਜਾਵੋ। ਜਾਖੜ ਸਾਹਿਬ, ਦੇਖੋ ਇਸ ਵਿੱਚ ਕੋਈ ਦੋ ਰਾਵਾਂ ਨਹੀਂ। ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਾਊਸ ਵਿੱਚ ਆਪਾਂ ਕਿਸੇ ਨੂੰ ਗੁੰਮਰਾਹ ਨਾ ਕਰੀਏ। ਮੈਂ ਇਸ ਗੱਲ ਦਾ ਹਾਮੀ ਸੀ। ਮੈਂ ਐਜੂਕੇਸ਼ਨ ਮਨਿਸਟਰ ਸੀ। ਮੈਂ ਸਾਊਥ ਵਿੱਚ ਦੇਖ ਕੇ ਆਇਆ ਸੀ। ਸਾਡੇ ਬੱਚੇ ਪੰਜ-ਪੰਜ ਹਜ਼ਾਰ ਕਿਲੋਮੀਟਰ ਤੈਅ ਕਰਕੇ ਸਾਊਥ ਵਿੱਚ ਜਾਂਦੇ ਸੀ ਅਤੇ ਬੜਾ ਦੁੱਖ ਭੋਗਦੇ ਸੀ। ਮੈਂ ਮੁੱਖ ਮੰਤਰੀ ਨਾਲ ਗੱਲ ਕੀਤੀ ਕਿ ਜੇ ਸਾਊਥ ਵਿੱਚ ਸੁਸਾਇਟੀਆਂ ਬਣਾ ਕੇ ਲੋਕ ਕਾਲਜ ਖੋਲ੍ਹ ਸਕਦੇ ਹਨ ਤਾਂ ਆਪਾਂ ਇਥੇ ਇੰਜੀਨੀਅਰਿੰਗ ਕਾਲਜ ਅਤੇ ਮੈਡੀਕਲ ਕਾਲਜ ਕਿਉਂ ਨਹੀਂ ਖੋਲ੍ਹ ਸਕਦੇ। ਸਾਡੇ ਬੱਚੇ ਸਾਊਥ ਵਿੱਚ ਜਾਂਦੇ ਹਨ ਅਤੇ ਮਾਂ-ਪਿਓ ਬੜਾ ਦੁੱਖ ਭੋਗਦੇ ਹਨ। ਉਹ ਡੋਨੇਸ਼ਨਾਂ ਦਿੰਦੇ ਹਨ। ਅਸੀਂ ਇਥੇ ਨੋ ਆਬਜੈਕਸ਼ਨ ਸਰਟੀਫਿਕੇਟ ਦੇਣ ਦਾ ਫੈਸਲਾ ਲਿਆ। ਮੇਰੇ ਕੋਲ ਮਹਿਕਮਾ ਨਹੀਂ ਸੀ, ਮੇਰੇ ਕੋਲ ਸਕੂਲ ਸਨ ਪਰ ਮੈਂ ਧੰਨਵਾਦੀ ਹਾਂ ਸਰਦਾਰ ਪਰਕਾਸ਼ ਸਿੰਘ ਬਾਦਲ ਦਾ, ਜਿਨ੍ਹਾਂ ਨੇ ਦਾਸ ਦਾ ਵਧੀਆ ਸੁਝਾਅ ਮੰਨ ਕੇ ਫੈਸਲਾ ਲਿਆ। ਅੱਜ ਸਾਡੇ ਮੋਗਾ ਜ਼ਿਲ੍ਹੇ ਦੇ ਲੋਕਾਂ ਦੇ 14-15 ਕਾਲਜ ਹਨ। ਪੰਜਾਬ ਵਿੱਚ ਰੀਸੋ-ਰੀਸ ਹੋਰ ਵੀ ਬਹੁਤ ਸਾਰੇ ਕਾਲਜ ਖੁੱਲ੍ਹੇ। ਮੈਂ ਕਈਆਂ ਨੂੰ ਸਹਿਯੋਗ ਵੀ ਦਿੱਤਾ ਪਰ ਮੈਂ ਰੱਬ ਨੂੰ ਜਾਨ ਦੇਣੀ ਚਾਹੁੰਦਾ ਹਾਂ, ਜੇ ਇਕ ਪਰਸੈਂਟ ਵੀ ਮੇਰਾ ਕਿਸੇ ਵਿਚ ਹਿੱਸਾ ਹੋਵੇ। ਨੋ ਆਬਜੈਕਸ਼ਨ ਸਰਟੀਫਿਕੇਟ ਦਿਵਾਉਣ ਵਿੱਚ

ਸਾਰਿਆਂ ਦੀ ਇਮਾਨਦਾਰੀ ਨਾਲ ਮਦਦ ਕੀਤੀ ਹੈ। ਅਸੀਂ ਕੋਈ ਮਾੜਾ ਕੰਮ ਨਹੀਂ ਕੀਤਾ। (ਥੰਪਿੰਗ)

**ਮਾਨਯੋਗ ਸਪੀਕਰ :** ਹਾਂ ਜੀ, ਟੀਨੂੰ ਜੀ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ./ਬੀ.ਸੀ. ਦੀ ਭਲਾਈ (ਸ਼੍ਰੀ ਪਵਨ ਕੁਮਾਰ ਟੀਨੂੰ) :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਰਿਆਤ-ਬਾਹਰਾ ਯੂਨੀਵਰਸਿਟੀ ਬਿਲ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਪਹਿਲਾਂ ਵੀ ਪਿਛਲੇ ਸੈਸ਼ਨ ਵਿੱਚ ਇਸੇ ਤਰ੍ਹਾਂ ਯੂਨੀਵਰਸਿਟੀਆਂ ਦਾ ਬਿਲ ਆਇਆ ਸੀ ਤੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਬੋਲਣ ਦਾ ਮੌਕਾ ਮਿਲਿਆ ਸੀ। ਜਿਹੜੀ ਗੱਲ ਆਨਰੇਬਲ ਕਾਲੀਆ ਜੀ ਨੇ ਕੀਤੀ ਹੈ, ਮੈਂ ਆਪਣੀ ਗੱਲ ਉਸ ਦੇ ਉਤੇ ਹੀ ਕੇਂਦਰਿਤ ਕਰਾਂਗਾ। ਕੋਈ ਟਾਈਮ ਸੀ ਕਿ ਪੰਜਾਬ ਦੇ ਸਰਕਾਰੀ ਕਾਲਜਾਂ ਵਿਚ ਜਾਂ ਪੰਜਾਬ ਯੂਨੀਵਰਸਿਟੀ ਜਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਜਾਂ ਪੰਜਾਬੀ ਯੂਨੀਵਰਸਿਟੀ ਵਿੱਚ ਪੜ੍ਹੇ ਜਿਹੜੇ ਲੋਕ ਸਨ ਉਹ ਪੰਜਾਬ ਵਿਚ ਹੀ ਨਹੀਂ ਬਲਕਿ ਦੇਸ਼ਾਂ-ਵਿਦੇਸ਼ਾਂ ਵਿੱਚ ਵੀ ਜਾ ਕੇ ਕਾਮਯਾਬ ਹੁੰਦੇ ਸਨ। ਇਨ੍ਹਾਂ ਯੂਨੀਵਰਸਿਟੀਆਂ ਦਾ ਨਾਂ ਸੀ ਅਤੇ ਅੱਜ ਵੀ ਇਨ੍ਹਾਂ ਯੂਨੀਵਰਸਿਟੀਆਂ ਦਾ ਨਾਂ ਚਲਦਾ ਹੈ। ਪ੍ਰਾਈਵੇਟ ਯੂਨੀਵਰਸਿਟੀਆਂ ਆ ਗਈਆਂ, ਇਹ ਠੀਕ ਹੈ ਕਿ ਪੜ੍ਹਾਈ ਦੀ ਹਰ ਪਰਿਵਾਰ ਨੂੰ ਲੋੜ ਹੈ, ਹਰ ਇਕ ਬੱਚੇ ਨੂੰ ਪੜ੍ਹਨਾ ਲਿਖਣਾ ਚਾਹੀਦਾ ਹੈ। ਅੱਜ ਕੱਲ੍ਹ ਹਾਇਰ ਐਜੂਕੇਸ਼ਨ ਦਾ ਜ਼ਮਾਨਾ ਹੈ। ਸਪੀਕਰ ਸਾਹਿਬ, ਕੰਪੀਟੀਸ਼ਨ ਦਾ ਜ਼ਮਾਨਾ ਹੈ। ਇਹ ਯੂਨੀਵਰਸਿਟੀਆਂ ਬਣਨੀਆਂ ਚਾਹੀਦੀਆਂ ਹਨ ਤਾਂ ਕਿ ਹਰ ਬੱਚੇ ਨੂੰ ਐਡਮਿਸ਼ਨ ਮਿਲ ਸਕੇ ਅਤੇ ਯੂਨੀਵਰਸਿਟੀ ਵਿੱਚ ਜਾਣ ਦਾ ਮੌਕਾ ਮਿਲੇ। ਇਸ ਲਈ ਇਹ ਹੋਣੀਆਂ ਚਾਹੀਦੀਆਂ ਹਨ ਲੇਕਿਨ ਮਾਨਯੋਗ ਸਪੀਕਰ ਸਾਹਿਬ, ਯੂਨੀਵਰਸਿਟੀਆਂ ਇਹੋ ਜਿਹੀਆਂ ਨਾ ਬਣਨ ਜਿਹੜੀਆਂ ਲੋਕਾਂ ਦੀਆਂ ਜੇਬਾਂ ਉੱਤੇ, ਉਨ੍ਹਾਂ ਦੇ ਘਰਾਂ ਉੱਤੇ ਡਾਕੇ ਮਾਰਨ। ਸਿਰਫ਼ ਬਿਜ਼ਨੈਸ, ਸਿਰਫ ਕਮਰਸ਼ੀਅਲ ਮੋਟਿਵ ਲਈ ਹੀ ਉਹ ਆਪਣੀਆਂ ਯੂਨੀਵਰਸਿਟੀਆਂ ਨਾ ਬਣਾਉਣ। ਇਨ੍ਹਾਂ ਪ੍ਰਾਈਵੇਟ ਯੂਨੀਵਰਸਿਟੀਆਂ ਤੋਂ ਪੜ੍ਹੇ ਬੱਚੇ ਵਿਦੇਸ਼ਾਂ ਦੀ ਤਾਂ ਗੱਲ ਹੀ ਛੱਡ ਦਿਉ, ਉਹ ਕਿਤੇ ਦਿੱਲੀ ਵੀ ਜਾਣ ਜਾਂ ਕਿਤੇ ਐਪੁਆਇੰਟਮੈਂਟ ਹੋਣੀ ਹੋਵੇ, ਰਿਕਰੂਟਮੈਂਟ ਹੋਣੀ ਹੋਵੇ ਤਾਂ ਇੰਟਰਵਿਊ ਵਿਚ ਪੁੱਛਿਆ ਜਾਂਦਾ ਹੈ ਕਿ ਕਿਹੜੀ ਯੂਨੀਵਰਸਿਟੀ ਦਾ ਪੜ੍ਹਿਆ ਹੋਇਆ ਹੈ, ਉਸ ਨੂੰ ਅਗਲਾ ਕੁਐਸਚਨ ਹੀ ਨਹੀਂ ਕਰਦੇ। ਕਹਿੰਦੇ ਹਨ ਕਿ ਤੂੰ ਫਲਾਣੀ

ਯੂਨੀਵਰਸਿਟੀ ਦਾ ਪੜ੍ਹਿਆ ਹੋਇਆ ਹੈ ਇਸ ਲਈ ਤੁਸੀਂ ਜਾ ਸਕਦੇ ਹੋ।

ਸੋ, ਸਪੀਕਰ ਸਾਹਿਬ, ਇਹ ਪ੍ਰਾਈਵੇਟ ਯੂਨੀਵਰਸਿਟੀਆਂ ਐਜੂਕੇਸ਼ਨ ਦੇ ਮਿਆਰ ਪੂਰੇ ਨਹੀਂ ਕਰਦੀਆਂ, ਸਿਰਫ਼ ਕਾਰੋਬਾਰ ਦੀ ਸੋਚ ਨਾਲ ਕਈ ਯੂਨੀਵਰਸਿਟੀਆਂ ਆਈਆਂ ਹਨ। (ਆਪੋਜ਼ੀਸ਼ਨ ਪਾਰਟੀ ਵਲੋਂ ਥੰਪਿੰਗ) ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਪਵਿੱਤਰ ਹਾਊਸ ਵਿਚੋਂ ਇਸ ਬਿਲ ਨੇ ਪਾਸ ਹੋ ਕੇ ਜਾਣਾ ਹੈ, ਇਹ ਸਰਕਾਰ ਦਾ, ਤੁਹਾਡਾ ਸਾਰਿਆਂ ਦਾ, ਆਪਣਾ ਇਹ ਫਰਜ਼ ਬਣਦਾ ਹੈ ਕਿ ਆਪਾਂ ਇਨ੍ਹਾਂ ਯੂਨੀਵਰਸਿਟੀਆਂ ਉੱਤੇ ਚੈੱਕ ਰੱਖੀਏ। ਯੂਨੀਵਰਸਿਟੀਆਂ ਬਣਨ ਪਰੰਤੂ ਇਕ ਤਾਂ ਇਹ ਫੀਸ ਜੈਨੂਅਨ ਲੈਣ, ਚਾਰਜ਼ਿਜ਼ ਜੈਨੂਅਨ ਲੈਣ ਤਾਂ ਕਿ ਕਿਸੇ ਪਰਿਵਾਰ ਦੇ ਉੱਤੇ ਬੋਝ ਨਾ ਪਵੇ। ਇਹੋ ਜਿਹਾ ਪ੍ਰਬੰਧ ਸਰਕਾਰ ਨੂੰ ਕਰਨਾ ਚਾਹੀਦਾ ਹੈ।

ਦੂਜਾ, ਮੈਂ ਤੁਹਾਨੂੰ ਥੋੜ੍ਹੇ ਦਿਨਾਂ ਦੀ ਗੱਲ ਦੱਸਣਾ ਚਾਹੁੰਦਾ ਹਾਂ। ਇਕ ਬੱਚਾ ਯੂਨੀਵਰਸਿਟੀ ਵਿੱਚ ਐਡਮਿਸ਼ਨ ਲੈਣ ਲਈ ਗਿਆ। ਉਸਨੇ ਕਿਹਾ ਕਿ ਸਰਕਾਰ ਸਾਨੂੰ ਫੀਸ ਭੇਜਦੀ ਹੈ, ਮੈਨੂੰ ਐਡਮਿਸ਼ਨ ਦੇ ਦਿੱਤੀ ਜਾਵੇ, ਮੇਰੇ 79% ਨੰਬਰ ਹਨ। ਉਸ ਯੂਨੀਵਰਸਿਟੀ ਦੇ ਪ੍ਰਿੰਸੀਪਲ ਨੇ ਮਾਨਯੋਗ ਬਾਦਲ ਸਾਹਿਬ ਦਾ ਨਾਂ ਲੈ ਕੇ ਕਿਹਾ ਕਿ ਜਾਹ, ਪਹਿਲਾਂ ਉਨ੍ਹਾਂ ਕੋਲੋਂ ਫੀਸ ਲੈ ਕੇ ਆ, ਫਿਰ ਤੈਨੂੰ ਐਡਮਿਸ਼ਨ ਦਿਆਂਗੇ। (ਆਪੋਜ਼ੀਸ਼ਨ ਪਾਰਟੀ ਵਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ)

ਮਾਨਯੋਗ ਸਪੀਕਰ ਸਾਹਿਬ, ਇਹ ਮਾਮਲਾ ਸਾਰੇ ਪੰਜਾਬ ਨਾਲ ਜੁੜਿਆ ਹੋਇਆ ਹੈ। ਗੱਲ ਇਹ ਹੈ ਕਿ ਜੇਕਰ ਬੱਚੇ ਕੋਲ ਫੀਸ ਦੇਣ ਲਈ ਪੈਸੇ ਹੋਣਗੇ ਤਾਂ ਉਸ ਨੂੰ ਸਟਾਈਪੈਂਡ ਜਾਂ ਸਕਾਲਰਸ਼ਿਪ ਦੀ ਕੀ ਲੋੜ ਹੈ? ਬੱਚਿਆਂ ਕੋਲ ਪੈਸੇ ਨਹੀਂ ਪਰੰਤੂ ਜਦੋਂ ਬੱਚੇ ਪ੍ਰਿੰਸੀਪਲ ਨੂੰ ਕਹਿੰਦੇ ਹਨ ਕਿ ਸਾਡੀ ਫੀਸ ਬਾਅਦ ਵਿੱਚ ਆਉਣੀ ਹੈ, ਸਰਕਾਰ ਨੇ ਸਾਡੇ ਅਕਾਊਂਟ ਵਿੱਚ ਭੇਜਣੀ ਹੈ, ਉਦੋਂ ਅਸੀਂ ਤੁਹਾਨੂੰ ਦੇ ਦਿਆਂਗੇ ਤਾਂ ਉਹ ਮੈਨੇਜਮੈਂਟਾਂ, ਯੂਨੀਵਰਸਿਟੀਆਂ ਇਸ ਵਾਸਤੇ ਮੰਨਦੀਆਂ ਨਹੀਂ ਹਨ ਕਿਉਂਕਿ ਉਨ੍ਹਾਂ ਦਾ ਮੋਟਿਵ ਕਮਰਸ਼ੀਅਲ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਯੂਨੀਵਰਸਿਟੀਆਂ ਨੂੰ ਬਣਾਉ, ਪ੍ਰਵਾਨਗੀ ਦਿਉ ਤਾਂ ਕਿ ਬੱਚੇ ਪੜ੍ਹਨ ਲੇਕਿਨ ਕੋਈ ਐਸੀ ਹਾਈ ਪਾਵਰਡ ਕਮੇਟੀ ਵੀ ਨਾਲ ਬਣਾਉ ਜਿਹੜੀ ਇਹ ਐਨਸ਼ਿਓਰ ਕਰੇ ਕਿ ਇਹ ਯੂਨੀਵਰਸਿਟੀਆਂ ਐਜੂਕੇਸ਼ਨ ਨਾਲ ਖਿਲਵਾੜ ਨਾ ਕਰਨ ਅਤੇ ਖਾਸ ਕਰਕੇ ਰਿਕਰੂਟਮੈਂਟ ਵੇਲੇ ਰਿਜਰਵੇਸ਼ਨ ਪਾਲਿਸੀ ਨੂੰ ਵੀ ਮੇਨਟੇਨ ਰੱਖਣ ਤਾਂ ਕਿ ਲੋਕਾਂ

ਨੂੰ ਜਾਬ ਵੀ ਮਿਲੇ।

ਤੀਜਾ, 12 ਨੰ: ਤੇ ਲਿਖਿਆ ਹੈ ਕਿ ਸਮਾਜ ਵਿੱਚ ਵਿਦਿਅਕ ਤੌਰ ਤੇ ਪੱਛੜੀਆਂ ਸ਼੍ਰੇਣੀਆਂ ਵਾਸਤੇ ਸਿੱਖਿਆ ਸਹੂਲਤਾਂ ਨੂੰ ਵਧਾਉਣ ਲਈ ਵਿਸ਼ੇਸ਼ ਉਪਾਅ ਕੀਤੇ ਜਾਣਗੇ। ਜਦੋਂ ਕੋਈ ਯੂਨੀਵਰਸਿਟੀ ਪਾਸ ਹੁੰਦੀ ਹੈ ਤਾਂ ਅਜਿਹੀਆਂ ਸ਼ਰਤਾਂ ਸਾਰੇ ਹੀ ਲਿਖ ਦਿੰਦੇ ਹਨ ਕਿ ਅਸੀਂ ਇਹ ਪ੍ਰੋਵੀਜ਼ਨ ਕਰਾਂਗੇ, ਫਲਾਣੀ ਕਰਾਂਗੇ ਲੇਕਿਨ ਅਸਲੀਅਤ ਵਿੱਚ ਇਨ੍ਹਾਂ ਨੂੰ ਕੋਈ ਵੀ ਪ੍ਰਾਈਵੇਟ ਯੂਨੀਵਰਸਿਟੀ ਫਾਲੋ ਨਹੀਂ ਕਰਦੀ। ਇਸ ਕਰਕੇ ਇੱਕ ਹਾਈ ਪਾਵਰਡ ਕਮੇਟੀ ਬਣੇ ਜਿਹੜੀ ਇਨ੍ਹਾਂ ਤੇ ਚੈੱਕ ਰੱਖੇ ਕਿ ਇਹ ਇਨ੍ਹਾਂ ਸ਼ਰਤਾਂ ਨੂੰ ਪੂਰੀਆਂ ਕਰ ਰਹੇ ਹਨ ਕਿ ਨਹੀਂ। ਅੱਗੇ ਲਿਖਿਆ ਹੈ ਸਪੋਰਟਸ, ਫੌਜ ਅਤੇ ਕਲਾ ਪ੍ਰਫੁੱਲਤ ਕਰਨਾ। ਕਹਿੰਦੇ ਹਨ ਕਿ ਅਸੀਂ ਇਹ ਸਭ ਕਰਾਂਗੇ ਲੇਕਿਨ ਕੋਈ ਪ੍ਰਾਈਵੇਟ ਯੂਨੀਵਰਸਿਟੀ ਖੇਡਾਂ ਵੱਲ ਧਿਆਨ ਨਹੀਂ ਦਿੰਦੀ। ਜੇਕਰ ਅਜਿਹਾ ਹੈ ਤਾਂ ਮੈਨੂੰ ਦੱਸ ਦਿਓ ਕਿ ਇੰਡੀਆ ਲੈਵਲ ਦਾ ਕੋਈ ਤਕੜਾ ਪਲੇਅਰ ਜਾਂ ਇੰਟਰਨੈਸ਼ਨਲ ਲੈਵਲ ਦਾ ਖਿਡਾਰੀ ਇਨ੍ਹਾਂ ਪ੍ਰਾਈਵੇਟ ਯੂਨੀਵਰਸਿਟੀਆਂ ਨੇ ਪੈਦਾ ਕੀਤਾ ਹੋਵੇ ਬਲਕਿ ਇਹ ਖੇਡਾਂ ਦੇ ਫੰਡ ਨੂੰ ਸਿਰਫ਼ ਪ੍ਰਾਫਿਟ ਮੇਕਿੰਗ ਵਾਸਤੇ ਵਰਤਦੇ ਹਨ। ਖੇਡਾਂ ਦਾ ਫੰਡ ਖੇਡਾਂ ਵੱਲ ਖਰਚ ਹੀ ਨਹੀਂ ਕਰਦੇ। ਇਸ ਕਰਕੇ ਸਪੋਰਟਸ ਨੂੰ ਦੇਖਣ ਲਈ, ਰਿਕਰੂਟਮੈਂਟਸ ਨੂੰ ਦੇਖਣ ਲਈ, ਐਜੂਕੇਸ਼ਨ ਦਾ ਮਿਆਰ ਦੇਖਣ ਲਈ ਸਰਕਾਰ ਵੱਲੋਂ ਇੱਕ ਕਮੇਟੀ ਬਣਾਉਣੀ ਚਾਹੀਦੀ ਹੈ ਅਤੇ ਆਨਰੇਬਲ ਮੈਂਬਰ ਉਸ ਵਿੱਚ ਹੋਣੇ ਚਾਹੀਦੇ ਹਨ ਤਾਂ ਕਿ ਇਹ ਪ੍ਰਾਈਵੇਟ ਯੂਨੀਵਰਸਿਟੀਆਂ ਬੱਚਿਆਂ ਨੂੰ ਸਹੀ ਸੇਧ ਦੇ ਸਕਣ।

**Mr. Speaker :** Thank you.

**Parliamentary Affiars Minister (Shri Madan Mohan Mittal) :** Speaker Sahib, the matter relates to the technical education. ਸਾਰਿਆਂ ਨੇ ਉੱਠ ਕੇ ਕਹਿ ਦਿੱਤਾ ਕਿ ਪ੍ਰਾਈਵੇਟ ਯੂਨੀਵਰਸਿਟੀ ਨਾ ਬਣਾਓ, ਉਥੇ ਘਪਲੇ ਹੁੰਦੇ ਹਨ, ਐਸ.ਸੀਜ਼. ਨੂੰ ਮੌਕਾ ਨਹੀਂ ਮਿਲਦਾ, ਬੱਚਿਆਂ ਦੀ ਪੜ੍ਹਾਈ ਨਹੀਂ ਹੁੰਦੀ ਅਤੇ ਪ੍ਰਾਈਵੇਟ ਯੂਨੀਵਰਸਿਟੀ ਦਾ ਸਰਟੀਫਿਕੇਟ ਦੇਖ ਕੇ ਬੱਚੇ ਨੂੰ ਇੰਟਰਵਿਊ ਵਿਚੋਂ ਬਾਹਰ ਕੱਢ ਦਿੰਦੇ ਹਨ। ਇਹ ਸਾਰੀਆਂ ਚੀਜ਼ਾਂ ਅਸੀਂ without any record and without any basis ਤੋਂ ਕਰ ਰਹੇ ਹਾਂ। ਇੱਕ ਯੂਨੀਵਰਸਿਟੀ ਦਾ ਬਿਲ ਆਇਆ ਹੈ, ਇਸ ਕਰਕੇ ਜੋ ਵੀ ਆਇਆ, ਕਹਿ ਦਿੱਤਾ। I thank those people ਜਿਨ੍ਹਾਂ ਨੇ ਵਿਦੇਸ਼ ਤੋਂ

[ Parliamentary Affairs Minister ]

ਆ ਕੇ ਆਪਣਾ ਪੈਸਾ ਲਗਾ ਕੇ, ਆਪਣੀਆਂ ਜ਼ਮੀਨਾਂ ਵੇਚ ਕੇ, ਇੰਨੀ ਵੱਡੀ ਅਮਾਊਂਟ ਖਰਚ ਕਰਕੇ, ਇੰਨੀਆਂ ਵੱਡੀਆਂ ਬਿਲਡਿੰਗਾਂ ਬਣਾ ਕੇ ਅਤੇ ਇਨਫ੍ਰਾਸਟ੍ਰਕਚਰ ਦੇ ਕੇ ਬੱਚਿਆਂ ਨੂੰ ਐਜੂਕੇਸ਼ਨ ਦੇਣ ਲਈ.....(ਮੁੱਖ ਸੰਸਦੀ ਸਕੱਤਰ, ਖੇਡਾਂ ਅਤੇ ਯੁਵਕ ਸੇਵਾਵਾਂ ਵੱਲੋਂ ਵਿਘਨ) You are not the only man to speak. ਇਹ ਜ਼ਰੂਰੀ ਨਹੀਂ ਕਿ ਹਰ ਵਾਰ ਵਿਰੋਧ ਕਰਨ ਲਈ ਹੀ ਖੜ੍ਹਾ ਹੋਣਾ ਹੈ। ਪਹਿਲਾਂ ਦੱਸਿਆ ਕਰੋ, ਜੇਕਰ ਕੋਈ ਤਕਲੀਫ਼ ਹੈ। (ਵਿਘਨ, ਸ਼ੋਰ) Please listen. ਇਹ ਸਾਡਾ ਘਰੇਲੂ ਮਾਮਲਾ ਹੈ, not your indulgence, (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਤੁਹਾਡੀ ਇੰਡਲਜੈਂਸ ਦੀ ਲੋੜ ਨਹੀਂ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸ਼੍ਰੀ ਤਰਲੋਚਨ ਸਿੰਘ ਆਪਣੀ ਸੀਟ ਤੇ ਖੜ੍ਹੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**Mr. Speaker :** Please sit down.*(interruptions)*

**ਸੰਸਦੀ ਮਾਮਲੇ ਮੰਤਰੀ :** ਤੁਸੀਂ ਵੀ ਇੱਧਰ ਆ ਜਾਓ, I know better than you.

**Mr. Speaker :** Please sit down. ਮਨਿਸਟਰ ਸਾਹਿਬ ਬੋਲ ਰਹੇ ਹਨ। (ਵਿਘਨ, ਸ਼ੋਰ) ਤੁਹਾਨੂੰ ਮੌਕਾ ਦਿੱਤਾ ਸੀ, now please sit down. *(interruptions)*

**ਸੰਸਦੀ ਮਾਮਲੇ ਮੰਤਰੀ :** ਤੁਸੀਂ ਹੁਣ ਦੂਜੇ ਦੀ ਗੱਲ ਵੀ ਸੁਣੋ। ਪਤਾ ਨਹੀਂ ਕਿਹੜੀਆਂ ਜੱਜਮੈਂਟਸ ਕੋਟ ਕਰ ਦਿੱਤੀਆਂ। Let me say, ਅਗਰ ਮੈਂ ਗਲਤ ਬੋਲਾਂਗਾ then you stand up. If I say anything off the record, wrongly from the record then you speak, otherwise please keep quite and listen to what I want to speak. ਸਰ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਇੰਨੀ ਵੱਡੀ ਰੈਵੋਲਿਊਸ਼ਨ ਆਈ ਹੈ। ਪਹਿਲਾਂ ਸਾਡੇ ਬੱਚੇ ਸਾਊਥ ਵਿੱਚ ਪੜ੍ਹਨ ਜਾਂਦੇ ਸਨ। ਮੈਂ ਉਥੇ ਦੇਖ ਕੇ ਆਇਆ ਹਾਂ ਕਿ ਜਿਹੜੇ ਰਹਿਣ ਵਾਸਤੇ ਕਮਰੇ ਸੀ, 10-10, 20-20 ਬੱਚੇ ਇੱਕ ਕਮਰੇ ਵਿੱਚ ਰਹਿੰਦੇ ਸਨ। ਰਹਿਣ ਦਾ ਕੋਈ ਪਰਾਪਰ ਅਰੇਂਜਮੈਂਟ ਨਹੀਂ ਸੀ ਅਤੇ ਨਾ ਹੀ ਕਾਲਜ ਦੀ ਬਿਲਡਿੰਗ ਸੀ। ਇੱਥੇ ਬਕਾਇਦਾ ਬਿਲਡਿੰਗਾਂ ਬਣੀਆਂ ਹਨ, ਰਹਿਣ ਵਾਸਤੇ .....(ਵਿਘਨ)

**Mr. Speaker :** Please don't disturb. Randhawa ji, please. (interruptions)

**ਸੰਸਦੀ ਮਾਮਲੇ ਮੰਤਰੀ :** ਤੁਹਾਨੂੰ ਕੀ ਤਕਲੀਫ਼ ਹੈ? ਕੀ ਮੈਂ ਨਾ ਬੋਲਾਂ? ਜਾਖੜ ਸਾਹਿਬ, ਆਪਣੇ ਮੈਂਬਰਾਂ ਨੂੰ ਸੁਣਨ ਦੀ ਆਦਤ ਪਾਓ। ਅਸੀਂ ਤੁਹਾਡੀਆਂ ਸਾਰੀਆਂ ਗੱਲਾਂ ਸੁਣਦੇ ਹਾਂ ਪਰ ਤੁਹਾਡੇ ਮਨ ਵਿੱਚ ਜੋ ਆਉਂਦਾ ਹੈ, ਬੋਲੀ ਜਾਂਦੇ ਹੋ। (ਵਿਘਨ, ਸ਼ੋਰ) ਉਹ ਦੁਬਾਰਾ ਬਿਲਕੁਲ ਨਹੀਂ ਬੋਲਿਆ। ਸਾਡਾ ਮੈਂਬਰ ਬਿਲਕੁਲ ਡਸਿਪਲਨ ਵਿੱਚ ਹੈ, ਕੋਈ ਨਹੀਂ ਬੋਲਦਾ। ਉਹ ਬਿਲਕੁਲ ਡਸਿਪਲਨ ਵਿੱਚ ਹੈ, ਕੋਈ ਨਹੀਂ ਬੋਲਿਆ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ :** ਮੈਂ ਤਾਂ ਡਸਿਪਲਨ ਵਿੱਚ ਹਾਂ ਪਰ ਮੰਤਰੀ ਸਾਹਿਬ, ਤੁਸੀਂ ਆਪਣਾ ਐਟੀਟਿਊਡ ਵੀ ਠੀਕ ਕਰੋ।(ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ)(ਵਿਘਨ, ਸ਼ੋਰ)

**ਸੰਸਦੀ ਮਾਮਲੇ ਮੰਤਰੀ :** ਬਸ ਖੁਸ਼ ਹੋ ਗਏ। You are happy now?

**Mr. Speaker :** Please address the Chair. (interruptions) Please listen.

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਨ੍ਹਾਂ ਲੋਕਾਂ ਨੇ ਕਾਲਜ਼ਿਜ਼ ਖੋਲ੍ਹੇ, ਇਥੇ ਆ ਕੇ ਐਸਟੈਬਲਿਸ਼ਮੈਂਟ ਕੀਤੀ, ਸਰਕਾਰ ਕੋਲ ਇੰਨਾ ਪੈਸਾ ਨਹੀਂ ਸੀ ਕਿ ਉਹ ਆਈ.ਟੀ. ਸੈਕਟਰ ਦੇ ਇੰਨੇ ਵੱਡੇ ਵੱਡੇ ਕਾਲਜ ਖੋਲ੍ਹ ਕੇ ਬੱਚਿਆਂ ਨੂੰ ਇਹ ਸਿੱਖਿਆ ਪ੍ਰੋਵਾਈਡ ਕਰਵਾ ਸਕੱਦੀ। ਮੈਂ ਜਾਣਦਾ ਹਾਂ ਕਿ ਪਿੰਡਾਂ ਵਿਚੋਂ ਬਹੁਤ ਸਾਰੇ ਅਜਿਹੇ ਲੋਕਾਂ ਨੂੰ ਸਿੱਖਿਆ ਲੈਣ ਦਾ ਮੌਕਾ ਮਿਲਿਆ ਹੈ ਜਿਹੜੇ ਸ਼ਾਇਦ ਬਾਹਰ ਜਾ ਕੇ ਪੜ੍ਹ ਨਹੀਂ ਸਕਦੇ ਸੀ। ਉਨ੍ਹਾਂ ਲੋਕਾਂ ਦੇ ਨੇੜੇ ਇੰਸਟੀਚਿਊਸ਼ਨਜ਼ ਖੁੱਲ੍ਹ ਗਏ। ਵੱਡੇ ਸ਼ਹਿਰਾਂ ਵਿੱਚ ਇਹ ਇੰਸਟੀਚਿਊਸ਼ਨਜ਼ ਨਹੀਂ ਖੁੱਲ੍ਹੇ ਸਗੋਂ ਰੂਰਲ ਏਰੀਆਜ਼ ਵਿੱਚ ਖੁੱਲ੍ਹੇ ਹਨ ਜਿਹੜੇ ਮੇਨ ਰੋਡ ਨਾਲ ਕੁਨੈਕਟਿਡ ਸਨ ਅਤੇ ਇਹ ਸਭ ਤੋਂ ਵੱਡੀ ਅਚੀਵਮੈਂਟ ਵਾਲੀ ਗੱਲ ਹੈ। ਇਸ ਨਾਲ ਉਸ ਇਲਾਕੇ ਦੇ ਬੱਚੇ ਤੇ ਬੱਚੀਆਂ ਨੂੰ ਸਿੱਖਿਆ ਲੈਣ ਦਾ ਮੌਕਾ ਮਿਲਿਆ ਹੈ। ਅਗਲੀ ਗੱਲ ਮੈਂ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਇਥੇ ਕਿਹਾ ਜਾਂਦਾ ਹੈ ਕਿ ਇੰਟਰਵਿਊ ਮੌਕੇ ਯੂਨੀਵਰਸਿਟੀ ਦਾ ਨਾਮ ਸੁਣ ਕੇ ਬੱਚੇ ਨੂੰ ਬਾਹਰ ਕੱਢ ਦਿੱਤਾ ਜਾਂਦਾ ਹੈ, ਇਹ ਸਹੀ ਨਹੀਂ ਹੈ ਸਗੋਂ ਬੱਚਿਆਂ ਦੀ ਪੜ੍ਹਾਈ ਦੌਰਾਨ ਹੀ ਕੰਪਨੀਆਂ ਆ ਕੇ ਉਨ੍ਹਾਂ ਦੀ ਪਲੇਸਮੈਂਟ ਵੀ

[ ਸੰਸਦੀ ਮਾਮਲੇ ਮੰਤਰੀ ]

ਕਰਦੀਆਂ ਹਨ। More than 50% children are selected from the campus before they pass out their examination.

ਅਗਲੀ ਗੱਲ, ਕੁਝ ਕਾਲਜਾਂ ਨੇ ਬੜਾ ਵਧੀਆ ਕੰਮ ਕੀਤਾ ਹੈ, ਇੰਟਰਨੈਸ਼ਨਲ ਲੈਵਲ ਦੀਆਂ ਯੂਨੀਵਰਸਿਟੀਆਂ ਨਾਲ ਉਨ੍ਹਾਂ ਦੇ ਕੁਨੈਕਸ਼ਨਜ਼ ਹਨ। ਉਹ ਬੱਚਿਆਂ ਨੂੰ ਬਾਹਰਲੇ ਮੁਲਕਾਂ ਵਿੱਚ ਭੇਜਦੇ ਹਨ ਅਤੇ ਉਥੇ ਵੀ ਟਰੇਨਿੰਗ ਦਿਵਾਉਂਦੇ ਹਨ। ਇਸ ਲਈ ਜੇਕਰ ਕਿਸੇ ਯੂਨੀਵਰਸਿਟੀ ਜਾਂ ਇੰਸਟੀਚਿਊਸ਼ਨ ਵਿੱਚ ਕੋਈ ਗਲਤ ਕੰਮ ਹੋ ਰਿਹਾ ਹੈ, ਜੇਕਰ ਉਸ ਨੂੰ ਪੁਆਇੰਟ ਆਊਟ ਕਰੋ ਤਾਂ ਗੱਲ ਸਮਝ ਵਿੱਚ ਆਉਂਦੀ ਹੈ ਪਰ ਆਪਾਂ ਇਥੇ ਇਹ ਕਹਿ ਦੇਈਏ ਕਿ ਇਨ੍ਹਾਂ ਯੂਨੀਵਰਸਿਟੀਆਂ ਵਿੱਚ ਇਸ ਤਰ੍ਹਾਂ ਹੋ ਰਿਹਾ ਹੈ, ਉਸ ਤਰ੍ਹਾਂ ਹੋ ਰਿਹਾ ਹੈ, ਇਹ ਠੀਕ ਨਹੀਂ ਹੈ। ਜੇ ਕੋਈ ਚੰਗਾ ਕੰਮ ਕਰ ਰਿਹਾ ਹੈ ਤਾਂ ਉਸ ਨੂੰ ਐਪਰੀਸ਼ੀਏਟ ਕਰਨਾ ਚਾਹੀਦਾ ਹੈ। ਸਭ ਤੋਂ ਪਹਿਲਾਂ ਮੇਰੇ ਜ਼ਿਲ੍ਹੇ ਵਿੱਚ ਇੱਕ ਇੰਸਟੀਚਿਊਸ਼ਨ ਖੁੱਲ੍ਹੀ ਸੀ। That was the first institution in the Punjab. ਅੱਜ ਉਸ ਨੂੰ ਇੰਟਰਨੈਸ਼ਨਲ ਲੈਵਲ ਦਾ ਇੰਸਟੀਚਿਊਸ਼ਨ ਗਿਣਿਆ ਜਾਂਦਾ ਹੈ। ਇਸ ਤੋਂ ਬਾਅਦ ਬਾਹਰਾ ਵਾਲਿਆਂ ਨੇ ਆ ਕੇ ਇੰਸਟੀਚਿਊਸ਼ਨ ਸ਼ੁਰੂ ਕੀਤਾ ਅਤੇ ਇਸ ਤੋਂ ਬਾਅਦ ਬਾਕੀ ਆਏ। ਅੱਜ ਇਹ ਬੜੀ ਭਾਰੀ ਚੇਨ ਬਣ ਗਈ ਹੈ, ਅੱਜ ਬੱਚਿਆਂ ਨੂੰ ਪੜ੍ਹਨ ਦਾ ਬੜਾ ਚਾਂਸ ਮਿਲਿਆ ਹੈ। ਮੈਂ ਕਹਿੰਦਾ ਹਾਂ ਕਿ ਅਗਰ ਕਿਸੇ ਸਪੈਸੇਫਿਕ ਕਾਲਜ ਦਾ ਕੋਈ ਇਨਸਟਾਂਸ ਹੈ, ਕਿਤੇ ਕੋਈ ਕਮੀ ਹੈ, ਕੋਈ ਗਲਤ ਪ੍ਰੈਕਟਿਸ ਹੋ ਰਹੀ ਹੈ, every member has a right to point out ਪਰ ਆਪਾਂ ਜਨਰਲੀ ਸਾਰਿਆਂ ਨੂੰ ਹੀ ਨਾ ਇਸ ਵਿੱਚ ਲੈ ਲਈਏ। ਜੇ ਕੋਈ ਚੰਗਾ ਕੰਮ ਕਰ ਰਿਹਾ ਹੈ, ਉਸ ਦੀ ਐਪਰੀਸੀਏਸ਼ਨ ਕਰਨੀ ਚਾਹੀਦੀ ਹੈ। ਸੋ, ਇਹ ਯੂਨੀਵਰਸਿਟੀ ਬਿਲ ਪਾਸ ਹੋਣਾ ਚਾਹੀਦਾ ਹੈ। ਜਿਹੜਾ ਇਹ ਯੂਨੀਵਰਸਿਟੀ ਬਿਲ ਲਿਆਂਦਾ ਗਿਆ ਹੈ, ਇਹ ਠੀਕ ਲਿਆਂਦਾ ਗਿਆ ਹੈ। ਇਹ ਪਾਸ ਹੋਣਾ ਚਾਹੀਦਾ ਹੈ। (ਵਿਘਨ)(ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ। )

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ...

**ਮਾਨਯੋਗ ਸਪੀਕਰ :** ਮੋਫਰ ਸਾਹਿਬ, ਪਲੀਜ਼ ਬੈਠੋ। ਮੈਂ ਤੁਹਾਨੂੰ ਅੱਗੇ more than sufficient ਟਾਈਮ ਬੋਲਣ ਲਈ ਦਿੱਤਾ ਹੈ। ਹੁਣ ਚੀਮਾ ਸਾਹਿਬ ਬੋਲਣਗੇ, ਇਸ ਤੋਂ ਇਲਾਵਾ nothing should be recorded.

**ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ) :** ਸਪੀਕਰ ਸਾਹਿਬ, ਜਿਹੜੀਆਂ ਗੱਲਾਂ ਇਥੇ ਕਹੀਆਂ ਗਈਆਂ ਹਨ, ਮੈਂ ਉਨ੍ਹਾਂ ਦੀ ਪ੍ਰੋੜ੍ਹਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਮੈਂ ਇਸ ਗੱਲ ਵਾਸਤੇ ਰੱਖੜਾ ਸਾਹਿਬ ਨੂੰ ਵਧਾਈ ਪੇਸ਼ ਕਰਦਾ ਹਾਂ ਕਿ ਉਨ੍ਹਾਂ ਨੇ ਅੱਜ ਰਿਆਤ ਐਂਡ ਬਾਹਰਾ ਯੂਨੀਵਰਸਿਟੀ ਦਾ ਬਿਲ ਵਿਧਾਨ ਸਭਾ ਵਿੱਚ ਲਿਆਂਦਾ ਹੈ। ਮੈਂ ਮੁੱਖ ਮੰਤਰੀ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ। ਉਨ੍ਹਾਂ ਨੇ ਪਹਿਲਾਂ ਪੰਜਾਬ ਵਿੱਚ ਪ੍ਰਾਈਵੇਟ ਯੂਨੀਵਰਸਿਟੀਆਂ ਲਈ ਬਕਾਇਦਾ ਪਾਲਿਸੀ ਬਣਾਈ ਔਰ ਉਸ ਪਾਲਿਸੀ ਤਹਿਤ ਉਹ ਲੋਕ ਜਿਹੜੇ ਐਜੂਕੇਸ਼ਨ ਨੂੰ ਇਨਕਰੇਜ ਕਰਨ ਵਾਸਤੇ ਪੰਜਾਬ ਵਿੱਚ ਅੱਛੇ ਤਰੀਕੇ ਨਾਲ ਕੰਮ ਕਰ ਰਹੇ ਸੀ, ਭਾਵੇਂ ਉਸ ਵਿੱਚ ਡੀ.ਏ.ਵੀ. ਸ਼ਾਮਲ ਹੈ, ਭਾਵੇਂ ਹੋਰ ਸੰਸਥਾਵਾਂ ਸ਼ਾਮਲ ਹਨ, ਉਨ੍ਹਾਂ ਲੋਕਾਂ ਨੂੰ ਇਨਕਰੇਜ ਕਰਕੇ ਪੰਜਾਬ ਦੇ ਬੱਚਿਆਂ ਦੇ ਚੰਗੇ ਭਵਿੱਖ ਵਾਸਤੇ ਪੰਜਾਬ ਵਿੱਚ ਪ੍ਰਾਈਵੇਟ ਯੂਨੀਵਰਸਿਟੀਆਂ ਬਣਵਾਈਆਂ। ਜਿਸ ਤਰ੍ਹਾਂ ਮਿੱਤਲ ਸਾਹਿਬ ਨੇ ਜ਼ਿਕਰ ਕੀਤਾ ਹੈ, ਪੰਜਾਬ ਅਜਿਹੀ ਇਕੱਲੀ ਸਟੇਟ ਨਹੀਂ ਹੈ। ਬਹੁਤ ਸਾਰੀਆਂ ਸਟੇਟਾਂ ਵਿੱਚ ਵੀ ਅਤੇ ਵਰਲਡ ਲੈਵਲ ਤੇ ਵੀ ਪ੍ਰਾਈਵੇਟ ਯੂਨੀਵਰਸਿਟੀਆਂ ਦਾ ਕੰਸੈਪਟ ਬੜੇ ਅੱਛੇ ਤਰੀਕੇ ਨਾਲ ਚੱਲ ਰਿਹਾ ਹੈ। ਜਿਹੜੀ ਸੰਸਥਾ ਇਹ ਯੂਨੀਵਰਸਿਟੀ ਬਣਾ ਰਹੀ ਹੈ, ਇਸ ਦੇ ਤਿੰਨ ਕਾਲਜ ਸਾਡੇ ਕੰਢੀ ਦੇ ਇਲਾਕੇ ਵਿੱਚ ਆਲਰੇਡੀ ਚੱਲ ਰਹੇ ਹਨ। ਮੇਰਾ ਸਬੰਧ ਇਸ ਇਲਾਕੇ ਦੇ ਨਾਲ ਹੈ ਔਰ ਮੈਂ ਕਹਿ ਸਕਦਾ ਹਾਂ ਕਿ ਉਹ ਤਿੰਨੇ ਕਾਲਜ ਸਾਡੇ ਕੰਢੀ ਏਰੀਏ ਦੇ ਬੱਚਿਆਂ ਵਾਸਤੇ ਬਹੁਤ ਵੱਡਾ ਵਰਦਾਨ ਹਨ। ਮਿਸ਼ਨਰੀ ਭਾਵਨਾ ਦੇ ਨਾਲ ਇਨ੍ਹਾਂ ਵਿੱਚ ਕੰਮ ਹੋ ਰਹੇ ਹਨ। ਬਹੁਤ ਵਾਰੀ ਅਜਿਹਾ ਹੁੰਦਾ ਹੈ ਕਿ ਪਿੰਡਾਂ ਦੇ ਬੱਚੇ ਫੀਸਾਂ ਅਫੋਰਡ ਨਹੀਂ ਕਰ ਸਕਦੇ ਹੁੰਦੇ, ਉਨ੍ਹਾਂ ਨੂੰ ਅਗਰ ਅਸੀਂ ਰੈਫਰ ਕਰਦੇ ਹਾਂ ਤਾਂ ਮੈਨੂੰ ਮਾਣ ਹੈ ਕਿ ਇਹੋ ਜਿਹੀਆਂ ਸੰਸਥਾਵਾਂ ਸਾਡੇ ਕੋਲ ਮੌਜੂਦ ਹਨ ਜਿਹੜੀਆਂ ਪ੍ਰਾਈਵੇਟ ਸੈਕਟਰ ਵਿੱਚ ਹੁੰਦਿਆਂ ਹੋਇਆਂ ਵੀ ਬੱਚਿਆਂ ਦੀ ਸੁਣਵਾਈ ਕਰਦੀਆਂ ਹਨ ਅਤੇ ਬੱਚਿਆਂ ਦੀ ਵੱਧ ਤੋਂ ਵੱਧ ਆਰਥਿਕ ਮਦਦ ਨਿਯਮਾਂ ਤੋਂ ਬਾਹਰ ਜਾ ਕੇ ਵੀ ਕਰਦੀਆਂ ਹਨ। ਇਸ ਕਰਕੇ ਸਾਡੇ ਮਾਨਯੋਗ ਮੈਂਬਰਾਂ ਦਾ ਕੋਈ ਸੁਜੈਸ਼ਨ ਹੋ ਸਕਦਾ ਹੈ, ਯੂਨੀਵਰਸਿਟੀ ਦੇ ਕੰਮ ਨੂੰ ਹੋਰ

[ ਸਿੱਖਿਆ ਮੰਤਰੀ ]

ਇੰਪਰੂਵ ਕਰਨ ਵਾਸਤੇ ਕੋਈ ਸੁਜੈਸ਼ਨ ਹੋ ਸਕਦੀ ਹੈ, ਕੋਈ ਵੀ ਯੂਨੀਵਰਸਿਟੀ ਕੱਲ੍ਹ ਨੂੰ ਬੱਚਿਆਂ ਨੂੰ ਐਕਪਲਾਇਟ ਨਾ ਕਰੇ, ਇਸ ਵਾਸਤੇ ਕੋਈ ਮੈਕੇਨਿਜ਼ਮ ਬਣਾਉਣ ਦੀ ਅਗਰ ਲੋੜ ਹੋਵੇ ਤਾਂ ਮੈਂ ਮਾਨਯੋਗ ਹਾਇਰ ਐਜੂਕੇਸ਼ਨ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਹ ਬਣਾ ਲੈਣ ਲੇਕਿਨ ਜੋ ਚੰਗੇ ਲੋਕ ਐਜੂਕੇਸ਼ਨ ਦੇ ਖੇਤਰ ਵਿੱਚ ਆ ਕੇ ਅੱਛਾ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਸਾਨੂੰ ਹਾਊਸ ਵਿੱਚ ਇਸ ਤਰੀਕੇ ਨਾਲ ਡਿਸਕਰੇਜ ਨਹੀਂ ਕਰਨਾ ਚਾਹੀਦਾ। ਇਸ ਕਰਕੇ ਮੈਂ ਮੰਗ ਕਰਦਾ ਹਾਂ ਕਿ ਇਹ ਬਿਲ ਸਾਰਿਆਂ ਨੂੰ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਰਿਆਤ-ਬਾਹਰਾ ਯੂਨੀਵਰਸਿਟੀ, ਬਿਲ 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 37**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 37 ਵਿਚ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 37 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਉਚੇਰੀ ਸਿੱਖਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਰਿਆਤ–ਬਾਹਰਾ ਯੂਨੀਵਰਸਿਟੀ, ਬਿਲ 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਰਿਆਤ–ਬਾਹਰਾ ਯੂਨੀਵਰਸਿਟੀ, ਬਿਲ 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਰਿਆਤ–ਬਾਹਰਾ ਯੂਨੀਵਰਸਿਟੀ, ਬਿਲ 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) :** ਸਪੀਕਰ ਸਾਹਿਬ, ਇਸ ਦੇ ਹੈਡ–ਕੁਆਰਟਰ ਬਾਰੇ ਕਲੀਅਰ ਕਰਨਾ ਹੈ।

**ਮਾਨਯੋਗ ਸਪੀਕਰ :** ਨਹੀਂ ਜੀ, ਹੁਣ ਬਿਲ ਪਾਸ ਹੋ ਗਿਆ ਹੈ।

**ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) :** ਸਪੀਕਰ ਸਾਹਿਬ, ਇਸ ਯੂਨੀਵਰਸਿਟੀ ਦਾ ਹੈੱਡ ਕੁਆਰਟਰ ਮੁਹਾਲੀ ਰਹੇਗਾ, ਚੰਡੀਗੜ੍ਹ ਨਹੀਂ ਬਣੇਗਾ।

––––––

## 3. THE PUNJAB LAND REVENUE (AMENDMENT) BILL, 2014

**ਮਾਨਯੋਗ ਸਪੀਕਰ :** ਮੰਤਰੀ ਜੀ ਬਿਲ ਪੇਸ਼ ਕਰਨ।

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਸ਼੍ਰੀਮਾਨ ਜੀ, ਮੈਂ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ–ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ–ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

______

## 4. THE PUNJAB TECHNICAL UNIVERSITY (AMENDMENT) BILL, 2014

**ਮਾਨਯੋਗ ਸਪੀਕਰ :** ਸ਼੍ਰੀ ਮਦਨ ਮੋਹਨ ਮਿੱਤਲ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ ਜੀ ਬਿਲ ਪੇਸ਼ ਕਰਨ।

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

> ਕਿ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ ਜਾਖੜ ਜੀ।

**ਸ਼੍ਰੀ ਸੁਨੀਲ ਜਾਖੜ (ਅਬੋਹਰ) :** ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਇਹ ਜਿਹੜਾ ਬਿਲ ਪੇਸ਼ ਕੀਤਾ ਹੈ, ਇਹ ਸਾਬਕਾ ਪ੍ਰਧਾਨ ਮੰਤਰੀ ਮਾਨਯੋਗ ਗੁਜਰਾਲ ਸਾਹਿਬ ਦੇ ਨਾਂ ਤੇ ਕਰ ਰਹੇ ਹਨ, ਉਸ ਤੇ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਜਿਸ ਤਰ੍ਹਾਂ ਯੂਨੀਵਰਸਿਟੀਜ਼ ਨਾਲ ਰਿਲੇਟਿਡ ਬਹੁਤ ਸਾਰੀਆਂ ਗੱਲਾਂ ਹੋਈਆਂ ਹਨ, ਇੱਕ ਪਾਸੇ ਤਾਂ ਸਰਕਾਰ ਦਾ ਏਜੰਡਾ ਸਕਿੱਲਡ ਡਿਵੈਲਪਮੈਂਟ ਦਾ ਹੈ। ਇਹ ਜਿਹੜੀ ਤਕਨੀਕੀ ਯੂਨੀਵਰਸਿਟੀ ਹੈ, ਇਸ ਦੇ ਘਪਲਿਆਂ ਬਾਰੇ ਉਸ ਦਿਨ ਬੜੀ ਖੁੱਲ੍ਹ ਕੇ ਗੱਲ ਹੋਈ ਸੀ। ਉਸ ਦਿਨ ਵੀ ਮੰਤਰੀ ਸਾਹਿਬ ਨੇ ਜਵਾਬ ਨਹੀਂ ਦਿੱਤਾ ਜਦਕਿ ਉਸ ਯੂਨੀਵਰਸਿਟੀ ਦੀ ਫੰਕਸ਼ਨਿੰਗ ਤੇ, ਉਸ ਦੀ ਕਾਰਗੁਜ਼ਾਰੀ ਤੇ ਬੜੇ ਸੀਰੀਅਸ ਐਲੀਗੇਸ਼ਨ ਸਨ। ਕਮਰਸ਼ੇਲਾਈਜ਼ੇਸ਼ਨ ਦੀ ਅੱਜ ਸਾਰੇ ਪਾਸਿਉਂ ਗੱਲ ਆਈ ਹੈ। ਕਾਲੀਆ ਸਾਹਿਬ ਦਾ ਬੜਾ ਵਧੀਆ ਸੁਝਾਅ ਸੀ ਕਿ ਉਸ ਵਿੱਚ ਇੱਕ ਰੈਗੂਲੇਟਰੀ ਅਥਾਰਟੀ ਬਣਾਈ ਜਾਣੀ ਚਾਹੀਦੀ ਹੈ। ਮੈਂ ਖੁਦ ਇੱਥੇ ਮੰਤਰੀ ਸਾਹਿਬ ਨੂੰ ਕਿਹਾ ਸੀ ਕਿ ਤੁਸੀਂ ਦੋ ਵਾਰ ਆਰਡਰ ਕੀਤੇ ਹਨ ਅਤੇ Vice-Chancellor does

not even listen to you. ਉਸ ਨੇ ਇਨ੍ਹਾਂ ਨੂੰ ਓਵਰ ਰੂਲ ਕਰ ਦਿੱਤਾ। ਚੀਫ ਸੈਕਟਰੀ ਨੇ ਹਾਈ ਕੋਰਟ ਜਾ ਕੇ ਕਿਹਾ ਹੈ ਕਿ ਜਿਹੜੀਆਂ ਭਰਤੀਆਂ ਕੀਤੀਆਂ ਗਈਆਂ ਹਨ, they are null and void. ਉਨ੍ਹਾਂ ਨੇ ਹਾਈ ਕੋਰਟ ਵਿੱਚ ਜਾ ਕੇ apologise ਕੀਤਾ ਹੈ। ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਵਿਜੀਲੈਂਸ ਦੀ ਇਨਕੁਆਇਰੀ ਮਾਰਕ ਕੀਤੀ। ਮੇਰਾ ਕਹਿਣ ਦਾ ਭਾਵ ਹੈ ਕਿ Gujral Sahib would be happy. ਉੱਤੇ ਉਹ ਸੋਚਦੇ ਹੋਣਗੇ ਕਿ ਮੇਰਾ ਨਾਂ ਅਜਿਹੀ ਯੂਨੀਵਰਸਿਟੀ ਨਾਲ ਜੋੜ ਰਹੇ ਹਨ। ਸਪੀਕਰ ਸਾਹਿਬ, ਵਿਜੀਲੈਂਸ ਦੀ ਰਿਪੋਰਟ ਪੇਸ਼ ਕਰਵਾਉ। ਮੈਂ ਤੁਹਾਡੇ ਹੱਕ ਦੀ ਗੱਲ ਕਰ ਰਿਹਾ ਹਾਂ ਕਿਉਂਕਿ ਤੁਹਾਡਾ ਆਰਡਰ ਵੀ ਉਥੇ ਨਹੀਂ ਚਲਦਾ। ਕਿਹੋ ਜਿਹੀਆਂ compulsions ਹਨ ਅਤੇ ਕਿਉਂ ਹਨ? ਉਸ ਦਿਨ ਸਾਡੇ ਸਾਥੀ ਨਰਾਜ਼ ਹੋ ਗਏ, ਮੈਂ ਕਿਸੇ ਇੰਸਟੀਚਿਊਟ ਦਾ ਨਾਂ ਨਹੀਂ ਲੈਂਦਾ....

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ਤੁਸੀਂ ਕਿੰਨੇ ਸਿਆਣੇ ਬੰਦੇ ਹੋ।

**ਸ਼੍ਰੀ ਸੁਨੀਲ ਜਾਖੜ :** ਤੁਸੀਂ ਉਸ ਦੀ ਵਿਜੀਲੈਂਸ ਦੀ ਇਨਕੁਆਇਰੀ ਕਰਵਾ ਦਿਉ ਜਾਂ ਪੁਰਾਣੀ ਰਿਪੋਰਟ ਹੀ ਰਖਵਾ ਦਿਉ। 40-40 ਕਰੋੜ ਰੁਪਏ ਦੇ ਕੰਸਲਟੈਂਸੀ ਦੇ ਠੇਕੇ ਦਿੱਤੇ ਗਏ ਹਨ। (ਵਿਘਨ) (ਸ਼ੋਰ)

(ਇਸ ਸਮੇਂ ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਆਪਣੀ ਸੀਟ ਤੇ ਬੈਠੇ ਬੈਠੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਜੋਸ਼ੀ ਸਾਹਿਬ, ਬੈਠ ਕੇ ਗੱਲ ਨਹੀਂ ਕਰਨੀ, ਜੇ ਕਰਨੀ ਹੈ ਤਾਂ ਖੜ੍ਹੇ ਹੋ ਕੇ ਗੱਲ ਕਰੋ। Please listen. ਇੱਕ ਦੂਜੇ ਨਾਲ ਗੱਲ ਨਹੀਂ ਕਰਨੀ।

**ਸ਼੍ਰੀ ਸੁਨੀਲ ਜਾਖੜ** : ਇੱਕ ਇੰਸਟੀਚਿਊਸ਼ਨ ਹੈ, ਜਿਸ ਦੇ ਸਾਰੇ ਬੰਦੇ ਆ ਕੇ ਐਡਜਸਟ ਹੋ ਰਹੇ ਹਨ। 40 ਕਰੋੜ ਰੁਪਏ ਦੀ ਕੰਸਲਟੈਂਸੀ ਜਿਹੜੀ ਹੈ, ਇਸ ਨੂੰ ਕਿਸ ਤਰ੍ਹਾਂ ਜਸਟੀਫਾਈ ਕਰੋਗੇ? ਫਿਰ ਇਹ ਕਮਰਸ਼ੇਲਾਈਜ਼ੇਸ਼ਨ ਨਾ ਹੋਈ ਤਾਂ ਕੀ ਹੈ? ਜਿਹੜਾ ਤੁਸੀਂ ਡਿਸਟੈਂਸ ਐਜੂਕੇਸ਼ਨ ਵਾਲਾ ਕੰਮ ਚਲਾ ਰੱਖਿਆ ਹੈ, ਉਸ ਦੀ ਕੋਈ ਇਨਕੁਆਇਰੀ ਤਾਂ ਕਰਵਾ ਕੇ ਦਿਉ। ਸਰਕਾਰ ਨੇ ਗੱਲ ਸੁਣ ਲਈ, ਨਾਂ ਬਦਲਣ ਤੋਂ ਪਹਿਲਾਂ ਉਸ ਤੇ ਵੀ ਕੋਈ ਨਾ ਕੋਈ ਬਿਆਨ ਦਿਉ।

**ਮਾਨਯੋਗ ਸਪੀਕਰ :** ਹਾਂ ਜੀ, ਚਰਨਜੀਤ ਸਿੰਘ ਚੰਨੀ ਜੀ। ਆਪਣਾ ਵੀ ਇਸ ਨਾਲ ਰਿਲੇਟਿਡ ਕੋਈ ਮਸਲਾ ਹੈ?

**ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.) :** ਸਪੀਕਰ ਸਾਹਿਬ, ਮੈਂ ਉਥੇ ਦਾ ਪੜ੍ਹਿਆ ਹੋਇਆ ਹਾਂ ਜੀ।

**ਸ਼੍ਰੀ ਸੁਨੀਲ ਜਾਖੜ :** ਇਹ ਸਾਰੇ ਪੰਜਾਬ ਦਾ ਹੀ ਮਸਲਾ ਹੈ। ਸਾਰੇ ਪੰਜਾਬ ਦੇ ਭਵਿੱਖ ਦਾ ਮਸਲਾ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਉਸ ਯੂਨੀਵਰਸਿਟੀ ਦਾ ਸਟੂਡੈਂਟ ਹਾਂ, ਪਿਛਲੇ ਸਾਲ ਮੈਂ ਉਥੋਂ ਐਮ.ਬੀ.ਏ. ਕੀਤੀ ਹੈ। ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਸ਼੍ਰੀ ਆਈ.ਕੇ. ਗੁਜਰਾਲ ਜੀ ਸਾਡੇ ਸਾਰਿਆਂ ਦੇ ਬੜੇ ਹਰਮਨ ਪਿਆਰੇ ਲੀਡਰ ਸਨ ਅਤੇ ਪੰਜਾਬ ਤੋਂ ਉੱਠ ਕੇ ਦੇਸ਼ ਦੇ ਪ੍ਰਧਾਨ ਮੰਤਰੀ ਬਣੇ, ਪੂਰਾ ਪੰਜਾਬ ਕੀ ਸਾਰਾ ਦੇਸ਼ ਉਨ੍ਹਾਂ ਦਾ ਸਤਿਕਾਰ ਕਰਦਾ ਹੈ। ਪੰਜਾਬ ਦੇ ਕਈ ਅਹਿਮ ਮਸਲਿਆਂ ਵਿੱਚ ਉਨ੍ਹਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਕਰਜ਼ਾ ਮੁਆਫੀ ਵਿੱਚ ਵੀ ਉਨ੍ਹਾਂ ਦਾ ਨਾਮ ਹਮੇਸ਼ਾ ਬੋਲਦਾ ਹੈ। ਪੀ.ਟੀ.ਯੂ. ਦਾ ਨਾਂ ਬਦਲ ਕੇ ਉਨ੍ਹਾਂ ਦੇ ਨਾਂ ਤੇ ਰੱਖਿਆ ਜਾ ਰਿਹਾ ਹੈ। ਸਪੀਕਰ ਸਾਹਿਬ, ਪੀ.ਟੀ.ਯੂ. ਦੀ ਆਪਣੀ ਕੋਈ ਫੈਕਲਟੀ ਨਹੀਂ ਹੈ ਅਤੇ ਨਾ ਹੀ ਆਪਣਾ ਕੋਈ ਕਾਲਜ ਹੈ। ਇਸ ਯੂਨੀਵਰਸਿਟੀ ਕੋਲ ਉਥੇ ਆਪਣੀ ਕੋਈ ਖਾਸ ਜ਼ਮੀਨ ਵੀ ਨਹੀਂ ਹੈ, ਜਿਥੇ ਅੱਗੇ ਜਾ ਕੇ ਇਹ ਯੂਨੀਵਰਸਿਟੀ ਸਥਾਪਤ ਕਰ ਸਕਣ। ਇਨ੍ਹਾਂ ਕੋਲ ਕੇਵਲ ਇਕ ਐਡਮਨਿਸਟ੍ਰੇਟਿਵ ਬਲਾਕ ਹੈ ਜਿਥੇ ਵਾਈਸ-ਚਾਂਸਲਰ ਜੀ ਬੈਠ ਕੇ ਐਡਮਨਿਸਟ੍ਰੇਸ਼ਨ ਚਲਾਉਂਦੇ ਹਨ। ਜਿਹੜੇ ਇਸ ਦੇ ਵੱਖ ਵੱਖ ਕਾਲਜ ਸਨ, ਜਿਸ ਤਰ੍ਹਾਂ ਚੰਡੀਗੜ੍ਹ ਇੰਜੀਨੀਰਿੰਗ ਕਾਲਜ, ਲਾਂਡਰਾਂ, ਉਹ ਯੂਨੀਵਰਸਿਟੀ ਬਣ ਗਿਆ ਹੈ। ਇਸੇ ਤਰ੍ਹਾਂ ਰਿਆਤ-ਬਾਹਰਾ ਬਾਰੇ ਵੀ ਅੱਜ ਤੁਸੀਂ ਬਿਲ ਪਾਸ ਕਰਕੇ ਯੂਨੀਵਰਸਿਟੀ ਬਣਾ ਦਿੱਤੀ ਹੈ। ਪੀ.ਟੀ.ਯੂ. ਨਾਲ ਜਿਹੜੇ ਕਾਲਜ ਜੁੜੇ ਹੋਏ ਹਨ, ਉਨ੍ਹਾਂ ਵਿਚੋਂ ਬਹੁਤੇ ਯੂਨੀਵਰਸਿਟੀ ਬਣ ਗਏ ਹਨ। ਹੁਣ ਇਹ ਸਿਰਫ਼ ਚਿੱਟਾ ਹਾਥੀ ਹੀ ਖੜ੍ਹਾ ਰਹਿ ਗਿਆ ਹੈ। ਇਸ ਕੋਲ ਕੋਈ ਆਪਣਾ ਕਾਲਜ, ਕੋਈ ਯੂਨੀਵਰਸਿਟੀ ਜਾਂ ਸਟੂਡੈਂਟਸ ਨਹੀਂ ਹਨ। ਅੱਗੇ ਨੂੰ ਜਿਹੜੇ 2-4 ਕਾਲਜ ਇਨ੍ਹਾਂ ਕੋਲ ਆਉਂਦੇ ਹਨ, ਹੌਲੀ ਹੌਲੀ ਉਹ ਵੀ ਯੂਨੀਵਰਸਿਟੀ ਬਣ ਰਹੇ ਹਨ।

ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇੰਨੇ ਵੱਡੇ ਮਹਾਨ ਲੀਡਰ ਦਾ ਨਾਂ ਇਸ ਯੂਨੀਵਰਸਿਟੀ ਨਾਲ ਜੋੜ ਕੇ ਤੁਸੀਂ ਉਸ ਦਾ ਕਿਵੇਂ ਨਾਂ ਉੱਚਾ ਕਰਨਾ ਚਾਹੁੰਦੇ

ਹੋ? ਮੇਰੀ ਬੇਨਤੀ ਹੈ ਕਿ ਜੇਕਰ ਤੁਸੀਂ ਪੀ.ਟੀ.ਯੂ. ਦਾ ਨਾਂ ਬਦਲ ਕੇ ਇੰਨੇ ਵੱਡੇ ਮਹਾਨ ਲੀਡਰ ਦੇ ਨਾਂ ਨਾਲ ਜੋੜਣ ਲੱਗ ਗਏ ਤਾਂ ਇਹ ਉਨ੍ਹਾਂ ਦੀ ਤੌਹੀਨ ਹੋਵੇਗੀ। ਮੈਂ ਨਾਲ ਹੀ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਸੱਚਮੁੱਚ ਹੀ ਉਨ੍ਹਾਂ ਦੇ ਨਾਂ ਨੂੰ ਪੰਜਾਬ ਵਿਚ ਉਜਾਗਰ ਕਰਨਾ ਚਾਹੁੰਦੇ ਹੋ ਤਾਂ ਇਸ ਵਾਸਤੇ ਕੋਈ ਨਵੀਂ ਯੂਨੀਵਰਸਿਟੀ ਕਿਉਂ ਨਹੀਂ ਬਣਾਈ ਜਾ ਸਕਦੀ? 200-400 ਕਰੋੜ ਰੁਪਿਆ ਸਰਕਾਰ ਪਾਵੇ। ਉੱਪਰ ਵੀ ਤੁਹਾਡੀ ਆਪਣੀ ਸਰਕਾਰ ਹੈ। ਇਸ ਲਈ ਚੰਗਾ ਪੈਸਾ ਲਗਾ ਕੇ ਕੋਈ ਚੰਗੀ ਯੂਨੀਵਰਸਿਟੀ ਬਣਾਉ। ਜਿਸ ਨਾਲ ਸਾਡੇ ਪੰਜਾਬ ਦੇ ਲੋਕਾਂ ਨੂੰ ਵੀ ਮਾਣ ਹੋਵੇ ਅਤੇ ਸਾਡੇ ਬੱਚੇ ਵੀ ਚੰਗੀ ਸਿੱਖਿਆ ਪੜ੍ਹ ਸਕਣ। ਐਜੂਕੇਸ਼ਨ ਦੇ ਨਾਂ ਤੇ ਪੀ.ਟੀ.ਯੂ. ਕੋਲ ਕੁਝ ਵੀ ਨਹੀਂ ਹੈ। ਨਾ ਕੋਈ ਕਾਲਜ ਹੈ, ਨਾ ਕੋਈ ਜਗ੍ਹਾ ਅਤੇ ਨਾ ਹੀ ਕਰਮਚਾਰੀ ਹਨ। ਜਿਹੜਾ ਇਸ ਤਰ੍ਹਾਂ ਸ਼੍ਰੀ ਆਈ.ਕੇ. ਗੁਜਰਾਲ ਦਾ ਨਾਂ ਇਸ ਯੂਨੀਵਰਸਿਟੀ ਦੇ ਨਾਲ ਜੋੜਿਆ ਜਾ ਰਿਹਾ ਹੈ, ਇਸ ਦਾ ਮੈਂ ਵਿਰੋਧ ਕਰਦਾ ਹਾਂ।

**ਮਾਨਯੋਗ ਸਪੀਕਰ :** ਮਿੱਤਲ ਸਾਹਿਬ, ਕੀ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ?

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਮੈਨੂੰ ਬੜੀ ਹੈਰਾਨੀ ਹੋਈ ਹੈ ਕਿ ਚੰਨੀ ਸਾਹਿਬ ਨੇ ਇਕ ਪਾਸੇ ਤਾਂ ਕਿਹਾ ਹੈ ਕਿ ਮੈਂ ਇਸੇ ਯੂਨੀਵਰਸਿਟੀ ਤੋਂ ਪੜ੍ਹ ਕੇ ਆਇਆ ਹਾਂ। ਦੂਸਰੇ ਪਾਸੇ ਕਹਿ ਰਹੇ ਹਨ ਕਿ ਉਸ ਯੂਨੀਵਰਸਿਟੀ ਕੋਲ ਕੁਝ ਨਹੀਂ ਹੈ। ਜਿਹੜਾ ਜਾਖੜ ਸਾਹਿਬ ਨੇ ਸਵਾਲ ਉਠਾਇਆ ਹੈ.....

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਡਿਸਟੈਂਸ ਐਜੂਕੇਸ਼ਨ ਰਾਹੀਂ ਪੜ੍ਹਿਆ ਹਾਂ। ਹੁਣ ਉਨ੍ਹਾਂ ਦੇ ਡਿਸਟੈਂਸ ਐਜੂਕੇਸ਼ਨ ਸੈਂਟਰ ਵੀ ਬੰਦ ਹੋ ਚੁੱਕੇ ਹਨ। ਇਸ ਟਾਈਮ ਯੂਨੀਵਰਸਿਟੀ ਕੋਲ ਕੁਝ ਵੀ ਨਹੀਂ। ਫਿਰ ਕਿਸ ਵਾਸਤੇ ਇਹ ਗੁਜਰਾਲ ਸਾਹਿਬ ਦਾ ਨਾਂ ਖਰਾਬ ਕਰ ਰਹੇ ਹਨ।

**ਮਾਨਯੋਗ ਸਪੀਕਰ :** ਠੀਕ ਹੈ। ਹਾਂ ਜੀ, ਮਿੱਤਲ ਸਾਹਿਬ।

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ :** ਸਰ, ਜਾਖੜ ਸਾਹਿਬ ਨੇ ਜਿਹੜੀ ਗੱਲ ਕਹੀ ਹੈ....

(ਆਪੋਜ਼ੀਸ਼ਨ ਵੱਲੋਂ ਕੁਝ ਅਵਾਜ਼ਾਂ: ਤੁਸੀਂ ਜੱਖੜ ਜੀ ਕਹਿ ਰਹੇ ਰਹੋ ਹੋ।)

ਮੈਂ ਜੱਖੜ ਸਾਹਿਬ ਨਹੀਂ ਕਿਹਾ, ਮੈਂ ਜਾਖੜ ਸਾਹਿਬ ਕਿਹਾ ਹੈ। He is a respected Member and his father was also a Member of this House and was occupying the same seat. ਜਿਹੜੀ ਇਨ੍ਹਾਂ ਨੇ ਗੱਲ ਕੀਤੀ ਸੀ ਕਿ ਯੂਨੀਵਰਸਿਟੀ ਦੀ ਕੰਪਲੇਂਟ ਆਈ ਸੀ। ਇਹ ਕੰਪਲੇਂਟ ਮੁੱਖ ਮੰਤਰੀ ਸਾਹਿਬ ਨੂੰ ਆਈ ਸੀ। ਉਨ੍ਹਾਂ ਨੇ ਇਹ ਕੰਪਲੇਂਟ ਯੂਨੀਵਰਸਿਟੀ ਦੇ ਬੋਰਡ ਆਫ ਗਵਰਨਰਜ਼ ਨੂੰ ਕੁਮੈਂਟਸ ਵਾਸਤੇ ਭੇਜੀ ਹੈ। ਉਨ੍ਹਾਂ ਦੇ ਕੁਮੈਂਟਸ ਆਉਣ ਤੋਂ ਬਾਅਦ ਜੇਕਰ ਕੋਈ ਅਜਿਹੀ ਗੱਲ ਦਿਖੇਗੀ ਤਾਂ ਕਿਸੇ ਦੀ ਵੀ ਫੇਵਰ ਨਹੀਂ ਹੋਵੇਗੀ ਅਤੇ ਨਾ ਹੀ ਅਸੀਂ ਕਰਨਾ ਚਾਹੁੰਦੇ ਹਾਂ। ਬਾਕੀ ਇਹ ਜਿਹੜਾ ਬਿਲ ਗੁਜਰਾਲ ਜੀ ਦੇ ਨਾਂ ਤੇ ਲਿਆਂਦਾ ਜਾ ਰਿਹਾ ਹੈ, ਇਹ ਗੁਜਰਾਲ ਜੀ ਦੀ ਪੰਜਾਬ ਪ੍ਰਤੀ ਸੇਵਾ, ਸਨੇਹ ਅਤੇ ਪਿਆਰ ਸਦਕਾ, ਜਿਹੜਾ ਉਨ੍ਹਾਂ ਨੇ ਪੰਜਾਬ ਦੇ ਸਿਰ ਤੇ ਚੜ੍ਹਿਆ ਕਰਜ਼ਾ ਮੁਆਫ ਕੀਤਾ, ਇਹ ਇਸ ਕਰਕੇ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਪਰਿਵਾਰ ਫਰੀਡਮ ਫਾਈਟਰ ਰਿਹਾ ਹੈ। ਉਸ ਸੇਵਾ ਨੂੰ ਵੀ ਧਿਆਨ ਵਿਚ ਰੱਖ ਕੇ ਉਨ੍ਹਾਂ ਦਾ ਨਾਂ ਯੂਨੀਵਰਸਿਟੀ ਨਾਲ ਜੋੜਣ ਵਾਸਤੇ ਇਹ ਕੀਤਾ ਜਾ ਰਿਹਾ ਹੈ। ਇਹ ਕੇਵਲ ਟੈਕਨੀਕਲ ਅਮੈਂਡਮੈਂਟ ਹੀ ਹੈ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ 2**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 6**

**ਮਾਨਯੋਗ ਸਪੀਕਰ :** ਕਿਉਂਕਿ ਕਲਾਜ਼ਾਂ 2 ਤੋਂ 6 ਵਿਚ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 6 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

---

## 5. THE PUNJAB GAU-SEWA COMMISSION BILL, 2014

**ਮਾਨਯੋਗ ਸਪੀਕਰ :** ਮੰਤਰੀ ਜੀ ਬਿਲ ਪੇਸ਼ ਕਰਨ ।

**ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ (ਸਰਦਾਰ ਗੁਲਜਾਰ ਸਿੰਘ ਰਣੀਕੇ) :** ਸ਼੍ਰੀਮਾਨ ਜੀ, ਮੈਂ ਪੰਜਾਬ ਗਊ ਸੇਵਾ ਕਮਿਸ਼ਨ ਬਿਲ, 2014 ਪੇਸ਼ ਕਰਦਾ ਹਾਂ ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਗਊ ਸੇਵਾ ਕਮਿਸ਼ਨ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਗਊ ਸੇਵਾ ਕਮਿਸ਼ਨ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ ।

ਬਹਿਸ, ਹਾਂ ਜੀ, ਮੋਫਰ ਸਾਹਿਬ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਸਰਦੂਲਗੜ੍ਹ) :** ਸਪੀਕਰ ਸਾਹਿਬ, ਇਹ ਜਿਹੜਾ ਪੰਜਾਬ ਗਊ ਸੇਵਾ ਕਮਿਸ਼ਨ ਬਿਲ, 2014 ਲਿਆਂਦਾ ਗਿਆ ਹੈ, ਇਹ ਬਹੁਤ ਵਧੀਆ ਪ੍ਰਸਤਾਵ ਹੈ ਕਿਉਂਕਿ ਆਪਾਂ ਦੇਖ ਰਹੇ ਹਾਂ ਤੇ ਮੈਂ ਵੀ ਪਿਛਲੇ ਦਸ ਸਾਲਾਂ ਤੋਂ ਦੇਖ ਰਿਹਾ ਹਾਂ ਕਿ ਗਊਆਂ ਦੀ ਸਾਂਭ-ਸੰਭਾਲ ਲਈ ਸਿਰਫ਼ ਕੁਝ ਸੰਸਥਾਵਾਂ ਹੀ ਹਨ ਜਿਹੜੀਆਂ ਇਨ੍ਹਾਂ ਨੂੰ ਸਾਂਭ ਰਹੀਆਂ ਸਨ, ਜਿਸ ਕਰਕੇ ਸਾਰੇ ਪੰਜਾਬ ਵਿੱਚ ਤੁਸੀਂ ਕਿਸੇ ਸ਼ਹਿਰ ਵਿੱਚ ਚਲੇ ਜਾਓ, ਕਿਸੇ ਕਸਬੇ ਵਿੱਚ ਚਲੇ ਜਾਓ, ਸੈਂਕੜਿਆਂ ਦੀ ਤਦਾਦ ਵਿੱਚ ਅਵਾਰਾ ਗਊਆਂ ਫਿਰ ਰਹੀਆਂ ਹਨ ਤੇ ਉਨ੍ਹਾਂ ਕਾਰਨ ਖੇਤਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਦੀ

ਕੋਈ ਵੀ ਸਾਂਭ ਸੰਭਾਲ ਨਹੀਂ ਹੈ। ਸੋ, ਇਸ ਕਮਿਸ਼ਨ ਦੇ ਬਣਨ ਨਾਲ, ਜੋ ਇਸ ਵਿੱਚ ਦਿੱਤਾ ਗਿਆ ਹੈ ਕਿ ਸੰਸਥਾ ਦਾ ਭਾਵ ਹੈ, ਕੋਈ ਚੈਰੀਟੇਬਲ ਟਰੱਸਟ, ਗੈਰ ਸਰਕਾਰੀ ਸੰਸਥਾ ਜੋ ਭਲਾਈ, ਸਾਂਭ-ਸੰਭਾਲ, ਨਸਲ ਸੁਧਾਰ ਦਾ ਸਾਰਾ ਕਾਰਜ ਕਰੇਗੀ। ਇਹ ਸਾਰਾ ਕੁਝ ਇਸ ਵਿੱਚ ਦਿੱਤਾ ਹੋਇਆ ਹੈ। ਬਿਮਾਰ ਗਊਆਂ ਦਾ ਇਲਾਜ ਵੀ ਕੀਤਾ ਜਾਵੇਗਾ ਪਰ ਇਸ ਵਾਸਤੇ ਇਸ ਕਮਿਸ਼ਨ ਥੱਲੇ ਕੋਈ ਪੈਸੇ ਦਾ ਇੰਤਜ਼ਾਮ ਨਹੀਂ ਹੈ। ਇਸ ਤੇ ਸਰਕਾਰ ਨੂੰ ਜ਼ਰੂਰ ਗੌਰ ਕਰਨਾ ਚਾਹੀਦਾ ਹੈ ਗਊਆਂ ਰਾਤ ਨੂੰ ਸੜਕਾਂ ਤੇ ਘੁੰਮਦੀਆਂ ਹਨ, ਉਨ੍ਹਾਂ ਨੂੰ ਕੋਈ ਸਾਂਭਦਾ ਨਹੀਂ ਹੈ। ਜਿਸ ਕਾਰਨ ਬਹੁਤ ਐਕਸੀਡੈਂਟ ਹੋ ਰਹੇ ਹਨ। ਸੈਕੰਡਲੀ ਉਨ੍ਹਾਂ ਦੇ ਇਲਾਜ ਵਾਸਤੇ ਕੋਈ ਵੀ ਸਾਧਨ ਨਹੀਂ ਹੈ। ਇਸ ਸਾਰੇ ਕੁਝ ਨੂੰ ਮੁੱਖ ਰੱਖਿਆ ਜਾਣਾ ਚਾਹੀਦਾ ਹੈ। ਇਹ ਬਿਲ ਬਹੁਤ ਵਧੀਆ ਹੈ ਪਰ ਬਹੁਤ ਜ਼ੁੰਮੇਵਾਰੀ ਨਾਲ ਇਨ੍ਹਾਂ ਦਾ ਡਿਪਾਰਟਮੈਂਟ ਸਰਕਾਰ ਨਾਲ ਪੂਰੀ ਤਰ੍ਹਾਂ ਸਾਰਾ ਮਾਮਲਾ ਟੇਕ ਅੱਪ ਕਰੇ ਤੇ ਪੈਸੇ ਦਾ ਇੰਤਜ਼ਾਮ ਕਰੇ। ਸਰਕਾਰ ਦਾ ਦੋ ਸਾਲ ਦਾ ਟਾਈਮ ਰਹਿ ਗਿਆ ਹੈ। ਆਉਣ ਵਾਲੇ ਸਮੇਂ ਵਿੱਚ ਸਾਨੂੰ ਦੁਬਾਰਾ ਕੋਈ ਗਊ ਅਵਾਰਾ ਘੁੰਮਦੀ ਨਹੀਂ ਦਿੱਸਣੀ ਚਾਹੀਦੀ।

**ਉਪ ਮੁੱਖ ਮੰਤਰੀ (ਬੈਠੇ ਬੈਠੇ) :** 25 ਸਾਲ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** 25 ਸਾਲ ਦਾ ਤਾਂ ਪਤਾ ਨਹੀਂ, ਦੋ ਸਾਲ ਦਾ ਹੀ ਕਰ ਲਓ। (ਵਿਘਨ) ਘੱਟੋ-ਘੱਟ ਗਊਆਂ ਤਾਂ ਸਾਂਭ ਲਈਏ। ਇਸ ਦੇ ਨਾਲ ਹੀ ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀ ਸਾਡੀ ਨਵੀਂ ਸਰਕਾਰ ਦਿੱਲੀ ਵਿੱਚ ਆਈ ਹੈ... (ਵਿਘਨ) ਸਾਡੀਆਂ ਹੀ ਸਰਕਾਰਾਂ ਹਨ। ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਦਾ ਹਾਂ ਕਿ ਭਾਰਤੀ ਜਨਤਾ ਪਾਰਟੀ ਨੂੰ ਇਸ ਪਾਸੇ ਮੋਹਰੀ ਹੋਣਾ ਚਾਹੀਦਾ ਹੈ ਅਤੇ ਇਸ ਸੰਸਥਾ ਨੂੰ ਚਲਾਉਣ ਵਾਸਤੇ ਉਥੋਂ ਘੱਟੋ ਘੱਟ 20-50 ਕਰੋੜ ਰੁਪਿਆ ਲਿਆ ਕੇ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਹਰ ਕਸਬੇ ਵਿੱਚ ਗਊਸ਼ਾਲਾ ਹੋਣੀ ਚਾਹੀਦੀ ਹੈ ਅਤੇ ਇਹ ਐਨਸ਼ਿਓਰ ਹੋਣਾ ਚਾਹੀਦਾ ਹੈ ਕਿ ਥਰੂ ਡਿਪਟੀ ਕਮਿਸ਼ਨਰ ਜਾਂ ਇਨ੍ਹਾਂ ਦੇ ਡਿਪਾਰਟਮੈਂਟ ਦੇ ਥਰੂ ਡਾਕਟਰਜ਼ ਦੀ ਇਨ੍ਹਾਂ ਸੰਸਥਾਵਾਂ ਵਿੱਚ ਡਿਊਟੀ ਲਗਾਈ ਜਾਵੇ ਅਤੇ ਅਵਾਰਾ ਘੁੰਮਦੀਆਂ ਗਾਵਾਂ ਤੋਂ ਲੋਕਾਂ ਦਾ ਬਚਾਅ ਕੀਤਾ ਜਾਵੇ।

**ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ) :** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਅਭਾਰੀ ਹਾਂ ਕਿ ਤੁਸੀਂ ਮੈਨੂੰ ਗਊ ਸੇਵਾ ਕਮਿਸ਼ਨ ਬਿਲ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਸਰਕਾਰ ਵੱਲੋਂ ਇਹ ਕਮਿਸ਼ਨ ਬਣਾਉਣਾ ਬੜਾ

[ ਸ਼੍ਰੀ ਮਨੋਰੰਜਨ ਕਾਲੀਆ ]

ਅੱਛਾ ਪ੍ਰਯਾਸ ਹੈ। ਇਸ ਦਾ ਮਨੋਰਥ ਅਵਾਰਾ ਗਊਆਂ ਦੀ ਸਾਂਭ ਸੰਭਾਲ ਕਰਨਾ ਹੈ। ਬੇਸਹਾਰਾ ਗਾਵਾਂ ਅਤੇ ਸਲਾਟਰ ਹਾਊਸ ਵਿੱਚ ਜਿਹੜੀਆਂ ਗਊਆਂ ਨੂੰ ਲਿਜਾਇਆ ਜਾਂਦਾ ਹੈ, ਉਨ੍ਹਾਂ ਨੂੰ ਪ੍ਰੋਟੈਕਟ ਕਰਨ ਲਈ ਇਹ ਕਮਿਸ਼ਨ ਬਣਾਇਆ ਜਾ ਰਿਹਾ ਹੈ। ਇਸ ਵਿੱਚ ਇੱਕ ਪੁਆਇੰਟ ਆਫ ਕਲੈਰੀਫਿਕੇਸ਼ਨ ਹੈ, ਇਸ ਦੇ ਸੈਕਸ਼ਨ-14 ਵਿੱਚ ਲਿਖਿਆ ਹੈ :

"Every institution shall within a period of three months, submit an application for registration under this Act in such manner as may be prescribed".

ਸਰ, ਕੀ ਇਹ ਰਜਿਸਟ੍ਰੇਸ਼ਨ ਕੰਪਲਸਰੀ ਹੋਵੇਗੀ? ਮੇਰੀ ਰਾਏ ਹੈ ਕਿ ਸਾਨੂੰ ਇਸ ਨੂੰ ਡਿਸਕ੍ਰੀਸ਼ਨਰੀ ਬਣਾਉਣਾ ਚਾਹੀਦਾ ਹੈ। ਬਥੇਰੀਆਂ ਗਊਸ਼ਾਲਾਵਾਂ ਅਜਿਹੀਆਂ ਹਨ ਜਿਹੜੀਆਂ ਆਪਣੇ ਤੌਰ ਤੇ ਸੇਵਾ ਦਾ ਕੰਮ ਕਰਦੀਆਂ ਹਨ। ਜਿਹੜੀ ਸਰਕਾਰ ਵੱਲੋਂ ਗ੍ਰਾਂਟ ਜਾਣੀ ਹੈ, ਉਹ ਰਜਿਸਟਰਡ ਸੰਸਥਾ ਨੂੰ ਮਿਲੇ ਪਰੰਤੂ ਰਜਿਸਟ੍ਰੇਸ਼ਨ ਨੂੰ ਕੰਪਲਸਰੀ ਦੀ ਬਜਾਏ ਡਿਸਕ੍ਰੀਸ਼ਨਰੀ ਕਰ ਦੇਈਏ ਤਾਂ ਕਿ ਅਗਰ ਕੋਈ ਸੰਸਥਾ ਰਜਿਸਟਰ ਕਰਵਾਉਣਾ ਚਾਹੁੰਦਾ ਹੈ, ਠੀਕ ਹੈ ਪਰੰਤੂ ਜੇਕਰ ਨਹੀਂ ਕਰਵਾਉਣਾ ਚਾਹੁੰਦਾ ਅਤੇ ਸੈਲਫ ਫਾਈਨਾਂਸਡ ਹੈ, ਉਹ ਸੰਸਥਾ ਚੱਲੀ ਜਾਵੇ, ਇਸ ਵਾਸਤੇ ਕੋਈ ਹਰਜ਼ ਨਹੀਂ। ਮੇਰਾ ਸਿਰਫ ਇੰਨਾ ਹੀ ਸੁਝਾਓ ਹੈ। ਮੰਤਰੀ ਜੀ ਇਸ ਤੇ ਥੋੜ੍ਹੀ ਜਿਹੀ ਕਲੈਰੀਫਿਕੇਸ਼ਨ ਕਰ ਦੇਣ। ਧੰਨਵਾਦ ਜੀ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ) :** ਸਰ, ਇਹ ਪੰਜਾਬ ਗਊ ਸੇਵਾ ਬਿਲ ਜਿਹੜਾ ਇੰਟਰੋਡਿਊਸ ਕੀਤਾ ਹੈ, ਇਹ ਸ਼ਲਾਘਾਯੋਗ ਕਦਮ ਹੈ, ਅੱਛੀ ਬਾਤ ਹੈ ਲੇਕਿਨ ਆਪਾਂ ਖਾਲੀ ਗਊਆਂ ਦੀ ਗੱਲ ਕਰਦੇ ਹਾਂ। ਗਊਆਂ ਨੂੰ ਸਾਂਭਣਾ ਬਣਦਾ ਹੈ ਲੇਕਿਨ ਜਿਹੜੇ ਮੇਲ ਹਨ ਜਿਨ੍ਹਾਂ ਨੂੰ ਸਾਨ੍ਹ ਜਾਂ ਢੱਠੇ ਕਹਿੰਦੇ ਹਾਂ, ਇਨ੍ਹਾਂ ਕਾਰਨ ਮਲਟੀਪਲੀਕੇਸ਼ਨ ਹੋ ਰਹੀ ਹੈ। ਉਹ ਜਦੋਂ ਸੜਕਾਂ ਤੇ ਆ ਜਾਂਦੇ ਹਨ ਤਾਂ ਐਕਸੀਡੈਂਟਸ ਹੁੰਦੇ ਹਨ। ਇਸ ਤੇ ਕਾਰਵਾਈ ਦੀ ਲੋੜ ਹੈ, ਸੋਚ ਕਰਨ ਦੀ ਲੋੜ ਹੈ। ਸਾਡਾ ਐਨੀਮਲ ਹਸਬੈਂਡਰੀ ਦਾ ਡਿਪਾਰਟਮੈਂਟ ਜੋ ਹੈ, ਇਸ ਦੀ ਮਨਿਸਟਰੀ ਰਣੀਕੇ ਸਾਹਿਬ ਮੰਤਰੀ ਜੀ ਕੋਲ ਹੈ। ਜਿਹੜੇ ਟੀਕੇ ਹਨ, ਉਹ ਸਬਸੇਡਾਈਜ਼ਡ ਰੇਟ ਤੇ ਫਾਰਮਰਜ਼ ਨੂੰ ਮਿਲਣੇ ਚਾਹੀਦੇ ਹਨ ਪਰੰਤੂ ਅਜਿਹਾ ਨਹੀਂ ਹੋ ਰਿਹਾ। ਸਾਰੇ ਪੰਜਾਬ ਦੇ ਵਿੱਚ ਸੈਗਰੀਗੇਟਿਡ ਸੀਮਨ ਕੰਪਲਸਰੀ ਹੋਵੇ। ਪੰਜਾਬ ਦੇ ਵਿੱਚ ਦੋਵੇਂ ਮੇਲ-ਫੀਮੇਲ ਵੱਛੇ-ਗਾਵਾਂ ਪੈਦਾ ਹੋ ਰਹੀਆਂ ਹਨ। ਇਸ ਨੂੰ ਰੋਕਣਾ ਚਾਹੀਦਾ ਹੈ ਔਰ ਇਹ ਸੈਗਰੀਗੇਟਿਡ ਹੋਣ ਤਾਂ ਹੀ ਸਾਡੀ ਜਿਹੜੀ ਸਮੱਸਿਆ ਹੈ, ਇਹ ਸੌਲਵ ਹੋ ਸਕਦੀ ਹੈ।

ਜਿਵੇਂ ਮੋਫਰ ਸਾਹਿਬ ਨੇ ਕਿਹਾ ਹੈ, ਪੈਸੇ ਤੋਂ ਬਗੈਰ ਕੁਝ ਨਹੀਂ ਹੋਣਾ। ਪੈਸੇ ਦੀ ਪ੍ਰੋਵੀਜ਼ਨ ਹੋਣੀ ਬਹੁਤ ਜ਼ਰੂਰੀ ਹੈ। ਜਿਥੇ ਇਹ ਬਿਲ ਪਾਸ ਕਰ ਰਹੇ ਹਾਂ, ਉਥੇ ਇੰਨਾ ਵੀ ਦੱਸ ਦਿਓ ਕਿ ਬਜਟ ਵਿੱਚ ਇਸ ਲਈ ਕੀ ਪ੍ਰੋਵੀਜ਼ਨ ਕੀਤੀ ਹੈ। ਧੰਨਵਾਦ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ (ਐਸ.ਏ.ਐਸ. ਨਗਰ) :** ਸਪੀਕਰ ਸਾਹਿਬ, ਇਹ ਬਹੁਤ ਹੀ ਵਧੀਆ ਬਿਲ ਲੈ ਕੇ ਆਏ ਹਨ। ਮੈਂ ਇਸ ਦੀ ਸ਼ਲਾਘਾ ਵੀ ਕਰਦਾ ਹਾਂ, ਇਹ ਬੜਾ ਜ਼ਰੂਰੀ ਵੀ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਕੋਈ ਸੰਸਥਾ ਰਜਿਸਟਰ ਨਹੀਂ ਹੁੰਦੀ ਤਾਂ ਉਸ ਦਾ ਮਿਸਯੂਜ਼ ਹੋਵੇਗਾ। ਹਲਕਾ ਵਾਈਜ਼ ਇਸ ਤਰ੍ਹਾਂ ਦਾ ਸਿਸਟਮ ਹੋਣਾ ਚਾਹੀਦਾ ਹੈ ਜੇਕਰ ਅਸੀਂ ਰਜਿਸਟਰ ਨਹੀਂ ਕਰਾਵਾਂਗੇ ਤਾਂ ਬਹੁਤ ਸਾਰੇ ਬੰਦੇ ਜਿਹੜੇ ਇਨ੍ਹਾਂ ਦਾ ਵਪਾਰ ਕਰਦੇ ਹਨ ਉਹ ਸਲਾਟਰ ਹਾਊਸਾਂ ਲਈ ਵਪਾਰ ਕਰਨਗੇ। ਇਸ ਲਈ ਸੰਸਥਾ ਸਰਕਾਰੀ ਦੇਖ-ਰੇਖ ਹੇਠ ਬਣੇ, ਉਥੇ ਗਊਆਂ ਰੱਖੀਆਂ ਜਾਣ, ਉਥੇ ਬਕਾਇਦਾ ਦੁੱਧ ਵੀ ਪ੍ਰੋਡਿਊਸ ਹੋ ਸਕਦਾ ਹੈ। ਉਹ ਆਪਾਂ ਵੇਚ ਵੀ ਸਕਦੇ ਹਾਂ। ਬਹੁਤ ਸਾਰੀਆਂ ਗਊਆਂ ਦੁੱਧ ਦਿੰਦੀਆਂ ਹਨ ਪਰ ਉਹ ਅਵਾਰਾ ਤੁਰੀਆਂ ਫਿਰਦੀਆਂ ਹਨ। ਜੇ ਉਨ੍ਹਾਂ ਨੂੰ ਆਪਾਂ ਸੰਭਾਲਾਂਗੇ ਤਾਂ ਹੀ ਉਹ ਦੁੱਧ ਦੇਣਗੀਆਂ। ਧੰਨਵਾਦ ਜੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

> ਕਿ ਪੰਜਾਬ ਗਊ ਸੇਵਾ ਕਮਿਸ਼ਨ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

> ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

***ਕਲਾਜ਼ਾਂ 2 ਤੋਂ 26***

**ਮਾਨਯੋਗ ਸਪੀਕਰ :** ਕਿਉਂਕਿ ਕਲਾਜ਼ਾਂ 2 ਤੋਂ 26 ਵਿਚ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

**(ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 26 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਬਿਲ ਪਾਸ ਕਰਨ ਦਾ ਪ੍ਰਸਤਾਵ ਪੇਸ਼ ਕਰਨ।

**ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ (ਸਰਦਾਰ ਗੁਲਜਾਰ ਸਿੰਘ ਰਣੀਕੇ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਗਊ ਸੇਵਾ ਕਮਿਸ਼ਨ ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਗਊ ਸੇਵਾ ਕਮਿਸ਼ਨ ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਗਊ ਸੇਵਾ ਕਮਿਸ਼ਨ ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

———

## 6. THE PUNJAB APARTMENT AND PROPERTY REGULATION (AMENDMENT) BILL,2014

**ਮਾਨਯੋਗ ਸਪੀਕਰ :** ਡਿਪਟੀ ਸੀ.ਐਮ. ਸਾਹਿਬ ਬਿਲ ਪੇਸ਼ ਕਰਨਗੇ।

**ਉਪ ਮੁੱਖ ਮੰਤਰੀ ( ਸਰਦਾਰ ਸੁਖਬੀਰ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪੰਜਾਬ ਅਪਾਰਟਮੈਂਟ ਅਤੇ ਜਾਇਦਾਦ ਵਿਨਿਯਮਨ (ਸੋਧਨਾ) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਅਪਾਰਟਮੈਂਟ ਅਤੇ ਜਾਇਦਾਦ ਵਿਨਿਯਮਨ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਪੰਜਾਬ ਅਪਾਰਟਮੈਂਟ ਅਤੇ ਜਾਇਦਾਦ ਵਿਨਿਯਮਨ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ ਜੇਕਰ ਕੋਈ ਹੋਵੇ?

***1.55 ਵਜੇ** ਬਾਅਦ ਦੁਪਹਿਰ

(ਇਸ *ਸਮੇਂ ਸਰਦਾਰ ਇਕਬਾਲ ਸਿੰਘ ਝੂੰਦਾਂ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

**ਸ਼੍ਰੀ ਸਭਾਪਤੀ :** ਸੇਖੜੀ ਜੀ, ਤੁਸੀਂ ਬੋਲੋ।

**ਸ਼੍ਰੀ ਅਸ਼ਵਨੀ ਸੇਖੜੀ (ਬਟਾਲਾ):** ਚੇਅਰਮੈਨ ਸਾਹਿਬ, ਮੈਂ ਪੰਜਾਬ ਅਪਾਰਟਮੈਂਟ ਅਤੇ ਜਾਇਦਾਦ ਵਿਨਿਯਮਨ (ਸੋਧਨਾ) ਬਿਲ, 2014 ਉੱਤੇ ਬੋਲਣਾ ਚਾਹੁੰਦਾ ਹਾਂ। ਇਸ ਦੀ ਕਲਾਜ਼ 2 ਦੀ ਸਬ ਕਲਾਜ਼ 1 ਵਿਚ ਲਿਖਿਆ ਹੈ : Colony means an area of land not less than 1,000 sq. mtr. ਅਗਰ ਸ਼ਹਿਰਾਂ ਵਿਚ ਕੋਈ ਵੇਚਦਾ ਹੈ ਜਾਂ ਇਸ ਤੇ ਕੰਸਟ੍ਰਕਸ਼ਨ ਕਰਦਾ ਹੈ ਤਾਂ ਇਸ ਐਕਟ ਦੇ ਅਧੀਨ ਕਾਫ਼ੀ ਸਖ਼ਤ ਸਜ਼ਾਵਾਂ ਵੀ ਰੱਖੀਆਂ ਗਈਆਂ ਹਨ। ਉਲੰਘਣਾ ਕਰਨ ਵਾਲੇ ਨੂੰ ਤਿੰਨ ਸਾਲ ਦੀ ਕੈਦ ਹੋਵੇਗੀ ਔਰ ਦੋ ਲੱਖ ਰੁਪਿਆ ਫਾਈਨ ਹੋਵੇਗਾ। ਮੈਂ ਸਮਝਦਾ ਹਾਂ ਕਿ ਇਸ ਵਿੱਚ ਅਮੈਂਡਮੈਂਟ ਕਰਨੀ ਚਾਹੀਦੀ ਹੈ। ਜਿਹੜੇ ਪੰਜਾਬ ਦੇ ਬਹੁਤ ਪੁਰਾਣੇ ਸ਼ਹਿਰ ਹਨ ਉਨ੍ਹਾਂ ਵਿਚ ਇਕ ਹਜ਼ਾਰ ਸੁਕੇਅਰ ਮੀਟਰ ਤੋਂ ਵਧਾ ਕੇ ਇਹ 2500 ਸੁਕੇਅਰ ਮੀਟਰ ਤੱਕ ਹੋ ਜਾਵੇ ਤਾਂ

[ ਸ਼੍ਰੀ ਅਸ਼ਵਨੀ ਸੇਖੜੀ ]

ਠੀਕ ਰਹੇਗਾ ਕਿਉਂਕਿ ਗਲੀਆਂ ਵਿੱਚ ਨਵੀਆਂ ਕਲੋਨੀਆਂ ਤਾਂ ਬਣ ਨਹੀਂ ਸਕਦੀਆਂ। ਜਿਹੜੀਆਂ ਪੁਰਾਣੇ ਇਲਾਕਿਆਂ ਵਿਚ ਹਵੇਲੀਆਂ ਪਈਆਂ ਹਨ ਉਨ੍ਹਾਂ ਵਾਸਤੇ ਇਸ ਐਕਟ ਵਿੱਚ ਅਮੈਂਡਮੈਂਟ ਕਰਕੇ 1000 ਸੁਕੇਅਰ ਮੀਟਰ ਜਗ੍ਹਾ ਦੀ ਬਜਾਏ 2500 ਸੁਕੇਅਰ ਮੀਟਰ ਕਰਨਾ ਚਾਹੀਦਾ ਹੈ।

ਇਸ ਦੇ ਨਾਲ ਹੀ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਅਤੇ ਖ਼ਾਸ ਕਰਕੇ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਸ਼ਹਿਰਾਂ ਵਿਚ ਅਨਅਪਰੂਵਡ ਕਲੋਨੀਆਂ ਨੂੰ ਰੈਗੂਲਰ ਕਰਨ ਲਈ ਪਿੱਛੇ ਜਿਹੇ ਇਕ ਐਮਨੈਸਟੀ ਸਕੀਮ ਦਿੱਤੀ ਸੀ ਜਿਸ ਅਨੁਸਾਰ ਚਾਰਜ਼ਿਜ਼ ਲਗਾ ਕੇ ਉਹ ਕਲੋਨੀਆਂ ਅਪਰੂਵ ਹੋ ਜਾਂਦੀਆਂ ਸਨ। ਉਹ ਸਕੀਮ ਅਪ੍ਰੈਲ ਵਿਚ ਬੰਦ ਹੋ ਗਈ ਹੈ। ਚੇਅਰਮੈਨ ਸਾਹਿਬ, ਮੇਰੀ ਸਰਕਾਰ ਨੂੰ ਇਹ ਬੇਨਤੀ ਹੈ ਕਿ ਬਹੁਤ ਸਾਰੇ ਲੋਕ ਉਸ ਸਕੀਮ ਵਿਚ ਪਾਰਟੀਸੀਪੇਟ ਨਹੀਂ ਕਰ ਸਕੇ ਅਗਰ ਸਰਕਾਰ ਉਸ ਸਕੀਮ ਵਾਸਤੇ ਤਿੰਨ ਮਹੀਨੇ ਦੀ ਹੋਰ ਐਕਸਟੈਨਸ਼ਨ ਦੇ ਦਿੰਦੀ ਹੈ ਤਾਂ ਪੰਜਾਬ ਦੇ ਬਹੁਤ ਸਾਰੇ ਲੋਕਾਂ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਦੂਰ ਹੋਣਗੀਆਂ ਅਤੇ ਝਗੜੇ ਖ਼ਤਮ ਹੋਣਗੇ।

**ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ):** ਮਾਨਯੋਗ ਚੇਅਰਮੈਨ ਸਾਹਿਬ, ਇਹ ਜਿਹੜਾ ਪੰਜਾਬ ਅਪਾਰਟਮੈਂਟ ਅਤੇ ਜਾਇਦਾਦ ਵਿਨਿਯਮਨ (ਸੋਧਨਾ) ਬਿਲ, 2014 ਆਇਆ ਹੈ, ਇਸ ਬਾਰੇ ਅਸ਼ਵਨੀ ਜੀ ਨੇ ਗੱਲ ਕੀਤੀ ਹੈ। ਕਲਾਜ਼ ਦੋ ਦੀ ਸਬ ਕਲਾਜ਼ (1) ਵਿਚ ਲਿਖਿਆ ਹੈ ਕਿ : Colony means an area of land not less than 1,000 sq. mtr. ਕਿ ਕਲੋਨੀ ਜਿਹੜੀ ਹੈ, ਉਹ ਘੱਟ ਤੋਂ ਘੱਟ ਇਕ ਹਜ਼ਾਰ ਸੁਕੇਅਰ ਮੀਟਰ ਵਿਚ ਹੋਣੀ ਚਾਹੀਦੀ ਹੈ। ਮਾਨਯੋਗ ਚੇਅਰਮੈਨ ਸਾਹਿਬ, ਇਸ ਦਾ ਮਤਲਬ ਇਹ ਹੈ ਕਿ ਸ਼ਹਿਰਾਂ ਵਿਚ ਇਕ ਹਜ਼ਾਰ ਸੁਕੇਅਰ ਮੀਟਰ ਤੋਂ ਘੱਟ ਏਰੀਏ ਵਿੱਚ ਕਲੋਨੀ ਨਹੀਂ ਬਣਦੀ ਲੇਕਿਨ ਕੀ ਇਹ ਐਨਸ਼ਿਓਰ ਹੋਵੇਗਾ ਕਿ 1000 ਸੁਕੇਅਰ ਯਾਰਡ ਵਿੱਚ ਬਣੀ ਹੋਈ ਕਲੋਨੀ ਤੋਂ ਬਾਅਦ ਕੋਈ ਕੰਸਟ੍ਰਕਸ਼ਨ ਨਹੀਂ ਹੋਵੇਗੀ ਕਿਉਂਕਿ ਸ਼ਹਿਰਾਂ ਵਿਚ ਕੀ ਹੁੰਦਾ ਹੈ ਕਿ ਜਗ੍ਹਾ ਥੋੜ੍ਹੀ ਹੁੰਦੀ ਹੈ ਤੇ ਨਾਲ ਹੀ ਕਲੋਨੀ ਬਣ ਰਹੀ ਹੁੰਦੀ ਹੈ। ਮੰਨ ਲਓ ਉਸ ਦੇ ਨਾਲ ਕੁਝ ਏਰੀਆ ਪਿਆ ਹੋਇਆ ਹੈ। ਜੇ ਅਸੀਂ ਕੇਸ ਟੂ ਕੇਸ ਬੇਸ ਉੱਤੇ ਕੰਸਿਡਰ ਕਰਕੇ ਕਿ ਅਲਾਓ ਕਰੀਏ ਤਾਂ ਉਸ ਢੰਗ ਨਾਲ ਇਲਲੀਗਲ ਕਾਲੋਨਾਈਜ਼ੈਸ਼ਨ ਰੁਕ ਸਕਦੀ ਹੈ। ਮੇਰੀ

ਬੇਨਤੀ ਹੈ ਕਿ, ਉਪ ਮੁੱਖ ਮੰਤਰੀ ਜੀ ਮੇਰੀ ਗੱਲ ਉਤੇ ਤਵੱਜੋਂ ਦੇਣ। ਇਲਲੀਗਲ ਕਾਲੋਨੀਜ਼ ਦੀ ਪ੍ਰਾਬਲਮ ਬਹੁਤ ਦੇਰ ਤੋਂ ਰਹੀ ਹੈ, ਅਸੀਂ ਉਸ ਵਿਚ ਪਿੱਛੇ ਜਿਹੇ ਰੈਗੂਲੇਰਾਈਜੇਸ਼ਨ ਕੀਤੀ ਹੈ। ਅੱਗੇ ਸਵਰਗੀ ਸਰਦਾਰ ਬੇਅੰਤ ਸਿੰਘ ਹੁਰਾਂ ਨੇ ਵੀ ਆਪਣੇ ਸਮੇਂ ਵਿਚ ਕੀਤੀ ਸੀ ਲੇਕਿਨ ਉਸ ਦੇ ਬਾਵਜੂਦ ਇਲਲੀਗਲ ਕਾਲੋਨੀਜ਼ ਨਿਰੰਤਰ ਚਲਦੀਆਂ ਪਈਆਂ ਹਨ। ਮੇਰੀ ਰਾਏ ਇਹ ਹੈ ਕਿ ਜੇਕਰ ਜਗ੍ਹਾ ਇਕ ਹਜ਼ਾਰ ਸੁਕੇਅਰ ਮੀਟਰ ਤੋਂ ਘੱਟ ਹੋਵੇ ਤਾਂ ਆਪਾਂ ਉਸ ਨੂੰ ਕੇਸ ਟੂ ਕੇਸ ਬੇਸ ਉੱਤੇ ਜਿਵੇਂ ਸ਼ਹਿਰਾਂ ਵਿਚ ਲੈਂਡ ਘੱਟ ਹੈ ਜੇ ਆਪਾਂ ਉਸ ਨੂੰ ਅਲਾਓ ਕਰ ਦੇਈਏ ਬਜਾਏ ਕਿ ਉਹ ਬੰਦਾ ਕਿਸੇ ਇਲੀਲੀਗਲ ਕਾਲੋਨਾਈਜ਼ੇਸ਼ਨ ਵੱਲ ਜਾਣ ਤਾਂ ਇਸ ਬਾਰੇ ਆਪਾਂ ਨੂੰ ਕੰਸੀਡਰ ਕਰਨਾ ਚਾਹੀਦਾ ਹੈ ਕਿਉਂਕਿ ਇਸ ਨਾਲ ਇਲਲੀਗਲ ਕਾਲੋਨਾਈਜ਼ੇਸ਼ਨ ਰੁਕ ਸਕਦੀ ਹੈ।

ਸੈਕੰਡਲੀ ਜਿਹੜੀ ਕਲਾਜ਼ 13 ਹੈ, ਇਸ ਵਿਚ ਲਿਖਿਆ ਹੈ ਕਿ ਜਿਹੜਾ ਡਿਵੈਲਪਰ ਹੈ, ਉਹ ਹੀ ਪੰਜ ਸਾਲ ਇਸ ਨੂੰ ਮੇਨਟੇਨ ਕਰੇਗਾ। ਇਹ ਬਿਲਕੁਲ ਠੀਕ ਹੈ ਲੇਕਿਨ ਇਸ ਤੇ ਚੈੱਕ ਰੱਖਣ ਵਾਸਤੇ ਕੋਈ ਮਕੈਨੇਜ਼ਿਮ ਹੋਣਾ ਚਾਹੀਦਾ ਹੈ ਕਿ ਉਹ ਪ੍ਰਾਪਰਲੀ ਮੇਨਟੇਨ ਕਰ ਰਿਹਾ ਹੈ ਜਾਂ ਨਹੀਂ ਕਰ ਰਿਹਾ। ਕੀ ਇਸ ਵਾਸਤੇ ਕੋਈ ਪਰਾਪਰ ਮਕੈਨੇਜ਼ਿਮ ਬਣਾਇਆ ਹੈ? ਅਸਲ ਵਿੱਚ ਹੁੰਦਾ ਕੀ ਹੈ? ਆਮ ਬੰਦਾ ਉਥੇ ਮਕਾਨ ਬਣਾ ਲੈਂਦਾ ਹੈ ਜਾਂ ਜਗ੍ਹਾ ਲੈ ਲੈਂਦਾ ਹੈ ਪਰੰਤੂ ਕਾਲੋਨਾਈਜ਼ਰ ਲੋਕਾਂ ਨੂੰ ਪਰਾਪਰ ਸੜਕਾਂ ਜਾਂ ਸਿਵਿਕ ਐਮੇਨਿਟੀਜ਼ ਪ੍ਰੋਵਾਈਡ ਨਹੀਂ ਕਰਵਾਉਂਦੇ। ਸੈਕਿੰਡ, ਪੰਜ ਸਾਲ ਤੋਂ ਬਾਅਦ ਉਸ ਨੇ ਕਲੋਨੀ ਟ੍ਰਾਂਸਫਰ ਕਰ ਦੇਣੀ ਹੈ। ਮੈਂ ਕਹਿੰਦਾ ਹਾਂ ਕਿ ਇਹ ਉਸ ਵਾਸਤੇ ਜ਼ਿਆਦਾ ਬਿਹਤਰ ਹੋ ਜਾਂਦਾ ਹੈ ਕਿਉਂਕਿ ਉਸ ਦੇ ਪਲਾਟ ਤਾਂ ਸਿਰਫ਼ 25% ਵਿਕੇ ਹਨ ਪਰੰਤੂ ਪੰਜ ਸਾਲ ਹੋ ਜਾਣ ਕਾਰਨ ਉਸ ਨੇ ਕਲੋਨੀ ਨੂੰ ਟ੍ਰਾਂਸਫਰ ਕਰ ਦਿੱਤਾ ਜਿਸ ਨਾਲ ਸਿਵਿਕ ਐਮੇਨਿਟੀਜ਼ ਦੇਣ ਦਾ ਜਿਹੜਾ ਉਸ ਦੇ ਜੀਅ ਦਾ ਜੰਜਾਲ ਸੀ, ਉਹ ਮਿਉਂਸਪਲ ਕਮੇਟੀ ਦੇ ਜ਼ਿੰਮੇ ਆ ਗਿਆ। ਮੈਨੂੰ ਜਲੰਧਰ ਵਿੱਚ ਕੁਝ ਕਲੋਨੀਜ਼ ਵਿੱਚ ਜਾਣ ਦਾ ਮੌਕਾ ਮਿਲਿਆ। ਉਥੇ ਕੀ ਸੀ ਕਿ ਪਰਾਪਰ ਸਿਵਿਕ ਐਮੇਨਿਟੀਜ਼ ਪ੍ਰੋਵਾਈਡ ਹੀ ਨਹੀਂ ਕਰਵਾਈਆਂ ਗਈਆਂ ਸਨ। ਸੋ, ਇਸ ਗੱਲ ਨੂੰ ਐਨਸ਼ਿਓਰ ਕੀਤਾ ਜਾਵੇ ਕਿ ਕਮ-ਅਜ਼-ਕਮ ਜਦੋਂ 75% ਪਲਾਟਾਂ ਦੀ ਸੇਲ ਹੋ ਜਾਣੀ ਚਾਹੀਦੀ ਹੈ ਤਾਂ ਉਹ ਕੰਸਟ੍ਰਕਟਿਡ ਹੋਣਾ ਚਾਹੀਦਾ ਹੈ। ਇਸ ਵਾਸਤੇ ਕੋਈ ਕਮੇਟੀ ਬਣਾ ਕੇ ਉਨ੍ਹਾਂ ਤੇ ਕੋਈ ਟੈਕਸ ਲੈਵੀ ਕੀਤਾ ਜਾਵੇ ਕਿਉਂਕਿ ਪਲਾਟ ਖਾਲੀ ਪਏ ਹੋਏ ਹੁੰਦੇ ਹਨ ਤੇ ਸਿਰਫ਼ 25% ਏਰੀਆ ਕੰਸਟ੍ਰਕਟ ਹੋਇਆ ਹੁੰਦਾ ਹੈ ਪਰੰਤੂ ਪੰਜ ਸਾਲ ਹੋ ਜਾਣ ਉਪਰੰਤ ਉਹ ਕਲੋਨੀ ਟ੍ਰਾਂਸਫਰ ਕਰ ਜਾਂਦੇ ਹਨ।

[ ਸ਼੍ਰੀ ਮਨੋਰੰਜਨ ਕਾਲੀਆ ]

ਇਸ ਕਰਕੇ ਇਨ੍ਹਾਂ ਦੋਹਾਂ ਗੱਲਾਂ ਨੂੰ ਕੰਸਿਡਰ ਕੀਤਾ ਜਾਵੇ ਤਾਂ ਕਿ ਜਿਹੜਾ ਆਮ ਬੰਦਾ ਕਿਸੇ ਕਲੋਨੀ ਵਿੱਚ ਮਕਾਨ ਲੈਂਦਾ ਹੈ, ਉਸ ਨੂੰ ਬੇਸਿਕ ਐਮੇਨਿਟੀਜ਼ ਦੀ ਸਹੂਲਤ ਮਿਲ ਸਕੇ ਅਤੇ ਇਲਲੀਗਲ ਕਾਲੋਨਾਈਜ਼ੇਸ਼ਨ ਨੂੰ ਠੱਲ੍ਹ ਪੈ ਸਕੇ। ਇਸ ਗੱਲ ਵੱਲ ਧਿਆਨ ਦਿੱਤਾ ਜਾਵੇ। ਬਹੁਤ ਬਹੁਤ ਧੰਨਵਾਦ।

**ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.) :** ਚੇਅਰਮੈਨ ਸਾਹਿਬ, ਮਾਨਯੋਗ ਡਿਪਟੀ ਸੀ.ਐਮ. ਸਾਹਿਬ ਨੇ ਬੜੇ ਚੰਗੇ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਚੇਅਰਮੈਨ ਸਾਹਿਬ, ਮੈਂ ਖਰੜ ਮਿਉਂਸਪਲ ਕਮੇਟੀ ਦਾ ਮੈਂਬਰ ਰਿਹਾ ਹਾਂ ਅਤੇ ਪ੍ਰਧਾਨ ਵੀ ਰਿਹਾ ਹਾਂ। ਮੈਂ ਆਪਣੇ ਐਕਸਪੀਰੀਐਂਸ ਤੋਂ ਇਨ੍ਹਾਂ ਨੂੰ ਥੋੜ੍ਹੀਆਂ ਜਿਹੀਆਂ ਬੇਨਤੀਆਂ ਕਰਨੀਆਂ ਚਾਹੁੰਦਾ ਹਾਂ। ਜਦੋਂ ਕੋਈ ਪੁੱਡਾ ਦੀ ਕਲੋਨੀ ਆਉਂਦੀ ਹੈ ਜਾਂ ਕੋਈ ਹੋਰ ਕਲੋਨੀ ਆਉਂਦੀ ਹੈ ਤਾਂ ਜਿਹੜੇ ਐਗਜ਼ਿਸਟਿੰਗ ਰਸਤੇ ਹੁੰਦੇ ਹਨ, ਉਨ੍ਹਾਂ ਦੇ ਚਾਰੋਂ ਪਾਸੇ ਦੀਵਾਰ ਹੋ ਜਾਂਦੀ ਹੈ। ਇੱਕ 11 ਫੁੱਟ ਦਾ ਜਿਹੜਾ ਰਸਤਾ ਲੱਗਿਆ ਹੁੰਦਾ ਹੈ, ਉਸ ਉਪਰ ਉਹ ਆਪਣੀ ਕਲੋਨੀ ਬਣਾ ਲੈਂਦੇ ਹਨ। ਕਲੋਨੀ ਦਾ ਰਸਤਾ ਤਾਂ ਉਹ 11 ਫੁੱਟ ਹੀ ਰਹਿਣ ਦਿੰਦੇ ਹਨ ਪਰੰਤੂ ਆਪਣੇ ਇਲਾਕੇ ਵਿੱਚ 30 ਫੁੱਟ ਦੀ ਸੜਕ ਬਣਾ ਦਿੰਦੇ ਹਨ ਜਿਸ ਨਾਲ ਜਿਹੜਾ ਬਾਕੀ ਦਾ ਸਰਾਊਂਡਿੰਗ ਏਰੀਆ ਹੈ, ਉਹ ਸਲੱਮ ਏਰੀਆ ਬਣ ਜਾਂਦਾ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਂ ਇਨ੍ਹਾਂ ਦੇ ਧਿਆਨ ਵਿੱਚ ਲਿਆਉਣ ਲਈ ਇਹ ਗੱਲ ਕੀਤੀ ਹੈ।

ਦੂਜੀ ਗੱਲ ਇਹ ਹੈ ਕਿ ਉਥੇ ਹੀ ਮਿਉਂਸਪੈਲਟੀ ਕੰਮ ਕਰ ਰਹੀ ਹੈ ਅਤੇ ਉੱਥੇ ਹੀ ਪੁੱਡਾ ਆ ਕੇ ਕਲੋਨੀ ਕੱਟ ਦਿੰਦਾ ਹੈ। ਮਿਉਂਸਿਪਲ ਕੌਂਸਲ ਵਾਲੇ ਕਹਿੰਦੇ ਹਨ ਕਿ ਸਾਡੇ ਤੋਂ ਵੀ ਨਕਸ਼ੇ ਪਾਸ ਕਰਵਾਓ। ਅਸੀਂ ਜਦੋਂ ਉਥੇ ਮਕਾਨ ਲੈਂਦੇ ਹਾਂ ਤਾਂ ਜਿਹੜਾ ਕਾਲੋਨਾਈਜ਼ਰ ਹੈ ਉਹ ਸੀ.ਐਲ.ਯੂ. ਦੇ ਚੁੱਕਿਆ ਹੁੰਦਾ ਹੈ, ਡਿਵੈਲਪਮੈਂਟ ਫੰਡਜ਼ ਦੇ ਚੁੱਕਿਆ ਹੁੰਦਾ ਹੈ ਜਾਂ ਹੋਰ ਸਾਰੇ ਫੰਡ ਵੀ ਦਿੱਤੇ ਹੁੰਦੇ ਹਨ। ਆਮ ਬੰਦੇ ਨੂੰ ਉੱਥੇ ਪਲਾਟ ਇਸ ਕਰਕੇ ਮਹਿੰਗਾ ਮਿਲਦਾ ਹੈ ਕਿਉਂਕਿ ਉਥੇ ਸਾਰਾ ਕੁਝ ਮਾਲਕ ਨੇ ਦਿੱਤਾ ਹੋਇਆ ਹੈ। ਫੇਰ ਉਥੇ ਮਿਉਂਸਿਪਲ ਕਮੇਟੀ ਦੇ ਪਾਣੀ ਦੇ ਪੈਸੇ, ਸੀਵਰੇਜ ਦੇ ਪੈਸੇ ਜਾਂ ਕੋਈ ਹੋਰ ਪੈਸਾ ਦੇਣ ਦਾ ਕੋਈ ਮਤਲਬ ਨਹੀਂ ਬਣਦਾ। ਅੱਗੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਵਿੱਚ ਕਲਾਜ਼ ਲਿਆਂਦੀ ਗਈ ਹੈ ਕਿ ਪ੍ਰੋਮੋਟਰ ਦੀਆਂ ਕਿਹੜੀਆਂ ਜ਼ਿੰਮੇਵਾਰੀਆਂ ਹਨ। ਸਭ

ਕੁਝ ਹੀ ਪ੍ਰੋਮੋਟਰ ਤੇ ਪਾ ਦਿੱਤਾ ਗਿਆ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਜ਼ਮੀਨ ਦਾ ਮਾਲਕ ਪ੍ਰੋਮੋਟਰ ਹੈ, ਬਿਲਡਰ ਕੋਈ ਹੋਰ ਹੈ ਅਤੇ ਕਾਲੋਨਾਈਜ਼ਰ ਕੋਈ ਹੋਰ ਹੈ। ਕਾਲੋਨਾਈਜ਼ਰ ਆ ਕੇ ਆਮ ਸਧਾਰਨ ਬੰਦੇ ਤੋਂ ਜ਼ਮੀਨ ਖਰੀਦ ਲੈਂਦਾ ਹੈ। ਜਿਹੜਾ ਜ਼ਮੀਨ ਦਾ ਮਾਲਕ ਹੈ ਉਹੀ ਪ੍ਰੋਮੋਟਰ ਰਹੇਗਾ ਕਿਉਂਕਿ ਇਸ ਵਿੱਚ ਪ੍ਰੋਮੋਟਰ ਉਹੀ ਬਣਾਇਆ ਹੋਇਆ ਹੈ। ਕਾਲੋਨਾਈਜ਼ਰ ਨੇ ਆਪਣੀ ਕਲੋਨੀ ਕੱਟ ਕੇ ਲੰਘ ਜਾਣਾ ਹੈ, ਬਿਲਡਰ ਨੇ ਫਲੈਟ ਬਣਾ ਕੇ ਲੰਘ ਜਾਣਾ ਹੈ ਪਰੰਤੂ ਪਰਚੇ ਪ੍ਰੋਮੋਟਰ ਤੇ ਦਰਜ ਹੋਣੇ ਹਨ ਜਿਸ ਕਾਰਨ ਉਸ ਵਿਚਾਰੇ ਨੂੰ ਭੁਗਤਣਾ ਪੈਣਾ ਹੈ। ਪਤਾ ਨਹੀਂ ਕਿੰਨੀਆਂ ਕਲੋਨੀਆਂ ਅੱਧ-ਵਿਚਾਲੇ ਪਈਆਂ ਹਨ...

**ਸ਼੍ਰੀ ਸਭਾਪਤੀ :** ਬੈਠੋ ਜੀ, ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮੈਂ ਆਨ ਮੈਰਿਟ ਮੁੱਦੇ ਤੇ ਗੱਲ ਕਰ ਰਿਹਾ ਹਾਂ।

**ਸ਼੍ਰੀ ਸਭਾਪਤੀ :** ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਕਾਨੂੰਨ ਪਾਸ ਹੋਣਾ ਹੈ, ਮੈਨੂੰ ਇਸ ਤੇ ਪੂਰੀ ਗੱਲ ਕਰ ਲੈਣ ਦਿਓ। ਮੈਂ ਹੋਰ ਫਾਲਤੂ ਗੱਲ ਨਹੀ ਕਰ ਰਿਹਾ, ਆਨ ਮੈਰਿਟ ਕਰ ਰਿਹਾ ਹਾਂ।

**ਸ਼੍ਰੀ ਸਭਾਪਤੀ :** ਤੁਸੀ ਛੇਤੀ ਸਮ-ਅੱਪ ਕਰੋ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮੇਰੀ ਅਗਲੀ ਬੇਨਤੀ ਹੈ, ਇਸ ਦੀ ਸੈਕਸ਼ਨ-3 ਦੀ ਕਲਾਜ਼-'ਸੀ' ਵਿੱਚ ਕਿਹਾ ਗਿਆ ਹੈ।

> Provided that the Government may by notification direct in the case of residential apartment 10% of the total apartment be reserved for the economically weaker sections of the society, in the case of colony 5% area of the gross area of the project.

ਚੇਅਰਮੈਨ ਸਾਹਿਬ, ਇੱਕ ਏਕੜ ਦਾ 5% ਏਰੀਆ ਸਿਰਫ਼ 242 ਗਜ਼ ਦਾ ਇੱਕ ਪਲਾਟ ਬਣਦਾ ਹੈ। ਮੈਂ ਆਪ ਜੀ ਦੇ ਰਾਹੀਂ ਡਿਪਟੀ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਕਨਾਮੀਕਲੀ ਵੀਕਰ ਸੈਕਸ਼ਨ ਵਾਸਤੇ ਇੱਕ ਏਕੜ ਵਿਚੋਂ ਸਿਰਫ਼ 242 ਗਜ਼ ਦਾ ਪਲਾਟ ਰੱਖਿਆ ਹੈ ਅਤੇ ਇਸ ਵਿੱਚ ਵੀ ਇਹ ਨਹੀਂ ਲਿਖਿਆ ਕਿ ਇਹ ਪੱਕਾ ਹੋਵੇਗਾ। ਲਿਖਿਆ ਹੈ ਕਿ may by notification, ਜੇ ਸਰਕਾਰ ਚਾਹੇ ਤਾਂ ਡਾਇਰੈਕਟ ਕਰ ਦੇਵੇ, ਨਹੀਂ ਤਾਂ ਨਹੀਂ।

ਇਸ ਕਰਕੇ ਮੈਂ, ਡਿਪਟੀ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ

ਹਾਂ ਕਿ ਮੁਹਾਲੀ ਅਤੇ ਜਲੰਧਰ ਵਿੱਚ ਕਿੰਨੀਆਂ ਹੀ ਨਵੀਆਂ ਕਲੋਨੀਆਂ ਬਣ ਗਈਆਂ ਹਨ। ਆਪਾਂ ਸਾਰੀਆਂ ਪਾਸ ਕਰੀ ਜਾਂਦੇ ਹਾਂ, ਤੁਸੀਂ ਪਾਸ ਕਰੀ ਜਾਂਦੇ ਹੋ। ਕੀ ਅੱਜ ਤੱਕ ਕਿਸੇ ਨੇ ਵੀ ਇਕਨਾਮੀਕਲੀ ਵੀਕਰ ਸੈਕਸ਼ਨ ਵਾਸਤੇ ਮਕਾਨ ਬਣਾਏ ਹਨ? ਨਹੀਂ ਬਣਾਏ,ਕਿਉਂਕਿ ਸਰਕਾਰੀ ਡੰਡਾ ਨਹੀਂ ਹੈ। ਪਹਿਲਾਂ ਜਿਹੜਾ ਮਾੜਾ-ਮੋਟਾ ਸਰਕਾਰੀ ਡੰਡਾ ਹੈ ਵੀ ਸੀ, ਅੱਜ ਤੁਸੀਂ ਉਹ ਵੀ ਚੁੱਕ ਦਿੱਤਾ ਹੈ ਕਿ ਜੇਕਰ ਸਰਕਾਰ ਡਾਇਰੈਕਟ ਕਰੇਗੀ ਤਾਂ ਉਹ ਬਣਾਉਣਗੇ। ਉਨ੍ਹਾਂ ਨੂੰ ਕੋਈ ਕੰਪਲਸ਼ਨ ਨਹੀਂ ਹੈ। ਤੁਹਾਨੂੰ ਪਤਾ ਹੈ ਫਿਰ ਕਲੋਨੀਆਂ ਵਾਲੇ ਕੀ ਕਰਦੇ ਹਨ? ਉਹ ਇਕਨਾਮੀਕਲੀ ਵੀਕਰ ਸੈਕਸ਼ਨ ਵਾਸਤੇ ਛੋਟੇ ਛੋਟੇ ਫਲੈਟ ਬਣਾ ਕੇ ਜੋ ਕਿ ਸਿਰਫ਼ ਇੱਕ ਜਾਂ ਦੋ ਕਮਰਿਆਂ ਦਾ ਫਲੈਟ ਹੀ ਹੁੰਦਾ ਹੈ, ਉਸ ਨੂੰ ਵੀ ਉਹ ਥੀਏਟਰ ਵਾਲਿਆਂ ਨੂੰ ਦੇ ਦਿੰਦੇ ਹਨ। ਉਸ ਫਲੈਟ ਨੂੰ ਇਸ ਤਰੀਕੇ ਨਾਲ ਵੇਚਦੇ ਹਨ ਕਿ ਉਨ੍ਹਾਂ ਨੂੰ ਉਸ ਦੀ ਬਹੁਤ ਕੀਮਤ ਮਿਲ ਜਾਂਦੀ ਹੈ। ਇਕਨਾਮੀਕਲੀ ਵੀਕਰ ਸੈਕਸ਼ਨ ਨੂੰ ਇਹ ਮਿਲਦੇ ਹੀ ਨਹੀਂ ਹਨ। ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕਨਾਮੀਕਲੀ ਵੀਕਰ ਸੈਕਸ਼ਨ ਨੂੰ ਬਣਦਾ ਹੱਕ ਦੇਣ ਵਾਸਤੇ ਸਰਕਾਰ ਦਾ ਇਸ ਮਾਮਲੇ ਵਿੱਚ ਦਖ਼ਲ ਦੇਵੇ। ਸਰਕਾਰ ਹਰ ਕਲੋਨੀ ਵਾਸਤੇ ਦਰਖ਼ਾਸਤਾਂ ਲਵੇ ਅਤੇ ਉਥੇ ਇਕਨਾਮੀਕਲੀ ਵੀਕਰ ਸੈਕਸ਼ਨ ਵਾਸਤੇ ਫਲੈਟ ਪ੍ਰੋਵਾਈਡ ਕਰਵਾਵੇ।

ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਲੰਧਰ ਸ਼ਹਿਰ ਵਿੱਚ ਇੱਕ ਕਲੋਨੀ ਬਣ ਰਹੀ ਹੈ। ਕਾਲੋਨਾਈਜ਼ਰ ਨੂੰ ਇਹ ਅਲਾਉ ਕਰ ਦਿੱਤਾ ਗਿਆ ਹੈ ਕਿ ਤੁਸੀਂ 100 ਏਕੜ ਦੀ ਕਲੋਨੀ ਕੱਟਣੀ ਹੈ, ਇਸ ਵਿਚੋਂ ਜਿੰਨਾ ਏਰੀਆ ਇਕਨਾਮੀਕਲੀ ਵੀਕਰ ਸੈਕਸ਼ਨ ਵਾਸਤੇ ਕੱਟਣਾ ਹੈ, ਉਹ ਫਲੈਟ ਤੁਸੀਂ ਨਾਲ ਦੇ ਕਿਸੇ ਪਿੰਡ ਵਿੱਚ ਬਣਾ ਦਿਉ, ਇਸ ਨਾਲ ਤੁਹਾਡਾ ਖਾਤਾ ਪੂਰਾ ਹੋ ਜਾਵੇਗਾ। ਡਿਪਟੀ ਸੀ.ਐਮ. ਸਾਹਿਬ, ਇਹ ਕਾਨੂੰਨ ਬਣਿਆ ਹੈ। ਅਜਿਹਾ ਸਰਕੂਲਰ ਜਾਰੀ ਕੀਤਾ ਹੋਇਆ ਹੈ। ਇਸ ਤਰ੍ਹਾਂ ਦੇ ਜਿਹੜੇ ਕਾਨੂੰਨ ਹਨ, ਉਹ ਪੰਜਾਬ ਵਿੱਚ ਗਰੀਬ ਲੋਕਾਂ ਵਾਸਤੇ ਠੀਕ ਨਹੀਂ ਹਨ, ਹੁਣ ਮੁਹਾਲੀ ਵਿਚ ਕੋਈ ਗਰੀਬ ਮਕਾਨ ਨਹੀਂ ਲੈ ਸਕਦਾ। ਉਹ ਤਾਂ ਹੀ ਲੈ ਸਕੇਗਾ ਅਗਰ ਤੁਹਾਡੀ ਕਿਰਪਾ ਹੋ ਜਾਵੇਗੀ।

**ਸ਼੍ਰੀ ਸਭਾਪਤੀ :** ਚੰਨੀ ਜੀ, ਬੈਠੋ। ਤੁਹਾਡੀ ਗੱਲ ਆ ਗਈ ਹੈ। ਬਹੁਤ ਟਾਈਮ ਹੋ ਗਿਆ ਹੈ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਚੇਅਰਮੈਨ ਸਾਹਿਬ, ਮੈਂ ਲਾਸਟ

ਪੁਆਇੰਟ ਬੋਲ ਰਿਹਾ ਹਾਂ। ਮੇਰੀ ਬੇਨਤੀ ਹੈ ਕਿ ਸਿਰਫ਼ ਆਪੋਜ਼ੀਸ਼ਨ ਦੀਆਂ ਗੱਲਾਂ ਸਮਝ ਕੇ ਹੀ ਇਨ੍ਹਾਂ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ। ਇਨ੍ਹਾਂ ਤੇ ਪਹਿਲਾਂ ਸੋਚ ਵਿਚਾਰ ਕਰਕੇ ਫਿਰ ਫੈਸਲਾ ਲਿਆ ਜਾਵੇ।

**ਸਰਦਾਰ ਬਲਬੀਰ ਸਿੰਘ ਸਿੱਧੂ (ਐਸ.ਏ.ਐਸ. ਨਗਰ):** ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਡਿਪਟੀ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਇਹ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਮੁਹਾਲੀ ਅੱਜ ਇੱਕ ਐਸਾ ਹੱਬ ਬਣ ਚੁੱਕਿਆ ਹੈ ਕਿ ਹਰ ਬੰਦੇ ਦੀ ਕੋਸ਼ਿਸ਼ ਹੈ ਕਿ ਮੇਰਾ ਘਰ ਮੁਹਾਲੀ ਵਿੱਚ ਹੋਵੇ ਜਾਂ ਮੁਹਾਲੀ ਦੇ ਨੇੜੇ-ਤੇੜੇ ਹੋਵੇ ਜਿਸ ਕਰਕੇ ਅੱਜ ਬਹੁਤ ਸਾਰੀਆਂ ਕਲੋਨੀਆਂ ਅਜਿਹੀਆਂ ਬਣ ਰਹੀਆਂ ਹਨ, ਜਿਨ੍ਹਾਂ ਨੂੰ ਪੁਲੀਟੀਕਲ ਸ਼ੈਲਟਰ ਵੀ ਮਿਲੀ ਹੋਈ ਹੈ। ਅੱਜ ਉਹ ਪਲਾਟ ਵੀ ਕੱਟ ਰਹੇ ਹਨ, ਲੋਕਾਂ ਤੋਂ ਪੈਸੇ ਲੈ ਰਹੇ ਹਨ ਔਰ ਲੋਕਾਂ ਨੂੰ ਜ਼ਰੂਰਤ ਵੀ ਹੈ ਕਿਉਂਕਿ ਕਾਰਾਂ ਉਹ ਅਫੋਰਡ ਨਹੀਂ ਕਰ ਸਕਦੇ, ਮੁਹਾਲੀ ਵਿੱਚ ਵੀ ਉਹ ਪਲਾਟ ਲੈਣ ਦੇ ਸਮਰੱਥ ਨਹੀਂ ਹਨ। ਲੋਕਾਂ ਕੋਲ ਇੰਨਾ ਪੈਸਾ ਨਹੀਂ ਹੈ। ਉਹ ਵਿਚਾਰੇ ਉਥੇ ਪਲਾਟ ਲੈ ਕੇ ਮਕਾਨ ਬਣਾ ਲੈਂਦੇ ਹਨ। ਜਦੋਂ ਮਕਾਨ ਬਣਾ ਲੈਂਦੇ ਹਨ, ਹੁੰਦਾ ਇਹ ਹੈ ਕਿ ਗਮਾਡਾ ਵਾਲੇ ਪਹਿਲਾਂ ਨਹੀਂ ਬੋਲਦੇ, ਗਮਾਡਾ ਵਾਲਿਆਂ ਤੇ ਪੁਲੀਟੀਕਲ ਪ੍ਰੈਸ਼ਰ ਹੁੰਦਾ ਹੈ ਜਾਂ ਜਿਹੜਾ ਕਾਲੋਨਾਈਜ਼ਰ ਹੈ, ਉਸ ਨੇ ਅਜਿਹਾ ਸਿਸਟਮ ਫਿੱਟ ਕੀਤਾ ਹੁੰਦਾ ਹੈ ਕਿ ਜਦੋਂ ਕਿਸੇ ਵਿਅਕਤੀ ਦਾ ਮਕਾਨ ਬਣ ਕੇ ਤਿਆਰ ਹੋ ਜਾਂਦਾ ਹੈ ਤਾਂ ਉਸ ਨੂੰ ਨੋਟਿਸ ਆ ਜਾਂਦਾ ਹੈ ਕਿ ਤੁਸੀਂ ਤਾਂ ਇਲਲੀਗਲ ਕੰਸਟ੍ਰਕਸ਼ਨ ਕੀਤੀ ਹੋਈ ਹੈ ਅਤੇ ਅਸੀਂ ਤੁਹਾਡਾ ਮਕਾਨ ਢਾਹੁਣ ਆਏ ਹਾਂ। ਕਈ ਜਗ੍ਹਾ ਤੇ ਇਹ ਹੋਇਆ ਵੀ ਹੈ। ਮੈਂ ਐਗਜ਼ਾਂਪਲ ਦੇਣੀ ਚਾਹੁੰਦਾ ਹਾਂ। ਗਰੀਨ ਇਨਕਲੇਵ ਆਨ ਰੋਡ ਹੈ। ਤੁਸੀਂ ਇਹ ਚੈੱਕ ਕਰ ਲੈਣਾ। ਜਿਹੜਾ ਕਾਲੋਨਾਈਜ਼ਰ ਸੀ, ਉਹ ਪੈਸੇ ਵੱਟ ਕੇ ਭੱਜ ਗਿਆ ਹੈ। ਜਿਹੜਾ ਲੈਂਡ ਲਾਰਡ ਸੀ, ਉਸ ਨੇ ਪਾਵਰ ਆਫ ਅਟਾਰਨੀ ਕਰਵਾ ਦਿੱਤੀ। ਇਸ ਤੋਂ ਬਾਅਦ ਪਲਾਟਸ ਦੁਬਾਰਾ ਵੀ ਵੇਚ ਦਿੱਤੇ ਗਏ ਹਨ। ਹੁਣ ਜਿਹੜੇ ਵਿਅਕਤੀ ਉਨ੍ਹਾਂ ਮਕਾਨਾਂ ਵਿੱਚ ਰਹਿ ਰਹੇ ਹਨ, ਉਨ੍ਹਾਂ ਕੋਲ ਕੋਈ ਫੈਸਿਲਟੀ ਨਹੀਂ ਹੈ। ਨਾ ਸੀਵਰੇਜ, ਨਾ ਪਾਣੀ ਅਤੇ ਨਾ ਹੀ ਕੋਈ ਹੋਰ ਫੈਸਿਲਟੀ ਹੈ।

ਇਸ ਦੇ ਨਾਲ ਹੀ ਇੱਕ ਪਿੰਡ ਝਾਮਪੁਰ ਹੈ। ਇਸ ਝਾਮਪੁਰ ਪਿੰਡ ਵਿੱਚ ਛੇ ਕਿੱਲਿਆਂ ਵਿੱਚ ਇੱਕ ਹੋਰ ਕਲੋਨੀ ਕੱਟੀ ਜਾ ਰਹੀ ਹੈ। ਮੈਂ ਇਸ ਬਾਰੇ ਤੁਹਾਨੂੰ

[ ਸਰਦਾਰ ਬਲਬੀਰ ਸਿੰਘ ਸਿੱਧੂ ]

ਵੀ ਲੈਟਰ ਲਿਖਿਆ ਹੈ। ਮੈਂ ਗਮਾਡਾ ਦੇ ਸੀ.ਏ. ਨੂੰ ਵੀ ਲਿਖਿਆ ਹੈ ਕਿ ਜਿਹੜੇ ਲੋਕ ਇਨ੍ਹਾਂ ਮਕਾਨਾਂ ਵਿੱਚ ਰਹਿਣਗੇ, ਉਹ ਸਾਡੇ ਕੋਲੋਂ ਫੈਸਿਲਟੀਜ਼ ਵੀ ਮੰਗਣਗੇ, ਵਾਟਰ ਸਪਲਾਈ ਵੀ ਮੰਗਣਗੇ ਪਰ ਕਾਨੂੰਨਨ ਤੌਰ ਤੇ ਅਸੀਂ ਇਨ੍ਹਾਂ ਲੋਕਾਂ ਨੂੰ ਇਹ ਫੈਸਿਲਟੀਜ਼ ਪ੍ਰੋਵਾਈਡ ਨਹੀਂ ਕਰਾ ਸਕਾਂਗੇ ਕਿਉਂਕਿ ਉਹ ਰੈੱਡ ਲਾਈਨ ਤੋਂ ਵੀ ਪਾਰ ਹਨ ਅਤੇ ਪੈਰੀਫੇਰੀ ਐਕਟ ਵਿੱਚ ਆਉਂਦੇ ਹਨ। ਸੋ, ਜਿਹੜੀ ਇਹ ਇਲਲੀਗਲ ਕੰਸਟ੍ਰਕਸ਼ਨ ਹੋ ਰਹੀ ਹੈ, ਇਸ ਵਾਸਤੇ ਸਰਕਾਰ ਪਹਿਲਾਂ ਹੀ ਅਜਿਹਾ ਕੋਈ ਪ੍ਰਾਵਧਾਨ ਕਰ ਦੇਵੇ ਤਾਂ ਸ਼ਾਇਦ ਫਿਰ ਅਜਿਹੀ ਨੌਬਤ ਨਾ ਆਵੇ। ਤੁਸੀਂ ਵੇਖਿਆ ਹੋਣਾ ਹੈ ਕਿ ਅੱਜ ਚੰਡੀਗੜ੍ਹ ਵਿੱਚੋਂ ਹੌਲੀ ਹੌਲੀ ਸਾਰੀਆਂ ਕਲੋਨੀਆਂ ਸਾਫ ਕਰ ਦਿੱਤੀਆਂ ਗਈਆਂ ਹਨ।

ਜਿਵੇਂ ਚੰਨੀ ਸਾਹਿਬ ਨੇ ਇਕਨਾਮੀਕਲੀ ਵੀਕਰ ਸੈਕਸ਼ਨ ਦੀ ਗੱਲ ਕੀਤੀ ਹੈ, ਸਾਡੇ ਏਰੀਏ ਦੇ ਸਾਰੇ ਪਿੰਡ ਤਕਰੀਬਨ ਮਾਸਟਰ ਪਲਾਨ ਵਿੱਚ ਆ ਗਏ ਹਨ। ਮੇਰੀ ਪੂਰੀ ਦੀ ਪੂਰੀ ਕਾਂਸਟੀਚੂਐਂਸੀ ਇਸ ਵਿੱਚ ਆ ਗਈ ਹੈ। ਇਨ੍ਹਾਂ ਪਿੰਡਾਂ ਦੇ ਲੋਕਾਂ ਨੇ ਆਪਣੇ ਮਤੇ ਪਾ ਕੇ ਭੇਜ ਦਿੱਤੇ ਕਿ ਅਸੀਂ ਆਪਣੇ ਪਿੰਡ ਦੇ ਗਰੀਬ ਲੋਕਾਂ ਨੂੰ ਪੰਜ-ਪੰਜ ਮਰਲੇ ਦੇ ਪਲਾਟ ਪੰਚਾਇਤੀ ਜ਼ਮੀਨ ਵਿਚੋਂ ਦੇਣੇ ਚਾਹੁੰਦੇ ਹਾਂ ਪਰੰਤੂ ਬੀ.ਡੀ.ਪੀ.ਓ., ਡੀ.ਡੀ.ਪੀ.ਓ. ਜਾਂ ਡਾਇਰੈਕਟਰ ਅਤੇ ਸਰਕਾਰੀ ਲੈਵਲ ਤੇ ਆ ਕੇ ਅਜਿਹੇ ਕੇਸ ਰੁਕ ਜਾਂਦੇ ਹਨ। ਇਸ ਲਈ ਅੱਜ ਜ਼ਰੂਰਤ ਹੈ ਕਿ ਜੇਕਰ ਅਸੀਂ ਇਲਲੀਗਲ ਕੰਸਟ੍ਰਕਸ਼ਨ ਰੋਕਣੀ ਹੈ ਅਤੇ ਜੇਕਰ ਲੋਕਾਂ ਨੂੰ ਸਹੀ ਫੈਸਿਲਟੀਜ਼ ਦੇਣੀਆਂ ਹਨ ਤਾਂ ਅੱਜ ਇਹ ਜਿਹੜਾ ਕਾਨੂੰਨ ਲੈ ਕੇ ਆਏ ਹਨ, ਇਸ ਤੇ ਪਹਿਰਾ ਦੇਣ ਦੀ ਲੋੜ ਹੈ ਔਰ ਖਾਸ ਕਰਕੇ ਇਲਲੀਗਲ ਕੰਸਟ੍ਰਕਸ਼ਨ ਵੱਲ ਧਿਆਨ ਦੇਣ ਦੀ ਲੋੜ ਹੈ। ਚੇਅਰਮੈਨ ਸਾਹਿਬ, ਜਿਹੜਾ ਕਾਲੋਨਾਈਜ਼ਰ ਹੈ ਉਹ ਤਾਂ ਆਪਣਾ ਮਾਲ ਲੁੱਟ ਕੇ ਅੱਗੇ ਤੁਰ ਜਾਂਦਾ ਹੈ ਪਰੰਤੂ ਪਲਾਟ ਹੋਲਡਰ ਅਤੇ ਫਾਰਮਰ ਐਕਿਊਜ਼ਡ ਬਣ ਜਾਂਦੇ ਹਨ ਅਤੇ ਫਸ ਜਾਂਦੇ ਹਨ। ਸੋ, ਮੇਰੀ ਬੇਨਤੀ ਹੈ ਕਿ ਜੇਕਰ ਪਰਚਾ ਦੇਣਾ ਹੈ ਤਾਂ ਕਾਲੋਨਾਈਜ਼ਰ ਦੇ ਖਿਲਾਫ ਦਿੱਤਾ ਜਾਵੇ ਨਾ ਕਿ ਪਲਾਟ ਹੋਲਡਰਜ਼ ਦੇ ਖਿਲਾਫ। ਸਾਰੇ ਹੀ ਕਾਲੋਨਾਈਜ਼ਰ ਆਪਣੇ ਬੋਰਡਾਂ ਉਤੇ ਪੁੱਡਾ ਅਪਰੂਵਡ ਕਲੋਨੀ ਲਿਖ ਦਿੰਦੇ ਹਨ ਜਦਕਿ ਉਹ ਕਲੋਨੀ ਪੁੱਡਾ ਅਪਰੂਵਡ ਨਹੀਂ ਹੁੰਦੀ। ਇਸ ਕਰਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾਂਦਾ ਹੈ। ਇਸ ਲਈ ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਧੰਨਵਾਦ ਜੀ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਚੇਅਰਮੈਨ

ਸਾਹਿਬ, ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਐਕਟ ਕਾਫੀ ਪੁਰਾਣਾ ਐਕਟ ਹੈ। ਜਿਵੇਂ ਸਾਰੇ ਮੈਂਬਰਜ਼ ਨੇ ਗੱਲ ਕੀਤੀ ਹੈ, ਪਿਛਲੇ 10–15 ਸਾਲਾਂ ਵਿਚ ਕਈ ਚੀਜ਼ਾਂ ਸਾਡੇ ਸਾਹਮਣੇ ਆਈਆਂ ਹਨ, ਜੋ ਕਿ ਐਕਟ ਵਿਚ ਨਹੀਂ ਸਨ। ਇਸ ਐਕਟ ਵਿਚ ਇਨ੍ਹਾਂ ਪ੍ਰਾਬਲਮਜ਼ ਨੂੰ ਠੀਕ ਕਰਨ ਲਈ ਹੀ ਸੋਧ ਕੀਤੀ ਗਈ ਹੈ। ਪਾਪਰਾ ਵਿੱਚ ਅਪਾਰਟਮੈਂਟ ਬਿਲਡਿੰਗ ਦੀ ਕੋਈ ਡੈਫੀਨੇਸ਼ਨ ਨਹੀਂ ਸੀ, ਕਲੋਨੀ ਦੇ ਅੰਦਰ ਸਾਈਬਰ ਸਿਟੀ, ਸਾਈਬਰ ਪਾਰਕ ਆਦਿ ਨਾਂ ਦੀ ਕੋਈ ਚੀਜ਼ ਹੀ ਨਹੀਂ ਸੀ। we have edited that. ਅਨਅਥੋਰਾਈਜ਼ਡ ਕਲੋਨੀ ਲਫਜ਼ ਹੀ ਨਹੀਂ ਸੀ। ਅਨਅਥੋਰਾਈਜ਼ਡ ਕਲੋਨੀ ਬਣਾਉਣ ਵਾਲੇ ਦੇ ਖਿਲਾਫ਼ ਕਿਸੇ ਸਜ਼ਾ ਦਾ ਪ੍ਰਬੰਧ ਨਹੀਂ ਸੀ। ਸੋ, ਅਜਿਹੀਆਂ ਚੀਜ਼ਾਂ ਅਸੀਂ ਇਸ ਵਿੱਚ ਐਡ ਕੀਤੀਆਂ ਹਨ। ਪਹਿਲਾਂ ਇਹ ਸੀ ਕਿ ਜਿਸ ਨੇ 40 ਏਕੜ ਤੋਂ ਵੱਧ ਜ਼ਮੀਨ ਵਿਚ ਕਲੋਨੀ ਬਣਾਈ ਹੈ, ਕੇਵਲ ਉਹੀ ਈ.ਡਬਲਿਊ.ਐਸ. ਬਣਾਏਗਾ ਪਰ ਅਸੀਂ ਹੁਣ ਕਰ ਦਿੱਤਾ ਹੈ ਕਿ ਛੋਟੀ ਤੋਂ ਛੋਟੀ ਕਲੋਨੀ ਵਾਲੇ ਨੂੰ ਵੀ ਈ.ਡਬਲਿਊ.ਐਸ. ਬਣਾਉਣਾ ਪੈਣਾ ਹੈ। ਕਾਲੋਨਾਈਜ਼ਰ ਈ.ਡਬਲਿਊ.ਐਸ. ਦਾ ਨਾਮ ਲੈ ਕੇ ਲੋਕਾਂ ਨੂੰ ਗੁੰਮਰਾਹ ਕਰਦੇ ਸੀ। ਹੁਣ ਅਸੀਂ ਇਹ ਚੇਂਜ ਕਰ ਦਿੱਤਾ ਹੈ। ਕਾਲੋਨਾਈਜ਼ਰ ਆਪਣੀ ਕਲੋਨੀ ਵਿਚ ਉਹ ਜ਼ਮੀਨ ਪੰਜਾਬ ਸਰਕਾਰ ਨੂੰ ਫਰੀ ਦੇਵੇਗਾ ਅਤੇ ਈ.ਡਬਲਿਊ.ਐਸ. ਪੰਜਾਬ ਸਰਕਾਰ ਆਪ ਬਣਾਏਗੀ। ਤੁਹਾਨੂੰ ਸੁਣ ਕੇ ਖੁਸ਼ੀ ਹੋਵੇਗੀ ਕਿ ਇਸ ਤਹਿਤ 350 ਏਕੜ ਜ਼ਮੀਨ ਸਾਡੇ ਕੋਲ ਆ ਗਈ ਹੈ।

ਇਥੇ ਇਹ ਗੱਲ ਵੀ ਆਈ ਹੈ ਕਿ ਕਾਲੋਨਾਈਜ਼ਰ ਕਲੋਨੀ ਤਾਂ ਬਣਾ ਦਿੰਦੇ ਸੀ ਪਰ ਫੈਸਿਲਟੀਆਂ ਨਹੀਂ ਦਿੰਦੇ ਸਨ। ਉਸ ਵਾਸਤੇ ਅਸੀਂ ਬੈਂਕ ਗਰੰਟੀ ਸਿਸਟਮ ਬਣਾਇਆ ਹੈ ਜਿਸ ਤਹਿਤ ਅਸੀਂ 35 ਫੀਸਦੀ ਬੈਂਕ ਗਰੰਟੀ ਲਵਾਂਗੇ। ਅੱਜ ਹੋ ਕੀ ਰਿਹਾ ਹੈ ਕਿ ਮੈਜਾਰਟੀ ਕਾਲੋਨਾਈਜ਼ਰਾਂ ਨੇ ਕੰਪਲੀਸ਼ਨ ਸਰਟੀਫਿਕੇਟ ਹੀ ਨਹੀਂ ਲਏ ਕਿਉਂਕਿ ਫਿਰ ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਦਿਖਾਉਣੀਆਂ ਪੈਣੀਆਂ ਹਨ। ਹੁਣ ਅਸੀਂ ਇਹ ਕਰ ਦਿੱਤਾ ਹੈ ਕਿ ਸਾਰੀਆਂ ਕਲੋਨੀਆਂ ਨੂੰ ਚੈੱਕ ਕੀਤਾ ਜਾਵੇ ਅਤੇ ਜਿਨ੍ਹਾਂ ਨੇ ਕੰਮ ਕੰਪਲੀਟ ਨਹੀਂ ਕੀਤਾ, ਉਨ੍ਹਾਂ ਨੂੰ ਲਾਸਟ ਟਾਈਮ ਦੇ ਕੇ ਕੰਪਲੀਸ਼ਨ ਕਰਾਓ। ਜੇਕਰ ਉਹ ਫੇਰ ਵੀ ਨਹੀਂ ਕਰਦੇ ਤਾਂ ਉਸ ਕਾਲੋਨਾਈਜ਼ਰ ਤੋਂ ਰਿਕਵਰੀ ਕੀਤੀ ਜਾਵੇਗੀ। ਅੱਗੇ ਤੋਂ ਇਹ ਸਿਸਟਮ ਸ਼ੁਰੂ ਕਰ ਦਿੱਤਾ ਹੈ ਕਿ ਜੇਕਰ ਕਾਲੋਨਾਈਜ਼ਰ ਸਮੇਂ ਸਿਰ ਕੰਪਲੀਸ਼ਨ ਨਹੀਂ ਕਰੇਗਾ ਤਾਂ ਉਸ ਦੀ ਬੈਂਕ ਗਰੰਟੀ ਐਨਕੈਸ਼ ਕਰ ਲਈ ਜਾਵੇਗੀ। ਹੁਣ ਤਾਂ

[ ਉਪ ਮੁੱਖ ਮੰਤਰੀ ]

ਲੋਕਾਂ ਨੇ ਕਮਰਸ਼ੀਅਲ ਹੀ ਬਣਾ ਲਿਆ ਹੈ, ਕਲੋਨੀ ਦੀ ਸੈਂਕਸ਼ਨ ਲੈ ਕੇ ਪਲਾਟ ਕੱਟ ਦਿੰਦੇ ਹਨ ਅਤੇ ਬਣਾਉਂਦੇ ਕੁਝ ਨਹੀਂ, ਕੋਈ ਸੀਵਰੇਜ ਨਹੀਂ, ਕੋਈ ਨਾਲੀਆਂ ਨਹੀਂ। ਸੜਕਾਂ ਅਤੇ ਲਾਈਟਾਂ ਜ਼ਰੂਰ ਲਗਾ ਦਿੰਦੇ ਹਨ। ਸੋ, I assure the House and I am very serious on this issue. ਇਹ ਲੋਕਾਂ ਨਾਲ ਬਹੁਤ ਵੱਡਾ ਧੋਖਾ ਹੈ। ਲੋਕਾਂ ਨੂੰ ਤਾਂ ਪੁੱਡਾ ਅਪਰੂਵਡ ਕਲੋਨੀ ਦੱਸ ਕੇ ਪਲਾਟ ਵੇਚ ਦਿੰਦੇ ਹਨ। ਬੇਸ਼ੱਕ ਉਹ ਕਲੋਨੀ ਕਾਗਜ਼ਾਂ ਵਿਚ ਪੁੱਡਾ ਅਪਰੂਵਡ ਹੈ ਪਰੰਤੂ ਪੁੱਡਾ ਦੀਆਂ ਕੰਡੀਸ਼ਨਾਂ ਨੂੰ ਕੋਈ ਲਾਗੂ ਨਹੀਂ ਕਰਦਾ। ਇਸ ਲਈ ਇਸ ਐਕਟ ਵਿਚ ਇਹ ਜਿਹੜੀਆਂ ਅਮੈਂਡਮੈਂਟਸ ਲਿਆਂਦੀਆਂ ਹਨ, ਇਸ ਦਾ ਪਰਪਜ਼ ਹੀ ਇਹ ਹੈ ਕਿ ਇਸ ਨੂੰ ਸਟਰੌਂਗ ਕੀਤਾ ਜਾਵੇ। ਪਹਿਲਾਂ ਜਿਹੜੇ ਲੋਕ ਠੱਗੀ ਮਾਰਦੇ ਸਨ ਜਾਂ ਗਲਤੀ ਕਰਦੇ ਸਨ, ਉਨ੍ਹਾਂ ਨੂੰ ਕੁਝ ਹੁੰਦਾ ਨਹੀਂ ਸੀ। ਹੁਣ ਅਜਿਹੇ ਕੇਸਾਂ ਵਿੱਚ 7 ਸਾਲ ਦੀ ਸਜ਼ਾ ਰੱਖੀ ਗਈ ਹੈ, ਘੱਟੋ ਘੱਟ ਉਸ ਨੂੰ ਡਰ ਤਾਂ ਰਹੇਗਾ ਕਿ ਜੇ ਉਹ ਪ੍ਰੋਵੀਜ਼ਨਾਂ ਪੂਰੀਆਂ ਨਹੀਂ ਕਰਦਾ ਤਾਂ at least he has to face the music.

ਸੇਖੜੀ ਸਾਹਿਬ ਨੇ ਇਲਲੀਗਲ ਕਲੋਨੀ ਨੂੰ ਹੋਰ ਟਾਈਮ ਦੇਣ ਵਾਸਤੇ ਐਕਸਟੈਂਸ਼ਨ ਦਾ ਜ਼ਿਕਰ ਕੀਤਾ ਹੈ। ਅਸੀਂ ਇਸ ਵਾਸਤੇ ਐਪਲੀਕੇਸ਼ਨਜ਼ ਮੰਗੀਆਂ ਸਨ, ਮੈਂ ਸੇਖੜੀ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਇਸ ਨੂੰ ਕੈਬਨਿਟ ਵਿੱਚ ਲੈ ਕੇ ਆ ਰਹੇ ਹਾਂ ਕਿਉਂਕਿ ਕਈ ਜਗ੍ਹਾ ਤੋਂ ਸਾਨੂੰ ਰਿਕੁਐਸਟ ਆਈ ਹੈ ਕਿ ਲੋਕ ਟਾਈਮਲੀ ਅਪਲਾਈ ਨਹੀਂ ਕਰ ਸਕੇ। We may give an extension of three months immediately after that.

**ਸਰਦਾਰ ਬਲਬੀਰ ਸਿੰਘ ਸਿੱਧੂ :** ਚੇਅਰਮੈਨ ਸਾਹਿਬ, ਇਹ ਬੜਾ ਜ਼ਰੂਰੀ ਮੈਟਰ ਹੈ। ਡਿਪਟੀ ਮੁੱਖ ਮੰਤਰੀ ਸਾਹਿਬ, ਮੁਹਾਲੀ ਵਿੱਚ ਬਹੁਤ ਸਾਰੀਆਂ ਸੁਸਾਇਟੀਆਂ ਨੇ ਜ਼ਮੀਨ ਲੈ ਕੇ ਫਲੈਟ ਬਣਾ ਦਿੱਤੇ। ਫਲੈਟ ਅੱਗੇ ਲੋਕਾਂ ਨੂੰ ਅਲਾਟ ਕਰ ਦਿੱਤੇ। Actually ਗੱਲ ਇਹ ਹੈ ਕਿ ਪਹਿਲਾਂ ਕੰਨਵੇਂਸ ਡੀਡ ਦਾ ਮਸਲਾ ਆਇਆ ਸੀ ਜੋ ਕਿ ਸਾਲ 2007 ਤੋਂ ਬਾਅਦ ਹੱਲ ਹੋਇਆ ਸੀ। ਸੁਸਾਇਟੀ ਬਣਾਉਣ ਵਾਲਾ ਫਸਟ ਅਲਾਟੀ ਹੈ ਅਤੇ ਪਲਾਟ ਲੈਣ ਵਾਲਾ ਸੈਕਿੰਡ ਅਲਾਟੀ ਹੈ। ਸੁਸਾਇਟੀ ਵਾਲੇ ਨੇ ਕੋਈ ਪੈਸਾ ਜਮ੍ਹਾਂ ਨਹੀਂ ਕਰਵਾਇਆ ਸੀ।

ਉਹ ਲੋਕਾਂ ਤੋਂ ਕਿਸ਼ਤਾਂ ਲਈ ਗਿਆ ਪਰ ਗਮਾਡਾ ਦੀ ਫੀਸ ਜਾਂ ਪੈਨਲਟੀ ਜਮ੍ਹਾਂ ਨਹੀਂ ਕਰਵਾਈ। ਅੱਜ ਸੈਕਟਰ-68 ਵਿੱਚ ਇੱਕ ਐਸੀ ਸੁਸਾਇਟੀ ਹੈ ਜਿਸ ਵਿੱਚ ਫਲੈਟ ਲੈਣ ਵਾਲੇ ਲੋਕਾਂ ਤੇ ਤਕਰੀਬਨ 22-24 ਕਰੋੜ ਰੁਪਏ ਦੀ ਲਾਇਬਿਲਟੀ ਬਣੀ ਹੋਈ ਹੈ। ਉਨ੍ਹਾਂ ਨੂੰ ਮਲਕੀਅਤ ਦੇ ਹੱਕ ਨਹੀਂ ਮਿਲ ਰਹੇ ਜਿਹੜਾ ਕਿ ਬਹੁਤ ਜ਼ਰੂਰੀ ਪੁਆਇੰਟ ਹੈ।

ਦੂਜੀ ਗੱਲ ਜਿਹੜੀ ਮੈਂ ਕਹਿਣੀ ਚਾਹੁੰਦਾ ਹਾਂ, ਉਹ ਇਹ ਹੈ ਕਿ ਜਦੋਂ ਇੱਕ ਸੁਸਾਇਟੀ ਨੂੰ ਜਗ੍ਹਾ ਅਲਾਟ ਕੀਤੀ ਜਾਂਦੀ ਹੈ, ਜਿਹੜਾ ਅਲਾਟਮੈਂਟ ਲੈਟਰ ਹੈ, ਉਹ ਫਲੈਟ ਲੈਣ ਵਾਲੇ ਬੰਦੇ ਦੇ ਨਾਂ ਤੇ ਹੋਣਾ ਚਾਹੀਦਾ ਹੈ, ਉਹ ਫਸਟ ਅਲਾਟੀ ਹੋਣਾ ਚਾਹੀਦਾ ਹੈ ਨਾ ਕਿ ਸੁਸਾਇਟੀ ਵਾਲਾ ਹੋਵੇ।

ਤੀਸਰੀ ਗੱਲ, ਪ੍ਰਾਬਲਮ ਕਿਉਂ ਆਉਂਦੀ ਹੈ? ਜ਼ਮੀਨ ਸੁਸਾਇਟੀ ਵਾਲੇ ਦੇ ਨਾਮ ਟਰਾਂਸਫਰ ਹੋਵੇ ਅਤੇ ਸਰਕਾਰ ਕੋਲ ਰੈਵੇਨਿਊ ਆਵੇ। ਸੈਕਿੰਡ ਟਾਈਮ ਉਹ ਸੇਲ ਕਰੇ ਅਤੇ ਫਿਰ ਸਰਕਾਰ ਨੂੰ ਰੈਵੇਨਿਊ ਆਉਂਦਾ ਹੈ ਪਰੰਤੂ ਉਹ ਕੀ ਕਰਦਾ ਹੈ ਕਿ ਪਾਵਰ ਆਫ ਅਟਾਰਨੀ ਲੈ ਕੇ ਪਲਾਟਿੰਗ ਕਰੀ ਜਾਂਦਾ ਹੈ। ਜਿਹੜੀ ਰਜਿਸਟਰੀ ਹੋਣੀ ਹੈ, ਕਾਲੋਨਾਈਜ਼ਰ ਦੇ ਨਾਂ ਜ਼ਮੀਨ ਟਰਾਂਸਫਰ ਹੋਵੇਗੀ ਤਾਂ ਸੁਕੇਅਰ ਯਾਰਡਾਂ ਵਿੱਚ ਹੋਵੇਗੀ ਪਰੰਤੂ ਫਾਰਮਰ ਖੇਤੀਬਾੜੀ ਯੋਗ ਜ਼ਮੀਨ ਦੀ ਕਰਵਾਏਗਾ ਅਤੇ ਇਨ੍ਹਾਂ ਦੇ ਕੁਲੈਕਟਰ ਰੇਟਾਂ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਜੇਕਰ ਸਰਕਾਰ ਇਸ ਗੱਲ ਤੇ ਧਿਆਨ ਦੇਵੇ ਤਾਂ ਸਰਕਾਰ ਨੂੰ ਤਿੰਨ ਵਾਰ ਰੈਵੇਨਿਊ ਆ ਸਕਦਾ ਹੈ।

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ -

ਕਿ ਪੰਜਾਬ ਅਪਾਰਟਮੈਂਟ ਅਤੇ ਜਾਇਦਾਦ ਵਿਨਿਯਮਨ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼੍ਰੀ ਸਭਾਪਤੀ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2) ਅਤੇ (3)**

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ -

ਕਿਉਂਜੋ ਕਲਾਜ਼ 1 ਦੀ ਸਬ-ਕਲਾਜ਼ (2) ਅਤੇ (3) ਬਿਲ ਦਾ ਹਿੱਸਾ ਹਨ।

[ ਸ਼੍ਰੀ ਸਭਾਪਤੀ ]

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 16**

**ਸ਼੍ਰੀ ਸਭਾਪਤੀ :** ਕਿਉਂਕਿ ਕਲਾਜ਼ਾਂ 2 ਤੋਂ 16 ਵਿੱਚ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

**(ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 16 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ–ਕਲਾਜ਼ (1)**

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼(1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸ਼੍ਰੀ ਸਭਾਪਤੀ :** ਹੁਣ ਡਿਪਟੀ ਮੁੱਖ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਅਪਾਰਟਮੈਂਟ ਅਤੇ ਜਾਇਦਾਦ ਵਿਨਿਯਮਨ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਸ਼੍ਰੀ ਸਭਾਪਤੀ :** ਪ੍ਰਸਤਾਵ ਕੀਤਾ –

ਕਿ ਪੰਜਾਬ ਅਪਾਰਟਮੈਂਟ ਅਤੇ ਜਾਇਦਾਦ ਵਿਨਿਯਮਨ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ –

ਕਿ ਪੰਜਾਬ ਅਪਾਰਟਮੈਂਟ ਅਤੇ ਜਾਇਦਾਦ ਵਿਨਿਯਮਨ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

--------

## 7. THE PUNJAB MUNICIPAL CORPORATION (AMENDMENT) BILL, 2014

**ਸ਼੍ਰੀ ਸਭਾਪਤੀ :** ਮੰਤਰੀ ਜੀ ਬਿਲ ਪੇਸ਼ ਕਰਨਗੇ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ):** ਸ਼੍ਰੀਮਾਨ ਜੀ, ਮੈਂ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਸੋਧਨਾ) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਸ਼੍ਰੀ ਸਭਾਪਤੀ :** ਪ੍ਰਸਤਾਵ ਕੀਤਾ–

ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ। ਹਾਂ ਜੀ, ਆਸ਼ੂ ਜੀ।

**ਸ਼੍ਰੀ ਭਾਰਤ ਭੂਸ਼ਣ ਆਸ਼ੂ (ਲੁਧਿਆਣਾ ਪੱਛਮੀ):** ਸਭਾਪਤੀ ਸਾਹਿਬ, ਜਦੋਂ ਪਿਛਲੇ ਸਾਲ ਇਹ ਪ੍ਰਾਪਰਟੀ ਟੈਕਸ ਇੰਟਰੋਡਿਊਸ ਕੀਤਾ ਗਿਆ ਸੀ ਤਾਂ ਇਹ ਟੈਕਸ ਜ਼ੋਨਿੰਗ ਅਤੇ ਯੂਨਿਟ ਵੈਲਿਊਏਸ਼ਨ ਦੇ ਦੁਆਰਾ ਲਗਾਇਆ ਗਿਆ ਸੀ ਪ੍ਰੰਤੂ ਸਰਕਾਰ ਨੇ ਬਾਅਦ ਵਿੱਚ ਮਹਿਸੂਸ ਕੀਤਾ ਅਤੇ ਇਸ ਨੂੰ ਵਾਪਸ ਲੈ ਲਿਆ । ਇਸ ਤੋਂ ਬਾਅਦ ਕੁਲੈਕਟਰ ਰੇਟ ਤੇ ਟੈਕਸ ਲਗਾ ਦਿੱਤਾ। ਹੁਣ ਫਿਰ ਇਨ੍ਹਾਂ ਨੇ ਕਾਫੀ ਮਜਬੂਰੀਆਂ ਵੇਖੀਆਂ। ਸੁਣਨ ਵਿੱਚ ਤਾਂ ਆਉਂਦਾ ਸੀ ਕਿ ਇਹ ਟੈਕਸ ਫਲੈਟ ਰੇਟ ਤੇ ਲਗਾਉਣਗੇ ਪਰ ਦੇਖਿਆ ਹੈ ਕਿ ਅਮੈਂਡਮੈਂਟਸ ਤਾਂ

[ ਸ਼੍ਰੀ ਭਾਰਤ ਭੂਸ਼ਣ ਆਸ਼ੂ ]

ਉਹੀ ਹਨ ਜਿਹੜੀਆਂ ਕੁਝ ਰਿਆਇਤਾਂ ਪਹਿਲਾਂ ਹੀ ਨੋਟੀਫਿਕੇਸ਼ਨ ਰਾਹੀਂ ਦਿੱਤੀਆਂ ਸਨ। ਮੈਂ ਪਿਛਲੀ ਵਾਰ ਡਿਸਕਸ਼ਨ ਸਮੇਂ ਕਿਹਾ ਸੀ ਕਿ ਜਨੂਰਮ ਮਿਸ਼ਨ ਦੀ ਸ਼ਰਤ ਸੀ, ਇਸ ਕਰਕੇ ਪ੍ਰਾਪਰਟੀ ਟੈਕਸ ਲਗਾਉਣਾ ਪਿਆ ਹੈ ਪਰ ਹੁਣ ਜਿਵੇਂ ਦੱਸਿਆ ਜਾ ਰਿਹਾ ਹੈ ਕਿ ਜਨੂਰਮ ਮਿਸ਼ਨ ਹੀ ਖ਼ਤਮ ਹੋ ਗਿਆ ਹੈ, ਇਸ ਕਰਕੇ ਪ੍ਰਾਪਰਟੀ ਟੈਕਸ ਲਾਉਣ ਦਾ ਕੋਈ ਮਕਸਦ ਨਹੀਂ ਰਹਿ ਜਾਂਦਾ। ਮੈਂ ਇਹ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਪ੍ਰਾਪਰਟੀ ਟੈਕਸ ਬਿਲਕੁਲ ਖ਼ਤਮ ਕਰ ਦਿੱਤਾ ਜਾਵੇ ਕਿਉਂਜੋ ਜਨੂਰਮ ਮਿਸ਼ਨ ਸਮਾਪਤ ਹੋ ਗਿਆ ਹੈ।

ਇਸ ਵਿਚ ਮਾਨਯੋਗ ਮੰਤਰੀ ਜੀ ਨੂੰ ਮੇਰੀਆਂ ਇਕ-ਦੋ ਸੁਜੈਸ਼ਨਾਂ ਹਨ। ਜਿਹੜੀਆਂ ਰਿਆਇਤਾਂ ਕਮਰਸ਼ੀਅਲ ਅਤੇ ਇੰਡਸਟਰੀਅਲ ਯੂਨਿਟਾਂ ਨੂੰ ਦਿੱਤੀਆਂ ਗਈਆਂ ਹਨ, ਇਸ ਵਾਸਤੇ ਗਰੀਬ ਲੋਕਾਂ ਨੂੰ ਵੀ ਖਿਆਲ ਵਿੱਚ ਰੱਖਿਆ ਜਾਵੇ। ਪੰਜ ਮਰਲੇ ਤੱਕ ਗਰੀਬਾਂ ਨੂੰ 50-50 ਜਾਂ 100 ਰੁਪਏ ਟੈਕਸ ਲਗਾਇਆ ਗਿਆ ਹੈ ਪਰ 50-100 ਰੁਪਏ ਇਕੱਠੇ ਕਰਨ ਦਾ ਖਰਚਾ ਹੀ ਬਹੁਤ ਜ਼ਿਆਦਾ ਆ ਜਾਂਦਾ ਹੈ, ਇਸ ਲਈ ਸਰਕਾਰ ਦੀ ਇਸ ਗੱਲ ਦੀ ਲੋਕਾਂ ਵਿਚ ਵਾਹ-ਵਾਹ ਹੁੰਦੀ ਜੇਕਰ ਉਹ ਗਰੀਬਾਂ ਦਾ ਪ੍ਰਾਪਰਟੀ ਟੈਕਸ ਮੁਆਫ ਹੀ ਕਰ ਦਿੰਦੇ। ਪਿਛਲੀ ਵਾਰ ਪ੍ਰਾਪਰਟੀ ਟੈਕਸ ਖਾਲੀ ਪਲਾਟਾਂ ਅਤੇ ਜ਼ਮੀਨਾਂ ਤੇ ਵੀ ਲਗਾਇਆ ਗਿਆ ਸੀ। ਮੇਰੀ ਬੇਨਤੀ ਸੀ ਕਿ ਇਸ ਨਾਲ ਸਰਕਾਰ ਨੂੰ ਕੋਈ ਜ਼ਿਆਦਾ ਫਾਇਦਾ ਨਹੀਂ ਹੋਇਆ। ਵੈਸੇ, ਸਾਰੇ ਪੰਜਾਬ ਦਾ ਮੂਡ ਇਹੀ ਹੈ ਕਿ ਇਸ ਪ੍ਰਾਪਰਟੀ ਟੈਕਸ ਨੂੰ ਖ਼ਤਮ ਕੀਤਾ ਜਾਵੇ। ਇਸ ਲਈ ਮੇਰੀ ਵੀ ਬੇਨਤੀ ਹੈ ਕਿ ਇਸ ਨੂੰ ਖ਼ਤਮ ਕਰ ਦਿੱਤਾ ਜਾਵੇ।

**ਸ਼੍ਰੀ ਅਸ਼ਵਨੀ ਸੇਖੜੀ (ਬਟਾਲਾ) :** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਸ਼ਹਿਰਾਂ ਨਾਲ ਤਾਅਲੁੱਕ ਰੱਖਣ ਵਾਲੇ ਅਹਿਮ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਸ ਬਿਲ ਦੀ ਕਲਾਜ਼-2 ਵਿਚ ਇਕ ਨਵੀਂ ਪ੍ਰੋਵੀਜ਼ਨ ਦਿੱਤੀ ਗਈ ਹੈ ਅਤੇ ਉਹ ਬੜੀ ਖ਼ਤਰਨਾਕ ਹੈ। ਜਿਹੜੇ ਸਾਡੇ ਪੁਰਾਣੇ ਸ਼ਹਿਰ ਹਨ ਜਿਵੇਂ ਬਟਾਲਾ, ਅੰਮ੍ਰਿਤਸਰ, ਲੁਧਿਆਣਾ ਅਤੇ ਫਗਵਾੜਾ ਆਦਿ, ਜਿਥੇ ਪਹਿਲਾਂ ਇੰਡਸਟਰੀ ਲੱਗੀ ਸੀ ਅਤੇ ਛੋਟੀਆਂ-ਛੋਟੀਆਂ ਵਰਕਸ਼ਾਪਾਂ ਲੱਗੀਆਂ ਹੋਈਆਂ ਸਨ, ਉਨ੍ਹਾਂ ਨੂੰ ਕਲਾਜ਼-2 ਬੜੀ ਬੁਰੀ ਤਰ੍ਹਾਂ ਅਫੈਕਟ ਕਰਦਾ ਹੈ। ਕਲਾਜ਼-2 ਵਿਚਲੀ ਪ੍ਰੋਵੀਜ਼ਨ ਇਸ ਤਰ੍ਹਾਂ ਹੈ :

"Provided that if the minimum value of the land upon which

an industrial building is constructed or is likely to be constructed is not declared as industrial land by the Collector..... "

ਯਾਨੀ ਜਿਹੜੇ ਪੁਰਾਣੇ ਯੂਨਿਟ ਸਨ, ਉਨ੍ਹਾਂ ਦੀ ਜ਼ਮੀਨ ਵਾਸਤੇ ਸੀ.ਐਲ.ਯੂ. ਲੈਣ ਦੀ ਜਾਂ ਡੈਕਲੇਰੇਸ਼ਨ ਲੈਣ ਦੀ ਕਲਾਸੀਫਿਕੇਸ਼ਨ ਨਹੀਂ ਸੀ ਹੁੰਦੀ। ਇਸ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਜਿਹੜੇ ਪੁਰਾਣੇ ਯੂਨਿਟ ਹਨ, ਉਨ੍ਹਾਂ ਉਤੇ 75% ਦੇ ਉੱਪਰ ਵੈਲਿਊ ਲਗਾ ਕੇ ਉਹ ਟੈਕਸ ਲਗਾਉਣਗੇ। ਹੁਣ ਨਵੇਂ ਸਾਲ ਤੋਂ ਅਰਥਾਤ 2014 ਤੋਂ ਬਾਅਦ ਨਵੇਂ ਯੂਨਿਟਾਂ ਵਾਸਤੇ ਕੁਲੈਕਟਰ ਰੇਟਾਂ ਤੇ ਟੈਕਸ ਰੱਖਿਆ ਜਾਵੇਗਾ ਜੋ ਕਿ ਪੁਰਾਣੀਆਂ ਵਰਕਸ਼ਾਪਾਂ ਜਾਂ ਪੁਰਾਣੀਆਂ ਫੈਕਟਰੀਆਂ ਨੂੰ ਬੁਰੀ ਤਰ੍ਹਾਂ ਅਫੈਕਟ ਕਰੇਗਾ। ਇਸ ਲਈ ਇਹ ਕਲਾਜ਼ ਇਨਸਰਟ ਨਹੀਂ ਕਰਨੀ ਚਾਹੀਦੀ। ਜਿਹੜੀਆਂ ਸਾਡੀਆਂ ਪੁਰਾਣੀਆਂ ਫੈਕਟਰੀਆਂ ਜਾਂ ਵਰਕਸ਼ਾਪਾਂ ਜਾਂ ਛੋਟੇ ਛੋਟੇ ਯੂਨਿਟਸ ਲੱਗੇ ਹੋਏ ਹਨ, ਉਹ ਹੀ ਸਾਡੀ ਇੰਡਸਟਰੀ ਦੀ ਬੈਕ ਬੋਨ ਹਨ। ਉਨ੍ਹਾਂ ਤੇ ਬਹੁਤ ਜ਼ਿਆਦਾ ਟੈਕਸ ਲੱਗ ਰਿਹਾ ਹੈ। ਇਹ ਨਹੀਂ ਲਗਾਉਣਾ ਚਾਹੀਦਾ।

ਇਸੇ ਤਰ੍ਹਾਂ ਜਿਹੜੀ ਇਸ ਅਮੈਂਡਮੈਂਟ ਦੀ ਕਲਾਜ਼-5 ਹੈ, ਇਹ ਵੀ ਬਹੁਤ ਜ਼ਿਆਦਾ ਖ਼ਤਰਨਾਕ ਹੈ। ਇਸ ਨਾਲ ਪੰਜਾਬ ਨਾਲ ਧੱਕਾ ਹੋਣ ਜਾ ਰਿਹਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਅਗਰ ਕਿਸੇ ਪ੍ਰਾਪਰਟੀ ਓਨਰ ਕੋਲੋਂ 31 ਮਾਰਚ ਤੱਕ ਫਾਇਨਾਂਸ਼ੀਅਲ ਈਅਰ ਵਿੱਚ ਰਿਟਰਨ ਨਹੀਂ ਭਰੀ ਜਾਂਦੀ :

"If no return is filed for a financial year by the 31st March of that financial year, under sub-section (1), the owner or the occupier, as the case may be, in addition to the payment of the tax, be liable to pay....."

25% ਪੈਨਲਟੀ ਦੇਣੀ ਪਵੇਗੀ ਤੇ 18% ਵਿਆਜ ਦੇਣਾ ਪਵੇਗਾ ਯਾਨੀ ਕਿ ਟੈਕਸ ਤੋਂ ਇਲਾਵਾ 43% ਹੋਰ ਦੇਣਾ ਪਵੇਗਾ। ਅਗਰ ਉਹ ਟੈਕਸ ਨਹੀਂ ਦੇ ਸਕਿਆ ਤਾਂ ਸਬ ਕਲਾਜ਼ 6(3) ਵਿੱਚ ਪਾ ਦਿੱਤਾ ਹੈ :

"the following clause shall be substituted, namely, by the ceiling or/ and attachment and sale of defaulter's immovable property...."

[ ਸ਼੍ਰੀ ਅਸ਼ਵਨੀ ਸੇਖੜੀ ]

means ਅਗਰ ਟੈਕਸ ਨਹੀਂ ਦਿੱਤਾ, ਭਾਵੇਂ ਕੋਈ ਵੀ ਕਾਰਨ ਹੋਵੇ, ਉਸ ਦੀ ਜਿਹੜੀ ਪ੍ਰਾਪਰਟੀ ਹੈ, ਉਸ ਨੂੰ ਸੀਲ ਕੀਤਾ ਜਾਵੇਗਾ, ਅਟੈਚ ਕੀਤਾ ਜਾਵੇਗਾ ਔਰ ਵੇਚ ਕੇ ਪੈਸੇ ਰਿਕਵਰ ਕੀਤੇ ਜਾਣਗੇ। ਮੈਂ ਸਮਝਦਾ ਹਾਂ ਕਿ ਇਹ ਸਰਕਾਰ ਨਾਦਰਸ਼ਾਹੀ ਫਰਮਾਨ ਜਾਰੀ ਕਰਨ ਜਾ ਰਹੀ ਹੈ। ਇਹ ਸ਼ਹਿਰੀਆਂ ਨਾਲ ਬਹੁਤ ਵੱਡਾ ਧੱਕਾ ਹੈ। ਵੈਸੇ ਤਾਂ ਪ੍ਰਾਪਰਟੀ ਟੈਕਸ ਹੀ ਵਿਦਡਰਾਅ ਹੋਣਾ ਚਾਹੀਦਾ ਹੈ। ਇਹ ਜਿਹੜਾ ਪ੍ਰੋਵੀਜ਼ਨ ਹੈ, ਇਹ ਨਹੀਂ ਹੋਣਾ ਚਾਹੀਦਾ। ਇਹ ਪੰਜਾਬ ਦੇ ਸ਼ਹਿਰੀਆਂ ਨਾਲ ਬਹੁਤ ਵੱਡਾ ਧੱਕਾ ਹੋਣ ਜਾ ਰਿਹਾ ਹੈ। ਜੋਸ਼ੀ ਸਾਹਿਬ ਮਨਿਸਟਰ ਹਨ। ਤਲਵਾਰ ਨਾਲ ਪੰਜਾਬੀਆਂ ਦਾ ਸਿਰ ਨਾ ਵੱਢੋ। ਇਹੋ ਜਿਹਾ ਪ੍ਰੋਵੀਜ਼ਨ ਤਾਂ ਹਿੰਦੁਸਤਾਨ ਦੀ ਕਿਸੇ ਵੀ ਸਰਕਾਰ ਨੇ ਨਹੀਂ ਕੀਤਾ, ਕਿਸੇ ਵੀ ਸਟੇਟ ਨੇ ਨਹੀਂ ਕੀਤਾ। ਤੁਸੀਂ 43% ਟੈਕਸ ਤੋਂ ਇਲਾਵਾ ਵੀ ਲਵੋ ਤੇ ਫਿਰ ਜੇ ਕਿਸੇ ਤੇ ਕੋਈ ਫਾਇਨਾਂਸ਼ੀਅਲ ਕਰਾਈਸਿਜ਼ ਆ ਜਾਂਦਾ ਹੈ, ਕੋਈ ਬੇਵਾ ਔਰਤ ਹੈ ਜਾਂ ਕਿਸੇ ਦਾ ਛੋਟਾ ਜਿਹਾ ਮਕਾਨ ਹੈ ਜਾਂ ਛੋਟੀ ਜਿਹੀ ਦੁਕਾਨ ਹੈ, ਉਹ ਟਾਈਮ ਤੇ ਟੈਕਸ ਨਹੀਂ ਦੇ ਸਕਿਆ ਤੇ ਉਸ ਦੀ ਜ਼ਮੀਨ ਨੂੰ ਤੁਸੀਂ ਵੇਚ ਦਿਓ, ਇਹ ਬਿਲਕੁਲ ਵੀ ਠੀਕ ਨਹੀਂ ਹੈ। ਇਸ ਕਰਕੇ ਇਹ ਬਿਲ ਵਿਦਡਰਾਅ ਹੋਣਾ ਚਾਹੀਦਾ ਹੈ।

------

## EXTENSION OF TIME OF THE SITTING OF THE HOUSE

**ਸ਼੍ਰੀ ਸਭਾਪਤੀ :** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਦੀ ਬੈਠਕ ਦਾ ਸਮਾਂ ਅੱਜ ਦਾ ਬਿਜ਼ਨਸ ਖ਼ਤਮ ਹੋਣ ਤੱਕ ਵਧਾ ਦਿੱਤਾ ਜਾਵੇ?

(ਅਵਾਜ਼ਾਂ : ਹਾਂ ਜੀ, ਹਾਂ ਜੀ।)

**ਸ਼੍ਰੀ ਸਭਾਪਤੀ :** ਅੱਜ ਦਾ ਬਿਜ਼ਨਸ ਖ਼ਤਮ ਹੋਣ ਤੱਕ ਹਾਊਸ ਦਾ ਸਮਾਂ ਵਧਾਇਆ ਜਾਂਦਾ ਹੈ।

------

## THE PUNJAB MUNICIPAL CORPORATION (AMENDMENT) BILL, 2014 *(Resumption)*

**ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ) :** ਚੇਅਰਮੈਨ ਸਾਹਿਬ,

ਇਹ ਜਿਹੜੀ ਕਲਾਜ਼-2 ਹੈ, ਇਸ ਦੀ ਜੋ ਪ੍ਰੋਵਿਜ਼ੋ ਹੈ, ਉਸ ਬਾਰੇ ਮਾਨਯੋਗ ਸੇਖੜੀ ਸਾਹਿਬ ਜੀ ਨੇ ਗੱਲ ਕੀਤੀ ਹੈ ਅਤੇ ਮੈਂ ਵੀ ਉਸੇ ਸਬੰਧੀ ਗੱਲ ਕਰਨੀ ਚਾਹੁੰਦਾ ਹਾਂ। ਮਾਨਯੋਗ ਚੇਅਰਮੈਨ ਸਾਹਿਬ, ਇਸ ਵਿੱਚ ਜਿਹੜੀ ਗੱਲ ਕਹੀ ਗਈ ਹੈ, ਜਿਹੜੀ ਇੰਡਸਟਰੀ ਸ਼ਹਿਰ ਵਿੱਚ ਲੱਗੀ ਹੋਈ ਹੈ, ਉਸ ਵਿੱਚ market value of the land shall be 75% of the minimum value of the land fixed by the Collector for non-residential buildings. ਪੰਜਾਬ ਦੇ ਸਾਰੇ ਸ਼ਹਿਰ ਅਨ-ਪਲਾਨਡ ਹਨ। ਜਿਸ ਜਿਸ ਤਰ੍ਹਾਂ ਸ਼ਹਿਰ ਫੈਲਦੇ ਗਏ, ਉਸ ਨਾਲ ਇੰਡਸਟਰੀ ਸ਼ਹਿਰ ਦੇ ਅੰਦਰ ਆਉਂਦੀ ਗਈ। ਹਮੇਸ਼ਾ ਇਹੀ ਹੁੰਦਾ ਹੈ ਕਿ ਸ਼ਹਿਰ ਦੇ ਕਾਰਨਰ ਉਤੇ ਜਿਹੜੀ ਕਾਟੇਜ ਇੰਡਸਟਰੀ ਲੱਗੀ, ਦੁਬਾਰਾ ਸ਼ਹਿਰ ਫੈਲ ਜਾਣ ਕਾਰਨ ਉਹ ਇੰਡਸਟਰੀ ਸ਼ਹਿਰ ਦੇ ਵਿੱਚ ਆ ਗਈ। ਜਲੰਧਰ ਵਿੱਚ ਜਿਹੜੀ ਕੋਈ ਇੰਡਸਟਰੀ ਸੌ ਸਾਲ ਪੁਰਾਣੀ ਹੈ, ਉਥੇ ਆਲਰੇਡੀ ਲੱਗੀ ਹੋਈ ਹੈ, ਕੰਪਨੀ ਬਣੀ ਹੋਈ ਹੈ। ਇਸ ਲਈ ਨਾਨ ਰੈਜ਼ੀਡੈਂਸ਼ੀਅਲ ਬਿਲਡਿੰਗ ਤੇ 75% ਟੈਕਸ ਲਗਾਈਏ, ਇਹ ਠੀਕ ਨਹੀਂ ਤੇ ਮੇਰੀ ਰਾਏ ਹੈ ਕਿ ਜੋ ਤੁਸੀਂ ਫੋਕਲ ਪੁਆਇੰਟ ਤੇ ਚਾਰਜ ਕਰਦੇ ਹੋ, ਜੇ ਫੋਕਲ ਪੁਆਇੰਟ ਨੂੰ ਇੰਡਸਟਰੀਅਲ ਏਰੀਆ ਡਿਕਲੇਅਰ ਕੀਤਾ ਹੋਇਆ ਹੈ, the same rates should be charged on the industry ਭਾਵੇਂ ਉਹ ਜਿੱਥੇ ਵੀ ਲੱਗੀ ਹੋਈ ਹੈ। ਇਸ ਨਾਲ ਇੰਡਸਟਰੀ ਨੂੰ ਰਿਲੀਫ ਮਿਲੇਗਾ।

ਜਿਹੜਾ ਤੁਸੀਂ ਕਲਾਸ-4 ਵਿੱਚ ਰੇਟ ਆਫ ਟੈਕਸ ਲਿਖਿਆ ਹੈ, ਬਿਹਤਰ ਹੁੰਦਾ ਜੇਕਰ ਪ੍ਰੈਜ਼ੈਂਟ ਅਤੇ ਪੁਰਾਣੇ ਰੇਟਾਂ ਦਾ ਕੰਪੈਰੇਟਿਵ ਚਾਰਟ ਬਣਾ ਦਿੰਦੇ। ਇਸ ਨਾਲ ਪਤਾ ਰਹਿੰਦਾ ਕਿ ਕੀ ਘਟਾਇਆ ਹੈ ਤੇ ਕੀ ਵਧਾਇਆ ਹੈ। ਜਿਹੜੀ ਕਲਾਜ਼-5 ਹੈ, ਉਸ ਵਿੱਚ ਇੰਟਰਸਟ ਵੀ ਹੈ ਤੇ ਪਨੈਲਟੀ ਵੀ ਹੈ। You can't penalize a person twice. ਤੁਸੀਂ ਜਾਂ ਤਾਂ ਇੰਟਰਸਟ ਚਾਰਜ ਕਰ ਲਓ ਜਾਂ ਪੈਨਲਟੀ ਲਗਾ ਲਓ। ਮੇਰੀ ਰਾਏ ਹੈ ਕਿ ਜੇ ਇੰਟਰਸਟ ਲਗਾਉਣਾ ਹੈ ਤਾਂ ਪੈਨਲਟੀ ਨਾ ਲਗਾਓ ਅਤੇ ਜੇ ਪੈਨਲਟੀ ਲਗਾਉਣੀ ਹੈ ਤਾਂ ਫਿਰ ਤੁਸੀਂ ਇੰਟਰਸਟ ਨਾ ਲਗਾਓ। ਇਹ ਮੇਰੇ ਦੋ-ਤਿੰਨ ਸੁਝਾਓ ਹਨ। ਧੰਨਵਾਦ ਜੀ।

**ਸ਼੍ਰੀ ਸੁੰਦਰ ਸ਼ਾਮ ਅਰੋੜਾ (ਹੁਸ਼ਿਆਰਪੁਰ) :** ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਪਰਾਪਰਟੀ ਟੈਕਸ ਲੱਗਿਆ ਹੈ, ਕਈ ਬਿਲਡਿੰਗਾਂ ਐਸੀਆਂ ਹਨ, ਕਈ ਦੁਕਾਨਾਂ ਐਸੀਆਂ

[ ਸ਼੍ਰੀ ਸੁੰਦਰ ਸ਼ਾਮ ਅਰੋੜਾ ]

ਹਨ, ਜਿਨ੍ਹਾਂ ਵਿੱਚ ਤਿੰਨ-ਤਿੰਨ ਦੁਕਾਨਦਾਰ ਹਨ। (ਵਿਘਨ)... ਸੇਖੜੀ ਸਾਹਿਬ, ਇੱਕ ਮਿੰਟ ਬੋਲ ਲੈਣ ਦਿਓ। ਮੈਂ ਮੰਤਰੀ ਸਾਹਿਬ ਦਾ ਧਿਆਨ ਇਸ ਪੁਆਇੰਟ ਵੱਲ ਦਿਵਾਉਣਾ ਚਾਹੁੰਦਾ ਹਾਂ। ਚੇਅਰਮੈਨ ਸਾਹਿਬ, ਇਹ ਬਹੁਤ ਇੰਪਾਰਟੈਂਟ ਪੁਆਇੰਟ ਹੈ। ਚੇਅਰਮੈਨ ਸਾਹਿਬ, ਗਰਾਊਂਡ ਫਲੋਰ ਤੇ ਹੋਰ ਕਿਰਾਏਦਾਰ ਹੈ ਅਤੇ ਫਸਟ ਫਲੋਰ ਤੇ ਹੋਰ ਕਿਰਾਏਦਾਰ ਹੈ। ਮਾਲਕ ਤੇ ਕਿਰਾਏਦਾਰ ਵਿੱਚ ਲੜਾਈ ਸ਼ੁਰੂ ਹੋ ਗਈ ਕਿ ਪ੍ਰਾਪਰਟੀ ਟੈਕਸ ਕੌਣ ਦੇਵੇਗਾ। ਇਸ ਨੇਚਰ ਦੇ ਹੀ ਇੰਨੇ ਕੇਸ ਆ ਗਏ ਹਨ। ਪੁਰਾਣੇ ਕਿਰਾਏਦਾਰ ਬੈਠੇ ਹਨ। ਪ੍ਰਾਪਰਟੀ ਟੈਕਸ ਲੱਗ ਜਾਣ ਕਾਰਨ ਅੱਜ ਮਾਲਕਾਂ ਅਤੇ ਕਿਰਾਏਦਾਰਾਂ ਵਿੱਚ ਇਸ ਗੱਲ ਤੇ ਝਗੜੇ ਸ਼ੁਰੂ ਹੋ ਗਏ ਕਿ ਪ੍ਰਾਪਰਟੀ ਟੈਕਸ ਕੌਣ ਦੇਵੇਗਾ।

ਸਰ, ਮੈਂ ਇਸ ਹਾਊਸ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਸ ਪਲਾਟ ਨੂੰ ਤੁਸੀਂ ਸੀਵਰੇਜ ਨਹੀਂ ਦਿੱਤਾ, ਜਿਸ ਪਲਾਟ ਨੂੰ ਤੁਸੀਂ ਇਲੈਕਟ੍ਰੀਸਿਟੀ ਨਹੀਂ ਦਿੱਤੀ, ਜਿਸ ਪਲਾਟ ਨੂੰ ਤੁਸੀਂ ਸੜਕ ਨਹੀਂ ਦਿੱਤੀ, ਉਸ ਤੇ ਟੈਕਸ ਲਗਾਉਣ ਦਾ ਕੀ ਮਤਲਬ ਬਣਦਾ ਹੈ? ਜਿਥੇ ਕੋਈ ਸੁਵਿਧਾ ਨਹੀਂ, ਉਥੇ ਵੀ ਟੈਕਸ ਲੱਗ ਗਿਆ। ਉਤੋਂ ਛੋਟੇ ਸ਼ਹਿਰਾਂ ਦੇ ਵਿੱਚ ਕੀ ਹੋਇਆ, ਮੈਂ ਹੁਸ਼ਿਆਰਪੁਰ ਦੀ ਗੱਲ ਕਰਦਾ ਹਾਂ। ਪੰਜ ਪ੍ਰਤੀਸ਼ਤ ਸੀ.ਐਲ.ਯੂ. ਲਗਾ ਦਿੱਤਾ ਗਿਆ। ਜਿਹੜੀ ਡਿਪਟੀ ਸੀ.ਐਮ. ਸਾਹਿਬ ਨੇ ਅਨਆਥੋਰਾਈਜ਼ਡ ਕਲੋਨੀ ਦੀ ਸਕੀਮ ਦਿੱਤੀ ਸੀ, ਲੋਕਾਂ ਨੇ ਜਾ ਕੇ ਆਪਣਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾ ਦਿੱਤਾ ਪਰੰਤੂ ਜਦੋਂ ਰਜਿਸਟਰੀਆਂ ਕਰਵਾਉਣ ਗਏ ਤਾਂ ਤਹਿਸੀਲਦਾਰ ਸਾਹਿਬ ਕਹਿੰਦੇ ਕਿ ਇਸ ਨੂੰ ਰੈਗੂਲੇਰਾਈਜ਼ ਕਰਵਾ ਕੇ ਲਿਆਓ। ਉਨ੍ਹਾਂ ਲੋਕਾਂ ਨੂੰ ਪਤਾ ਹੀ ਨਹੀਂ ਲੱਗਿਆ ਕਿ ਅਸੀਂ ਪ੍ਰਾਪਰਟੀ ਟੈਕਸ ਦੇ ਕੇ ਪੱਕੇ ਹੋ ਗਏ ਹਾਂ ਜਾਂ ਅਸੀਂ ਉਹ ਫੀਸ ਦੇ ਕੇ ਪੱਕੇ ਹੋਣਾ ਹੈ।

ਅੱਜ ਹਾਲਾਤ ਇਸ ਤਰ੍ਹਾਂ ਦੇ ਹਨ, ਅਗਰ ਇੱਕ ਨਕਸ਼ਾ ਪਾਸ ਕਰਵਾਉਣਾ ਹੋਵੇ, ਅਗਰ ਛੋਟੇ ਸ਼ਹਿਰ ਦੇ ਵਿੱਚ 2-3 ਮਰਲੇ ਦਾ ਨਕਸ਼ਾ ਪਾਸ ਕਰਵਾਉਣਾ ਹੋਵੇ ਤਾਂ ਉਸ ਤੇ 2-3 ਲੱਖ ਰੁਪਿਆ ਲੱਗ ਜਾਂਦਾ ਹੈ ਜਦ ਕਿ ਜਿਹੜਾ ਜੈਨੂਅਨ ਰੇਟ ਹੈ, ਉਹ ਬਹੁਤ ਘੱਟ ਹੈ। ਕੁਲੈਕਟਰ ਰੇਟ ਇੰਨੇ ਜ਼ਿਆਦਾ ਹਨ ਔਰ ਕੁਲੈਕਟਰ ਰੇਟ ਤੇ ਇਹ 5 ਪ੍ਰਤੀਸ਼ਤ ਸੀ.ਐਲ.ਯੂ. ਲਗਾਇਆ ਗਿਆ ਹੈ। ਇਹ ਬਹੁਤ ਜ਼ਿਆਦਾ ਹੈ। ਇਸ ਪ੍ਰਾਪਰਟੀ ਟੈਕਸ ਕਰਕੇ ਅੱਜ ਲੋਕਾਂ ਵਿੱਚ ਆਮ ਝਗੜੇ ਸ਼ੁਰੂ ਹੋ ਗਏ ਹਨ। ਮੈਂ ਪਿਛਲੀ ਵਾਰ ਇਹ ਸਵਾਲ ਲਗਾਇਆ ਸੀ, ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਸਵਾਲ ਕੀਤਾ ਸੀ ਕਿ ਜਿਹੜੇ ਬੀ.ਪੀ.ਐਲ. ਤੋਂ ਹੇਠਾਂ ਲੋਕ ਹਨ, ਕੀ ਉਨ੍ਹਾਂ ਨੂੰ ਵੀ ਪ੍ਰਾਪਰਟੀ ਟੈਕਸ ਲੱਗੇਗਾ। ਮਾਨਯੋਗ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਸੀ, ਹਾਂ ਜੀ, ਲੱਗੇਗਾ। ਮੈਂ ਇਸ ਸਰਕਾਰ ਨੂੰ

ਆਪ ਜੀ ਦੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਅਸੀਂ ਕਿਸੇ ਨੂੰ 250 ਰੁਪਏ ਪੈਨਸ਼ਨ ਦਿੰਦੇ ਹਾਂ, ਕੀ ਉਸ ਕੋਲੋਂ ਵੀ 150 ਰੁਪਿਆ ਪ੍ਰਾਪਰਟੀ ਟੈਕਸ ਲੈਣਾ ਹੈ? ਕੀ ਅਸੀਂ ਉਸ ਕੋਲੋਂ ਵੀ 50 ਰੁਪਏ ਜਾਂ 100 ਰੁਪਏ ਪ੍ਰਾਪਰਟੀ ਟੈਕਸ ਲੈਣਾ ਹੈ? ਮੈਂ ਬੇਨਤੀ ਕਰਦਾ ਹਾਂ ਕਿ ਪਿਛਲੀ ਵਾਰੀ ਹਾਊਸ ਵਿੱਚ ਇਹ ਰੌਲਾ ਪਾਇਆ ਗਿਆ ਸੀ ਕਿ ਇਹ ਸੈਂਟਰ ਦੀ ਦੇਣ ਹੈ ਅਤੇ ਅਸੀਂ ਲਗਾਉਣਾ ਨਹੀਂ ਚਾਹੁੰਦੇ। ਇਲੈਕਸ਼ਨ ਦੇ ਵਿੱਚ ਇਹ ਗੱਲ ਕਹੀ ਗਈ ਸੀ।

**ਮੁੱਖ ਸੰਸਦੀ ਸਕੱਤਰ, ਡਾਕਟਰੀ ਸਿੱਖਿਆ ਅਤੇ ਖੋਜ (ਸ਼੍ਰੀਮਤੀ ਮਹਿੰਦਰ ਕੌਰ ਜੋਸ਼) :** ਚੇਅਰਮੈਨ ਸਾਹਿਬ, ਪੁਆਇੰਟ ਆਫ਼ ਆਰਡਰ। ਕੀ ਇਹ ਆਪਣੀ ਕਲੋਨੀ ਦੀ ਗੱਲ ਕਰਦੇ ਹਨ ਜਾਂ ਆਮ ਲੋਕਾਂ ਦੀ ਗੱਲ ਕਰਦੇ ਹਨ?

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਚੇਅਰਮੈਨ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਹੜੇ ਕਿਰਾਏਦਾਰ ਗਰਾਊਂਡ, ਫਸਟ ਅਤੇ ਸੈਕਿੰਡ ਫਲੋਰ ਤੇ ਹਨ, ਉਨ੍ਹਾਂ ਦੇ ਆਪਸ ਵਿਚ ਝਗੜੇ ਸ਼ੁਰੂ ਹੋ ਗਏ ਹਨ। ਹੁਣ ਉਹ ਸਕੀਮ ਖ਼ਤਮ ਹੋ ਗਈ ਹੈ, ਜਿਸ ਕਰਕੇ ਪ੍ਰਾਪਰਟੀ ਟੈਕਸ ਲਗਾਇਆ ਜਾ ਰਿਹਾ ਸੀ। ਸੋ, ਇਸ ਪ੍ਰਾਪਰਟੀ ਟੈਕਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ, ਛੋਟੇ ਸ਼ਹਿਰਾਂ ਦੇ ਅੰਦਰ ਸੀ.ਐਲ.ਯੂ. ਹੀ ਪੰਜ ਪ੍ਰਤੀਸ਼ਤ ਲੱਗ ਗਿਆ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਸਰਦਾਰ ਬਲਬੀਰ ਸਿੰਘ ਸਿੱਧੂ :** ਚੇਅਰਮੈਨ ਸਾਹਿਬ....

**ਸਥਾਨਕ ਸਰਕਾਰ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ਚੇਅਰਮੈਨ ਸਾਹਿਬ, ਪਹਿਲਾਂ ਮੈਂ ਕੁਝ ਦੱਸਣਾ ਚਾਹੁੰਦਾ ਹਾਂ, ਫਿਰ ਉਸ ਤੋਂ ਬਾਅਦ ਇਹ ਗੱਲ ਕਰ ਲੈਣ। ਮੇਰਾ ਖਿਆਲ ਹੈ ਕੁਝ ਡਾਊਟ ਹਨ। ਚੇਅਰਮੈਨ ਸਾਹਿਬ, ਅਸਲ ਵਿੱਚ ਇਹ ਸਾਲ 2013-14 ਵਾਲਾ ਹੈ। ਸਮੇਂ ਸਮੇਂ ਤੇ ਹਾਊਸ ਵਿੱਚ ਜਿਹੜੀਆਂ ਅਨਾਊਂਸਮੈਂਟਸ ਕੀਤੀਆਂ ਗਈਆਂ ਹਨ ਜਾਂ ਰਿਆਇਤਾਂ ਦਿੱਤੀਆਂ ਗਈਆਂ ਹਨ, ਇਹ ਅਮੈਂਡਮੈਂਟਸ ਉਹੀ ਹਨ। ਹੋਰ ਕੁਝ ਨਵਾਂ ਨਹੀ ਹੈ। ਜਿਹੜਾ ਨਵਾਂ ਹੈ ਸਾਲ 2014-15 ਦਾ, ਉਹ ਮੈਂ ਰਿਵਿਊ ਕਰਕੇ ਬਾਅਦ ਵਿੱਚ ਦੱਸ ਦਿੰਦਾ ਹਾਂ। ਇਹ ਕਾਲੀਆ ਜੀ ਨੇ ਵੀ ਕਿਹਾ ਹੈ ਜਾਂ ਆਪੋਜ਼ੀਸ਼ਨ ਵੱਲੋਂ ਵੀ ਕਿਹਾ ਹੈ। ਕਾਲੀਆ ਜੀ, ਇਹ ਤੁਸੀਂ ਹੀ ਕਿਹਾ ਸੀ ਕਿ ਪੈਨਲਟੀ 100 ਪ੍ਰਤੀਸ਼ਤ ਤੋਂ ਘਟਾਈ ਜਾਵੇ। ਇਹ ਉਦੋਂ ਤੁਹਾਡੇ ਕਹਿਣ ਤੇ ਹੀ 20 ਪ੍ਰਤੀਸ਼ਤ ਕੀਤੀ ਗਈ ਸੀ। ਇਹ ਉਹੀ ਅਮੈਂਡਮੈਂਟ ਆਈ ਹੈ। ਅਸੀਂ ਘੱਟ ਲੈਣਾ ਸ਼ੁਰੂ ਕਰ ਦਿੱਤਾ ਹੈ, ਅਮੈਂਡਮੈਂਟ ਆਈ ਨਹੀਂ ਸੀ, ਇਹ ਉਹੀ ਹੈ।

**ਸ਼੍ਰੀ ਮਨੋਰੰਜਨ ਕਾਲੀਆ :** ਤੁਸੀਂ ਪੈਨਲਟੀ ਦੀ ਗੱਲ ਕਰ ਰਹੇ ਹੋ?

**ਸਥਾਨਕ ਸਰਕਾਰ ਮੰਤਰੀ :** ਹਾਂ ਜੀ, ਮੈਂ ਪੈਨਲਟੀ ਦੀ ਗੱਲ ਕਰ ਰਿਹਾ

[ ਸਥਾਨਕ ਸਰਕਾਰ, ਸਿੱਖਿਆ ਅਤੇ ਖੋਜ ਮੰਤਰੀ ]

ਹਾਂ। ਅਸਲ ਵਿਚ ਇਸ ਬਾਰੇ ਹਾਊਸ ਵਿਚ ਹੀ ਅਨਾਊਂਸ ਕਰ ਦਿੱਤਾ ਸੀ। ਉਸ ਵੇਲੇ ਜਿੰਨੀ ਇਨ੍ਹਾਂ ਵੱਲੋਂ ਡਿਮਾਂਡ ਆਈ ਸੀ ਤਾਂ ਉਸ ਮੁਤਾਬਿਕ ਇਹ ਸੈਟਿਸਫਾਈਡ ਸਨ। ਹੋਰ ਨਵਾਂ ਕੁਝ ਨਹੀਂ ਕੀਤਾ ਗਿਆ ਹੈ। ਇਸ ਵਕਤ ਅਸੀਂ ਪਿਛਲਾ 2013-14 ਦਾ ਲੈ ਰਹੇ ਹਾਂ, ਸਾਲ 2013-14 ਦੀਆਂ ਜਿਹੜੀਆਂ ਅਮੈਂਡਮੈਂਟਾਂ ਕੀਤੀਆਂ ਹਨ ਹਾਲੇ ਉਹ ਤੁਹਾਡੇ ਸਾਹਮਣੇ ਲਿਆਂਦੀਆਂ ਹਨ। ਇੰਡਸਟਰੀ ਵਾਲਿਆਂ ਵੱਲੋਂ ਵਾਰ ਵਾਰ ਆਇਆ ਸੀ ਜਿਸ ਕਾਰਨ ਹਾਊਸ ਵਿਚ ਹੀ ਕਹਿ ਦਿੱਤਾ ਸੀ ਕਿ ਇਸ ਨੂੰ ਤਿੰਨ ਪਰਸੈਂਟ ਦੀ ਬਜਾਏ ਡੇਢ ਪਰਸੈਂਟ ਕਰ ਦਿੱਤਾ ਗਿਆ ਹੈ। ਫਿਰ ਇਹ ਫੀਲ ਕੀਤਾ ਕਿ ਕਈ ਜਗ੍ਹਾ ਉਤੇ ਪੈਰੀਫੇਰੀ ਵਿੱਚ ਜਾਂ ਕਾਸਟਲੀ ਏਰੀਏ ਵਿੱਚ ਜਿਥੇ ਕੁਲੈਕਟਰ ਰੇਟ ਜ਼ਿਆਦਾ ਹੈ ਉਥੇ ਵਾਕਿਆ ਹੀ ਲੋਕਾਂ ਨੂੰ ਔਖਾ ਹੋ ਰਿਹਾ ਹੈ। ਇਸ ਵਾਸਤੇ ਅਸੀਂ ਅਨਾਊਂਸ ਕੀਤਾ ਕਿ 75% ਜਿਹੜੀ ਮਾਰਕੀਟ ਵੈਲਿਊ ਹੈ ਜਿਹੜਾ ਉਸ ਦਾ ਕੁਲੈਕਟਰ ਰੇਟ ਹੈ, ਉਸ ਦਾ ਹੋਰ 25 ਪਰਸੈਂਟ ਘਟਾ ਕੇ ਉਹ ਗਿਣ ਲਈਏ। ਇਹ ਪਿਛਲਾ ਹੀ ਹੈ ਜਿਸ ਦਾ ਡੇਢ ਪਰਸੈਂਟ ਕੀਤਾ ਸੀ। ਉਸ ਤੋਂ ਬਾਅਦ ਹੋਰ ਰਿਆਇਤ ਇਹ ਦੇ ਦਿੱਤੀ ਕਿ ਜੋ ਕੁਲੈਕਟਰ ਰੇਟ ਸੀ, 25% ਹੋਰ ਘਟਾ ਕੇ, 75% ਉਸ ਦਾ ਗਿਣ ਕੇ ਉਸ ਦੇ ਉਤੇ ਡੇਢ ਪਰਸੈਂਟ ਦੇ ਦਿਓ। ਇਹ ਪਿਛਲਾ ਹੈ।

ਹੁਣ ਅਗਲੇ ਸਬੰਧੀ ਇਨ੍ਹਾਂ ਨੇ ਜਿਹੜੇ ਖਦਸ਼ੇ ਜ਼ਾਹਿਰ ਕੀਤੇ ਹਨ ਉਨ੍ਹਾਂ ਨੂੰ ਅਸੀਂ ਰਿਵਿਊ ਕਰਕੇ ਲਿਆ ਰਹੇ ਹਾਂ ਅਤੇ ਉੱਸ ਵਿਚ ਅਸੀਂ ਕੁਲੈਕਟਰ ਰੇਟ ਤੋਂ ਅਲੱਗ ਕਰ ਰਹੇ ਹਾਂ। ਇਹ ਅਸੀਂ ਬਹੁਤ ਜਲਦੀ ਲਿਆ ਰਹੇ ਹਾਂ। ਉਸ ਵਿੱਚ ਜਿਸ ਤਰ੍ਹਾਂ ਤੁਸੀਂ ਇੰਡਸਟਰੀ ਦੀ ਸਲੈਬ ਬਾਰੇ ਕਿਹਾ ਹੈ, ਇਹ ਜਿਹੜੀ ਸਲੈਬ ਹੈ ਉਹ ਘੱਟ ਤੋਂ ਘੱਟ ਜਿਥੇ ਹੋਵੇਗੀ ਬਾਕੀ ਸਾਰੇ ਉਹ ਲਾਗੂ ਹੋਵੇਗੀ। ਮੈਂ ਕਿਹਾ ਕਿ ਫੋਕਲ ਪੁਆਇੰਟਾਂ ਤੋਂ ਵੀ ਘੱਟ ਰੇਟ ਹੋ ਸਕਦਾ ਹੋਵੇ, ਜੋ ਉਥੇ ਰੇਟ ਹੈ ਕਿਉਂਕਿ ਕੁਲੈਕਟਰ ਰੇਟ ..(ਸਰਦਾਰ ਸਿਮਰਜੀਤ ਸਿੰਘ ਬੈਂਸ ਵੱਲੋਂ ਵਿਘਨ)

**ਸ਼੍ਰੀ ਸਭਾਪਤੀ :** ਬੈਂਸ ਸਾਹਿਬ,ਬੈਠੋ ਜੀ। ਮੰਤਰੀ ਜੀ ਨੂੰ ਗੱਲ ਕਰ ਦਿਓ।

**ਸਥਾਨਕ ਸਰਕਾਰ ਮੰਤਰੀ :** ਤੁਸੀਂ ਪਹਿਲਾਂ ਮੇਰੀ ਗੱਲ ਸੁਣ ਲਵੋ। ਮੈਂ ਉਹ ਹੀ ਕਹਿ ਰਿਹਾ ਹਾਂ ਕਿ ਸਾਰੇ ਡਾਊਟ ਦੇ ਵਿਚ ਹੀ ਗੱਲ ਕਰ ਰਹੇ ਹਨ। ਤੁਸੀਂ ਪਹਿਲਾਂ ਗੱਲ ਸੁਣ ਲਵੋ। ਤੁਸੀਂ ਸਾਰੇ ਡਾਊਟ ਦੇ ਵਿਚ ਗੱਲ ਕਰ ਰਹੇ ਹੋ ਕਿ ਅਸੀਂ ਕੋਈ ਨਵੀਂ ਚੀਜ਼ ਲਗਾਈ ਹੈ। (ਵਿਘਨ, ਸ਼ੋਰ)

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਮੈਂ ਦੱਸਦਾ ਹਾਂ ਕਿ ਹੋਇਆ ਕੀ ਹੈ। ਜਿਹੜਾ ਪੁਰਾਣਾ ਐਕਟ ਹੈ ਉਸ ਨੂੰ ਅਸੀਂ ਵਾਪਸ ਡਿਸਕਸ਼ਨ ਵਾਸਤੇ ਲੈ ਕੇ ਆਏ ਹਾਂ। ਜਦੋਂ ਪੁਰਾਣਾ ਐਕਟ ਪਾਸ ਹੋਇਆ ਸੀ, ਉਸ ਤੋਂ ਬਾਅਦ ਇਲੈਕਸ਼ਨ ਵੀ ਆਏ ਅਤੇ ਹੋਰ ਵੀ ਬਹੁਤ ਕੁਝ ਹੋਇਆ ਹੈ।

ਜਦੋਂ ਅਗਲਾ ਬਿਲ ਲੈ ਕੇ ਆਵਾਂਗੇ ਤਾਂ ਜੋ ਪਿਛਲੇ ਸਾਲ ਡਿਸੀਜ਼ਨ ਲਏ ਸੀ, ਜਿਹੜੀਆਂ ਪੁਰਾਣੀਆਂ ਅਮੈਂਡਮੈਂਟਸ ਦਿੱਤੀਆਂ ਸਨ, ਉਨ੍ਹਾਂ ਨੂੰ ਪਹਿਲਾਂ ਇੰਪਲੀਮੈਂਟ ਕਰਨਾ ਪੈਣਾ ਹੈ। Cabinet is going to meet shortly, they have formed committee. ਜਿਹੜੀਆਂ ਇਸ ਵਿਚ ਟੈਕਸ ਸਿਸਟਮ ਦੀਆਂ ਕਮੀਆਂ ਆਈਆਂ ਸਨ, ਉਨ੍ਹਾਂ ਸਾਰੀਆਂ ਨੂੰ ਰਿਵਿਊ ਕਰਕੇ ਇਨ੍ਹਾਂ ਨੂੰ ਸਿੰਪਲੀਫਾਈ ਕਰਨਾ ਹੈ। ਜਿਵੇਂ ਇਕ ਐਗਜ਼ਾਂਪਲ ਦਿੱਤੀ ਗਈ ਸੀ ਕਿ ਕੁਲੈਕਟਰ ਰੇਟ ਤੋਂ ਕੱਟ ਕੇ they will make it on per sq. ft. basis. There is no new tax, there is nothing. ਸੋ, ਅਸੀਂ ਪੁਰਾਣੇ ਉੱਤੇ ਆਪਣਾ ਟਾਈਮ ਵੇਸਟ ਕਰ ਰਹੇ ਹਾਂ, within the cabinet shortly after this, we will come out with it and ਜਿਹੜੀਆਂ ਕਮੀਆਂ ਸਾਨੂੰ ਪਿਛਲੇ ਛੇ ਮਹੀਨਿਆਂ ਵਿਚ ਦਿਖਾਈ ਦਿੱਤੀਆਂ ਸਨ ਉਨ੍ਹਾਂ ਸਾਰੀਆਂ ਨੂੰ ਠੀਕ ਕਰਕੇ ਲੈ ਕੇ ਆਵਾਂਗੇ।

**ਸ਼੍ਰੀ ਸੁਨੀਲ ਜਾਖੜ :** ਮਾਨਯੋਗ ਚੇਅਰਮੈਨ ਸਾਹਿਬ, ਖੁਦ ਆਨਰੇਬਲ ਡਿਪਟੀ ਸੀ.ਐਮ. ਸਾਹਿਬ ਅਤੇ ਆਨਰੇਬਲ ਮੰਤਰੀ ਸਾਹਿਬ ਨੇ ਐਗਰੀ ਕੀਤਾ ਹੈ ਕਿ ਇਸ ਦੇ ਵਿੱਚ ਬਹੁਤ ਸਾਰੀਆਂ ਸ਼ਾਰਟ ਕਮਿੰਗਜ਼ ਹਨ then why it is being imposed on us. ਇਲੈਕਸ਼ਨ ਦੇ ਦੌਰਾਨ ਸੀ.ਐਮ. ਸਾਹਿਬ ਨੇ ਪ੍ਰਾਮਿਸ ਕੀਤਾ ਸੀ ਅਤੇ ਤੁਸੀਂ ਵੀ ਕਿਹਾ ਸੀ ਕਿ ਅਸੀਂ ਇਸ ਨੂੰ ਵਿਦਡਰਾਅ ਕਰਾਂਗੇ। ਬਾਅਦ ਵਿਚ ਤੁਹਾਡਾ ਬਿਆਨ ਆ ਗਿਆ ਸੀ ਕਿ ਇਸ ਨੂੰ ਰੈਸ਼ਨੇਲਾਈਜ਼ ਕਰਾਂਗੇ। ਚੇਅਰਮੈਨ ਸਾਹਿਬ, ਕਾਂਗਰਸ ਪਾਰਟੀ ਦਾ ਸਟੈਂਡ ਇਹ ਹੈ ਕਿ ਪਹਿਲਾਂ ਵੀ ਅਸੀਂ ਇਸ ਗੱਲ ਦੇ ਉੱਤੇ ਬਹਿਸ ਕੀਤੀ ਸੀ, ਜਿਸ ਤਰ੍ਹਾਂ ਅਰੋੜਾ ਸਾਹਿਬ ਨੇ ਕਿਹਾ ਹੈ ਕਿ ਜਿਹੜੀਆਂ ਸਰਵਿਸਿਜ਼ ਪ੍ਰੋਵਾਈਡ ਕਰਨ ਵਾਸਤੇ ਤੁਸੀਂ ਟੈਕਸ ਲੈ ਰਹੇ ਹੋ, ਉਹ ਤਾਂ ਐਗਜ਼ਿਸਟ ਹੀ ਨਹੀਂ ਕਰਦੀਆਂ ਪਰ ਤੁਸੀਂ ਟੈਕਸ ਤੇ ਟੈਕਸ ਲਗਾਈ ਜਾ ਰਹੇ ਹੋ। ਤੁਸੀਂ ਖੁਦ ਮੰਨ ਰਹੇ ਹੋ ਕਿ ਅਸੀਂ ਪਿਛਲੇ ਛੇ ਮਹੀਨਿਆਂ ਵਿੱਚ ਇੰਨੀਆਂ ਔਕੜਾਂ ਮਹਿਸੂਸ ਕੀਤੀਆਂ ਹਨ, ਜਿਹੜੀਆਂ ਲੋਕਾਂ ਨੂੰ ਪੇਸ਼ ਆ ਰਹੀਆਂ ਹਨ, ਉਸ ਨੂੰ ਅਸੀਂ ਹੱਲ ਕਰਕੇ ਲੈ ਕੇ ਆਵਾਂਗੇ। Why can't we wait? ਜਿਵੇਂ ਪ੍ਰਾਮਿਸ ਕੀਤਾ ਸੀ, ਇਸ ਨੂੰ ਵਿਦਡਰਾਅ ਕਰੋ। ਹੁਣ ਜਨੂਰਮ ਨਹੀਂ ਹੈ, ਲੋਕਾਂ ਨੂੰ ਪ੍ਰੇਸ਼ਾਨੀਆਂ ਹੋ ਰਹੀਆਂ ਹਨ। ਖੁਦ ਮੰਤਰੀ ਸਾਹਿਬ ਨੂੰ ਪੁੱਛ ਲਵੋ ਕਿ ਇਸ ਵਿੱਚ ਕਿੰਨੀ ਵਾਰੀ ਚੇਂਜਿਜ਼ ਹੋਈਆਂ ਹਨ। ਉਸ ਦੀ ਕਦੇ ਡੇਟ ਵਧਾ ਦਿੰਦੇ ਹੋ, ਕਦੇ ਰੇਟ ਘਟਾ ਦਿੰਦੇ ਹੋ, ਕਦੇ ਰੇਟ ਵਧਾ ਦਿੰਦੇ ਹੋ ਅਤੇ ਕਦੇ ਚੇਂਜ ਕਰ ਦਿੰਦੇ ਹੋ, it is full of flaws. ਅੱਜ ਇਹ ਸਾਰੇ ਲੋਕਾਂ ਦੀ ਪ੍ਰੇਸ਼ਾਨੀ ਦਾ ਵਾਇਸ ਹੈ ਅਤੇ ਅਸੀਂ ਇਸ ਦਾ ਡੱਟ ਕੇ ਵਿਰੋਧ ਕਰਦੇ ਹਾਂ। ਮੈਂ ਆਨਰੇਬਲ ਡਿਪਟੀ ਸੀ.ਐਮ. ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਤੁਸੀਂ ਇਸ ਨੂੰ ਵਿਦਡਰਾਅ ਕਰੋ। ਜਦੋਂ ਨਵਾਂ ਐਕਟ ਆਵੇਗਾ ਤਾਂ ਉਦੋਂ ਵੇਖਾਂਗੇ। ਹੁਣ ਜੇਕਰ ਤੁਸੀਂ ਇਸ ਨੂੰ ਵਿਦਡਰਾਅ ਨਹੀਂ ਕਰਦੇ ਤਾਂ

[ ਸ਼੍ਰੀ ਸੁਨੀਲ ਜਾਖੜ ]

we are against it. ਸਾਡੀ ਪਾਰਟੀ ਇਸ ਦੇ ਬਿਲਕੁਲ ਅਗੇਂਸਟ ਹੈ।

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ –

ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

## WALK OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਅਜ਼ਾਦ ਮੈਂਬਰ ਸ਼੍ਰੀ ਰਜ਼ਨੀਸ਼ ਕੁਮਾਰ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਸੋਧਨਾ) ਬਿਲ, 2014 ਦੇ ਵਿਰੋਧ ਵਿੱਚ ** ** ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

---

## THE PUNJAB MUNICIPAL CORPORATION (AMENDMENT) BILL, 2014 *(Resumption)*

**ਸ਼੍ਰੀ ਸਭਾਪਤੀ :** ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ–ਕਲਾਜ਼ (2)**

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 6**

**ਸ਼੍ਰੀ ਸਭਾਪਤੀ :** ਕਿਉਂਕਿ ਕਲਾਜ਼ਾਂ 2 ਤੋਂ 6 ਵਿੱਚ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

**(ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 6 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ–ਕਲਾਜ਼ (1)**

---

**Not recorded as ordered by the Chair.

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼੍ਰੀ ਸਭਾਪਤੀ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਸ਼੍ਰੀ ਸਭਾਪਤੀ :** ਪ੍ਰਸਤਾਵ ਕੀਤਾ –

ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ –

ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

––––––

## 8. THE PUNJAB MUNICIPAL (AMENDMENT) BILL, 2014

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ਸ਼੍ਰੀਮਾਨ ਜੀ, ਮੈਂ ਪੰਜਾਬ ਮਿਉਂਸਪਲ (ਸੋਧਨਾ) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਮਿਉਂਸਪਲ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਸ਼੍ਰੀ ਸਭਾਪਤੀ :** ਪ੍ਰਸਤਾਵ ਕੀਤਾ -

ਕਿ ਪੰਜਾਬ ਮਿਉਂਸਪਲ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ -

ਕਿ ਪੰਜਾਬ ਮਿਉਂਸਪਲ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼੍ਰੀ ਸਭਾਪਤੀ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 5**

**ਸ਼੍ਰੀ ਸਭਾਪਤੀ :** ਕਿਉਂਕਿ ਕਲਾਜ਼ਾਂ 2 ਤੋਂ 5 ਵਿੱਚ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 5 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸ਼੍ਰੀ ਸਭਾਪਤੀ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਮਿਊਂਸਪਲ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਸ਼੍ਰੀ ਸਭਾਪਤੀ :** ਪ੍ਰਸਤਾਵ ਕੀਤਾ -

ਕਿ ਪੰਜਾਬ ਮਿਊਂਸਪਲ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ -

ਕਿ ਪੰਜਾਬ ਮਿਊਂਸਪਲ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-------

## 9. THE G.N.A. UNIVERSITY BILL, 2014

**ਸ਼੍ਰੀ ਸਭਾਪਤੀ :** ਮੰਤਰੀ ਜੀ ਬਿਲ ਪੇਸ਼ ਕਰਨਗੇ।

**ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ):** ਸ਼੍ਰੀਮਾਨ ਜੀ, ਮੈਂ ਜੀ.ਐਨ.ਏ. ਯੂਨੀਵਰਸਿਟੀ ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

[ ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ]

ਕਿ ਜੀ.ਐਨ.ਏ. ਯੂਨੀਵਰਸਿਟੀ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਸ਼੍ਰੀ ਸਭਾਪਤੀ :** ਪ੍ਰਸਤਾਵ ਕੀਤਾ –

ਕਿ ਜੀ.ਐਨ.ਏ. ਯੂਨੀਵਰਸਿਟੀ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ –

ਕਿ ਜੀ.ਐਨ.ਏ. ਯੂਨੀਵਰਸਿਟੀ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼੍ਰੀ ਸਭਾਪਤੀ :** ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ–ਕਲਾਜ਼ (2)**

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 37**

**ਸ਼੍ਰੀ ਸਭਾਪਤੀ :** ਕਿਉਂਕਿ ਕਲਾਜ਼ਾਂ 2 ਤੋਂ 37 ਵਿੱਚ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 37 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਸ਼੍ਰੀ ਸਭਪਤੀ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸ਼੍ਰੀ ਸਭਾਪਤੀ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਜੀ.ਐਨ.ਏ. ਯੂਨੀਵਰਸਿਟੀ ਬਿਲ, 2014 ਪਾਸ ਕੀਤਾ ਜਾਵੇ।

**ਸ਼੍ਰੀ ਸਭਾਪਤੀ :** ਪ੍ਰਸਤਾਵ ਕੀਤਾ-

ਕਿ ਜੀ.ਐਨ.ਏ. ਯੂਨੀਵਰਸਿਟੀ ਬਿਲ, 2014 ਪਾਸ ਕੀਤਾ ਜਾਵੇ।

**ਸ਼੍ਰੀ ਸਭਾਪਤੀ :** ਪ੍ਰਸ਼ਨ ਹੈ -

ਕਿ ਜੀ.ਐਨ.ਏ. ਯੂਨੀਵਰਸਿਟੀ ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-------

## 10. THE PUNJAB RENT (AMENDMENT) BILL, 2014

**ਸ਼੍ਰੀ ਸਭਾਪਤੀ :** ਸਥਾਨਕ ਸਰਕਾਰ ਮੰਤਰੀ ਜੀ ਬਿਲ ਪੇਸ਼ ਕਰਨ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ਸ਼੍ਰੀਮਾਨ ਜੀ, ਮੈਂ ਪੰਜਾਬ ਕਿਰਾਇਆ (ਸੋਧਨਾ) ਬਿਲ, 2014 ਪੇਸ਼ ਕਰਦਾ ਹਾਂ।

[ ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ]

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਕਿਰਾਇਆ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਸ਼੍ਰੀ ਸਭਾਪਤੀ :** ਪ੍ਰਸਤਾਵ ਕੀਤਾ –

ਕਿ ਪੰਜਾਬ ਕਿਰਾਇਆ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਆਪੋਜ਼ੀਸ਼ਨ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਸਰਦਾਰ ਬਲਬੀਰ ਸਿੰਘ ਸਿੱਧੂ :** ਚੇਅਰਮੈਨ ਸਾਹਿਬ, ਮੈਂ ਬਿਲ ਤੇ ਨਹੀਂ ਬੋਲਣਾ ਪਰੰਤੂ ਜੋ ਤੁਸੀਂ ਸਿਸਟਮ ਅਡਾਪਟ ਕੀਤਾ ਹੈ, ਇਹ ਗਵਰਨਰੀ ਰਾਜ ਵਾਲਾ ਹੈ। ਤੁਸੀਂ ਲੋਕਾਂ ਦੇ ਹੱਕਾਂ ਨੂੰ ਮਾਰ ਰਹੇ ਹੋ। ਤੁਸੀਂ ਆਪਣੀ ਪਾਰਟੀ ਦੇ, ਟਰੈਜ਼ਰੀ ਬੈਂਚਿਜ਼ ਦੇ ਮੈਂਬਰਾਂ ਨੂੰ ਵੀ ਬੋਲਣ ਤੋਂ ਮਨ੍ਹਾ ਕਰ ਰਹੇ ਹੋ, ਸਾਨੂੰ ਤਾਂ ਬੁਲਾਉਣਾ ਹੀ ਕੀ ਹੈ। ਜਸਟਿਸ ਨਿਰਮਲ ਸਿੰਘ ਜੀ ਨੂੰ ਵੀ ਤੁਸੀਂ ਬੋਲਣ ਦਾ ਸਮਾਂ ਨਹੀਂ ਦਿੰਦੇ। ਅਸੀਂ ਤਾਂ ਰੋਣਾ ਹੀ ਹੈ, ਉਹ ਵੀ ਰੋ ਰਹੇ ਹਨ। ਸੋਮ ਪ੍ਰਕਾਸ਼ ਜੀ ਦੀ ਗੱਲ ਵੀ ਸੁਣ ਲਵੋ।

*2.48 ਵਜੇ ਬਾਅਦ ਦੁਪਹਿਰ

(ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਕਿਰਾਇਆ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 20**

**ਮਾਨਯੋਗ ਸਪੀਕਰ :** ਕਿਉਂਕਿ ਕਲਾਜ਼ਾਂ 2 ਤੋਂ 20 ਵਿੱਚ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

**(ਅਵਾਜ਼ਾਂ :** ਹਾਂ ਜੀ, ਹਾਂ ਜੀ।) (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਮੈਨੂੰ ਕੰਮ ਨਿਬੇੜ ਲੈਣ ਦਿਉ। ਪਲੀਜ਼, ਬੈਠ ਜਾਉ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 20 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਪ੍ਰਵਾਨ ਹੋਇਆ।**

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਕਿਰਾਇਆ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਕਿਰਾਇਆ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਕਿਰਾਇਆ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

–––––––

## SHORT ADJOURNMENT OF THE HOUSE

**ਮਾਨਯੋਗ ਸਪੀਕਰ :** ਮੇਰੀ ਹਾਊਸ ਦੇ ਸਾਰੇ ਸਤਿਕਾਰਯੋਗ ਮੈਂਬਰਜ਼ ਨੂੰ ਇਕ ਬੇਨਤੀ ਹੈ ਕਿ ਮੇਰੇ ਕੋਲ 7 ਬਿਲ ਪਾਸ ਕਰਵਾਉਣ ਵਾਲੇ ਪਏ ਹਨ। ਜੇ ਹਾਊਸ ਦੀ ਸਹਿਮਤੀ ਹੋਵੇ ਤਾਂ ਪਹਿਲਾਂ ਖਾਣਾ ਖਾ ਲਿਆ ਜਾਵੇ ਅਤੇ ਫੇਰ ਉਸ ਤੋਂ ਬਾਅਦ ਬਾਕੀ ਰਹਿੰਦਾ ਕੰਮ ਕਰ ਲਿਆ ਜਾਵੇ। ਹੋਣਾ ਉਹੀ ਹੈ ਜੋ ਤੁਸੀਂ ਕਹੋਗੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਚਾਰ ਬਿਲ ਰਹਿ ਗਏ ਹਨ। ਹੁਣੇ ਕਰ ਲਓ ਜੀ।

**ਮਾਨਯੋਗ ਸਪੀਕਰ :** ਮਿੱਤਲ ਸਾਹਿਬ, ਹਾਲੇ 7 ਬਿਲ ਪਏ ਹਨ। ਫਿਰ ਖਾਣੇ ਦਾ ਸਵਾਦ ਹੀ ਨਹੀਂ ਰਹਿਣਾ। ਅੱਧੇ ਘੰਟੇ ਲਈ ਅਡਜਰਨ ਕਰ ਲਓ। ਬਾਅਦ ਵਿੱਚ ਬਾਕੀ ਦਾ ਕੰਮ-ਕਾਰ ਕਰ ਲਵਾਂਗੇ। This is better.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਜੋ ਤੁਸੀਂ ਆਦੇਸ਼ ਕਰੋਗੇ ਉਹ ਅਸੀਂ ਮੰਨਾਂਗੇ ਪਰ ਮੇਰੀ ਬੇਨਤੀ ਹੈ ਕਿ ਜੇ ਆਪਾਂ ਖਾਣਾ ਪੈਂਡਿੰਗ ਕਰ ਲਿਆ ਤਾਂ ਸਾਰੇ ਕਹਿਣਗੇ ਕਿ ਕੰਮ ਨਿਬੇੜੋ। ਪਿਛਲੀ ਵਾਰ ਵੀ ਜਦੋਂ ਪੁਲਿਸ ਰਿਫਾਰਮਜ਼ ਐਕਟ ਆਇਆ ਸੀ ਉਦੋਂ ਵੀ ਇਕ ਦਿਨ ਵਿੱਚ 9 ਬਿਲ ਪਾਸ ਹੋਏ ਸਨ। ਸਪੀਕਰ ਸਾਹਿਬ, ਇਹ ਬੜੇ ਸੀਰੀਅਸ ਇਸ਼ੂ ਹਨ, ਇਨ੍ਹਾਂ ਤੇ ਪੂਰੀ ਡਿਸਕਸ਼ਨ ਕਰਨ ਦੀ ਲੋੜ ਹੈ। ਆਪਾਂ ਪਹਿਲਾਂ ਖਾਣਾ ਖਾ ਲਈਏ ਫਿਰ ਖੁੱਲ੍ਹਾ ਟਾਈਮ ਹੈ। ਫਿਰ ਚਾਹੇ ਤੁਸੀਂ ਸੈਸ਼ਨ 8 ਵਜੇ ਤੱਕ ਚਲਾਓ।

**ਮਾਨਯੋਗ ਸਪੀਕਰ :** ਹੁਣ ਸਦਨ 3:30 ਵਜੇ ਬਾਅਦ ਦੁਪਹਿਰ ਤੱਕ ਸਥਗਿੱਤ ਕੀਤਾ ਜਾਂਦਾ ਹੈ।

*2:51 ਵਜੇ<br>ਬਾਅਦ ਦੁਪਹਿਰ

(ਇਸ *ਸਮੇਂ ਸਦਨ 3:30 ਵਜੇ ਬਾਅਦ ਦੁਪਹਿਰ ਤੱਕ ਸਥਗਿੱਤ ਹੋ ਗਿਆ।)

––––––

*3.30 ਵਜੇ<br>ਬਾਅਦ ਦੁਪਹਿਰ

(ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

## LEGISLATIVE BUSINESS *(Resumption)*

## 11. THE PUNJAB MOTOR VEHICLES TAXATION (AMENDMENT) BILL, 2014

**ਮਾਨਯੋਗ ਸਪੀਕਰ :** ਸਰਦਾਰ ਅਜੀਤ ਸਿੰਘ ਕੋਹਾੜ, ਟਰਾਂਸਪੋਰਟ ਮੰਤਰੀ ਬਿਲ ਪੇਸ਼ ਕਰਨ।

**ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ (ਸਰਦਾਰ ਅਜੀਤ ਸਿੰਘ ਕੋਹਾੜ) :** ਸ਼੍ਰੀਮਾਨ ਜੀ, ਮੈਂ ਪੰਜਾਬ ਮੋਟਰ ਗੱਡੀਆਂ ਕਰ (ਸੋਧਨਾ) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

> ਕਿ ਪੰਜਾਬ ਮੋਟਰ ਗੱਡੀਆਂ ਕਰ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਪੰਜਾਬ ਮੋਟਰ ਗੱਡੀਆਂ ਕਰ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।
>
> ਬਹਿਸ,
>
> ਹਾਂ ਜੀ ; ਚੰਨੀ ਜੀ, ਦੱਸੋ ਜੀ, ਕੀ ਕਹਿਣਾ ਹੈ?

**ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.) :** ਸਪੀਕਰ ਸਾਹਿਬ, ਪਹਿਲਾਂ ਤਾਂ ਕਹਿੰਦੇ ਸੀ ਕਿ ਕੋਈ ਟੈਕਸ ਨਹੀਂ ਲਗਾਉਣਾ ਪਰ ਇਸ ਹਿਸਾਬ ਨਾਲ ਤਾਂ ਹੁਣ ਟੈਕਸ 1500 ਰੁਪਏ ਤੋਂ ਵਧਾ ਕੇ 2500 ਰੁਪਏ ਕੀਤਾ ਜਾ ਰਿਹਾ ਹੈ।

**ਮਾਨਯੋਗ ਸਪੀਕਰ :** ਚਲੋ, ਹੋ ਗਿਆ ਤਾਂ ਹੋ ਗਿਆ ਹੁਣ। ਤੁਸੀਂ ਕੁਝ ਕਹਿਣਾ ਹੈ ਤਾਂ ਦੱਸੋ ?

**ਸਰਦਾਰ ਚਰਨਜੀਤ ਸਿੰਘ ਚੰਨੀ :** ਹਾਲੇ ਤਾਂ ਹੋਇਆ ਨਹੀਂ, ਸਪੀਕਰ ਸਾਹਿਬ। ਮੈਂ ਤਾਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਤੇ ਪਹਿਲਾਂ ਹੀ ਬਹੁਤ ਟੈਕਸ ਹਨ, ਬੱਸਾਂ ਦੇ ਕਿਰਾਏ ਇੰਨੇ ਜ਼ਿਆਦਾ ਹਨ ਕਿ ਆਮ ਆਦਮੀ ਨੂੰ ਖਰੜ ਤੋਂ ਚੰਡੀਗੜ੍ਹ ਆਉਣਾ ਬੜਾ ਔਖਾ ਹੋ ਜਾਂਦਾ ਹੈ। ਹੁਣ ਇਹ ਟੈਕਸ 1500 ਰੁਪਏ

[ ਸਰਦਾਰ ਚਰਨਜੀਤ ਸਿੰਘ ਚੰਨੀ]

ਤੋਂ ਵਧਾ ਕੇ 2500 ਰੁਪਏ ਕੀਤਾ ਜਾ ਰਿਹਾ ਹੈ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਨੂੰ ਵਾਪਸ ਲਿਆ ਜਾਵੇ।

(ਇਸ ਸਮੇਂ ਇੰਡੀਅਨ ਨੈਸ਼ਨ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਪਲੀਜ਼।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਮੋਟਰ ਗੱਡੀਆਂ ਕਰ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ–ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਪ੍ਰਵਾਨ ਹੋਇਆ।**

(ਇਸ ਸਮੇਂ ਇੰਡੀਅਨ ਨੈਸ਼ਨ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਤੁਸੀਂ ਅੱਗੇ ਗੱਲ ਕਰ ਲਿਉ, ਮੈਂ ਕਰਵਾ ਦਿਆਂਗਾ। ਤੁਸੀਂ ਕਹਿ ਲੈਣਾ ਜੋ ਕਹਿਣਾ ਹੈ।

**ਕਲਾਜ਼ 2**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ–ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਬਲਬੀਰ ਸਿੰਘ ਸਿੱਧੂ ਬਹਿਸ ਲਈ ਸਮਾਂ ਦੇਣ ਲਈ ਮੰਗ ਕਰ ਰਹੇ ਸਨ।)

**ਸਰਦਾਰ ਬਲਬੀਰ ਸਿੰਘ ਸਿੱਧੂ (ਐਸ.ਏ.ਐਸ. ਨਗਰ) :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬਹੁਤ ਹੀ ਗੰਭੀਰ ਮੁੱਦਾ ਉਠਾਉਣਾ ਚਾਹੁੰਦਾ ਹਾਂ ਜਿਹੜਾ ਕਿ ਟਰਾਂਸਪੋਰਟ ਨਾਲ ਰਿਲੇਟਿਡ ਹੈ। ਡਿਪਟੀ ਸੀ.ਐਮ. ਸਾਹਿਬ ਵੀ ਬੈਠੇ ਹਨ, ਇਨ੍ਹਾਂ ਕੋਲ ਪੁਲਿਸ ਡਿਪਾਰਟਮੈਂਟ ਵੀ ਹੈ। ਪੰਜਾਬ ਦੀ ਜਿਹੜੀ ਟਰੈਫਿਕ ਪੁਲਿਸ ਹੈ, ਮੈਂ ਉਸ ਦੇ ਖਿਲਾਫ਼ ਨਹੀਂ ਹਾਂ ਪਰੰਤੂ ਇਹ ਬੜਾ ਜ਼ਰੂਰੀ ਹੈ ਕਿ ਟਰੈਫਿਕ ਸੁਚਾਰੂ ਢੰਗ ਨਾਲ ਚੱਲਣੀ ਚਾਹੀਦੀ ਹੈ। ਪਰਸੋਂ ਮੇਰੇ ਕੁਝ ਦੋਸਤ ਗੁਜਰਾਤ ਤੋਂ ਆਏ ਸਨ। ਉਹ ਕਹਿੰਦੇ ਕਿ ਅਸੀਂ ਕੰਨਾਂ ਨੂੰ ਹੱਥ ਲਗਾ ਲਏ ਹਨ, ਹੁਣ ਅਸੀਂ ਪੰਜਾਬ ਵਿੱਚ ਕਦੇ ਵਾਪਸ ਨਹੀਂ ਵੜਦੇ। ਉਹ ਕਹਿੰਦੇ ਕਿ ਅਸੀਂ ਸ਼ੰਭੂ ਬੈਰੀਅਰ ਤੋਂ ਲੈ ਕੇ ਅਨੰਦਪੁਰ ਸਾਹਿਬ ਤੱਕ 6000 ਰੁਪਿਆ ਦੇ ਚੁੱਕੇ ਹਾਂ। ਜਿਹੜੇ ਬੰਦੇ ਟਰੈਫਿਕ ਨੂੰ ਕੰਟਰੋਲ ਕਰਨ ਲਈ ਲਗਾਏ ਹੋਏ ਹਨ, ਉਨ੍ਹਾਂ ਤੇ ਕੋਈ ਚੈੱਕ ਰੱਖਿਆ ਜਾਵੇ। ਕੋਈ ਜਿਪਸੀ ਕਿਤੇ ਖੜ੍ਹੀ ਹੈ। ਡੀ.ਟੀ.ਓ. ਦਾ ਵੱਖਰਾ ਡਿਪਾਰਟਮੈਂਟ ਹੈ ਅਤੇ ਟਰੈਫਿਕ ਪੁਲਿਸ ਦਾ ਵੱਖਰਾ ਡਿਪਾਰਟਮੈਂਟ ਹੈ। ਜਿਹੜੇ ਐਕਸੀਡੈਂਟ ਹੋ ਰਹੇ ਹਨ, ਉਸ ਦਾ ਮੇਜਰ ਕਾਰਨ ਵੀ ਇਹੀ ਹੈ। ਰੋਡਜ਼ ਤੇ ਟ੍ਰੈਫਿਕ ਬਹੁਤ ਹੈ। ਜਦੋਂ ਕੋਈ ਗੱਡੀ ਰੁਕਦੀ ਹੈ ਤਾਂ ਉਸ ਨਾਲ ਸੜਕ ਤੇ ਜਾਮ ਲੱਗ ਜਾਂਦਾ ਹੈ ਔਰ ਗੱਡੀ ਪਿੱਛੇ ਠੁੱਕ ਜਾਂਦੀ ਹੈ। ਸਾਡੇ ਖਰੜ ਵਿੱਚ ਦੋ ਮੁੰਡੇ ਇਸ ਚੱਕਰ ਵਿੱਚ ਮਰ ਵੀ ਚੁੱਕੇ ਹਨ। ਮੈਂ ਟਰਾਂਸਪੋਰਟ ਮੰਤਰੀ ਅਤੇ ਉਪ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਡੀ.ਟੀ.ਓਜ਼ ਹਨ ਜਾਂ ਹੋਰ ਅਫਸਰ ਹਨ, ਉਨ੍ਹਾਂ ਨੂੰ ਆਪਾਂ ਇਹ ਗੱਲ ਜ਼ਰੂਰ ਕਹੀਏ ਕਿ ਇਸ ਨਾਲ ਸਟੇਟ ਦਾ ਨੁਕਸਾਨ ਹੁੰਦਾ ਹੈ। ਇਸ ਨਾਲ ਪੰਜਾਬ ਦੀ ਇਮੇਜ ਖਰਾਬ ਹੁੰਦੀ ਹੈ। ਪੰਜਾਬ ਵਿੱਚ ਇਸ ਦਾ ਬਹੁਤ ਵੱਡਾ ਰੌਲਾ ਹੈ।

**ਉਪ ਮੁੱਖ ਮੰਤਰੀ :** ਗੁਜਰਾਤ ਵਾਲਿਆਂ ਦੀ ਕਿਹੜੀ ਗੱਡੀ ਸੀ ?

**ਸਰਦਾਰ ਬਲਬੀਰ ਸਿੰਘ ਸਿੱਧੂ :** ਬਲੈਰੋ ਗੱਡੀ ਸੀ।

**ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ (ਸਰਦਾਰ ਅਜੀਤ ਸਿੰਘ ਕੋਹਾੜ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

> ਕਿ ਪੰਜਾਬ ਮੋਟਰ ਗੱਡੀਆਂ ਕਰ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਪੰਜਾਬ ਮੋਟਰ ਗੱਡੀਆਂ ਕਰ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਪੰਜਾਬ ਮੋਟਰ ਗੱਡੀਆਂ ਕਰ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ ।***

---

## 12. THE PUNAJB CO-OPERATIVE SOCIETIES (AMENDMENT) BILL, 2014

**ਮਾਨਯੋਗ ਸਪੀਕਰ :** ਮਿੱਤਲ ਸਾਹਿਬ ਬਿਲ ਪੇਸ਼ ਕਰਨਗੇ।

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

> ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2014 ਤੇ ਤੁਰੰਤ

ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 4**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਵਿੱਚ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ ।

**(ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

[ ਮਾਨਯੋਗ ਸਪੀਕਰ ]

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

---

## 13. THE PUNJAB PREVENTION OF DAMAGE TO PUBLIC AND PRIVATE PROPERTY BILL, 2014

**ਮਾਨਯੋਗ ਸਪੀਕਰ :** ਉਪ ਮੁੱਖ ਮੰਤਰੀ ਜੀ ਬਿਲ ਪੇਸ਼ ਕਰਨ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸ਼੍ਰੀਮਾਨ ਜੀ,

ਮੈਂ ਪੰਜਾਬ ਜਨਤਕ ਅਤੇ ਨਿੱਜੀ ਸੰਪਤੀ ਦੇ ਨੁਕਸਾਨ ਤੇ ਰੋਕ ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਜਨਤਕ ਅਤੇ ਨਿੱਜੀ ਸੰਪਤੀ ਦੇ ਨੁਕਸਾਨ ਤੇ ਰੋਕ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਜਨਤਕ ਅਤੇ ਨਿੱਜੀ ਸੰਪਤੀ ਦੇ ਨੁਕਸਾਨ ਤੇ ਰੋਕ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਜਨਤਕ ਅਤੇ ਨਿੱਜੀ ਸੰਪਤੀ ਦੇ ਨੁਕਸਾਨ ਤੇ ਰੋਕ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ–ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 11**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 11 ਵਿੱਚ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 11 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ–ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਉਪ ਮੁੱਖ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਜਨਤਕ ਅਤੇ ਨਿੱਜੀ ਸੰਪਤੀ ਦੇ ਨੁਕਸਾਨ ਤੇ ਰੋਕ ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਜਨਤਕ ਅਤੇ ਨਿੱਜੀ ਸੰਪਤੀ ਦੇ ਨੁਕਸਾਨ ਤੇ ਰੋਕ ਬਿਲ, 2014 ਪਾਸ ਕੀਤਾ ਜਾਵੇ।

**ਸ਼੍ਰੀ ਸੁਨੀਲ ਜਾਖੜ (ਅਬੋਹਰ) :** ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਲੋਕਤੰਤਰ ਉਤੇ ਇੱਕ ਬਹੁਤ ਹੀ ਵੱਡਾ ਘਾਤ ਕਰਨ ਵਾਲਾ ਬਿਲ ਲਿਆਂਦਾ ਗਿਆ ਹੈ। ਇਸ ਦੀ ਆੜ ਵਿੱਚ ਆਪੋਜ਼ੀਸ਼ਨ ਦੀ ਅਵਾਜ਼ ਦਬਾਉਣ ਦਾ ਇਸ ਤੋਂ ਵੱਡਾ ਹੋਰ ਕੋਈ ਤਰੀਕਾ ਨਹੀਂ ਹੋ ਸਕਦਾ। ਕੋਈ ਵੀ ਜਿਹੜੀ ਪਬਲਿਕ ਪ੍ਰਾਪਰਟੀ ਹੈ, It is a property belonging to everybody. ਸਾਰਿਆਂ ਦਾ ਉਸ ਵਿੱਚ ਹਿੱਸਾ ਹੈ, ਸਾਰਿਆਂ ਦੀ ਮਨੀ ਨਾਲ ਬਣੀ ਹੈ ਪਰੰਤੂ ਉਸ ਨੂੰ ਡੈਮੇਜ਼ ਕਰਨ ਦੇ ਖਿਲਾਫ਼ ਬਿਲ ਲਿਆਉਣ ਦੀ ਆੜ ਵਿੱਚ ਸਰਕਾਰ ਦੇ ਖਿਲਾਫ

ਮੁਜ਼ਾਹਰੇ ਕਰਨ, ਸਰਕਾਰ ਦੀ ਧੱਕੇਸ਼ਾਹੀ ਖਿਲਾਫ਼ ਆਪਣੀ ਗੱਲ ਰੱਖਣ ਦੀ ਅਵਾਜ਼ ਨੂੰ ਦਬਾਉਣ ਦੇ ਪ੍ਰਯਾਸ ਵਿੱਚ ਜਦੋਂ ਇਹੀ ਬਿਲ ਸਰਕਾਰ ਪਹਿਲਾਂ ਲੈ ਕੇ ਆਈ ਸੀ, ਉਸ ਸਮੇਂ ਵੀ ਇਸ ਨੂੰ ਵਿਦਡਰਾਅ ਕਰਨਾ ਪਿਆ ਸੀ। ਕੀ ਅੱਜ ਦੇ ਹਾਲਾਤ ਬਦਲ ਗਏ ਹਨ? ਉਦੋਂ ਤੋਂ ਲੈ ਕੇ ਹੁਣ ਤੱਕ ਕੀ ਕੋਈ ਬਦਲਾਅ ਆਇਆ ਹੈ? ਤੁਸੀਂ ਹਿੰਦੁਸਤਾਨ ਦੇ ਬਾਹਰ ਦੇਖੋ, ਚਾਹੇ ਮਿਸਰ ਜਾਂ ਲੀਬੀਆ ਹੈ, ਜਿੱਥੇ ਜਿੱਥੇ ਵੀ ਲੋਕਾਂ ਨੇ ਅਵਾਜ਼ ਖੜ੍ਹੀ ਕੀਤੀ ਹੈ, ਸੀਰੀਆ ਦੀ ਸਰਕਾਰ ਦੀਆਂ ਨਾਸਾਂ ਵਿਚੋਂ ਉਨ੍ਹਾਂ ਨੇ ਧੂੰਆਂ ਕੱਢ ਰੱਖਿਆ ਹੈ, ਮਿਸਰ ਵਿੱਚ ਸਰਕਾਰਾਂ ਬਦਲੀਆਂ। ਪੰਜਾਬ ਦੀ ਇੱਕ ਅਜਿਹੀ ਪਾਰਟੀ ਜਿਸ ਨੇ ਸਾਰੀ ਉਮਰ ਮੋਰਚੇ ਲਗਾਏ, ਧਰਨੇ ਲਗਾਏ ਹਨ, ਅੱਜ ਉਹੀ ਪਾਰਟੀ ਅਜਿਹਾ ਕਹਿ ਰਹੀ ਹੈ। ਅੱਜ ਸੱਤਾ ਵਿੱਚ ਬੈਠ ਕੇ ਇਨ੍ਹਾਂ ਨੂੰ ਸੱਤਾ ਦਾ ਇੰਨਾ ਸੁਆਦ ਲੱਗਿਆ ਹੈ ਕਿ ਆਪੋਜ਼ੀਸ਼ਨ ਦੀ ਅਵਾਜ਼ ਨੂੰ ਦਬਾਉਣ ਲਈ ਅਜਿਹਾ ਬਿਲ ਲੈ ਆਏ ਹਨ।

ਸਪੀਕਰ ਸਾਹਿਬ, ਮੈਂ ਅਜੇ ਵੀ ਰਿਕੁਐਸਟ ਕਰਾਂਗਾ ਕਿ ਇਸ ਬਿਲ ਨੂੰ ਵਿਦਡਰਾਅ ਕੀਤਾ ਜਾਵੇ ਕਿਉਂਕਿ ਪਹਿਲਾਂ ਵੀ ਬਾਦਲ ਸਾਹਿਬ ਨੇ ਪ੍ਰੈਸ਼ਰ ਵਿੱਚ ਆ ਕੇ, ਲੋਕਾਂ ਦੀਆਂ ਭਾਵਨਾਵਾਂ ਨੂੰ ਦੇਖਦਿਆਂ ਇਸ ਨੂੰ ਵਿਦਡਰਾਅ ਕੀਤਾ ਸੀ। ਪਬਲਿਕ ਪ੍ਰਾਪਰਟੀ ਨੂੰ ਡੈਮੇਜ ਕਰਨ ਦੇ ਹੱਕ ਵਿੱਚ ਕੋਈ ਨਹੀਂ ਹੈ ਪਰੰਤੂ ਇਸ ਬਾਰੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਪਰ ਇਸ ਦੀ ਆੜ ਵਿੱਚ ਕਿਸੇ ਬੰਦੇ ਤੇ ਪਰਚਾ ਦਰਜ ਕਰ ਕੇ ਉਸ ਨੂੰ ਅੰਦਰ ਬਿਠਾ ਦੇਣਗੇ, ਇਹ ਠੀਕ ਨਹੀਂ। ਫਿਰ ਕਿਸੇ ਨੇ ਨਾ ਕੋਈ ਧਰਨਾ ਲਗਾਉਣਾ ਹੈ, ਨਾ ਕਿਸੇ ਨੇ ਕੋਈ ਗੱਲ ਕਹਿਣੀ ਹੈ। ਇਸ ਕਰਕੇ ਮੇਰੀ ਪਾਰਟੀ ਇਸ ਬਿਲ ਦੀ ਪੁਰਜ਼ੋਰ ਮੁਖ਼ਾਲਫ਼ਤ ਕਰਦੀ ਹੈ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ):** ਸਪੀਕਰ ਸਾਹਿਬ, ਅੱਜ The Punjab Prevention of Damage to Public and Private Property Bill, 2014 on the directions of Hon'ble Supreme Court ਲਿਆਂਦਾ ਗਿਆ ਹੈ। Hon'ble Supreme Court ਨੇ ਇਹ ਜਜਮੈਂਟ ਦਿੱਤੀ ਹੈ ਕਿ every State has to bring this Bill. ਸਪੀਕਰ ਸਾਹਿਬ, ਜੋ ਅਸੀਂ ਦੇਖਿਆ ਹੈ ਇਸ ਵਿੱਚ ਇਵੇਂ ਹੀ ਕੋਈ ਪਰਚਾ ਦਰਜ ਨਹੀਂ ਹੋ ਜਾਂਦਾ ਕਿ ਤੁਸੀਂ ਸੜਕਾਂ ਤੇ ਪ੍ਰੋਟੈਸਟ ਕਰ ਰਹੇ ਹੋ। There has to be a competent authority and they have to prove it through videography. ਆਪਾਂ ਦੇਖਦੇ ਹਾਂ ਕਿ ਕੋਈ ਪਬਲਿਕ ਪ੍ਰਾਪਰਟੀ ਨੂੰ ਅੱਗ ਲਗਾ ਦਿੰਦਾ ਹੈ, ਕੋਈ ਬੰਬ ਸੁੱਟ ਦਿੰਦਾ ਹੈ, ਕੋਈ ਰੇਲਵੇ ਦੀ ਪ੍ਰਾਪਰਟੀ ਸਾੜ ਦਿੰਦਾ

[ ਉਪ ਮੁੱਖ ਮੰਤਰੀ ]

ਹੈ। On the basis of that this Bill has been directed. ਸੋ, ਸੁਪਰੀਮ ਕੋਰਟ ਦੀ ਡਾਇਰੈਕਸ਼ਨ ਵਿੱਚ ਹੀ ਅਸੀਂ ਅਜਿਹਾ ਕਰ ਰਹੇ ਹਾਂ। ਹੋਰ ਸਟੇਟਾਂ ਵੀ ਇਸ ਨੂੰ ਫਾਲੋ ਕਰ ਰਹੀਆਂ ਹਨ। We are not doing it at our own. It is on the directions of the Supreme Court. ਤੁਸੀਂ ਸੱਤ ਸਾਲ ਆਪੋਜ਼ੀਸ਼ਨ ਵਿੱਚ ਰਹੇ ਹੋ। ਮੈਨੂੰ ਨਹੀਂ ਪਤਾ ਕਿ ਤੁਹਾਡੇ ਵਿੱਚੋਂ ਕਿਸੇ ਨੇ ਕੋਈ ਪ੍ਰਾਪਰਟੀ ਡੈਮੇਜ ਕੀਤੀ ਹੋਵੇ। (ਵਿਘਨ) (ਸ਼ੋਰ) ਪਹਿਲਾਂ ਐਕਟ ਹੀ ਨਹੀਂ ਸੀ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਮੈਂ ਦੋ ਸਾਲ ਇਸ ਦਾ ਖਮਿਆਜ਼ਾ ਭੁਗਤਿਆ ਹੈ। ਮੈਨੂੰ ਦੋ ਸਾਲ ਪਾਸਪੋਰਟ ਨਹੀਂ ਮਿਲਿਆ। During election ਮੇਰੇ ਤੇ ਨਜਾਇਜ਼ ਪਰਚਾ ਬਣਾਇਆ ਗਿਆ।

**Deputy Chief Minister :** Does it pertain to damage of Property?

**ਰਾਣਾ ਗੁਰਜੀਤ ਸਿੰਘ :** ਹਾਂ ਜੀ, ਪਰਾਪਰਟੀ ਡੈਮੇਜ ਦਾ ਹੀ ਹੈ, ਕਿਸੇ ਨੇ ਡੀ.ਸੀ. ਦਫਤਰ ਦਾ ਗਮਲਾ ਤੋੜਿਆ ਸੀ, ਜਿੱਥੇ I was not present ਪਰ ਪਰਚਾ ਮੇਰੇ ਤੇ ਬਣਿਆ ਹੈ। ਮੈਨੂੰ ਦੋ ਸਾਲ ਪਾਸਪੋਰਟ ਨਹੀਂ ਮਿਲਿਆ। ਅੱਜ ਵੀ ਉਹ ਕੇਸ ਕਪੂਰਥਲਾ ਕੋਰਟ ਵਿੱਚ ਚੱਲ ਰਿਹਾ ਹੈ।

**ਮਾਨਯੋਗ ਸਪੀਕਰ :** ਰਾਣਾ ਜੀ, ਚੇਅਰ ਨੂੰ ਐਡਰੈਸ ਕਰੋ।

**ਰਾਣਾ ਗੁਰਜੀਤ ਸਿੰਘ :** ਕੀ ਕਿਸੇ ਨੇ ਮੇਰੇ ਤੇ ਪਰਚਾ ਦਰਜ ਕਰਨ ਤੋਂ ਪਹਿਲਾਂ ਉਸ ਇੰਸੀਡੈਂਟ ਦੀ ਵੀਡੀਓ ਦੇਖੀ?

**ਉਪ ਮੁੱਖ ਮੰਤਰੀ :** ਇਸੇ ਕਰਕੇ ਇਹ ਬਿਲ ਲਿਆਂਦਾ ਗਿਆ ਹੈ। (ਵਿਘਨ)... ਮੈਨੂੰ ਬੋਲਣ ਤਾਂ ਦਿਓ, ਉਸ ਤੋਂ ਬਾਅਦ ਤੁਸੀਂ ਬੋਲ ਲੈਣਾ।

**ਸਰਦਾਰ ਬਲਬੀਰ ਸਿੰਘ ਸਿੱਧੂ :** ** **

**Mr. Speaker :** This is no Point of Order.

---

**Expunged as ordered by the Chair.

**ਉਪ ਮੁੱਖ ਮੰਤਰੀ :** ਪਹਿਲੀ ਗੱਲ ਜਿਹੜੀ ਤੁਸੀਂ ਕਰ ਰਹੇ ਹੋ, ਇਹ ਐਕਟ ਤਾਂ ਅਜੇ ਬਣਿਆ ਹੀ ਨਹੀਂ, ਇਸ ਐਕਟ ਦੇ ਬੇਸ ਤੇ ਕਿਵੇਂ ਪਰਚਾ ਦਰਜ ਹੋ ਜਾਵੇਗਾ?

**ਰਾਣਾ ਗੁਰਜੀਤ ਸਿੰਘ :** ਜਿਨ੍ਹਾਂ ਨੇ ਸਾਡੇ ਤੇ ਪਰਚਾ ਦਰਜ ਕੀਤਾ ਹੈ, ਕੀ ਕਿਸੇ ਤੇ ਐਕਸ਼ਨ ਲਵੋਗੇ ?

**ਉਪ ਮੁੱਖ ਮੰਤਰੀ :** ਇੱਕ ਮਿੰਟ, ਮੈਨੂੰ ਗੱਲ ਤਾਂ ਕੰਪਲੀਟ ਕਰਨ ਦਿਓ।

**ਮਾਨਯੋਗ ਸਪੀਕਰ :** ਰਾਣਾ ਜੀ, ਪਹਿਲਾਂ ਪੁੱਛੋ, ਫਿਰ ਬੋਲੋ।

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਬਿਲ ਬਣਾਉਣ ਦੀ ਲੋੜ ਨਹੀਂ ਹੈ ਜੀ। ਜੇ ਤੁਸੀਂ ਨੈਸ਼ਨਲ ਹਾਈਵੇਅ ਬਲਾਕ ਕਰੋਗੇ ਤਾਂ ਇਸ ਵਾਸਤੇ ਐਕਟ ਬਣਿਆ ਹੋਇਆ ਹੈ ਅਤੇ ਪਰਚਾ ਦਰਜ ਹੁੰਦਾ ਹੈ। ਜੇ ਤੁਸੀਂ ਪਰਾਪਰਟੀ ਡੈਮੇਜ ਕਰੋਗੇ ਤਾਂ ਇਸ ਵਾਸਤੇ ਵੀ ਐਕਟ ਹੈ। ਰੇਲਵੇ ਪ੍ਰਾਪਰਟੀ ਡੈਮੇਜ ਕਰਨ ਦਾ ਵੀ ਹੈ। ਇਹ ਚੱਲ ਰਹੇ ਹਨ, ਸਾਨੂੰ ਬਣਾਉਣ ਦੀ ਕੋਈ ਲੋੜ ਨਹੀਂ ਸੀ ਪਰ ਹੁਣ ਅਸੀਂ ਸਟਰਿਕਟ ਕੀਤਾ ਹੈ। ਜਿਵੇਂ ਇਨ੍ਹਾਂ ਉੱਪਰ ਅਤੇ ਇਨ੍ਹਾਂ ਦੇ ਬੰਦਿਆਂ ਤੇ ਪਰਚੇ ਦਰਜ ਕੀਤੇ ਗਏ ਹਨ, ਇਸ ਤੇ ਚੈੱਕ ਰੱਖਣ ਵਾਸਤੇ ਇੱਕ ਕੰਪੀਟੈਂਟ ਅਥਾਰਟੀ ਸਥਾਪਿਤ ਕੀਤੀ ਗਈ ਹੈ, ਜਿਹੜੀ with proof ਡਿਸਾਈਡ ਕਰੇਗੀ। ਉਸ ਦੀ ਅਪੀਲ ਫਿਰ ਉੱਤੇ ਸਟੇਟ ਗੌਰਮਿੰਟ ਕੋਲ ਜਾਏਗੀ।

**ਸਰਦਾਰ ਬਲਬੀਰ ਸਿੰਘ ਸਿੱਧੂ (ਬੈਠੇ ਬੈਠੇ) :** ਫਿਰ ਤੁਸੀਂ ਇਸ ਨੂੰ ਵਾਪਸ ਲਵੋ।

**ਉਪ ਮੁੱਖ ਮੰਤਰੀ :** ਜਿਹੜਾ ਅੱਜ ਕੰਟਰੀ ਦੇ ਵਿੱਚ ਐਕਟ ਹੈ, ਉਸ ਨੂੰ ਮੈਂ ਵਾਪਸ ਕਿਵੇਂ ਲੈ ਲਵਾਂਗਾ। ਉਹ ਤਾਂ ਹੁਣ ਚਾਰੋਂ ਤਰਫ ਹੈ। ਇਹ ਸੁਪਰੀਮ ਕੋਰਟ ਵੱਲੋਂ ਕੀਤਾ ਗਿਆ ਹੈ। ਜਿੰਨੇ ਰਾਇਟਸ ਹੋਏ ਹਨ ਇਨ੍ਹਾਂ ਦੌਰਾਨ ਰੇਲਵੇ ਪ੍ਰਾਪਰਟੀ ਨੂੰ ਅੱਗ ਲਗਾ ਦਿੱਤੀ, ਬੰਬ ਸੁੱਟ ਦਿੱਤੇ, ਇਸ ਸਾਰੇ ਨੂੰ ਦੇਖਦੇ ਹੋਏ ਫਿਰ ਸੁਪਰੀਮ ਕੋਰਟ ਨੇ ਡਾਇਰੈਕਸ਼ਨ ਦਿੱਤੀ ਹੈ। ਉਨ੍ਹਾਂ ਦੀ ਡਾਇਰੈਕਸ਼ਨ ਦੇ ਬੇਸਿਜ਼ ਤੇ ਅਸੀਂ ਇਹ ਭੇਜਿਆ ਹੈ। ਪਹਿਲਾਂ ਤਾਂ ਉਨ੍ਹਾਂ ਨੇ ਸਜ਼ਾ ਵੱਡੀ ਲਿਖੀ ਸੀ ਕਿ ਪੰਜ – ਸੱਤ ਸਾਲ ਜੇਲ੍ਹ ਪਰੰਤੂ ਅਸੀਂ ਇੱਕ ਸਾਲ ਜਾਂ ਦੋ ਸਾਲ ਜੇਲ੍ਹ ਦੀ ਸਜ਼ਾ ਕੀਤੀ ਹੈ। These are all preventive. ਕੋਈ ਮਰਡਰ ਦਾ ਕੇਸ ਹੈ ਉਸ ਵਾਸਤੇ ਸਜ਼ਾ ਹੈ। ਡਰੱਗਜ਼ ਦੇ ਕੇਸਾਂ ਵਾਸਤੇ ਸਜ਼ਾ ਹੈ ਅਤੇ ਜਿਵੇਂ ਤੁਸੀਂ ਕਹਿੰਦੇ ਹੋ ਕਈ ਧੱਕੇ ਨਾਲ ਵੀ ਕੇਸ ਪਵਾ ਦਿੰਦੇ ਹਨ। ਇਸ ਦਾ ਮਤਲਬ ਇਹ ਥੋੜ੍ਹਾ

[ ਉਪ ਮੁੱਖ ਮੰਤਰੀ]

ਹੈ ਕਿ ਆਪਾਂ ਡਰੱਗਜ਼ ਦਾ ਕਾਨੂੰਨ ਬਣਾਉਣਾ ਹੀ ਨਹੀਂ, ਮਰਡਰ ਦਾ ਬਣਾਉਣਾ ਹੀ ਨਹੀਂ। This is basically as per directions of the Supreme Court. ਅਸੀਂ ਇਸ ਦਾ ਸਿਸਟਮ ਬਣਾਇਆ ਹੈ। ਪੁਲਿਸ ਤੁਹਾਡੇ ਤੇ ਇਵੇਂ ਹੀ ਪਰਚਾ ਦਰਜ ਨਹੀਂ ਕਰ ਸਕਦੀ। There is a competent authority. ਪਹਿਲਾਂ ਕੇਸ ਉਸ ਕੋਲ ਜਾਏਗਾ। ਉਸ ਕੰਪੀਟੈਂਟ ਅਥਾਰਟੀ ਨੂੰ ਪੂਰੀ ਡਿਟੇਲ ਦੇਣੀ ਪੈਣੀ ਹੈ ਕਿ ਕੀ ਕੀ ਡੈਮੇਜ ਹੋਇਆ ਹੈ, ਉਸ ਦੀ ਕੀ ਅਸੈਸਮੈਂਟ ਹੈ, ਕੀ ਵਾਕਿਆ ਹੋਇਆ ਹੈ, ਆਦਿ। ਉਸ ਕੰਪੀਟੈਂਟ ਅਥਾਰਟੀ ਦੇ ਅੱਗੇ ਅਪੀਲ ਕੀਤੀ ਜਾ ਸਕਦੀ ਹੈ ਅਤੇ ਜੇਕਰ ਤੁਹਾਡੀ ਅਪੀਲ ਖਾਰਿਜ ਹੋ ਜਾਂਦੀ ਹੈ ਤਾਂ ਅਪੀਲ ਅੱਗੇ ਚੀਫ ਜੁਡੀਸ਼ੀਅਲ ਮੈਜਿਸਟਰੇਟ ਕੋਲ ਹੀ ਜਾ ਸਕਦੀ ਹੈ, ਉਸ ਤੋਂ ਥੱਲੇ ਨਹੀਂ ਜਾ ਸਕਦੀ। So, we have created certain things to smoothen the whole thing. ਸੋ, ਇੰਜ ਨਹੀਂ ਕੋਈ ਕਰ ਸਕਦਾ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਤੁਹਾਨੂੰ ਇੱਕ ਵਾਰ ਫਿਰ ਬੇਨਤੀ ਕਰਾਂਗਾ। We feel very embarrassed. ਅਸੀਂ ਹਨੇਰੇ ਵਿੱਚ ਤੀਰ ਮਾਰ ਰਹੇ ਹਾਂ ਜੀ ਕਿਉਂਕਿ ਸਾਨੂੰ ਕੱਲ੍ਹ ਰਾਤ ਹੀ ਸਾਰੇ ਬਿਲ ਮਿਲੇ ਹਨ। ਅਸੀਂ ਜੋ ਵੀ ਗੱਲ ਕਰ ਰਹੇ ਹਾਂ, this is all in public domain. ਇਹ ਅਖਬਾਰਾਂ ਵਿੱਚ ਵੀ ਆਇਆ ਹੈ ਕਿ ਉਹੀ ਬਿਲ ਇਹ ਫਿਰ ਲੈ ਕੇ ਆ ਰਹੇ ਹਨ। I am telling you our limitations. ਅਸੀਂ ਤੁਹਾਡੇ ਨਾਲ ਕਿਸ ਗੱਲ ਤੇ ਬਹਿਸ ਕਰੀਏ। ਪਿਛਲੀ ਵਾਰੀ ਬਿਲ ਵਿੱਚ ਮੇਨ ਆਬਜੈਕਸ਼ਨ ਇਹ ਸੀ ਕਿ ਪ੍ਰੋਟੈਸਟ ਕਰਨ ਤੋਂ ਪਹਿਲਾਂ ਪਰਮਿਸ਼ਨਾਂ ਲਵੋ। ਪਤਾ ਨਹੀਂ ਉਹ ਕੱਢ ਦਿੱਤੀਆਂ ਹਨ ਜਾਂ ਨਹੀਂ। ਅਸੀਂ ਤਾਂ ਤੁਹਾਡਾ ਬਿਲ ਦੇਖਿਆ ਹੀ ਨਹੀਂ।

**Deputy Chief Minister :** You do not need permission for anything. ਜਿਹੜੀ ਪਹਿਲਾਂ ਪਰਮਿਸ਼ਨ ਦੀਆਂ ਚੀਜ਼ਾਂ ਸਨ, they are completely out. In a democracy, we have a right to protest. This is just if you do damage. ਟਰੇਨ ਨੂੰ ਅੱਗ ਲਗਾ ਦਿਓ, ਰੇਲ ਦੇ ਕੋਚਿਜ਼ ਬਣਦੇ ਹੋਣ, ਉਨ੍ਹਾਂ ਨੂੰ ਅੱਗ ਲਗਾ ਦਿਓ। ਗਰਿੱਡ ਨੂੰ ਅੱਗ ਲਗਾ ਦਿਓ। It is to prevent that. We are all citizens, ਆਪਾਂ ਸਾਰੇ ਰਿਸਪਾਂਸੀਬਲ ਹਾਂ। ਜੇ ਪ੍ਰੈਕਟੀਕਲ ਗੱਲ ਕਰੀਏ, ਸੱਤ ਸਾਲ ਹੋ ਗਏ ਹਨ, ਆਪਣੇ ਵਿੱਚ ਅੱਗ ਲਗਾਉਣ ਵਾਲਾ ਤਾਂ ਕੋਈ ਹੈ ਹੀ ਨਹੀਂ because we know how to protest. This is on the directions of the Supreme Court. ਉਨ੍ਹਾਂ ਨੇ

ਸਾਰੀਆਂ ਸਟੇਟਾਂ ਨੂੰ ਡਾਇਰੈਕਟ ਕੀਤਾ ਹੈ ਕਿ ਕੰਪਲਾਇੰਸ ਦਿਓ।

**ਸ਼੍ਰੀ ਸੁਨੀਲ ਜਾਖੜ :** ਮਾਨਯੋਗ ਸਪੀਕਰ ਸਾਹਿਬ, ਡਿਪਟੀ ਸੀ.ਐਮ. ਸਾਹਿਬ ਬੋਲ ਰਹੇ ਹਨ ਅਤੇ ਮੈਂ ਵਿਚਾਲੇ ਖੜ੍ਹਾ ਹੋ ਰਿਹਾ ਹਾਂ। How do we appear to people, this is our most important function, to legislate, ਸਾਡਾ ਨਾਂ ਹੀ ਲੈਜਿਸਲੇਟਰ ਹੈ। ਬਿਲ ਮੇਰੇ ਕੋਲ ਹੈ ਹੀ ਨਹੀਂ, ਮੈਂ ਇਸ ਬਾਰੇ ਕੁਝ ਪੜ੍ਹਿਆ ਨਹੀਂ, ਲਿਖਿਆ ਨਹੀਂ, If we are promising all this, ਬੇਸ਼ੱਕ ਗੱਲ ਸਹੀ ਹੈ ਕਿ ਪ੍ਰੋਟੈਸਟ ਕਰਨਾ ਡੈਮੋਕਰੇਸੀ ਵਿਚ ਆਪੋਜ਼ੀਸ਼ਨ ਦਾ ਰਾਈਟ ਹੈ, whether that has been protected or not, we will have to go by the Deputy CM's word, otherwise ਮੈਂ ਪਹਿਲਾਂ ਵੀ ਰਿਕੁਐਸਟ ਕੀਤੀ ਹੈ ਕਿ ਚਾਰ ਦਿਨ ਪਹਿਲਾਂ ਤੋਂ ਹੀ ਇਹ ਬਿਲ ਅਖਬਾਰਾਂ ਵਿਚ ਤੁਰਿਆ ਫਿਰਦਾ ਸੀ ਕਿ ਅਜਿਹਾ ਬਿਲ ਆ ਰਿਹਾ ਹੈ। ਜਦੋਂ ਬਿਲ ਆ ਰਿਹਾ ਸੀ ਤਾਂ why couldn't a copy be given to us. ਵੇਖੋ, ਅਸੀਂ ਕੋਈ ਵਕੀਲ ਨਹੀਂ ਹਾਂ। ਹੁਣ you said in a very taunting manner ਕਿ ਕੋਆਪਰੇਟਿਵ ਵਾਲਾ ਬਿਲ ਆਇਆ ਹੈ ਇਸ ਤੇ ਕੋਈ ਬੋਲਣ ਵਾਲਾ ਨਹੀਂ ਹੈ। I wish I had a copy of it but ਰਾਤ ਦਸ ਵਜੇ ਤਾਂ ਅਸੀਂ ਸਾਰੇ ਗਏ ਹਾਂ ਜੀ। ਫਿਰ ਇੰਨਾ ਵੱਡਾ ਮਸਲਾ ਸੀ, ਉਸ ਤੇ ਗੱਲਬਾਤ ਕਰਨੀ ਸੀ ਪਰੰਤੂ ਹੁਣ ਕਿਸੇ ਤੇ ਕੀ ਬੋਲੀਏ?

ਸੋ, ਸਪੀਕਰ ਸਾਹਿਬ, ਮੇਰੀ ਤੁਹਾਨੂੰ ਇਕ ਵਾਰੀ ਫਿਰ ਹੰਬਲ ਗੁਜਾਰਿਸ਼ ਹੈ, ਪਲੀਜ਼ ਤੁਸੀਂ ਗੌਰਮਿੰਟ ਨੂੰ ਹਦਾਇਤ ਕਰੋ ਕਿ ਜੇ ਕੋਈ ਬਿਲ ਲੈ ਕੇ ਆਉਣਾ ਹੋਵੇ ਤਾਂ ਘੱਟੋ ਘੱਟ ਦੋ-ਚਾਰ ਦਿਨ ਪਹਿਲਾਂ ਦੇਣ। ਫਿਰ ਜਿਹੜਾ ਕੋਈ ਕਿਸੇ ਨਾ ਕਿਸੇ ਮਸਲੇ ਤੇ ਬੋਲਣਾ ਚਾਹੇਗਾ, ਚਾਹੇ ਉਹ ਪ੍ਰਾਪਰਟੀ ਤੇ ਬੋਲੇ, ਕੋਈ ਕੋਆਪਰੇਟਿਵ ਤੇ ਬੋਲੇ ਜਾਂ ਕਿਸੇ ਨੇ ਪੁਲਿਸ ਰਿਫਾਰਮਜ਼ ਬਾਰੇ ਗੱਲ ਕਰਨੀ ਹੋਵੇ, ਉਸ ਨੇ ਪੂਰਾ ਬਿਲ ਪੜ੍ਹਿਆ ਹੋਵੇਗਾ। ਘੱਟੋ ਘੱਟ ਤੁਸੀਂ ਇਹ ਪੱਕਾ ਕਰ ਦਿਉ ਕਿ ਇਹ ਮੁੜ ਕੇ ਵਿਧਾਨ ਸਭਾ ਵਿਚ ਉਦੋਂ ਆਵੇ ਜਦੋਂ ਸਾਰੇ ਮੈਂਬਰ ਸਾਹਿਬਾਨ ਕੋਲ ਪੰਜ-ਪੰਜ, ਚਾਰ-ਚਾਰ ਦਿਨ ਪਹਿਲਾਂ ਕਾਪੀਆਂ ਆ ਜਾਣ ਅਤੇ ਇਹ ਇਸ ਉਤੇ ਸਾਰਿਆਂ ਦੀ ਰਾਇ ਲੈ ਲੈਣ। ਬਾਕੀ ਸੁਪਰੀਮ ਕੋਰਟ ਵਾਲੀ ਜੋ ਡਾਇਰੈਕਸ਼ਨ ਹੈ, ਬਿਲ ਫੇਰ ਆ ਜਾਣਾ ਹੈ, ਫਿਰ ਉਸ ਦਿਨ ਗੱਲ ਕਰ ਲਵਾਂਗੇ। ਮੇਰੀ ਰਿਕੁਐਸਟ ਹੈ ਕਿ ਕਾਪੀ ਸਾਨੂੰ ਪਹਿਲਾਂ ਮਿਲ ਜਾਵੇ, otherwise we would have to go by Deputy CM's word, ਜੋ ਇਨ੍ਹਾਂ ਨੇ ਕਿਹਾ ਹੈ।

**ਮਾਨਯੋਗ ਸਪੀਕਰ :** ਤਿੰਨ-ਚਾਰ ਦਿਨ ਵਾਲੀ ਗੱਲ ਤਾਂ ਨਹੀਂ ਹੋ ਸਕਦੀ, ਜੋ ਪਾਰਲੀਮੈਂਟ ਵਿਚ ਪ੍ਰੈਕਟਿਸ ਹੈ ਉਹ ਮੈਂ ਵੇਖੀ ਹੈ। ਅੱਗੋਂ ਵਾਸਤੇ ਬਿਲ ਇਕ ਦਿਨ ਪਹਿਲਾਂ ਮੈਂਬਰਾਂ ਨੂੰ ਮਿਲ ਜਾਣਾ ਚਾਹੀਦਾ ਹੈ ਤਾਂ ਕਿ ਉਸ ਉੱਤੇ ਸੋਲਿਡ ਬਹਿਸ ਹੋ ਸਕੇ ਅਤੇ ਸਾਰਿਆਂ ਦੇ ਵਿਊਜ਼ ਆ ਸਕਣ। ਪਾਰਲੀਮੈਂਟ ਵਿੱਚ ਜੇਕਰ ਸਵੇਰੇ ਬਹਿਸ ਕਰਨੀ ਹੈ ਤਾਂ ਇੱਕ ਸ਼ਾਮ ਪਹਿਲਾਂ ਮੈਂਬਰਾਂ ਕੋਲ ਜ਼ਰੂਰ ਪਹੁੰਚ ਜਾਂਦਾ ਹੈ। ਸੋ, ਇਸ ਕਰਕੇ ਇਕ ਦਿਨ ਪਹਿਲਾਂ ਆਪਾਂ ਨੂੰ ਵੀ ਬਿਲ ਭੇਜਣ ਵਿਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ਅਤੇ ਭੇਜ ਦਿੱਤਾ ਜਾਣਾ ਚਾਹੀਦਾ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਲੋਕ ਸਭਾ ਦੀ ਤੁਸੀਂ ਗੱਲ ਕੀਤੀ ਹੈ। ਲੋਕ ਸਭਾ ਵਿਚ ਇਹ ਸਟੈਂਡਿੰਗ ਕਮੇਟੀ ਵਿਚ ਚਲਿਆ ਜਾਂਦਾ ਹੈ। ਇਥੇ ਅਜਿਹੀ ਕਿਹੜੀ ਕਮੇਟੀ ਹੈ?

**ਮਾਨਯੋਗ ਸਪੀਕਰ :** ਮੈਂ ਕਹਿਣਾ ਚਾਹੁੰਦਾ ਹਾਂ ਕਿ ਚਾਰ ਦਿਨ ਪਹਿਲਾਂ ਮਿਲਣ ਵਾਲੀ ਤੁਹਾਡੀ ਗੱਲ ਕਿਸੇ ਨੇ ਮੰਨਣੀ ਨਹੀਂ ਹੈ ਨਾ ਹੀ ਇਹ ਪ੍ਰੈਕਟੀਕਲ ਹੈ। ਇਸ ਕਰਕੇ ਇਕ ਦਿਨ ਪਹਿਲਾਂ ਤੁਹਾਡੇ ਕੋਲ ਆ ਸਕਦਾ ਹੈ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

> ਕਿ ਪੰਜਾਬ ਜਨਤਕ ਅਤੇ ਨਿੱਜੀ ਸੰਪਤੀ ਤੇ ਨੁਕਸਾਨ ਤੇ ਰੋਕ ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

## 14. THE PUNJAB ADVOCATES WELFARE FUND (AMENDMENT) BILL, 2014

**ਮਾਨਯੋਗ ਸਪੀਕਰ :** ਅਗਲਾ ਬਿਲ ਮਿੱਤਲ ਸਾਹਿਬ ਪੇਸ਼ ਕਰਨਗੇ।

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ ਪੰਜਾਬ ਐਡਵੋਕੇਟਸ ਵੈਲਫੇਅਰ ਫੰਡ (ਸੋਧਨਾ) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਐਡਵੋਕੇਟਸ ਵੈਲਫੇਅਰ ਫੰਡ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਪੰਜਾਬ ਐਡਵੋਕੇਟਸ ਵੈਲਫੇਅਰ ਫੰਡ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਐਡਵੋਕੇਟਸ ਵੈਲਫੇਅਰ ਫੰਡ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ–ਕਲਾਜ਼ 2**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਕਲਾਜ਼ 1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਅਤੇ 3**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਅਤੇ 3 ਵਿਚ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ ।***

## ਕਲਾਜ਼ 4 (ਸੋਧਨਾ)

**ਮਾਨਯੋਗ ਸਪੀਕਰ :** ਸ਼੍ਰੀ ਮਦਨ ਮੋਹਨ ਮਿੱਤਲ, ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਤੇ ਸੰਸਦੀ ਮਾਮਲੇ ਮੰਤਰੀ ਵੱਲੋਂ ਸੋਧਨਾ ਦਾ ਨੋਟਿਸ ਪ੍ਰਾਪਤ ਹੋਇਆ ਹੈ। ਕਿਉਂਜੋ ਕਲਾਜ਼ 4 ਵਿੱਚ ਕੁਝ ਸੋਧਨਾ ਹਨ, ਇਸ ਲਈ ਮੰਤਰੀ ਜੀ ਸੋਧਨਾ ਮੂਵ ਕਰਨ।

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਕਲਾਜ਼ 4 ਤੋਂ ਬਾਅਦ ਮੂਲ ਐਕਟ ਦੀ ਧਾਰਾ 20(1) ਤੋਂ ਬਾਅਦ ਨਿਮਨਲਿਖਤ (1–ੳ) ਵਜੋਂ ਹੇਠ ਲਿਖੀ ਸਤਰ ਜੋੜ ਦਿੱਤੀ ਜਾਵੇ :–

"(1–ੳ) ਐਪਰ ਹਰ ਇਕ 'ਵਕਾਲਤਨਾਮਾ' ਤੇ ਇਸ ਤਰ੍ਹਾਂ ਲਗਾਈ ਜਾਂਦੀ ਸਟੈਂਪ ਦੇ ਮੁੱਲ ਤੋਂ ਇੱਕ ਰੁਪਿਆ "ਕੈਂਸਰ ਅਤੇ ਨਸ਼ਾ ਕਰਨ ਵਾਲੇ ਵਿਅਕਤੀਆਂ ਦੇ ਇਲਾਜ ਲਈ ਬੁਨਿਆਦੀ ਢਾਂਚਾ ਫੰਡ ਐਕਟ, 2013" ਅਧੀਨ ਸਿਰਜਿਤ ਫੰਡ ਨੂੰ ਜਾਵੇਗਾ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਕਲਾਜ਼ 4 ਤੋਂ ਬਾਅਦ ਮੂਲ ਐਕਟ ਦੀ ਧਾਰਾ 20(1) ਤੋਂ ਬਾਅਦ ਨਿਮਨਲਿਖਤ (1–ੳ) ਵਜੋਂ ਹੇਠ ਲਿਖੀ ਸਤਰ ਜੋੜ ਦਿੱਤੀ ਜਾਵੇ :–

"(1–ੳ) ਐਪਰ ਹਰ ਇਕ 'ਵਕਾਲਤਨਾਮਾ' ਤੇ ਇਸ ਤਰ੍ਹਾਂ ਲਗਾਈ ਜਾਂਦੀ ਸਟੈਂਪ ਦੇ ਮੁੱਲ ਤੋਂ ਇੱਕ ਰੁਪਿਆ "ਕੈਂਸਰ ਅਤੇ ਨਸ਼ਾ ਕਰਨ ਵਾਲੇ ਵਿਅਕਤੀਆਂ ਦੇ ਇਲਾਜ ਲਈ ਬੁਨਿਆਦੀ ਢਾਂਚਾ ਫੰਡ ਐਕਟ, 2013" ਅਧੀਨ ਸਿਰਜਿਤ ਫੰਡ ਨੂੰ ਜਾਵੇਗਾ।"

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 4 ਤੋਂ ਬਾਅਦ ਮੂਲ ਐਕਟ ਦੀ ਧਾਰਾ 20(1) ਤੋਂ ਬਾਅਦ ਨਿਮਨਲਿਖਤ (1-ੳ) ਵਜੋਂ ਹੇਠ ਲਿਖੀ ਸਤਰ ਜੋੜ ਦਿੱਤੀ ਜਾਵੇ :-

"(1-ੳ) ਐਪਰ ਹਰ ਇਕ 'ਵਕਾਲਤਨਾਮਾ' ਤੇ ਇਸ ਤਰ੍ਹਾਂ ਲਗਾਈ ਜਾਂਦੀ ਸਟੈਂਪ ਦੇ ਮੁੱਲ ਤੋਂ ਇੱਕ ਰੁਪਿਆ "ਕੈਂਸਰ ਅਤੇ ਨਸ਼ਾ ਕਰਨ ਵਾਲੇ ਵਿਅਕਤੀਆਂ ਦੇ ਇਲਾਜ ਲਈ ਬੁਨਿਆਦੀ ਢਾਂਚਾ ਫੰਡ ਐਕਟ, 2013" ਅਧੀਨ ਸਿਰਜਿਤ ਫੰਡ ਨੂੰ ਜਾਵੇਗਾ।"

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 4 (ਸਮੇਤ ਸੋਧ)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 4 (ਸਮੇਤ ਸੋਧ) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

[ ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ ]

ਕਿ ਪੰਜਾਬ ਐਡਵੋਕੇਟਸ ਵੈਲਫੇਅਰ ਫੰਡ (ਸੋਧਨਾ) ਬਿਲ, 2014 (ਸਮੇਤ ਸੋਧ) ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਐਡਵੋਕੇਟਸ ਵੈਲਫੇਅਰ ਫੰਡ (ਸੋਧਨਾ) ਬਿਲ, 2014 (ਸਮੇਤ ਸੋਧ) ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਐਡਵੋਕੇਟਸ ਵੈਲਫੇਅਰ ਫੰਡ (ਸੋਧਨਾ) ਬਿਲ, 2014 (ਸਮੇਤ ਸੋਧ) ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

## 15. THE PUNJAB POLICE (AMENDMENT) BILL, 2014

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪੰਜਾਬ ਪੁਲਿਸ (ਸੋਧਨਾ) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਪੁਲਿਸ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਪੁਲਿਸ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ ?

**ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.) :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ। ਸ਼ਾਇਦ ਇਸ ਸੈਸ਼ਨ ਦਾ ਇਹ ਆਖਰੀ ਬਿਲ ਹੈ, ਮੈਂ ਤੁਹਾਨੂੰ ਧੰਨਵਾਦ ਕਰਦਾ ਹਾਂ ਕਿ ਤੁਸੀਂ ਬੜੇ ਚੰਗੇ ਤਰੀਕੇ ਨਾਲ ਸਾਨੂੰ ਟਾਈਮ ਦਿੰਦੇ ਰਹੇ ਅਤੇ ਸੈਸ਼ਨ ਨੂੰ ਬੜਾ ਅੱਛਾ ਚਲਾਇਆ। (ਵਿਘਨ)... ਮੈਨੂੰ ਬੋਲਣ ਲਈ ਸਮਾਂ ਮਿਲਦਾ ਰਿਹਾ ਹੈ ਕਿਉਂਕਿ

ਮੈਂ ਸਹੀ ਬੋਲਦਾ ਰਿਹਾ ਹਾਂ। ਜੇਕਰ ਸੱਚ ਨੂੰ ਸੱਚ ਨਹੀਂ ਕਹਾਂਗਾ ਤਾਂ ਅੱਗੇ ਨੂੰ ਫਿਰ ਔਖਾ ਹੋ ਜਾਵੇਗਾ।

ਸਪੀਕਰ ਸਾਹਿਬ, ਜਿਹੜਾ ਇਹ ਬਿਲ ਆਇਆ ਹੈ, ਚੰਗੀ ਗੱਲ ਹੈ ਕਿ ਜੇਕਰ ਕਿਸੇ ਪੁਲਿਸ ਕਰਮਚਾਰੀ ਜਾਂ ਅਫ਼ਸਰ ਤੋਂ ਕਿਸੇ ਨੂੰ ਕੋਈ ਪ੍ਰੇਸ਼ਾਨੀ ਹੈ ਤਾਂ ਉਹ ਇਨ੍ਹਾਂ ਅਥਾਰਟੀਜ਼ ਨੂੰ ਆਪਣੀ ਕੰਪਲੇਂਟ ਦੇ ਸਕਦਾ ਹੈ। ਮੈਂ ਆਪ ਜੀ ਰਾਹੀਂ ਡਿਪਟੀ ਸੀ.ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਅੱਛਾ ਸਟੈਪ ਹੈ ਅਤੇ ਹਾਈਕੋਰਟ ਦੇ ਆਦੇਸ਼ਾਂ ਅਨੁਸਾਰ ਤੁਸੀਂ ਇਹ ਬਿਲ ਲੈ ਕੇ ਆਏ ਹੋ ਲੇਕਿਨ ਇਹ ਜਿਹੜੀਆਂ ਅਥਾਰਟੀਆਂ ਬਣਾਈਆਂ ਜਾਂਦੀਆਂ ਹਨ, ਤੁਸੀਂ ਇਨ੍ਹਾਂ ਨੂੰ ਪਾਵਰਾਂ ਵੀ ਦਿਓ। ਬੜੀ ਹਾਈ ਲੈਵਲ ਅਥਾਰਟੀ ਬਣ ਰਹੀ ਹੈ, ਜਿਸ ਵਿੱਚ ਚੀਫ਼ ਸੈਕਟਰੀ ਲੈਵਲ ਜਾਂ ਸੈਕਟਰੀ ਲੈਵਲ ਦਾ ਅਫ਼ਸਰ ਅਤੇ ਇੱਕ ਅਫ਼ਸਰ ਐਡੀਸ਼ਨਲ ਡਾਇਰੈਕਟਰ ਜਨਰਲ (ਰਿਟਾਇਰਡ) ਹੋਵੇਗਾ ਅਤੇ ਤੀਜਾ ਕੋਈ ਖਾਸ ਬੰਦਾ ਜੇਕਰ ਸਰਕਾਰ ਚਾਹੇ, ਉਸ ਨੂੰ ਹਾਈ ਲੈਵਲ ਕਮੇਟੀ ਵਿੱਚ ਪਾ ਸਕਦੀ ਹੈ। ਇਹ ਹਾਈ ਲੈਵਲ ਅਥਾਰਟੀ ਬਣਾ ਤਾਂ ਲਈ ਪਰ ਇਹ ਸਿਰਫ਼ ਇਕ ਰਿਕੁਮੈਂਡੇਟਰੀ ਬਾਡੀ ਹੈ। ਜਦੋਂ ਤੱਕ ਇਨ੍ਹਾਂ ਦਾ ਡਰ ਹੇਠਲੇ ਅਫ਼ਸਰਾਂ ਵਿੱਚ ਨਹੀਂ ਹੋਵੇਗਾ, ਜਿਨ੍ਹਾਂ ਦੀ ਕੰਪਲੇਂਟ ਹੋਣੀ ਹੈ, ਫੇਰ ਡਿਪਟੀ ਸੀ.ਐਮ. ਸਾਹਿਬ ਇਸ ਦਾ ਕੋਈ ਜ਼ਿਆਦਾ ਫਾਇਦਾ ਨਹੀਂ ਹੋਵੇਗਾ। ਇਸ ਕਰਕੇ ਇਸ ਨੂੰ ਇਕ ਸਾਲਿਡ ਅਥਾਰਟੀ ਬਣਾਇਆ ਜਾਵੇ, ਇਨ੍ਹਾਂ ਦੀਆਂ ਪਾਵਰਾਂ ਨਿਯਮਿਤ ਕੀਤੀਆਂ ਜਾਣ ਤਾਂ ਕਿ ਜਿਨ੍ਹਾਂ ਲੋਕਾਂ ਨੂੰ ਕੋਈ ਪ੍ਰੇਸ਼ਾਨੀ ਹੁੰਦੀ ਹੈ ਉਹ ਇਨ੍ਹਾਂ ਕੋਲ ਜਾ ਸਕਣ। ਇਸ ਵਿੱਚ ਕੀਤਾ ਗਿਆ ਹੈ ਕਿ ਇਹ ਅਥਾਰਟੀ ਰਿਕੁਮੈਂਡ ਕਰਕੇ ਸਰਕਾਰ ਨੂੰ ਭੇਜੇਗੀ ਅਤੇ ਸਰਕਾਰ ਅੱਗੇ ਵਿਧਾਨ ਸਭਾ ਵਿੱਚ ਭੇਜ ਦੇਵੇਗੀ। ਸੋ, ਇਸ ਨਾਲ ਕੋਈ ਜ਼ਿਆਦਾ ਲਾਭ ਨਹੀਂ ਹੋਣਾ। ਧੰਨਵਾਦ।

**ਸ਼੍ਰੀ ਸੁਨੀਲ ਜਾਖੜ (ਅਬੋਹਰ) :** ਸਪੀਕਰ ਸਾਹਿਬ, ਆਨਰੇਬਲ ਮੈਂਬਰ ਚੰਨੀ ਜੀ ਨੇ ਆਪਣੇ ਖਦਸ਼ੇ ਜ਼ਾਹਰ ਕੀਤੇ ਹਨ ਪਰ ਬੇਸੀਕਲੀ ਪ੍ਰਾਬਲਮ ਇਸ ਵਿੱਚ ਹੋਰ ਹੈ। ਡਿਪਟੀ ਸੀ.ਐਮ. ਸਾਹਿਬ ਪਹਿਲਾਂ ਕਹਿ ਰਹੇ ਸੀ ਕਿ ਅਜਿਹਾ ਸੁਪਰੀਮ ਕੋਰਟ ਦੀਆਂ ਡਾਇਰੈਕਸ਼ਨਜ਼ ਦੇ ਕਾਰਨ ਹੋਇਆ ਹੈ, ਜਿਹੜੀਆਂ ਡਾਇਰੈਕਸ਼ਨਾਂ ਪੁਲਿਸ ਰਿਫੋਰਮਜ਼ ਦੇ ਤਹਿਤ ਸੁਪਰੀਮ ਕੋਰਟ ਤੋਂ ਆਈਆਂ ਹਨ। ਇਲੈਕਸ਼ਨਾਂ ਤੋਂ ਪਹਿਲਾਂ ਜਿਸ ਦਿਨ ਦਾ ਕੋਡ ਆਫ ਕੰਡਕਟ ਲੱਗਿਆ ਹੈ, ਉਸ ਤੋਂ ਥੋੜ੍ਹਾਂ ਸਮਾਂ ਪਹਿਲਾਂ ਇਨ੍ਹਾਂ ਨੇ ਪੁਲਿਸ ਕੰਪਲੇਂਟਸ

[ ਸ਼੍ਰੀ ਸੁਨੀਲ ਜਾਖੜ ]

ਅਥਾਰਟੀ ਕੰਸਟੀਚਿਊਟ ਕਰਕੇ ਉਸ ਦਾ ਹੈੱਡ ਅਪੁਆਇੰਟ ਕਰ ਦਿੱਤਾ ਸੀ, somehow they had to withdraw because ਕਿਸੇ ਨੇ ਉਸ ਦੇ ਖਿਲਾਫ਼ ਕੋਰਟ ਵਿੱਚ ਜਾ ਕੇ ਪੀ.ਆਈ.ਐਲ. ਪਾਈ ਹੈ। ਜੋ ਕੁਝ ਵੀ ਹੋਇਆ, what were the reasons? ਜਿਹੜੀ ਗੱਲ ਮੈਂ ਤੁਹਾਨੂੰ ਦੱਸਣੀ ਚਾਹੁੰਦਾ ਹਾਂ, ਸੁਪਰੀਮ ਕੋਰਟ ਦੀ ਡਾਇਰੈਕਸ਼ਨ ਸੀ, the Head of the State Level Complaints Authority shall be chosen by the State Government out of the panel of names proposed by the Chief Justice. Head of the District Level Complaints Authority may also be chosen out of the panel of names proposed by the Chief Justice or a Judge of the High Court nominated by him. ਉਨ੍ਹਾਂ ਨੇ ਤਿੰਨ ਜੱਜਿਜ਼ ਦਾ ਪੈਨਲ ਦੇਣਾ ਸੀ। ਜਿਸ ਵਿਚੋਂ ਇਨ੍ਹਾਂ ਨੇ ਕੋਈ ਵਿਅਕਤੀ ਚੂਜ਼ ਕਰਕੇ ਉਥੇ ਦੇਣਾ ਸੀ ਪਰ ਇਨ੍ਹਾਂ ਨੇ ਜਿਹੜਾ ਕੰਮ ਕੀਤਾ ਹੈ, it could be any officer of their choice, ਉਹ ਪੈਨਲ ਵੀ ਇਹੀ ਬਣਾਉਣਗੇ ਅਤੇ ਉਸ ਵਿਚੋਂ ਸਿਲੈਕਸ਼ਨ ਵੀ ਇਨ੍ਹਾਂ ਨੇ ਹੀ ਕਰਨੀ ਹੈ, it goes against the very spirit of why this complaints authority is being constituted.

ਸਪੀਕਰ ਸਾਹਿਬ, ਪ੍ਰਾਬਲਮ ਕੀ ਹੈ? ਜਿਵੇਂ ਆਨਰੇਬਲ ਮੈਂਬਰ ਸਿੱਧੂ ਸਾਹਿਬ ਨੇ ਟ੍ਰੈਫਿਕ ਪੁਲਿਸ ਬਾਰੇ ਗੱਲ ਕੀਤੀ ਹੈ, ਰੌਲਾ ਟ੍ਰੈਫਿਕ ਪੁਲਿਸ ਦਾ ਨਹੀਂ ਹੈ। ਰੌਲਾ ਤਾਂ ਇਸ ਗੱਲ ਦਾ ਹੈ ਕਿ ਪੁਲਿਸ ਲੋਕਾਂ ਨੂੰ ਸੇਫਗਾਰਡ ਕਰਨ ਲਈ ਬਣਾਈ ਗਈ ਸੀ ਪਰੰਤੂ now the Police force has become a weapon in the hands of the Government of the day. ਜਦੋਂ ਤੁਹਾਡੇ ਕੋਲ ਸਰਕਾਰ ਆ ਜਾਂਦੀ ਹੈ, ਉਦੋਂ ਤੁਹਾਡੇ ਧੱਕੇ ਚੱਲੀ ਜਾਂਦੇ ਹਨ। ਜਦੋਂ ਸਾਡੇ ਕੋਲ ਆ ਜਾਂਦੀ ਹੈ, ਸਾਡੇ ਧੱਕੇ ਚੱਲੀ ਜਾਂਦੇ ਹਨ ਪਰ ਜਿਹੜਾ ਆਮ ਆਦਮੀ ਹੈ, ਉਹ ਆਪਣੀ ਕੰਪਲੇਂਟ ਫਿਰ ਕਿਸ ਕੋਲ ਲੈ ਕੇ ਜਾਵੇ? You have set up this Helpline No.180. ਇਨ੍ਹਾਂ ਦੇ ਬਜਟ ਵਿੱਚ ਵੀ ਜ਼ਿਕਰ ਹੈ। ਕੀ ਤੁਸੀਂ ਹੁਣ ਇਸ ਗੱਲ ਨੂੰ ਮਹਿਸੂਸ ਕੀਤਾ ਹੈ ਕਿ ਪੁਲਿਸ ਦੀ ਵਰਕਿੰਗ ਤੇ ਕੰਪਲੇਂਟਸ ਸਬੰਧੀ ਤੁਹਾਡੇ ਕੋਲ ਜੋ 1 ਲੱਖ 80 ਹਜ਼ਾਰ ਕਾਲਜ਼ ਆਈਆਂ ਹਨ, It is only an indicator ਕਿ ਲੋਕਾਂ ਵਿੱਚ ਪੁਲਿਸ ਦੇ ਖਿਲਾਫ਼ ਕਿੰਨਾ ਰੋਸ ਹੈ। ਇਸ ਦੀ ਇਨਕੁਆਇਰੀ ਵੀ ਜੇਕਰ ਉਨ੍ਹਾਂ ਨੂੰ ਹੀ ਮਾਰਕ ਕਰ ਦਿਉਗੇ, ਜਿਹੜੇ ਬੰਦੇ

ਤੁਹਾਡੀ ਮਰਜ਼ੀ ਦੇ ਹਨ, ਤਾਂ ਠੀਕ ਨਹੀਂ ਰਹੇਗਾ । ਮੈਂ ਕਿਉਂ ਕਹਿ ਰਿਹਾ ਹਾਂ ਕਿ ਇਨ੍ਹਾਂ ਦੀ ਮਰਜ਼ੀ ਦੇ ਹਨ? ਜਦੋਂ ਤੋਂ ਹਲਕੇ ਦੇ ਹਿਸਾਬ ਨਾਲ ਥਾਣੇ ਬਣਾਏ ਗਏ ਹਨ, ਹਲਕਾ ਇੰਚਾਰਜਾਂ ਦੇ ਕਹਿਣ ਤੇ ਉਥੇ ਉਨ੍ਹਾਂ ਦੀ ਮਰਜ਼ੀ ਦਾ ਐਸ.ਐਚ.ਓ. ਇੰਚਾਰਜ ਲਗਾਇਆ ਗਿਆ ਹੈ ਅਤੇ ਉਨ੍ਹਾਂ ਦੇ ਕਹਿਣ ਤੇ ਹੀ ਉਥੇ ਡੀ.ਐਸ.ਪੀ. ਲਗਾਇਆ ਗਿਆ ਹੈ। ਫਿਰ ਅਸੀਂ ਕੰਪਲੇਂਟ ਕਿਸ ਦੇ ਕੋਲ ਲੈ ਕੇ ਜਾਵਾਂਗੇ ਜੀ? ਸਰਕਾਰ ਦੇ ਕਹਿਣ ਤੇ ਹੀ ਉਹ ਕੰਪਲੇਂਟ ਅਥਾਰਟੀ ਲੱਗੀ ਹੈ। It should be a fair and independent agency, ਜਿਸ ਕੋਲ ਜਾ ਕੇ ਸਾਨੂੰ ਵੀ ਪਤਾ ਲੱਗੇ ਕਿ ਇਸ ਪੁਲਿਸ ਵਿਭਾਗ ਦੇ ਆਪਣੇ ਕੀ ਗਰੀਵੈਂਸਿਜ ਜਾਂ ਮਸਲੇ ਹਨ। Anybody who has died in custody; extortion ਉਸ ਬਾਰੇ ਇਨ੍ਹਾਂ ਨੇ ਐਕਟ ਵਿੱਚ ਸਿਰਫ਼ ਇਹ ਪਾ ਰੱਖਿਆ ਹੈ ਕਿ ਇਹ ਸਾਰੇ ਸਬੰਧੀ ਕੰਮ ਇਸ ਵਿੱਚ ਹੋ ਰਹੇ ਹਨ। ਪੁਲਿਸ ਕੋਲ ਬਥੇਰੀ ਪਾਵਰ ਹੈ। ਮੈਂ ਨਹੀਂ ਸਮਝਦਾ ਕਿ ਇਸ ਦੀ ਕੋਈ ਜਸਟੀਫਿਕੇਸ਼ਨ ਹੈ।

ਡਿਪਟੀ ਸੀ.ਐਮ. ਸਾਹਿਬ ਕਹਿ ਰਹੇ ਸੀ ਕਿ ਅਸੀਂ ਸੁਪਰੀਮ ਕੋਰਟ ਦੀ ਡਾਇਰੈਕਸ਼ਨ ਅੱਗੇ ਰੱਖ ਕੇ ਚੱਲ ਰਹੇ ਹਾਂ ਪਰੰਤੂ ਹੁਣ why have we changed those directions? ਆਪਣੇ ਕੋਲ ਅਜਿਹੇ ਕੀ ਕਾਰਨ ਬਣੇ? ਪਹਿਲਾਂ ਤੁਸੀਂ ਉਨ੍ਹਾਂ ਦੇ ਇਸਟੈਬਲਿਸ਼ਮੈਂਟ ਬੋਰਡ ਨੂੰ ਐਫੀਡੈਵਿਟ ਦੇ ਕੇ ਆਏ ਸੀ ਕਿ ਸਾਰਾ ਕੁਝ ਬਣਾਈ ਬੈਠੇ ਹਾਂ। ਡੀ.ਐਸ.ਪੀ. ਦੀ ਪੋਸਟਿੰਗ ਤੁਸੀਂ ਕਰ ਦਿਉਗੇ, ਉਸ ਤੋਂ ਉਪਰਲੇ ਅਫ਼ਸਰਾਂ ਦੀ ਪੋਸਟਿੰਗ ਵੀ ਕਰ ਦਿਉਗੇ ਪਰ ਜਿਹੜਾ ਗਰਾਊਂਡ ਲੈਵਲ ਦਾ ਅਮਲਾ ਹੈ, ਅਸਲ ਵਿੱਚ ਉਹ ਲੋਕਾਂ ਨਾਲ ਧੱਕਾ ਕਰਦੇ ਹਨ। ਜਿਸ ਕਾਰਨ ਸਭ ਤੋਂ ਜ਼ਿਆਦਾ ਪੁਲਿਸ ਦੇ ਖਿਲਾਫ਼ ਲੋਕਾਂ ਵਿੱਚ ਨਰਾਜ਼ਗੀ ਹੈ। ਕਿਤੇ ਨਾ ਕਿਤੇ ਉਤਲੇ ਲੈਵਲ ਦੀ ਜਿਹੜੀ ਪੋਸਟਿੰਗ ਆਪਣੀ ਮਰਜ਼ੀ ਨਾਲ ਕੀਤੀ ਜਾਂਦੀ ਹੈ, ਉਸ ਦੇ ਧੱਕੇ ਵੀ ਚਲਦੇ ਹਨ। ਮੈਂ ਚਾਹੁੰਦਾ ਹਾਂ ਕਿ ਇਸ ਦੇ ਖਿਲਾਫ਼ ਗੱਲ ਕਹਿਣ ਦਾ ਜੋ ਹੱਕ ਆਮ ਬੰਦਿਆਂ ਨੂੰ ਮਿਲਿਆ ਹੋਇਆ ਹੈ, ਇਹ ਉਨ੍ਹਾਂ ਤੋਂ ਵਾਪਸ ਨਾ ਲਵੋ। ਜਿਹੜੀ ਅਥਾਰਟੀ ਬਣਾਈ ਗਈ ਹੈ ਉਸ ਵਿੱਚ ਇੰਡੀਪੈਂਡੇਂਟ ਬੰਦੇ ਲੱਗਣ ਦਿਉ ਅਤੇ ਉਨ੍ਹਾਂ ਤੋਂ ਕੰਮ ਕਰਵਾਉ। ਮੇਰੇ ਕਹਿਣ ਦਾ ਇਹ ਭਾਵ ਹੈ।

**ਸਰਦਾਰ ਜਗਮੋਹਨ ਸਿੰਘ ਕੰਗ (ਖਰੜ) :** ਸਪੀਕਰ ਸਾਹਿਬ, ਪੰਜਾਬ ਪੁਲਿਸ (ਅਮੈਂਡਮੈਂਟ) ਬਿਲ, 2014 ਲਿਆਂਦਾ ਗਿਆ ਹੈ। ਜਿਸ ਦੇ ਤਹਿਤ

[ ਸਰਦਾਰ ਜਗਮੋਹਨ ਸਿੰਘ ਕੰਗ ]

ਕੰਸਟੀਚਿਊਸ਼ਨ ਆਫ ਸਟੇਟ ਪੁਲਿਸ ਕੰਪਲੇਂਟ ਅਥਾਰਟੀ ਐਂਡ ਡਵੀਜ਼ਨਲ ਪੁਲਿਸ ਕੰਪਲੇਂਟ ਅਥਾਰਟੀ ਆਉਂਦੀ ਹੈ। ਇਸ ਦੇ ਵਿੱਚ ਠੀਕ ਹੈ ਕਿ ਹਾਈ ਕੋਰਟ ਵਿੱਚ ਐਚ.ਸੀ. ਅਰੋੜਾ ਵਰਸਿਜ ਸਟੇਟ ਆਫ ਪੰਜਾਬ ਦਾ ਕੇਸ ਪੈਂਡਿੰਗ ਪਿਆ ਹੈ। ਉਸ ਤੇ ਪੰਜਾਬ ਸਰਕਾਰ ਨੇ ਐਸ਼ੋਰੈਂਸ ਦਿੱਤੀ ਹੈ। ਜਿਵੇਂ ਜਾਖੜ ਸਾਹਿਬ ਨੇ ਕਿਹਾ ਹੈ, ਸਰਕਾਰ ਦੀ ਬੋਨਾਫਾਈਡ ਇੰਟੈਂਸ਼ਨ ਨਹੀਂ ਹੈ ਯਾਨੀ ਕਿ ਨੇਕਨੀਤੀ ਨਹੀਂ ਹੈ।

**ਮਾਨਯੋਗ ਸਪੀਕਰ :** ਤੁਸੀਂ ਪਹਿਲੋਂ ਹੀ ਅਜਿਹਾ ਕਹਿਣ ਲੱਗ ਪਏ ਹੋ।

**ਸਰਦਾਰ ਜਗਮੋਹਨ ਸਿੰਘ ਕੰਗ :** ਜੋ ਪੁਲਿਸ ਕੰਪਲੇਂਟ ਅਥਾਰਟੀ ਪੁਲਿਸ ਦੇ ਖਿਲਾਫ਼ ਬਣਾਈ ਜਾ ਰਹੀ ਹੈ, ਇਸ ਵਿੱਚ ਲਗਾਉਣਾ ਕਿਸ ਨੂੰ ਹੈ, ਇਸ ਵਿੱਚ ਸਾਬਕਾ ਡੀ.ਜੀ.ਪੀ. ਨੂੰ ਲਗਾਇਆ ਜਾਣਾ ਹੈ। ਜਿਵੇਂ ਪੰਜਾਬੀ ਦਾ ਮੁਹਾਵਰਾ ਹੈ, ਪਹਿਲਾਂ ਮੁਰਗੀ ਕਿ ਅੰਡਾ? ਇਸ ਦਾ ਮਤਲਬ ਹੈ ਕਿ ਜਿਹੜੇ ਅਫ਼ਸਰ ਲਗਾਉਣੇ ਹਨ, ਉਹ ਪਹਿਲਾਂ ਹੀ ਸੋਚੇ ਹੋਏ ਹਨ। ਉਥੇ ਰਿਟਾਇਰਡ ਚੀਫ਼ ਸੈਕਟਰੀ ਲਗਾਉਣਾ ਹੈ ਜਾਂ ਰਿਟਾਇਰਡ ਡੀ.ਜੀ.ਪੀ. ਲਗਾਉਣਾ ਹੈ, ਡਵੀਜ਼ਨਲ ਅਥਾਰਟੀ ਵਿੱਚ ਡੀ.ਜੀ.ਪੀ. ਲਗਾਉਣਾ ਹੈ ਜਾਂ ਐਸ.ਐਸ.ਪੀ. ਲਗਾਉਣਾ ਹੈ, ਇਹ ਲਗਾਉਣ ਦਾ ਫਾਇਦਾ ਕੀ ਹੋਇਆ? ਮਿਹਰਬਾਨੀ ਕਰਕੇ ਜਿਸ ਤਰ੍ਹਾਂ ਲੋਕਪਾਲ ਵਿੱਚ ਕੀਤਾ ਜਾਂਦਾ ਹੈ, ਉਸ ਤਹਿਤ ਜਿਵੇਂ ਚੀਫ਼ ਜਸਟਿਸ ਦੀ ਸਲਾਹ ਲਈ ਜਾਂਦੀ ਹੈ, ਲੀਡਰ ਆਫ਼ ਦਿ ਆਪੋਜੀਸ਼ਨ ਦੀ ਸਲਾਹ ਲਈ ਜਾਂਦੀ ਹੈ, ਉਸੇ ਪੈਟਰਨ ਤੇ ਨਾਮਜ਼ਦਗੀਆਂ ਹੋਣੀਆਂ ਚਾਹੀਦੀਆਂ ਹਨ। ਫਿਰ ਤੁਸੀਂ ਐਕਟ ਵਿੱਚ ਮਹਿਲਾ ਮੈਂਬਰ ਲਗਾਉਣ ਬਾਰੇ ਵੀ ਲਿਖਿਆ ਹੈ। ਲੇਡੀ ਮੈਂਬਰ ਅੱਛੀ ਗੱਲ ਹੈ ਪਰ ਇੱਕ ਐਸ.ਸੀ. ਮੈਂਬਰ ਕਿਉਂ ਨਹੀਂ? ਪੰਜਾਬ ਵਿੱਚ 33% ਅਬਾਦੀ ਐਸ.ਸੀ. ਕੈਟਾਗਰੀ ਦੀ ਹੈ। ਉਨ੍ਹਾਂ ਨੂੰ ਵੀ ਲਗਾਓ ਤਾਂ ਕਿ ਪੁਲਿਸ ਉਨ੍ਹਾਂ ਨਾਲ ਵੀ ਕਿੰਨੀ ਧੱਕੇਸ਼ਾਹੀ ਕਰਦੀ ਹੈ, ਉਸ ਬਾਰੇ ਉਨ੍ਹਾਂ ਨੂੰ ਵੀ ਪਤਾ ਲੱਗੇ।

ਸੋ, ਡਿਪਟੀ ਸੀ.ਐਮ. ਸਾਹਿਬ ਮੇਰੀ ਤੁਹਾਨੂੰ ਇਹੀ ਗੁਜ਼ਾਰਿਸ਼ ਹੈ ਕਿ ਮਿਹਰਬਾਨੀ ਕਰਕੇ ਇਸ ਐਕਟ ਵਿਚ ਪਰਾਪਰ ਅਮੈਂਡਮੈਂਟ ਕਰਨ ਦੀ ਲੋੜ ਹੈ। ਇਸ ਨੂੰ ਨਿਰਪੱਖ ਬਣਾਉਣ ਦੀ ਲੋੜ ਹੈ। ਇਸ ਵਾਸਤੇ ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਇਹ ਬਿਲ ਇੰਨਾ ਵਾਜਬ ਨਹੀਂ ਹੈ ਕਿਉਂਕਿ ਸਰਕਾਰ ਦੀ ਨੀਅਤ ਠੀਕ ਨਹੀਂ ਹੈ। ਇਸ ਕਰਕੇ ਇਸ ਨੂੰ ਰਿਵਿਊ ਕੀਤਾ ਜਾਵੇ।

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਲੀਡਰ ਆਫ਼ ਦਿ ਆਪੋਜ਼ੀਸ਼ਨ ਜਾਖੜ ਸਾਹਿਬ ਨੇ ਸੁਪਰੀਮ ਕੋਰਟ ਦੇ ਕੁਝ ਫੈਸਲਿਆਂ ਦਾ ਜ਼ਿਕਰ ਕੀਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸੁਪਰੀਮ ਕੋਰਟ ਦਾ ਫੈਸਲਾ ਸੀ ਕਿ till the time you do not legislate a Bill, ਉਦੋਂ ਤੱਕ ਕੋਈ ਜੱਜ ਨਿਯੁਕਤ ਕਰ ਦਿਓ। Once you make a law then you have to decide the composition of that, it is not that ਕਿ ਜੋ ਉਹ ਬਣਾਉਣਗੇ ਉਹੀ ਲੱਗੇਗਾ। It is clear from the words "till the time". ਸਪੀਕਰ ਸਾਹਿਬ, ਦੂਜੀ ਗੱਲ, ਪਿਛਲੇ ਦੋ-ਤਿੰਨ ਸਾਲਾਂ ਤੋਂ ਜਦੋਂ ਦੀ ਮੈਂ ਜ਼ਿੰਮੇਵਾਰੀ ਸੰਭਾਲੀ ਹੈ ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਰਿਫਾਰਮਜ਼ ਲਿਆਂਦੇ ਜਾਣ।

ਇਹ ਕਹਿੰਦੇ ਹਨ ਕਿ ਅਸੀਂ ਹਲਕਾ ਇੰਚਾਰਜਾਂ ਨੂੰ ਹੀ ਸਾਰੀ ਪਾਵਰ ਦਿੱਤੀ ਹੋਈ ਹੈ ਤਾਂ ਫਿਰ 181 ਬਣਾਉਣ ਦਾ ਪਰਪਜ਼ ਕੀ ਸੀ? 181 has become a very effective tool. ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਰੀਆਂ ਕੰਪਲੇਟਾਂ ਪੁਲਿਸ ਦੇ ਅਗੇਂਸਟ ਹੀ ਨਹੀਂ ਹਨ ਜੇਕਰ ਕਿਸੇ ਵਿਅਕਤੀ ਦੀ ਆਪਣੇ ਨੇਬਰ ਦੇ ਖਿਲਾਫ਼ ਜਾਂ ਕੋਈ ਹੋਰ ਕੰਪਲੇਂਟ ਹੁੰਦੀ ਹੈ, ਇਸ ਵਾਸਤੇ we created the system of 181, ਜੋ ਗੱਲ ਫੋਨ ਤੇ ਕੀਤੀ ਜਾਂਦੀ ਹੈ ਉਹ ਉਸੇ ਸਮੇਂ ਰਿਕਾਰਡ ਹੋ ਜਾਂਦੀ ਹੈ। This is like a Call Center. They keep on calling the person till they inform the police station concerned, they report that and till the time the person is not satisfied, ਉਦੋਂ ਤੱਕ ਉਹ ਕਲੋਜ਼ ਨਹੀਂ ਕਰਦੇ। ਹਰ ਅੱਧੇ ਘੰਟੇ ਵਿਚ ਪਰਸਿਊ ਕਰਦੇ ਹਨ। ਤੁਸੀਂ ਹੈਰਾਨ ਹੋਵੋਗੇ ਕਿ 10 ਫੀਸਦੀ ਕਾਲਜ਼ ਐਸ.ਐਸ.ਪੀ. ਆਪਣੇ ਜ਼ਿਲ੍ਹੇ ਵਿਚ ਕਰਦਾ ਹੈ। ਉਨ੍ਹਾਂ ਕਾਲਜ਼ ਦੀ ਲਿਸਟ ਹੈਡ ਕੁਆਟਰ ਭੇਜੀ ਜਾਂਦੀ ਹੈ ਅਤੇ ਇਥੇ ਏ.ਡੀ.ਜੀ.ਪੀ. ਉਸ ਨੂੰ ਚੈਕ ਕਰਦਾ ਹੈ ਅਤੇ ਇਹ ਲਿਸਟ ਮੇਰੇ ਦਫ਼ਤਰ ਵਿਚ ਵੀ ਆਉਂਦੀ ਹੈ। ਮੇਰੇ ਬੰਦੇ ਵੀ ਕਾਲ ਕਰਦੇ ਹਨ। ਕਈ ਵਾਰ ਤਾਂ ਮੈਂ ਆਪ ਰੈਨਡੰਮਲੀ ਕੰਪਲੇਨੈਂਟ ਨੂੰ ਕਾਲ ਕੀਤੀ ਹੈ। They were shocked that Sukhbir Badal himself is calling. ਅਸੀਂ ਅਜਿਹਾ ਸਿਸਟਮ 181 ਦਾ ਸ਼ੁਰੂ ਕੀਤਾ ਹੈ। ਇਸ ਦਾ ਪਰਪਜ਼ ਇਹੀ ਸੀ ਕਿ There should be accountability of police.

ਮੈਂ ਇਕ ਹੋਰ ਰਿਫਾਰਮ ਪੁਲਿਸ ਵਿਚ ਲਿਆਉਣ ਲੱਗਿਆ ਹਾਂ। Immediately after this, I am separating the law and order from

[ ਉਪ ਮੁੱਖ ਮੰਤਰੀ ]

the investigation within next week, first week of the next month. You will have a complete change down to the SHO level. Investigation will be a completely different chain ਕਿਉਂਕਿ ਹੁੰਦਾ ਕੀ ਹੈ ਜਿਹੜਾ ਫੜਦਾ ਹੈ, ਉਹੀ ਇਨਵੈਸਟੀਗੇਸ਼ਨ ਕਰਦਾ ਹੈ। ਸੁਭਾਵਿਕ ਹੀ ਉਸ ਨੇ ਆਪਣੇ ਆਪ ਨੂੰ ਸੇਵ ਕਰਨਾ ਹੈ। ਹੁਣ ਇਸ ਰਿਫਾਰਮ ਦੇ ਤਹਿਤ this will ensure ਕਿ ਜੇ ਕਿਸੇ ਨੇ ਕੋਈ ਗਲਤ ਕੰਮ ਕੀਤਾ ਹੈ ਤਾਂ ਇਨਵੈਸਟੀਗੇਸ਼ਨ ਪਰਾਪਰ ਹੋਵੇਗੀ। ਇਸ ਰਿਫਾਰਮ ਦੇ ਅੰਡਰ SHO (Investigation) will report to DSP (Investigation), and SP (Investigation) will report to DIG (Investigation). ਜਿਵੇਂ ਅਮਰੀਕਾ ਵਿਚ ਹੁੰਦਾ ਹੈ, ਪੁਲਿਸ ਅਲੱਗ ਹੈ, ਡਿਟੈਕਟਿਵ ਅਲੱਗ ਹੁੰਦਾ ਹੈ।

ਇਕ ਹੋਰ ਰਿਫਾਰਮ ਮੈਂ ਲਿਆਉਣ ਲੱਗਾ ਹਾਂ ਜਿਸ ਅਨੁਸਾਰ ਅਗਰ ਕੋਈ ਪੁਲਿਸ ਦਾ ਕਰਮਚਾਰੀ ਜਾਂ ਅਫ਼ਸਰ ਐਕਮੈਸ ਅਮਾਉਂਟ ਆਫ ਈਅਰਜ਼ ਇਕੋ ਜ਼ਿਲ੍ਹੇ ਵਿਚ ਹੀ ਹੈ ਤਾਂ we are shifting them immediately. ਤੁਸੀਂ ਦੇਖਿਆ ਹੋਵੇਗਾ ਕਿ ਕੋਈ ਬੰਦਾ 15-20 ਸਾਲ ਇਕੋ ਹੀ ਜ਼ਿਲ੍ਹੇ ਵਿਚ ਰਿਹਾ ਹੈ। ਥਾਣੇਦਾਰ ਬਣ ਕੇ ਵੀ ਉਥੇ ਹੀ ਸੀ, ਐਸ.ਐਚ.ਓ. ਬਣ ਕੇ ਵੀ ਉਥੇ ਹੀ ਰਿਹਾ ਅਤੇ ਐਸ.ਪੀ. ਬਣ ਕੇ ਵੀ ਉੱਥੇ ਹੀ ਰਿਹਾ। We have made it 5-7 years, exactly I don't know but we are doing it immediately. They will be shifted out of the district. ਜਿਥੇ ਉਹ ਬੰਦਾ ਇੰਨੀ ਦੇਰ ਐਸ.ਐਚ.ਓ. ਰਿਹਾ ਹੈ he cannot be retained there as SHO, these are the dos and don'ts which we are trying to implement. We are doing just to ensure reforms. Our model of Saanjh Centers, the Home Ministry, GOI have appreciated us and gave us award for it. They are even suggesting to other states to follow our Saanjh Center Model.

ਸੋ, ਜੇ ਅਸੀਂ ਧੱਕਾ ਹੀ ਕਰਨਾ ਹੁੰਦਾ ਤਾਂ why should we need reforms. ਅਸੀਂ ਜਿਹੜੀਆਂ 181 ਅਤੇ ਹੋਰ ਚੀਜ਼ਾਂ ਲਿਆਂਦੀਆਂ ਹਨ ਫਿਰ ਇਸ ਦੀ ਕੀ ਲੋੜ ਸੀ? ਇਨ੍ਹਾਂ ਦਾ ਪਰਪਜ਼ ਕੀ ਹੈ? We generally believe that the public should have access to an authority where they can get their work done. ਇਸ ਲਈ ਅਸੀਂ ਰਾਈਟ ਟੂ ਸਰਵਿਸ ਐਕਟ

ਬਣਾਇਆ। ਅਸੀਂ ਇਹ ਅਥਾਰਟੀ ਇਸ ਲਈ ਬਣਾਈ ਤਾਂ ਕਿ they keep on monitoring, ਉਨ੍ਹਾਂ ਨੇ ਪੈਨਲਟੀਜ਼ ਵੀ ਲਗਾਈਆਂ ਹਨ ਪਰੰਤੂ ਅਸੀਂ ਇੱਕ ਵਾਰ ਵੀ ਇੰਟਰਫੇਅਰ ਨਹੀਂ ਕੀਤਾ। ਇਸ ਨਾਲ ਰਾਈਟ ਟੂ ਸਰਵਿਸ ਐਕਟ ਦੇ ਕੰਮ ਵੀ ਵਧੇ ਹਨ, but we have to move towards that direction. ਤਕਨਾਲੋਜੀ ਕਰਕੇ ਥੋੜ੍ਹੀਆਂ ਕਮੀਆਂ ਆ ਰਹੀਆਂ ਹਨ। The purpose and intention is very clear ਕਿ ਡਿਸਟ੍ਰਿਕਟ ਜਾਂ ਡਵੀਜ਼ਨਲ ਲੈਵਲ ਤੇ ਜੇ ਕਿਸੇ ਸਿਟੀਜ਼ਨ ਨੂੰ ਕੋਈ ਵੀ ਪ੍ਰਾਬਲਮ ਹੈ ਤਾਂ ਇਸ ਵਾਸਤੇ ਅਥਾਰਟੀ ਹੈ and this authority has enough powers to summon the record and everything. ਜਿਸ ਤਰ੍ਹਾਂ ਦੀ ਵੀ ਉਨ੍ਹਾਂ ਨੂੰ ਪਾਵਰ ਚਾਹੀਦੀ ਹੈ, they have got the powers to do that. Yes, after that they cannot be a judge, they have to recommend to the State Government that this officer has done something wrong and the State Government has to give it in writing that they agree with this or not, whatever it is. We can't have a parallel person's decision. State Government cannot have a parallel person telling them ਕਿ ਫੈਸਲਾ ਹੋ ਗਿਆ, whatever it is. Yes, their recommendations are going to be very valuable and we will take action according to their recommendations. ਜੇ ਉਨ੍ਹਾਂ ਨੇ ਦੱਸਿਆ ਕਿ ਫਲਾਣੇ ਨੇ ਅਜਿਹਾ ਕੀਤਾ ਹੈ ਅਤੇ ਇਸ ਦਾ ਪਰੂਫ ਇਹ ਹੈ, they will come to the State Government and we will take action.

ਡਰੱਗਜ਼ ਬਾਰੇ ਮੈਂ ਕਿਹਾ ਸੀ ਕਿ ਪਤਾ ਨਹੀਂ 24 ਬੰਦੇ ਹਨ ਜਾਂ ਫੇਰ 28 ਬੰਦੇ ਹੋਣਗੇ, ਅੱਧੇ ਅਸੀਂ ਡਿਸਮਿਸ ਕਰ ਦਿੱਤੇ ਹਨ। ਮੇਰੀਆਂ ਕਲੀਅਰ ਇੰਸਟ੍ਰੱਕਸ਼ਨਜ਼ ਹਨ ਕਿ ਕੋਈ ਟਾਲਰੇਟ ਨਹੀਂ ਕਰਨਾ। we are coming with the policy ਕਿ ਜਿਹੜਾ ਕੁਰੱਪਸ਼ਨ ਵਿੱਚ ਫੜਿਆ ਜਾਂਦਾ ਹੈ he should be dismissed from the service. It is not a job of the person to take the money and harass anyone. We have to come out and these are the steps in the right direction. We should not take it as a negative everything. Let it start. ਜੇ ਕੋਈ ਪ੍ਰਾਬਲਮ ਆਵੇਗੀ we will cross the bridge. This is a beginning, I assure you that the

[ ਉਪ ਮੁੱਖ ਮੰਤਰੀ ]

purpose is not to cover up. I personally assure the House, especially Jakhar Sahib, this is not a cover up. The purpose is very clear to give the common citizen ability to approach the authority if he is not getting the justice.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਡਿਪਟੀ ਸੀ.ਐਮ. ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਹ ਗੱਲ ਕੀਤੀ ਹੈ। ਮੈਂ ਕਹਿੰਦਾ ਸੀ ਕਿ ਜੇ ਟਾਈਮ ਮਿਲਿਆ ਹੁੰਦਾ ਤਾਂ ਇਸ ਤੇ ਗੱਲਬਾਤ ਕਰਦੇ but he has hit the nail on the head when he says that the purpose is the accountability of police. Sir, the mindset of the police has to be changed. ਅੰਗਰੇਜ਼ ਚਲੇ ਗਏ, ਪੁਲਿਸ ਉਨ੍ਹਾਂ ਦੀ ਕਾਢ ਸੀ ਪਰ ਹਾਲੇ ਵੀ ਮਾਈਂਡ ਸੈੱਟ ਉਹੀ ਹੈ ਕਿ ਲੋਕਾਂ ਨੂੰ ਦਬਾਉਣਾ ਹੈ, not for the service of the people. ਸਰਵਿਸ ਦੀ ਥਾਂ ਹੁਣ ਸੇਵਾ ਕਰਨ ਤੇ ਲੱਗ ਗਏ ਹਨ ਅਤੇ ਸੇਵਾ ਕਰੀ ਜਾਂਦੇ ਹਨ। ਲੋਕਾਂ ਲਈ ਉਨ੍ਹਾਂ ਦੀ ਸੇਵਾ ਤੋਂ ਬਚਣ ਵਾਸਤੇ ਕੋਈ ਜਗ੍ਹਾ ਹੋਵੇ ਜਿੱਥੇ ਜਾ ਕੇ ਉਹ ਆਪਣਾ ਦਰਦ ਕਹਿ ਸਕਣ ਕਿ ਧੱਕਾ ਹੋ ਰਿਹਾ ਹੈ। ਇਹ ਬੇਸੀਕਲੀ ਕੁਰੱਪਸ਼ਨ ਨਹੀਂ, ਹਰਾਸਮੈਂਟ ਹੈ। ਕਿਹੜਾ ਸ਼ਰੀਫ ਬੰਦਾ ਇਹ ਦੇਖ ਕੇ ਰਾਜ਼ੀ ਹੋਵੇਗਾ ਕਿ ਉਸ ਦੇ ਘਰ ਪੁਲਿਸ ਆਈ ਹੈ ਜਾਂ ਥਾਣੇ ਵੜਨਾ ਹੈ। ਹਰ ਆਦਮੀ ਡਰਦਾ ਹੈ ਕਿ ਪਤਾ ਨਹੀਂ ਥਾਣੇ ਵਾਲੇ ਕੀ ਛਿੱਲ ਲਾਹੁਣਗੇ। ਇਸ ਕਰਕੇ ਤੁਸੀਂ ਜਦੋਂ ਤੱਕ ਅਕਾਊਂਟੇਬਿਲਟੀ ਇਨਸ਼ਿਓਰ ਨਹੀਂ ਕਰੋਗੇ, ਮੈਂ ਨਹੀਂ ਕਹਿੰਦਾ ਕਿ ਜਿਹੜਾ ਰਿਟਾਇਰਡ ਜੱਜ ਆਏਗਾ ਜਾਂ ਜਿਹੜੇ ਵੀ ਅਫ਼ਸਰ ਹੋਣਗੇ, ਉਹ ਸਾਰੇ ਹੀ ਦੁੱਧ ਦੇ ਧੋਤੇ ਆ ਜਾਣਗੇ but at least there will be an independent panel not recommended by the police. As long as you can ensure accountability, that is one thing.

Secondly, Police Reforms ਦਾ ਮੇਨ ਕ੍ਰਾਈਟੇਰੀਆ ਇਹ ਸੀ ਕਿ ਪੁਲੀਸਿੰਗ ਅਤੇ ਇਨਵੈਸਟੀਗੇਸ਼ਨ ਨੂੰ segregate ਕਰੋ। ਅੱਜ ਕੱਲ੍ਹ ਇਨਵੈਸਟੀਗੇਸ਼ਨ ਵਿੱਚ ਕੀ ਹੁੰਦਾ ਹੈ ਕਿ ਜੇ ਕਿਤੇ ਮਰਡਰ ਹੋ ਗਿਆ ਅਤੇ ਉਸ ਦੀ ਇਨਵੈਸਟੀਗੇਸ਼ਨ ਵਾਸਤੇ ਜਾਣਾ ਹੈ ਤਾਂ ਪੁਲਿਸ ਵਾਲੇ ਅਗਲੇ ਨੂੰ ਕਹਿੰਦੇ ਹਨ ਕਿ ਤੂੰ ਪਤਾ ਕਰਕੇ ਆ, ਸਾਡੇ ਕੋਲ ਤਾਂ ਜਾਣ ਦੇ ਰਿਸੋਰਸਿਜ਼ ਹੀ ਨਹੀਂ ਹਨ ਤਾਂ ਉਹ ਬੰਦਾ ਕਹਿੰਦਾ ਹੈ ਕਿ ਕਲਪ੍ਰਿਟ ਫਲਾਣੇ ਥਾਂ ਬੈਠਾ ਹੈ, ਅੱਗੋਂ ਪੁਲਿਸ ਕਹਿੰਦੀ ਹੈ

ਕਿ ਜਾ ਕੇ ਰੇਡ ਮਾਰਦੇ ਹਾਂ, ਤੂੰ ਜਾ ਕੇ ਗੱਡੀ ਲੈ ਆ। ਗੱਡੀ ਲੈ ਕੇ ਆਉਣ ਦਾ ਮਤਲਬ ਕਿ ਉਹ ਬੰਦਾ 5-10 ਹਜ਼ਾਰ ਰੁਪਏ ਦੇ ਹੇਠਾਂ ਆ ਗਿਆ ਹੈ, ਨਾਲ ਉਨ੍ਹਾਂ ਦਾ ਖਾਣਾ ਪੀਣਾ ਹੋ ਗਿਆ। ਜੇ ਕੋਈ ਸਿਆਣਾ ਵਕੀਲ ਆ ਕੇ ਕਿਸੇ ਇੱਕ ਇਨਵੈਸਟੀਗੇਸ਼ਨ ਰਿਪੋਰਟ ਨੂੰ ਚੈਲੰਜ ਕਰ ਦੇਵੇ ਕਿ ਤੁਸੀਂ ਆਪਣੇ ਮਾਲਖਾਨੇ ਵਿੱਚ ਦਿਖਾ ਦਿਉ ਕਿ ਕਿੱਥੋਂ ਪੈਸਾ ਗਿਆ ਹੈ ਅਤੇ how has the police reached to certain point ਜਿਥੋਂ ਕਲਪਰਿਟ ਨੂੰ ਫੜ ਕੇ ਲਿਆਂਦਾ ਹੈ।

ਸਰ, ਪੈਸਾ ਤਾਂ ਉਸ ਬੰਦੇ ਦਾ ਲੱਗਾ ਹੈ, ਸਰਕਾਰ ਦਾ ਜਾਂ ਪੁਲਿਸ ਦਾ ਤਾਂ ਕੋਈ ਪੈਸਾ ਹੀ ਨਹੀਂ ਲੱਗਿਆ ਅਤੇ ਨਾ ਹੀ ਉਨ੍ਹਾਂ ਕੋਲ ਤੁਸੀਂ ਗੱਡੀਆਂ ਦਿੱਤੀਆਂ ਹਨ। ਪੈਸਾ ਹੈ ਨਹੀਂ, ਨਾ ਕੋਈ ਫੰਡਿੰਗ ਹੈ। ਜਿਹੜੀ ਫੰਡਿੰਗ ਤੁਸੀਂ ਪੁਲਿਸ ਮਾਡਰਨਾਈਜ਼ੇਸ਼ਨ ਵਾਸਤੇ ਰੱਖੀ ਹੈ, that is very meagre amount. Sir, ਜੇਕਰ ਤੁਸੀਂ ਕਹੋ ਕਿ ਇਸ ਨਾਲ ਸਾਰੀ ਪੁਲਿਸ ਦਾ ਨਕਸ਼ਾ ਹੀ ਬਦਲ ਜਾਵੇਗਾ, ਇਨਵੈਸਟੀਗੇਸ਼ਨ ਸੈੱਲ ਕ੍ਰੀਏਟ ਹੋ ਜਾਵੇਗਾ, ਅਜਿਹਾ ਨਹੀਂ ਹੋ ਸਕਦਾ। ਹੋਵੇਗਾ ਕੀ? ਜਿੱਥੇ 2 ਨੰਬਰ ਚੌਂਕੀ ਹੈ, ਸੀ.ਆਈ.ਏ. ਸਟਾਫ ਹੈ, ਉਹ ਇਨਵੈਸਟੀਗੇਸ਼ਨ ਸੈੱਲ ਬਣ ਜਾਵੇਗਾ। The methodology of investigation ਇਹ ਹੈ ਕਿ ਪੁੱਠਾ ਟੰਗ ਦਿਓ। ਬਾਹਰ ਲਿਖਿਆ ਹੁੰਦਾ ਹੈ ਕਿ ਯਹਾਂ ਆ ਕੇ ਗੂੰਗੇ ਭੀ ਬੋਲਤੇ ਹੈਂ। ਉੱਥੇ ਅਗਲੇ ਤੋਂ ਬੁਲਾ ਦਿੰਦੇ ਹਨ। Speaker Sahib, police reforms is a comprehensive subject. ਉਸ ਉਤੇ ਕੰਮ ਕਰਵਾ ਕੇ ਦਿਉ ਤਾਂ ਕਿ ਲੋਕਾਂ ਦਾ ਵਿਸ਼ਵਾਸ ਬਣੇ ਕਿ ਇਹ ਸਾਡੀ ਪੁਲਿਸ ਹੈ। ਚੰਗਾ ਕੰਮ ਕਰੋ, we are not here to say ਕਿ ਹਰ ਕੰਮ ਮਾੜਾ ਕਰ ਰਹੇ ਹੋ। That is the point, I think you should consider it.

**ਸਰਦਾਰ ਬਲਬੀਰ ਸਿੰਘ ਸਿੱਧੂ (ਐਸ.ਏ.ਐਸ. ਨਗਰ) :** ਸਪੀਕਰ ਸਾਹਿਬ, ਮੈਂ ਤਾਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਵੀ ਕੋਈ ਮੰਤਰੀ ਜਾਂ ਕੋਈ ਵੀ.ਆਈ.ਪੀ. ਆਉਂਦਾ ਹੈ ਤਾਂ ਸਾਰੀ ਪੁਲਿਸ ਹੀ ਉਸ ਦੀ ਸਿਕਿਓਰਟੀ ਵਾਸਤੇ ਡਿਪਲਾਇ ਕਰ ਦਿੱਤੀ ਜਾਦੀ ਹੈ। ਜੇਕਰ ਕੋਈ ਇੰਸੀਡੈਂਟ ਹੋ ਜਾਵੇ, ਪੁਲਿਸ ਆਪਣੀ ਡਿਊਟੀ ਤੋਂ 5-6 ਵਜੇ ਤੱਕ ਮਸਾਂ ਵਿਹਲੀ ਹੁੰਦੀ ਹੈ ਅਤੇ ਉਦੋਂ ਤੱਕ ਸਾਰਾ ਕੁਝ ਖ਼ਤਮ ਹੋ ਜਾਂਦਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਿਕਿਓਰਟੀ ਵਾਸਤੇ ਫੋਰਸ ਵੱਖਰੀ ਹੋਣੀ ਚਾਹੀਦੀ ਹੈ ਅਤੇ ਜਿਹੜੀ ਪੁਲਿਸ ਥਾਣਿਆਂ ਵਿਚ

[ ਸਰਦਾਰ ਬਲਬੀਰ ਸਿੰਘ ਸਿੱਧੂ ]

ਹੁੰਦੀ ਹੈ, ਉਹ ਲੋਕਾਂ ਦੀ ਸੇਵਾ ਵਾਸਤੇ ਹੀ ਲਗਾਈ ਜਾਣੀ ਚਾਹੀਦੀ ਹੈ ਨਾ ਕਿ ਸਿਕਿਓਰਟੀ ਵਾਸਤੇ। ਇਹ ਵੀ ਬੜਾ ਜ਼ਰੂਰੀ ਹੈ।

**ਸਰਦਾਰ ਪਰਮਿੰਦਰ ਸਿੰਘ ਪਿੰਕੀ (ਫਿਰੋਜ਼ਪੁਰ, ਸ਼ਹਿਰੀ) :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਪ ਮੁੱਖ ਮੰਤਰੀ ਜੀ ਨੇ ਪੁਲਿਸ ਰਿਫਾਰਮਜ਼ ਦੀ ਗੱਲ ਕੀਤੀ ਹੈ। ਇਹ ਬੜੀ ਅੱਛੀ ਗੱਲ ਕਰ ਰਹੇ ਹਨ ਪਰ ਜਿਹੜੀਆਂ ਜ਼ਿਲ੍ਹਾ ਪੱਧਰ ਤੇ ਪੁਲਿਸ ਕਮੇਟੀਆਂ ਬਣੀਆਂ ਹੋਈਆਂ ਹਨ, ਉਨ੍ਹਾਂ ਵਿਚ ਨਾ ਤਾਂ ਕੋਈ ਐਮ.ਐਲ.ਏ. ਮੈਂਬਰ ਬਣਾਇਆ ਗਿਆ ਹੈ ਅਤੇ ਨਾ ਹੀ ਕੋਈ ਐਮ.ਪੀ. ਮੈਂਬਰ ਹੈ। ਜਿਹੜਾ ਸਮਾਂ ਅੱਜ ਚੱਲ ਰਿਹਾ ਹੈ ਅਤੇ ਜਿਸ ਸਮੇਂ ਵਿਚੋਂ ਅਸੀਂ ਗੁਜ਼ਰ ਰਹੇ ਹਾਂ, ਇੱਥੇ ਡਰੱਗਜ਼ ਦੀ ਗੱਲ ਕਰ ਰਹੇ ਸਨ, ਡਰੱਗਜ਼ ਦਾ ਮਸਲਾ ਇਕੱਲਾ ਇਨ੍ਹਾਂ ਵਾਸਤੇ ਹੀ ਸੰਵੇਦਨਸ਼ੀਲ ਨਹੀਂ ਬਲਕਿ ਸਾਡੇ ਵਾਸਤੇ ਵੀ ਸੰਵੇਦਨਸ਼ੀਲ ਹੈ। ਮੇਰੀ ਤੁਹਾਡੇ ਜ਼ਰੀਏ ਇਹ ਬੇਨਤੀ ਹੈ ਕਿ ਜ਼ਿਲ੍ਹਾ ਲੈਵਲ ਤੇ ਪੁਲਿਸ ਕਮੇਟੀਆਂ ਵਿਚ ਐਮ.ਐਲ.ਏ. ਸਾਹਿਬਾਨ ਅਤੇ ਐਮ.ਪੀਜ਼ ਨੂੰ ਜ਼ਰੂਰ ਇਨਵਾਲਵ ਕੀਤਾ ਜਾਵੇ।

**ਮਾਨਯੋਗ ਸਪੀਕਰ :** ਇਹ ਹੋ ਹੀ ਨਹੀਂ ਸਕਦਾ ਕਿ ਇਹ ਅਜਿਹਾ ਨਾ ਕਰਨ।

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਨੂੰ ਲਗਦਾ ਹੈ ਕਿ ਆਪੋਜ਼ੀਸ਼ਨ ਬੈਂਚਿਜ਼ ਤੋਂ ਇਕੋ ਐਮ.ਐਲ.ਏ. ਅਜਿਹੇ ਹਨ ਜਿਨ੍ਹਾਂ ਨੂੰ ਪੁਲਿਸ ਪ੍ਰਤੀ ਕੋਈ ਕੰਪਲੇਂਟ ਨਹੀਂ ਹੋਣੀ ਚਾਹੀਦੀ ਅਤੇ ਉਹ ਐਮ.ਐਲ.ਏ. ਪਿੰਕੀ ਜੀ ਹਨ। (ਵਿਘਨ).. ਤੁਹਾਡੀ ਤਾਂ ਸਿੱਧੀ ਗੱਲ ਹੈ, ਤੁਹਾਨੂੰ ਤਾਂ ਫਿਕਰ ਕਰਨ ਦੀ ਕੋਈ ਲੋੜ ਹੀ ਨਹੀਂ। (ਹਾਸਾ) Any way, ਕੋਈ ਗੱਲ ਨਹੀਂ ਮੈਂ ਤਾਂ ਮਜ਼ਾਕ ਨਾਲ ਕਹਿ ਰਿਹਾ ਸੀ। ਮੇਰਾ ਕਹਿਣ ਦਾ ਮਤਲਬ ਇਹ ਸੀ ਕਿ ਜੇਕਰ ਕੋਈ ਪੁਲਿਸ ਦਾ ਇਸ਼ੂ ਆਉਂਦਾ ਹੈ ਤਾਂ you can handle it very nicely. ਮੈਂ ਉਸ ਬਾਰੇ ਕਹਿ ਰਿਹਾ ਸੀ।

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਆਮ ਆਦਮੀ ਰੌਲਾ ਕਿਉਂ ਪਾਉਂਦਾ ਹੈ ਅਤੇ ਫਿਰੋਜ਼ਪੁਰ ਤੋਂ ਚੱਲ ਕੇ ਚੰਡੀਗੜ੍ਹ ਕਿਉਂ ਆਉਂਦਾ ਹੈ?(ਵਿਘਨ).. ਉਹ ਮੇਰੇ ਦੋਸਤ ਦੇ ਭਰਾ ਹਨ, ਦੱਸੋ ਕੀ ਕਹਿਣਾ ਚਾਹੁੰਦੇ ਹੋ? ਮੇਰੇ ਕੋਲੋਂ ਕਹਾਉਣਾ ਚਾਹੁੰਦੇ ਹੋ? ਉਹ ਮੇਰੇ 30 ਸਾਲ ਪੁਰਾਣੇ ਦੋਸਤ ਹਨ। He is a very honest officer. He is a very dedicated officer. ਜਿੱਥੇ ਸੱਚਾਈ ਦੀ ਗੱਲ ਹੋਵੇ, ਉਹ ਸੱਚਾਈ ਦੀ

ਗੱਲ ਕਰਦੇ ਹਨ। ਮੈਂ ਪੁਲਿਸ ਰਿਫਾਰਮਜ਼ ਦੀ ਗੱਲ ਕਰ ਰਿਹਾ ਹਾਂ। ਡਿਪਟੀ ਸੀ.ਐਮ. ਸਾਹਿਬ ਨੇ ਰਿਫਾਰਮਜ਼ ਦੀ ਗੱਲ ਕੀਤੀ ਹੈ। ਮੈਂ ਉਸ ਵਾਸਤੇ ਇਹੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਐਮ.ਐਲ.ਏ. ਅਤੇ ਐਮ.ਪੀ. ਹਨ, ਉਨ੍ਹਾਂ ਨੂੰ ਜ਼ਿਲ੍ਹਾ ਲੈਵਲ ਦੀਆਂ ਪੁਲਿਸ ਕਮੇਟੀਆਂ ਵਿੱਚ ਇਨਵਾਲਵ ਕੀਤਾ ਜਾਣਾ ਚਾਹੀਦਾ ਹੈ। ਇਹ ਮੇਰੀ ਸੁਜੈਸ਼ਨ ਹੈ, ਬੇਨਤੀ ਹੈ।

**ਮਾਨਯੋਗ ਸਪੀਕਰ :** ਉਪ ਮੁੱਖ ਮੰਤਰੀ ਜੀ, ਐਮ.ਐਲ.ਏਜ਼ ਅਤੇ ਐਮ.ਪੀਜ਼ ਦੀ ਪੁਲਿਸ ਕਮੇਟੀਆਂ ਵਿਚ ਇਨਵਾਲਵਮੈਂਟ ਕੀਤੀ ਜਾਵੇ।

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਜਾਖੜ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਲੋਕੀਂ ਪੁਲਿਸ ਸਟੇਸ਼ਨ ਜਾਣ ਤੋਂ ਡਰਦੇ ਹਨ। ਮੈਂ ਇਨ੍ਹਾਂ ਨਾਲ ਸਹਿਮਤ ਹਾਂ ਕਿ ਇਹ ਇਕ ਹਊਆ ਬਣਿਆ ਪਿਆ ਸੀ। ਜਾਖੜ ਸਾਹਿਬ, ਕੀ ਤੁਸੀਂ ਕਦੇ ਸਾਂਝ ਸੈਂਟਰ ਵਿਚ ਵਿਜ਼ਟ ਕੀਤਾ ਹੈ? ਮੈਂ ਰਿਕੁਐਸਟ ਕਰਾਂਗਾ ਕਿ ਮੁਹਾਲੀ ਜਾਂ ਕਿਤੇ ਹੋਰ ਜਗ੍ਹਾ ਇਕ ਵਾਰ ਸਾਂਝ ਸੈਂਟਰ ਵਿਚ ਜ਼ਰੂਰ ਵਿਜ਼ਟ ਕਰੋ। ਜਦੋਂ ਪਾਕਿਸਤਾਨ ਦੇ ਪੰਜਾਬ ਜ਼ਿਲ੍ਹੇ ਦੇ ਸੀ.ਐਮ. ਇਥੇ ਆਏ ਸਨ, ਮੈਂ ਉਨ੍ਹਾਂ ਨੂੰ ਵੀ ਸਾਂਝ ਸੈਂਟਰ ਵਿਚ ਵਿਜ਼ਟ ਕਰਵਾਇਆ ਸੀ। He is now following the same model in Lahore.

ਤੁਸੀਂ ਵੇਖੋਗੇ ਕਿ ਸਾਂਝ ਸੈਂਟਰ ਇਕ ਕਾਰਪੋਰੇਟ ਆਫਿਸ ਵਾਂਗ ਲਗਦਾ ਹੈ। ਉਥੇ ਸਾਰੀ ਪ੍ਰਾਈਵੇਟ ਵਰਦੀ ਹੈ। ਲੇਡੀ ਪੁਲਿਸ ਉਥੇ ਕੰਪਿਊਟਰ ਉਤੇ ਬੈਠੀ ਹੁੰਦੀ ਹੈ। ਏ.ਸੀ. ਬਿਲਡਿੰਗ ਹੈ। ਤੁਹਾਨੂੰ ਇਸ ਤਰ੍ਹਾਂ ਲੱਗੇਗਾ ਜਿਵੇਂ ਤੁਸੀਂ ਏਅਰਟੈਲ ਜਾਂ ਕਿਸੇ ਹੋਰ ਕਾਰਪੋਰੇਟ ਦਫ਼ਤਰ ਵਿਚ ਹੋ, ਨਾ ਕਿ ਕਿਸੇ ਪੁਲਿਸ ਸਟੇਸ਼ਨ ਵਿਚ। ਜੇ ਤੁਸੀਂ ਮੁਹਾਲੀ ਦੇ ਸਾਂਝ ਸੈਂਟਰ ਵਿੱਚ ਵਿਜ਼ਟ ਕਰੋਗੇ ਤਾਂ ਤੁਸੀਂ ਵੇਖੋਗੇ ਕਿ ਜੇਕਰ ਤੁਸੀਂ ਅਬੋਹਰ ਵਿਖੇ ਪਰਚਾ ਦਰਜ ਕਰਾਉਣਾ ਹੈ ਤਾਂ ਤੁਹਾਨੂੰ ਅਬੋਹਰ ਪੁਲਿਸ ਸਟੇਸ਼ਨ ਜਾਣ ਦੀ ਲੋੜ ਨਹੀਂ ਪਵੇਗੀ। ਤੁਸੀਂ ਮੁਹਾਲੀ ਵਿੱਚ ਹੀ ਪਰਚਾ ਰਜਿਸਟਰ ਕਰਵਾ ਸਕਦੇ ਹੋ ਅਤੇ ਉਹ ਤੁਹਾਨੂੰ ਉਸ ਦੀ ਰਿਸੀਟ ਦੇਣਗੇ। You will monitor. ਭਾਵੇਂ ਲਾਇਸੰਸ, ਪਾਸਪੋਰਟ, ਪੁਲਿਸ ਵੈਰੀਫਿਕੇਸ਼ਨ ਜਾਂ ਜਿੰਨੀਆਂ ਵੀ ਪੁਲਿਸ ਦੀਆਂ ਸਰਵਿਸਿਜ਼ ਕਾਮਨ ਮੈਨ ਨੂੰ ਚਾਹੀਦੀਆਂ ਹਨ, ਇਹ ਸਾਰੀਆਂ ਤੁਸੀਂ ਸਾਂਝ ਸੈਂਟਰ ਜਾ ਕੇ ਲੈ ਸਕਦੇ ਹੋ। ਸਾਰੀਆਂ ਸਰਵਿਸਿਜ਼ ਬਾਰੇ ਬੋਰਡ ਲੱਗਾ ਹੋਇਆ ਹੁੰਦਾ ਹੈ। Saanjh Centre's success rate is amazing. ਕੇਵਲ ਮਰਡਰ ਕੇਸ ਤੋਂ ਇਲਾਵਾ, ਜਿਹੜੀਆਂ ਰੋਜ਼ਾਨਾ ਦੀਆਂ ਡਿਲੀਵਰੀਬਿਲਟੀ ਸਰਵਿਸਜ਼ ਹਨ, ਉਨ੍ਹਾਂ ਵਾਸਤੇ ਹੁਣ ਕਿਸੇ

[ ਉਪ ਮੁੱਖ ਮੰਤਰੀ ]

ਕਾਮਨ ਮੈਨ ਨੂੰ ਪੁਲਿਸ ਸਟੇਸ਼ਨ ਜਾਣ ਦੀ ਲੋੜ ਨਹੀਂ। ਅਗਲੇ 2-3 ਮਹੀਨਿਆਂ ਵਿਚ ਹਰੇਕ ਬਲਾਕ ਜਾਂ ਜਿਥੇ ਵੀ ਕੋਈ ਥਾਣਾ ਹੈ, ਉਥੇ ਇਕ ਸੈਪਰੇਟ ਸਾਂਝ ਸੈਂਟਰ ਬਣ ਜਾਣਾ ਹੈ। ਹੁਣ ਤੱਕ ਅਸੀਂ 200 ਸੈਂਟਰ ਬਣਾ ਦਿੱਤੇ ਹਨ। ਬਾਕੀ ਵੀ ਛੇਤੀ ਬਣ ਜਾਣਗੇ। ਹੋਮ ਮਨਿਸਟਰੀ ਨੇ ਆਪਣਾ ਇਕ ਡੈਲੀਗੇਸ਼ਨ ਸਟੱਡੀ ਕਰਨ ਲਈ ਪੰਜਾਬ ਭੇਜਿਆ ਹੈ। They recommended to follow this model. ਮੈਂ ਪਰਸਨਲੀ ਸਾਰੇ ਮੈਂਬਰ ਸਾਹਿਬਾਨ ਨੂੰ ਅਪੀਲ ਕਰਦਾ ਹਾਂ ਕਿ ਸਾਂਝ ਸੈਂਟਰ ਜ਼ਰੂਰ ਵਿਜ਼ਟ ਕਰਨਾ।....

**ਸ਼੍ਰੀ ਸੁਨੀਲ ਜਾਖੜ (ਬੈਠੇ-ਬੈਠੇ):** ਕਿਤੇ ਥਾਣਾ ਨਾ ਦਿਖਵਾ ਦੇਣਾ... (ਹਾਸਾ)

**ਉਪ ਮੁੱਖ ਮੰਤਰੀ :** ਤੁਸੀਂ ਸੈਂਟਰ ਵਿਚ ਜਾਓਗੇ ਤਾਂ ਤੁਹਾਡਾ ਜੀਅ ਬੜਾ ਲੱਗੇਗਾ। ਗਰਮੀ ਵਿੱਚ ਲਾਅਨ ਵਿੱਚ ਬੈਠਾਂਗੇ ਤੇ ਨਾਲ ਗੱਲਾਂ ਮਾਰਾਂਗੇ। ਜਾਖੜ ਸਾਹਿਬ, ਕਈ ਬਜ਼ੁਰਗ ਉਥੇ ਆ ਜਾਂਦੇ ਹਨ। ਉਥੇ ਲੋਕਾਂ ਦੇ ਬੈਠਣ ਵਾਸਤੇ ਲਾਂਜ ਬਣਾਇਆ ਗਿਆ ਹੈ। So these are the reforms. There is a complete Independent Investigation Wing. They can't be transferred by SP or whatever it is. ਹਰ ਥਾਣੇ ਵਿੱਚ ਤਿੰਨ-ਚਾਰ ਬੰਦੇ ਲਗਾਏ ਗਏ ਹਨ, their full job is investigation and we will provide them professional training and infrastructural investigation. ਉਸ ਨਾਲ ਕੀ ਹੋਵੇਗਾ? ਕੋਰਟ ਕੇਸਿਜ਼ ਵੀ ਉਨ੍ਹਾਂ ਨੇ ਲੜਨੇ ਹਨ। ਨਹੀਂ ਤਾਂ ਪਹਿਲਾਂ ਥਾਣੇ ਬੰਦ ਮਿਲਦੇ ਸੀ ਕਿ ਅੱਜ ਪੁਲਿਸ ਵਾਲੇ ਤਰੀਕ ਤੇ ਗਏ ਹਨ। ਅੱਧੇ ਥਾਣੇ ਖਾਲੀ ਰਹਿੰਦੇ ਹਨ ਕਿਉਂਕਿ ਪੁਲਿਸ ਵਾਲੇ ਤਰੀਕਾਂ ਤੇ ਗਏ ਹੋਏ ਹੁੰਦੇ ਹਨ। This investigation wing will have a legal lawyer and everything and we are ready with it and we are going to launch it by the first week of next month.

ਦੂਜੀ ਗੱਲ ਜਿਹੜਾ ਇਨ੍ਹਾਂ ਨੇ ਸਿਕਿਓਰਟੀ ਦਾ ਜ਼ਿਕਰ ਕੀਤਾ ਹੈ, ਮੈਂ ਇਸ ਨਾਲ ਸਹਿਮਤ ਹਾਂ। ਮੈਂ ਆਪ ਹੀ ਇਸ ਬਾਰੇ ਗੱਲ ਕੀਤੀ ਸੀ। ਪੰਜਾਬ ਪੁਲਿਸ ਦੀ ਮੈਂਟਲ ਥਿੰਕਿੰਗ ਹੈ ਕਿ quantity rather quality. ਕਿਸੇ ਬਾਹਰਲੇ ਮੁਲਕ ਵਿੱਚ ਜਾਓ, ਉਹ ਕਹਿੰਦੇ ਹਨ, we believe in quality of security ਪਰੰਤੂ ਸਾਡੇ ਇੱਥੇ ਕੁਆਂਟਿਟੀ ਹੈ। ਇੱਥੇ ਹਰ ਬੰਦਾ ਚਾਹੁੰਦਾ ਹੈ ਕਿ ਮੇਰੇ ਨਾਲ 20

ਗੰਨਮੈਨ ਚੱਲਣ, ਭਾਵੇਂ ਲੋੜ ਦੋ ਬੰਦਿਆਂ ਦੀ ਹੈ। ਸੋ, ਇੱਥੇ ਹੀ ਲੈ ਲਓ। ਮੈਂ ਵੀ ਜਾਂਦਾ ਹਾਂ, ਮੈਂ ਕਹਿ ਦਿਆਂ ਕਿ ਚੰਡੀਗੜ੍ਹ ਤੋਂ ਲੁਧਿਆਣੇ ਤੱਕ ਸਾਰੀਆਂ ਸੜਕਾਂ ਤੇ ਇਹ ਕਰ ਦਿਓ, ਉਹ ਕਰ ਦਿਓ। ਮੈਂ ਕਿਹਾ ਹੈ ਕਿ ਸਭ ਕੁਝ ਬੰਦ ਕਰੋ। ਮੈਂ ਇਸ ਗੱਲ ਨਾਲ ਐਗਰੀ ਕਰਦਾ ਹਾਂ ਕਿ ਇਸ ਨਾਲ ਸਾਰੇ ਥਾਣੇ ਬੰਦ ਹੁੰਦੇ ਹਨ। We are limiting so that ਇਕੱਲੇ ਉਹ ਹੀ ਡਿਪਲਾਇ ਹੋਣ ਜਿਹੜੇ ਸਿਕਿਓਰਟੀ ਵਾਸਤੇ ਹਨ।

ਇੱਕ ਹੋਰ ਗੱਲ ਇੱਥੇ ਆਈ ਸੀ ਕਿ ਆਪਣੇ ਗੰਨਮੈਨ ਬਹੁਤ ਜ਼ਿਆਦਾ ਹਨ। ਮੈਂ ਇਸ ਬਾਰੇ ਰਿਵਿਊ ਕੀਤਾ ਹੈ ਅਤੇ we are reducing all of them. ਮੈਂ ਡੀ.ਜੀ.ਪੀ. ਨੂੰ ਕਿਹਾ ਸੀ ਕਿ reduce your gunmen. ਜਿੰਨੇ ਆਈ.ਜੀ. ਅਤੇ ਪੁਲਿਸ ਅਫ਼ਸਰ ਚੰਡੀਗੜ੍ਹ ਵਿੱਚ ਸਨ, ਉਨ੍ਹਾਂ ਦੀਆਂ ਪਾਇਲਟਸ ਅਤੇ ਐਸਕਾਰਟਸ ਸਾਰੀਆਂ ਹੀ ਵਿਦਡਰਾਅ ਕੀਤੀਆਂ ਹਨ। ਮਨਿਸਟਰਜ਼ ਜਦੋਂ ਸਟੇਟ ਵਿੱਚ ਜਾਂਦੇ ਸਨ, ਉਸ ਸਮੇਂ ਹਰ ਡਿਸਟ੍ਰਿਕਟ ਦੀ ਆਪਣੀ ਪਾਇਲਟ ਲੱਗਦੀ ਸੀ। ਅਸੀਂ ਕਿਹਾ ਕਿ ਕੋਈ ਪਾਇਲਟ ਨਹੀਂ ਲੱਗੇਗੀ। ਸਿਰਫ਼ ਜਦੋਂ ਫਾਈਨਲ ਡੈਸਟੀਨੇਸ਼ਨ ਤੇ ਜਾਣਾ ਹੈ, ਉਹ ਹੀ ਲੱਗੇਗੀ। ਨਹੀਂ ਤਾਂ ਕੀ ਹੁੰਦਾ ਸੀ, ਇੱਥੋਂ ਜਾਂਦੇ ਸੀ, ਮੋਰਿੰਡੇ ਤੱਕ ਹੋਰ ਪਾਇਲਟ ਲਗਦੀ ਸੀ, ਫਿਰ ਅੱਗੇ ਹੋਰ ਪਾਇਲਟ ਲਗਦੀ ਸੀ। ਮੇਰਾ ਖਿਆਲ ਹੈ ਕਿ ਇਸ ਰੂਟ ਤੇ ਤਾਂ ਹਰ ਘੰਟੇ ਬਾਅਦ ਕੋਈ ਨਾ ਕੋਈ ਵੀ.ਆਈ.ਪੀ. ਜਾਂਦਾ ਹੀ ਹੈ। These are some of the changes we have brought about and we are bringing about. I assure you that give us few time. ਇੰਨਾ ਵੱਡਾ ਢਾਂਚਾ ਹੈ, ਇਸ ਨੂੰ ਠੀਕ ਕਰਨ ਵਾਸਤੇ ਸਮਾਂ ਚਾਹੀਦਾ ਹੈ, ਥੋੜ੍ਹਾ ਥੋੜ੍ਹਾ ਠੀਕ ਕਰਾਂਗੇ। We are sincere in solving the issue. (ਥੰਪਿੰਗ)

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੁਝਾਓ ਦੇਣਾ ਚਾਹੁੰਦਾ ਹਾਂ। ਹੁਣੇ ਡਿਪਟੀ ਸੀ.ਐਮ. ਸਾਹਿਬ ਨੇ ਸਿਕਿਓਰਟੀ ਦੀ ਗੱਲ ਕੀਤੀ ਹੈ। ਮੈਂ ਤੁਹਾਡੇ ਰਾਹੀਂ ਡਿਪਟੀ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਹਲਕਾ ਇੰਨਚਾਰਜ ਰਿਜੈਕਟ ਕੀਤੇ ਗਏ ਹਨ, ਉਨ੍ਹਾਂ ਦੀ ਸਿਕਿਓਰਟੀ ਵਜ਼ੀਰਾਂ ਤੋਂ ਵੱਧ ਹੈ। ਜਿਹੜੇ ਉਨ੍ਹਾਂ ਦੇ ਨਾਲ ਐਸ.ਐਚ.ਓ. ਹਨ, ਉਹ ਲੋਕਾਂ ਨੂੰ ਡਰਾਉਂਦੇ ਹਨ, ਧਮਕਾਉਂਦੇ ਹਨ ਅਤੇ ਨਜਾਇਜ਼ ਪਰਚੇ ਕਰਵਾਉਂਦੇ ਹਨ। ਮੈਂ ਹਲਕਾ ਕਪੂਰਥਲਾ ਦੀ ਗੱਲ ਕਰ ਰਿਹਾ ਹਾਂ। ਇਸ ਤੇ ਵੀ ਗੌਰ ਕਰ ਲੈਣਾ। (ਵਿਘਨ) (ਸ਼ੋਰ)

**ਉਪ ਮੁੱਖ ਮੰਤਰੀ :** ਰਾਣਾ ਜੀ, ਤੁਹਾਨੂੰ ਕੋਈ ਨਹੀਂ ਡਰਾ ਸਕਦਾ। (ਹਾਸਾ) (ਵਿਘਨ)

**ਮਾਨਯੋਗ ਸਪੀਕਰ :** ਰਾਣਾ ਜੀ, ਹੁਣ ਬੈਠ ਜਾਓ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਪੁਲਿਸ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ–ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਪ੍ਰਵਾਨ ਹੋਇਆ।**

**ਕਲਾਜ਼ 2**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ–ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਉਪ ਮੁੱਖ ਮੰਤਰੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਪੁਲਿਸ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਪੁਲਿਸ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਪੁਲਿਸ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

----------

## 16. THE PUNJAB STATE COMMISSION FOR WOMEN (AMENDMENT) BILL, 2014

**ਮਾਨਯੋਗ ਸਪੀਕਰ :** ਸ਼੍ਰੀ ਸੁਰਜੀਤ ਕੁਮਾਰ ਜਿਆਨੀ ਜੀ, ਸਮਾਜਿਕ ਸੁਰੱਖਿਆ ਮੰਤਰੀ ਬਿਲ ਪੇਸ਼ ਕਰਨ।

**ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ (ਸ਼੍ਰੀ ਸੁਰਜੀਤ ਕੁਮਾਰ ਜਿਆਨੀ) :** ਸ਼੍ਰੀਮਾਨ ਜੀ, ਮੈਂ ਇਸਤਰੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਇਸਤਰੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਇਸਤਰੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

[ ਮਾਨਯੋਗ ਸਪੀਕਰ ]

ਕਿ ਇਸਤਰੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 7**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 7 ਵਿਚ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖੀਆਂ ਜਾਣ।

**(ਆਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 7 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਮੰਤਰੀ ਸਾਹਿਬ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨ।

**ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ (ਸ਼੍ਰੀ ਸੁਰਜੀਤ ਕੁਮਾਰ ਜਿਆਨੀ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਇਸਤਰੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਇਸਤਰੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਇਸਤਰੀਆਂ ਲਈ ਪੰਜਾਬ ਰਾਜ ਕਮਿਸ਼ਨ (ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਪ੍ਰਸਤਾਵ ਪ੍ਰਵਾਨ ਹੋਇਆ।**

---

## 17. THE PUNJAB AFFILIATED COLLEGES (SECURITY OF SERVICE) AMENDMENT BILL, 2014

**Mr. Speaker :** Rakhra Sahib, you would like to put the Bill or withdraw the Bill?

**ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) :** ਸ਼੍ਰੀਮਾਨ ਜੀ, ਮੈਂ ਪੰਜਾਬ ਸਬੰਧਿਤ ਕਾਲਜਾਂ (ਸੇਵਾ ਦੀ ਸੁਰੱਖਿਆ) ਸੋਧਨਾ ਬਿਲ, 2014 ਵਿਦਡਰਾਅ ਕਰਦਾ ਹਾਂ।

------

## 18. THE CODE OF CRIMINAL PROCEDURE (PUNJAB AMENDMENT) BILL, 2008

**ਮਾਨਯੋਗ ਸਪੀਕਰ :** ਮਾਨਯੋਗ ਉਪ ਮੁੱਖ ਮੰਤਰੀ ਬਿਲ ਸਬੰਧੀ ਪ੍ਰਸਤਾਵ ਕਰਨ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਜ਼ਾਬਤਾ ਫੌਜਦਾਰੀ ਸੰਘਤਾ (ਪੰਜਾਬ ਸੋਧਨਾ) ਬਿਲ, 2008 ਜਿਹੜਾ ਕਿ 13ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 5ਵੇਂ ਸਮਾਗਮ, 5 ਸਤੰਬਰ, 2008 ਦੇ ਦੌਰਾਨ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਇਸ ਦੀ ਮਨਜ਼ੂਰੀ ਦੀ ਉਡੀਕ ਹੈ, ਵਾਪਸ ਲੈਣ ਦੀ ਤਜਵੀਜ਼ ਪੇਸ਼ ਕਰਦਾ ਹਾਂ।

ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

> ਕਿ ਜ਼ਾਬਤਾ ਫੌਜਦਾਰੀ ਸੰਘਤਾ (ਪੰਜਾਬ ਸੋਧਨਾ) ਬਿਲ, 2008 ਜਿਹੜਾ ਕਿ 13ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 5ਵੇਂ ਸਮਾਗਮ, 5 ਸਤੰਬਰ, 2008 ਦੇ ਦੌਰਾਨ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਇਸ ਦੀ ਮਨਜ਼ੂਰੀ ਦੀ ਉਡੀਕ ਹੈ, ਵਾਪਸ ਲੈਣ ਲਈ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਜ਼ਾਬਤਾ ਫੌਜਦਾਰੀ ਸੰਘਤਾ (ਪੰਜਾਬ ਸੋਧਨਾ) ਬਿਲ, 2008 ਜਿਹੜਾ ਕਿ 13ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 5ਵੇਂ ਸਮਾਗਮ, 5 ਸਤੰਬਰ, 2008 ਦੇ ਦੌਰਾਨ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਇਸ ਦੀ ਮਨਜ਼ੂਰੀ ਦੀ ਉਡੀਕ ਹੈ, ਵਾਪਸ ਲੈਣ ਲਈ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਜ਼ਾਬਤਾ ਫੌਜਦਾਰੀ ਸੰਘਤਾ (ਪੰਜਾਬ ਸੋਧਨਾ) ਬਿਲ, 2008 ਜਿਹੜਾ ਕਿ 13ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 5ਵੇਂ

ਸਮਾਗਮ, 5 ਸਤੰਬਰ, 2008 ਦੇ ਦੌਰਾਨ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਇਸ ਦੀ ਮਨਜ਼ੂਰੀ ਦੀ ਉਡੀਕ ਹੈ, ਵਾਪਸ ਲੈਣ ਲਈ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

-------

**ਮਾਨਯੋਗ ਸਪੀਕਰ :** ਇਸ ਤੋਂ ਪਹਿਲਾਂ ਮੈਂ ਸਦਨ ਨੂੰ ਅਣਮਿੱਥੇ ਸਮੇਂ ਲਈ ਸਥੱਗਿਤ ਕਰਾਂ, ਮੈਂ ਸਾਰੇ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਜਿਥੇ ਰੂਲਿੰਗ ਪਾਰਟੀ ਦਾ ਇਹ ਫਰਜ਼ ਹੈ ਕਿ ਉਹ ਹਾਊਸ ਨੂੰ ਚੰਗੇ ਤਰੀਕੇ ਨਾਲ ਚਲਾਉਣ ਵਿਚ ਚੇਅਰ ਦੀ ਮਦਦ ਕਰੇ, ਉਸ ਤੋਂ ਵੱਧ ਮੈਂ ਸਮਝਦਾ ਹਾਂ ਕਿ ਇਹ ਜਿਹੜੀ ਜ਼ਿੰਮੇਵਾਰੀ ਹੈ, ਇਹ ਆਪੋਜ਼ੀਸ਼ਨ ਦੀ ਵੀ ਜ਼ਿਆਦਾ ਬਣਦੀ ਹੈ ਕਿਉਂਕਿ ਹਾਊਸ ਤਾਂ ਹੀ ਸਹੀ ਚੱਲ ਸਕਦਾ ਹੈ ਜੇਕਰ ਆਪੋਜ਼ੀਸ਼ਨ ਅਤੇ ਰੂਲਿੰਗ ਪਾਰਟੀ ਦੋਵੇਂ ਚੇਅਰ ਦਾ ਸਹਿਯੋਗ ਦੇਣ। ਮੈਂ ਸੀ.ਐਮ. ਸਾਹਿਬ ਦਾ, ਡਿਪਟੀ ਸੀ.ਐਮ. ਸਾਹਿਬ ਦਾ, ਆਪੋਜ਼ੀਸ਼ਨ ਦੇ ਲੀਡਰ ਸੁਨੀਲ ਜਾਖੜ ਜੀ ਦਾ ਅਤੇ ਸਾਰੇ ਮੈਂਬਰ ਸਾਹਿਬਾਨ ਦਾ ਅਤੇ ਇਨ੍ਹਾਂ ਦੇ ਸਾਰੇ ਸਾਥੀਆਂ ਦਾ ਬਹੁਤ ਬਹੁਤ ਧੰਨਵਾਦ ਕਰਨਾ ਚਾਹਾਂਗਾ। ਜਿਵੇਂ ਪਿਛਲੇ ਸੈਸ਼ਨਾਂ ਦੌਰਾਨ ਹੁੰਦਾ ਰਿਹਾ ਹੈ, ਮੈਂ ਸਮਝਦਾ ਹਾਂ ਕਿ ਐਤਕੀਂ ਬੜੇ ਸੁਹਣੇ ਤਰੀਕੇ ਨਾਲ ਇਨ੍ਹਾਂ ਨੇ ਹਾਊਸ ਚਲਾਉਣ ਵਿਚ ਮਦਦ ਕੀਤੀ ਹੈ। ਮੈਂ ਕੋਸ਼ਿਸ਼ ਕੀਤੀ ਹੈ ਕਿ ਇਸ ਹਾਊਸ ਨੂੰ ਸਹੀ ਤਰੀਕੇ ਨਾਲ ਚਲਾਉਣ ਲਈ ਵੱਧ ਤੋਂ ਵੱਧ ਮੈਂਬਰਜ਼ ਨੂੰ ਟਾਈਮ ਦਿੱਤਾ ਜਾਵੇ, ਉਨ੍ਹਾਂ ਨੂੰ ਅਕੋਮੋਡੇਟ ਕੀਤਾ ਜਾਵੇ। ਮੈਂ ਖਾਸ ਤੌਰ ਤੇ ਦੋਵੇਂ ਪਾਸਿਆਂ ਦੇ ਯੰਗ ਮੈਂਬਰ ਸਾਹਿਬਾਨ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਂ ਸਮਝਦਾ ਹਾਂ ਕਿ ਦੋ-ਢਾਈ ਸਾਲ ਵਿਚ ਬਹੁਤ ਕੁਝ ਸਿੱਖਣ ਤੋਂ ਬਾਅਦ ਐਤਕੀਂ ਇਸ ਕਾਰਵਾਈ ਵਿਚ ਬਹੁਤ ਸੁਹਣੇ ਤਰੀਕੇ ਨਾਲ ਕੰਟਰੀਬਿਊਟ ਕੀਤਾ। ਮੈਂ ਪ੍ਰੈਸ ਅਤੇ ਟੀ.ਵੀ. ਚੈਨਲਜ਼ ਵਾਲਿਆਂ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਸਦਨ ਦੀ ਕਾਰਵਾਈ ਨੂੰ ਸਹੀ ਤਰੀਕੇ ਨਾਲ ਵਿਖਾਇਆ ਹੈ। ਫਿਰ ਤੋਂ ਰੂਲਿੰਗ ਪਾਰਟੀ ਦੇ ਸਮੂਹ ਮੈਂਬਰ ਸਾਹਿਬਾਨ, ਸੀ.ਐਮ. ਸਾਹਿਬ ਦਾ, ਡਿਪਟੀ ਸੀ.ਐਮ. ਸਾਹਿਬ ਦਾ, ਆਪੋਜ਼ੀਸ਼ਨ ਦੇ ਲੀਡਰ ਦਾ ਔਰ ਸਾਰੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਦਾ, ਪ੍ਰੈਸ ਦਾ, ਸਾਰਿਆਂ ਦਾ ਬਹੁਤ ਬਹੁਤ ਧੰਨਵਾਦੀ ਹਾਂ ਅਤੇ ਰਿਣੀ ਹਾਂ, ਜਿਨ੍ਹਾਂ ਨੇ ਐਤਕੀਂ ਬਹੁਤ ਸੁਹਣੇ ਤਰੀਕੇ ਨਾਲ ਹਾਊਸ ਨੂੰ ਚਲਾਉਣ ਲਈ

[ ਮਾਨਯੋਗ ਸਪੀਕਰ ]

ਪੂਰਨ ਸਹਿਯੋਗ ਦਿੱਤਾ ਹੈ।

**ਮਾਨਯੋਗ ਸਪੀਕਰ :** ਹੁਣ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੁੰਦਾ ਹੈ।

*4.33 ਵਜੇ ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)

-----

**APPENDIX**

**TO**

**PUNJAB VIDHAN SABHA**

**DEBATES**

**Tuesday, the 22nd July, 2014**

**Vol VIII-No.-6**

**STARRED QUESTION AND ANSWER**

## ਕੇਂਦਰ ਸਰਕਾਰ ਤੋਂ ਫੰਡਾਂ ਦੀ ਪ੍ਰਾਪਤੀ

***1579 ਸ਼੍ਰੀ ਸੁਨੀਲ ਜਾਖੜ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਾਲ 2012-13 ਅਤੇ ਸਾਲ 2013-14 ਦੌਰਾਨ ਕੇਂਦਰ ਸਰਕਾਰ ਨੇ ਰਾਜ ਨੂੰ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (ਸਟਰੀਮ-I, II ਅਤੇ ਡਾਈਵਰਸੀਫਿਕੇਸ਼ਨ) ਅਤੇ ਨੈਸ਼ਨਲ ਫੂਡ ਸਕਿਉਰਟੀ ਮਿਸ਼ਨ ਤਹਿਤ ਕੁੱਲ ਕਿੰਨੀ ਰਕਮ ਐਲੋਕੇਟ ਕੀਤੀ ਗਈ ਸੀ;

(ਅ) ਐਲੋਕੇਸ਼ਨ ਹੋਏ ਫੰਡ ਵਿਚੋਂ ਜਾਰੀ ਹੋਏ ਫੰਡ ਕੇਂਦਰ ਸਰਕਾਰ ਨੇ ਕਿਹੜੀ ਮਿਤੀ ਨੂੰ ਜਾਰੀ ਕੀਤੇ ਅਤੇ ਇਹ ਫੰਡ ਖੇਤੀਬਾੜੀ ਮਹਿਕਮੇ ਨੂੰ ਕਦੋਂ ਪ੍ਰਾਪਤ ਹੋਏ;

(ੲ) ਕੀ ਇਹ ਸਾਰੇ ਵਰਤ ਲਏ ਗਏ ਹਨ; ਜੇਕਰ ਨਹੀਂ ਤਾਂ ਅਣਵਰਤੇ ਫੰਡਾਂ ਦੇ ਵੇਰਵੇ ਕੀ ਹਨ;

(ਸ) ਉਪਰੋਕਤ ਭਾਗ (ਅ) ਵਿੱਚ ਵਰਣਿਤ ਫੰਡਾਂ ਦੀ ਵਰਤੋਂ ਦਾ ਮਿਤੀ ਵਾਰ ਅਤੇ ਮੱਦਵਾਰ ਵੇਰਵਾ ਕੀ ਹੈ?

**ਸਰਦਾਰ ਤੋਤਾ ਸਿੰਘ :** ਲੋੜੀਂਦੀ ਸੂਚਨਾ ਨਾਲ ਨੱਥੀ ਅਨੁਲੱਗ ਵਿੱਚ ਦਿੱਤੀ ਗਈ ਹੈ।

**ਭਾਰਤ ਸਰਕਾਰ ਵਲੋਂ ਸਾਲ 2012-13 ਅਤੇ 2013-14 ਦੌਰਾਨ ਰਾਸ਼ਟ੍ਰੀਆ ਕ੍ਰਿਸ਼ੀ ਵਿਕਾਸ ਯੋਜਨਾ, ਫਸਲੀ ਵਿਭਿੰਨਤਾ ਪ੍ਰੋਗਰਾਮ ਅਤੇ ਕੌਮੀ ਅੰਨ ਸੁਰੱਖਿਆ ਮਿਸ਼ਨ ਅਧੀਨ ਜਾਰੀ ਕੀਤੀ ਰਾਸ਼ੀ ਦਾ ਵੇਰਵਾ:**

**ਸਾਲ 2012-13**

**ਰਾਸ਼ੀ :ਰੁਪਏ ਕਰੋੜਾਂ ਵਿੱਚ**

| ਲੜੀ ਨੰ: | ਸਟਰੀਮ/ਸਕੀਮ ਦਾ ਨਾਂ | ਭਾਰਤ ਸਰਕਾਰ ਵੱਲੋਂ ਕੀਤੀ ਗਈ ਐਲੋਕੇਸ਼ਨ | ਭਾਰਤ ਸਰਕਾਰ ਵੱਲੋਂ ਜਾਰੀ ਕੀਤੀ ਰਾਸ਼ੀ | ਭਾਰਤ ਸਰਕਾਰ ਵੱਲੋਂ ਰਾਸ਼ੀ ਜਾਰੀ ਕਰਨ ਦੀ ਮਿਤੀ | ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀ ਰਾਸ਼ੀ | ਪੰਜਾਬ ਸਰਕਾਰ ਵੱਲੋਂ ਰਾਸ਼ੀ ਜਾਰੀ ਕਰਨ ਦੀ ਮਿਤੀ | ਖਰਚ ਕੀਤੀ ਗਈ ਰਾਸ਼ੀ |
|---|---|---|---|---|---|---|---|
| 1. | ਰਾਸ਼ਟ੍ਰੀਅ ਕ੍ਰਿਸ਼ੀ ਵਿਕਾਸ ਯੋਜਨਾ ਸਟਰੀਮ-1 | 106.92 | 41.10 | 20.3.2013 | 41.10 | 12.12.2012 | |
| 2. | ਸਟਰੀਮ-2 | | 26.73 | 17.8.2012 | 26.73 | 12.12.2012 | |
| 3. | ਆਰ.ਕੇ.ਵੀ.ਵਾਈ ਅਧੀਨ ਸਬ ਸਕੀਮਾਂ | 40.01 | 10.00<br>9.00 | 07.11.2012<br>20.02.2013 | 10.00<br>9.00 | 01.01.2013<br>22.03.2013 | 86.83 |
| | ਕੁੱਲ ਜੋੜ | 146.93 | 86.83 | | 86.83 | | 86.83 |
| 4. | ਕੌਮੀ ਅੰਨ ਸੁਰੱਖਿਆ ਮਿਸ਼ਨ | 63.67 | 8.13<br>3.30<br>7.60<br>2.73<br>16.15 | 30.7.2012<br>04.08.2012<br>09.10.2012<br>20.12.2012<br>24.12.2012 | ਫੰਡ ਸਿੱਧੇ ਹੀ ਖੇਤੀਬਾੜੀ ਵਿਭਾਗ, ਪੰਜਾਬ ਨੂੰ ਜਾਰੀ ਕੀਤੇ ਗਏ ਸਨ। | | 36.36 |

# ਸਾਲ 2013-14

**ਰਾਸ਼ੀ :ਰੁਪਏ ਕਰੋੜਾਂ ਵਿੱਚ**

| ਲੜੀ ਨੰ: | ਸਟਰੀਮ/ਸਕੀਮ ਦਾ ਨਾਂ | ਭਾਰਤ ਸਰਕਾਰ ਵੱਲੋਂ ਕੀਤੀ ਗਈ ਐਲੋਕੇਸ਼ਨ | ਭਾਰਤ ਸਰਕਾਰ ਵੱਲੋਂ ਜਾਰੀ ਕੀਤੀ ਰਾਸ਼ੀ | ਭਾਰਤ ਸਰਕਾਰ ਰਾਸ਼ੀ ਜਾਰੀ ਵੱਲੋਂ ਕਰਨ ਦੀ ਮਿਤੀ | ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀ ਰਾਸ਼ੀ | ਪੰਜਾਬ ਸਰਕਾਰ ਵੱਲੋਂ ਰਾਸ਼ੀ ਜਾਰੀ ਕਰਨ ਦੀ ਮਿਤੀ | ਖਰਚ ਕੀਤੀ ਗਈ ਰਾਸ਼ੀ |
|---|---|---|---|---|---|---|---|
| 1. | ਆਰ.ਕੇ.ਵੀ.ਵਾਈ ਸਟਰੀਮ-1 | 155.21 | | | 62.99 | 20.12.2013 | |
| 2. | ਆਰ.ਕੇ.ਵੀ.ਵਾਈ ਅਧੀਨ ਸਬ ਸਕੀਮਾਂ | 16.80 | 89.99 | 04.09.2013 | 27.00 | 24.06.2014 ਅਤੇ 09.07.2014 | 117.19 |
| 3. | ਸਟਰੀਮ-2 | 51.74 | 27.20 | 04.06.2013 | 27.20 | 17.02.2014 | |
| | ਕੁਲ ਜੋੜ | 223.75 | 117.19 | | 117.19 | | 117.19 |
| 4. | ਫਸਲੀ ਵਿਭਿੰਨਤਾ ਪ੍ਰੋਗਰਾਮ | 249.50 | 112.25 | 12.08.2013 | 62.00<br>1.25<br>23.75<br>25.25 | 14.10.2013<br>27.11.2013<br>27.11.2013<br>05.02.2014 | 112.25 |
| | ਕੁਲ ਜੋੜ | 249.50 | 112.25 | | 112.25 | | 112.25 |
| 4. | ਨੈਸ਼ਨਲ ਫੂਡ ਸਕਿਉਰਿਟੀ | 66.20 | 28.67<br>24.63<br>6.00<br>6.93 | 01.04.2013<br>11.10.2013<br>31.01.2013<br>23.01.2014 | 28.67<br>24.63<br>6.00<br>6.93 | 10.04.2013<br>11.10.2013<br>31.10.2013<br>23.01.2014 | 58.18 |

------

## ਗਰੀਬਾਂ ਨੂੰ ਘੱਟ ਰੇਟ ਉਤੇ ਖੰਡ ਦੇਣਾ

*1585 **ਸ਼੍ਰੀ ਸੁਨੀਲ ਜਾਖੜ :** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਵਿਚ ਗਰੀਬ ਲੋਕਾਂ ਨੂੰ ਸਸਤੀ ਖੰਡ ਦਿੱਤੀ ਜਾਂਦੀ ਹੈ, ਜੇ ਹਾਂ ਤਾਂ ਇਹ ਕਿਹੜੇ ਕਾਰਡ ਧਾਰਕਾਂ ਨੂੰ ਕਿਸ ਰੇਟ ਤੇ ਦਿਤੀ ਜਾਂਦੀ ਹੈ ਅਤੇ ਜ਼ਨਵਰੀ, 2013 ਤੋਂ ਅੱਜ ਤੱਕ ਮਹੀਨਾਵਾਰ ਕਿੰਨੀ-ਕਿੰਨੀ ਮਾਤਰਾ ਵਿਚ ਗਰੀਬਾਂ ਨੂੰ ਖੰਡ ਜਾਰੀ ਕੀਤੀ ਗਈ?

ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ : ਨਹੀਂ ਜੀ। ਰਾਜ ਵਿਚ ਇਸ ਵੇ ਲੇ ਸਸਤੇ ਰੇਟਾਂ ਤੇ ਖੰਡ ਦੀ ਵੰਡ ਨਹੀਂ ਕੀਤੀ ਜਾ ਰਹੀ।

------

© 2014

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8516/12-2014(5)

# PUNJAB VIDHAN SABHA

**DEBATES**

*Tuesday, the 22nd July, 2014*

***Vol. VIII – No. 6***

OFFICIAL REPORT

CONTENTS


| | |
|---|---|
| Postponed Starred Questions and Answers | (6) 1 |
| Starred Questions and Answers | (6) 15 |
| Written Answers to Starred Questions laid on the Table of the House under Rule 38 | (6) 36 |
| Matters raised during Zero Hour and Statements by the Deputy Chief Minister/Ministers thereon | (6) 50 |
| Official Resolution Regarding Recommending to the State Government to take up the matter with the Hon'ble Governor for providing space for having offices for all the Hon'ble Members | (6) 71 |
| Call Attention Notices under rule 66 | (6) 72 |
| Motion under Rule 16 | (6) 88 |
| Papers Laid on the Table of the House | (6) 89 |
| **Financial Business** | |
| I Presentation of Demands for Grants relating to the Budget Estimates for the year 2014-15 | (6) 91 |
| (i) Discussion and voting on Demands for grants relating to the Budget Estimates for the year 2014-15 | (6) 91 |
| (ii) The Punjab Appropriation (No.2) Bill, 2014 | (6) 123 |



**Punjab Vidhan Sabha Secretariat, Chandigarh**

Price : Rs._________.

**Legislative Business**


| | | |
|---|---|---|
| 1. | The Indian Penal Code (Punjab Amendment) Bill, 2008 | (6) 125 |
| 2. | The Rayat-Bahra University Bill, 2014 | (6) 127 |
| 3. | The Punjab Land Revenue (Amendment) Bill, 2014 | (6) 144 |
| 4. | The Punjab Techincal University (Amendment) Bill, 2014 | (6) 146 |
| 5. | The Punjab Gau Sewa Commission Bill, 2014 | (6) 152 |
| 6. | The Punjab Apartment and Property Regulation (Amendment) Bill, 2014 | (6) 157 |
| 7. | The Punjab Municipal Corporation (Amendment) Bill, 2014 | (6) 169 |
| Extension of time of the sitting of the House | | (6) 172 |
| | The Punjab Municipal Corporation (Amendment) Bill, 2014 *(Resumption)* | (6) 172 |
| **Walk out** | | (6) 178 |
| | The Punjab Municipal Corporation (Amendment) Bill, 2014 *(Resumption)* | (6) 178 |
| 8. | The Punjab Municipal (Amendment) Bill, 2014 | (6) 179 |
| 9. | The G.N.A. University Bill, 2014 | (6) 181 |
| 10. | The Punjab Rent (Amendment) Bill, 2014 | (6) 183 |
| Short Adjournment of the House | | (6) 186 |
| 11. | The Punjab Motor Vehicles Taxation (Amendment) Bill, 2014 | (6) 187 |
| 12. | The Punjab Co-operative Societies (Amendment) Bill, 2014 | (6) 190 |
| 13. | The Punjab Prevention of Damage to Public and Private Property Bill, 2014 | (6) 192 |
| 14. | The Punjab Advocates Welfare Fund (Amendment) Bill, 2014 | (6) 200 |
| 15. | The Punjab Police (Amendment) Bill, 2014 | (6) 204 |
| 16. | The Punjab State Commission for Women (Amendment) Bill, 2014 | (6) 219 |
| 17. | The Punjab Affiliated Colleges (Security of Service) Amendment Bill, 2014 | (6) 221 |
| 18. | The Code of Criminal Procedure (Punjab Amendment) Bill, 2008 | (6) 222 |
| | Appendix | (i) (iv) |

## ਪੰਜਾਬ ਮੰਤਰੀ ਮੰਡਲ ਦੀ ਸੂਚੀ

## ਕੈਬਨਿਟ ਮੰਤਰੀ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ | ਆਮ ਪ੍ਰਸ਼ਾਸਨ, ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਣ, ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ |
| 2) | ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ | ਗ੍ਰਹਿ ਮਾਮਲੇ, ਪ੍ਰਸਾਸ਼ਕੀ ਸੁਧਾਰ,ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੂਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ |
| 3) | ਸ਼੍ਰੀ ਚੂਨੀ ਲਾਲ ਭਗਤ | ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ |
| 4) | ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ | ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ |
| 5) | ਸਰਦਾਰ ਅਜੀਤ ਸਿੰਘ ਕੋਹਾੜ | ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ |
| 6) | ਸਰਦਾਰ ਗੁਲਜਾਰ ਸਿੰਘ ਰਣੀਕੇ | ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 7) | ਸ਼੍ਰੀ ਮਦਨ ਮੋਹਨ ਮਿੱਤਲ | ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ |
| 8) | ਸਰਦਾਰ ਪਰਮਿੰਦਰ ਸਿੰਘ ਢੀਂਡਸਾ | ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ |
| 9) | ਸਰਦਾਰ ਸੋਹਣ ਸਿੰਘ ਠੰਡਲ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ |
| 10) | ਸਰਦਾਰ ਜਨਮੇਜਾ ਸਿੰਘ ਸੇਖੋਂ | ਲੋਕ ਨਿਰਮਾਣ (ਭ ਤੇ ਮ) ਮੰਤਰੀ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ |

| | | |
|---|---|---|
| 11) | ਸ਼੍ਰੀ ਸੁਰਜੀਤ ਕੁਮਾਰ ਜਿਆਨੀ | ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 12) | ਸਰਦਾਰ ਤੋਤਾ ਸਿੰਘ | ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ |
| 13) | ਸਰਦਾਰ ਬਿਕਰਮ ਸਿੰਘ ਮਜੀਠੀਆ | ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ |
| 14) | ਸਰਦਾਰ ਸਿਕੰਦਰ ਸਿੰਘ ਮਲੂਕਾ | ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ |
| 15) | ਸ਼੍ਰੀ ਅਨਿਲ ਜੋਸ਼ੀ | ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ |
| 16) | ਸਰਦਾਰ ਸੁਰਜੀਤ ਸਿੰਘ ਰੱਖੜਾ | ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ |
| 17) | ਸਰਦਾਰ ਸ਼ਰਨਜੀਤ ਸਿੰਘ ਢਿੱਲੋਂ | ਸਿੰਜਾਈ ਮੰਤਰੀ |
| 18) | ਡਾਕਟਰ ਦਲਜੀਤ ਸਿੰਘ ਚੀਮਾ | ਸਿੱਖਿਆ ਮੰਤਰੀ |

## ਮੁੱਖ ਸੰਸਦੀ ਸਕੱਤਰ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਚੌਧਰੀ ਨੰਦ ਲਾਲ | ਜੰਗਲਾਤ, ਜੰਗਲੀ ਜੀਵ ਅਤੇ ਕਿਰਤ |
| 2) | ਸਰਦਾਰ ਬਲਬੀਰ ਸਿੰਘ ਘੁੰਨਸ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ |
| 3) | ਸ਼੍ਰੀ ਦੇਸ ਰਾਜ ਧੁੱਗਾ | ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ |
| 4) | ਸਰਦਾਰ ਹਰਮੀਤ ਸਿੰਘ ਸੰਧੂ | ਲੋਕ ਨਿਰਮਾਣ (ਭ ਤੇ ਮ) |
| 5) | ਸਰਦਾਰ ਮਨਤਾਰ ਸਿੰਘ ਬਰਾੜ | ਪੇਂਡੂ ਵਿਕਾਸ ਅਤੇ ਪੰਚਾਇਤਾਂ |
| 6) | ਸ਼੍ਰੀਮਤੀ ਮਹਿੰਦਰ ਕੌਰ ਜੋਸ਼ | ਡਾਕਟਰੀ ਸਿੱਖਿਆ ਅਤੇ ਖੋਜ |
| 7) | ਸ਼੍ਰੀ ਅਵਿਨਾਸ਼ ਚੰਦਰ | ਉਚੇਰੀ ਸਿੱਖਿਆ |
| 8) | ਸ਼੍ਰੀ ਕੇ.ਡੀ.ਭੰਡਾਰੀ | ਸਹਿਕਾਰਤਾ |
| 9) | ਸਰਦਾਰ ਇੰਦਰਬੀਰ ਸਿੰਘ ਬੁਲਾਰੀਆ | ਸਿੱਖਿਆ |
| 10) | ਸਰਦਾਰ ਅਮਰਪਾਲ ਸਿੰਘ ਅਜਨਾਲਾ | ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ |
| 11) | ਸਰਦਾਰ ਗੁਰਬਚਨ ਸਿੰਘ ਬੱਬੇਹਾਲੀ | ਖੇਤੀਬਾੜੀ |
| 12) | ਸਰਦਾਰ ਵਿਰਸਾ ਸਿੰਘ ਵਲਟੋਹਾ | ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ |
| 13) | ਸ਼੍ਰੀ ਐਨ.ਕੇ.ਸ਼ਰਮਾ | ਉਦਯੋਗ ਅਤੇ ਵਣਜ |
| 14) | ਸ਼੍ਰੀਮਤੀ ਐਫ.ਨਿਸਾਰਾ ਖਾਤੂਨ (ਫਰਜ਼ਾਨਾ ਆਲਮ) | ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ |
| 15) | ਡਾਕਟਰ ਨਵਜੋਤ ਕੌਰ ਸਿੱਧੂ | ਸਿਹਤ ਅਤੇ ਪਰਿਵਾਰ ਭਲਾਈ |
| 16) | ਸ਼੍ਰੀ ਪ੍ਰਕਾਸ਼ ਚੰਦ ਗਰਗ | ਖੁਰਾਕ ਅਤੇ ਸਿਵਲ ਸਪਲਾਈ |

| | |
|---|---|
| 17) ਸ਼੍ਰੀ ਪਵਨ ਕੁਮਾਰ ਟੀਨੂੰ | ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ |
| 18) ਸ਼੍ਰੀ ਸਰੂਪ ਚੰਦ ਸਿੰਗਲਾ | ਆਬਕਾਰੀ ਅਤੇ ਕਰ |
| 19) ਸ਼੍ਰੀ ਸੋਮ ਪ੍ਰਕਾਸ਼ | ਸਥਾਨਕ ਸਰਕਾਰ |